ਚੜ੍ਹਦੀਕਲਾ ਪੜ੍ਹੋ ! ਚੜ੍ਹਦੀਕਲਾ 'ਚ ਰਹੋ !!
ਚੜ੍ਹਦੀਕਲਾ
ਬੀਤੀ ਅੱਧੀ ਸਦੀ ਤੋਂ ਧ੍ਰੂ ਤਾਰੇ ਵਾਂਗ ਚਮਕ ਰਿਹਾ ਰੋਜ਼ਾਨਾ 'ਚੜ੍ਹਦੀਕਲਾ' ਅਖ਼ਬਾਰ
- ਦੇਸ਼ ਦੇ ਸਭ ਤੋਂ ਸੀਨੀਅਰ ਪੱਤਰਕਾਰਾਂ ਵਿਚੋਂ ਇਕ ਸ. ਜਗਜੀਤ ਸਿੰਘ ਦਰਦੀ ਦੀ ਯੋਗ ਰਹਿਨੁਮਾਈ
- ਕਿਸੇ ਕਿਸੇ ਸਿਆਸੀ ਦਬਾਅ ਜਾਂ ਲਾਲਚ ਤੋਂ ਨਿਰਪੱਖਤਾ ਅਤੇ ਨਿਡਰਤਾ ਨਾਲ ਲੋਕ ਮੁੱਦਿਆਂ ਨੂੰ ਪੇਸ਼ ਕਰਨਾ
- ਧਾਰਮਿਕ ਕੱਟੜਤਾ ਅਤੇ ਵਪਾਰਕ ਲਾਭਾਂ ਜਿਹੀ ਸੌੜੀ ਸੋਚ ਤੋਂ ਕੋਹਾਂ ਦੂਰ, ਕੌਮੀ ਹਿੱਤਾਂ ਨੂੰ ਸਮਰਪਿਤ ਸੋਚ
- ਪੇਸ਼ੇ ਪ੍ਰਤੀ ਇਮਾਨਦਾਰ, ਸਮਰਪਿਤ ਅਤੇ ਸੰਵੇਦਨਸ਼ੀਲ ਪੱਤਰਕਾਰ ਅਤੇ ਸੰਪਾਦਕ ਸਟਾਫ
- ਹਰ ਵਰਗ ਦੇ ਪਾਠਕਾਂ ਲਈ ਉਸਾਰੂ ਸਮੱਗਰੀ ਦੀ ਭਰਮਾਰ

ਰਾਜਨੀਤਿਕ, ਸਮਾਜਿਕ, ਆਰਥਿਕ ਅਤੇ ਹਰ ਤਰ੍ਹਾਂ ਦੀਆਂ ਤਾਜ਼ਾ ਖ਼ਬਰਾਂ
ਪੰਜਾਬ ਦੇ ਹਰ ਪਿੰਡ ਹਰ ਸ਼ਹਿਰ 'ਚ ਮਿਲਦਾ ਹੈ
ਵੱਖ-ਵੱਖ ਵਿਸ਼ਿਆਂ ਅਤੇ ਚਾਲੂ ਮਾਮਲਿਆਂ ਬਾਰੇ ਜਾਣਕਾਰੀ
ਭਰਪੂਰ ਸੰਪਾਦਕੀ ਲੇਖ, ਫੀਚਰ ਅਤੇ ਪੜ੍ਹਨਯੋਗ ਸਮੱਗਰੀ
ਆਪਣੇ ਅਖ਼ਬਾਰਾਂ ਏਜੰਟ ਤੋਂ 'ਚੜ੍ਹਦੀਕਲਾ' ਦੀ ਮੰਗ ਕਰੋ

ਨਾਨਕ ਨਾਮ ਚੜ੍ਹਦੀਕਲਾ ਤੇਰੇ ਭਾਣੇ ਸਰਬੱਤ ਦਾ ਭਲਾ
PRGI (RNI) Regd. No. 22972/1972

# ਚੜ੍ਹਦੀਕਲਾ

DAILY CHARHDIKALA, PATIALA
ਬਾਨੀ : (ਸਵ:) ਗਿ: ਹਰਨਾਮ ਸਿੰਘ ਜੀ
ਮੁੱਖ ਸੰਪਾਦਕ: ਡਾ. ਜਗਜੀਤ ਸਿੰਘ 'ਦਰਦੀ'
ਸੰਪਾਦਕ : ਹਰਪ੍ਰੀਤ ਸਿੰਘ 'ਦਰਦੀ'
(ਕੁੱਲ ਸਫ਼ੇ 12 Pages 12)
(Monday, 14 July, 2025) ਪਟਿਆਲਾ ਸੋਮਵਾਰ, 14 ਜੁਲਾਈ, 2025, 30 ਹਾੜ, ਨਾਨਕਸ਼ਾਹੀ ਸੰਮਤ 557, ਬਿਕ੍ਰਮੀ 2082
ਰਜਿਸਟਰਡ ਪੋਸਟਲ ਰਜਿ: ਨੰ. Pb/PTA(0274)/2024-26, ਸਾਲ (Year) 57 ਅੰਕ ਨੰਬਰ (Volume No.) 193 ਮੁੱਲ : 2.00 ਰੁਪਏ ਫ਼ੋਨ: +91- 92168-07500 Posted at RMS Patiala www.charhdikala.com E-mail: news@charhdikala.com

## ਸ਼੍ਰੋਮਣੀ ਕਮੇਟੀ ਦਾ ਵਿਸ਼ੇਸ਼ ਇਜਲਾਸ 5 ਅਗਸਤ ਨੂੰ

ਅੰਮ੍ਰਿਤਸਰ, 13 ਜੁਲਾਈ (ਬਬਲੂ ਮਹਾਜਨ) : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਤਖ਼ਤ ਸਾਹਿਬਾਨ ਦੀ ਮਰਿਆਦਾ ਸਬੰਧੀ ਵਿਚਾਰ ਕਰਨ ਲਈ ਸ਼੍ਰੋਮਣੀ ਕਮੇਟੀ ਮੈਂਬਰਾਂ ਦਾ ਵਿਸ਼ੇਸ਼ ਇਜਲਾਸ 5 ਅਗਸਤ ਨੂੰ ਬੁਲਾਇਆ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਕੁਲਵੰਤ ਸਿੰਘ ਮੰਨਣ ਨੇ ਦੱਸਿਆ ਕਿ ਇਹ ਵਿਸ਼ੇਸ਼ ਇਜਲਾਸ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ (ਬਾਕੀ ਸਫਾ 2 'ਤੇ)

## ਦੇਸ਼ ਭਰ 'ਚ ਵੋਟਰ ਸੂਚੀਆਂ ਵਿੱਚ ਵਿਸ਼ੇਸ਼ ਸੋਧ ਅਗਲੇ ਮਹੀਨੇ ਤੋਂ !

ਚੜ੍ਹਦੀਕਲਾ ਬਿਊਰੋ
=================

ਨਵੀਂ ਦਿੱਲੀ, 13 ਜੁਲਾਈ: ਚੋਣ ਕਮਿਸ਼ਨ ਨੇ ਬਿਹਾਰ ਦੀ ਤਰ੍ਹਾਂ ਅਗਲੇ ਮਹੀਨੇ ਵੀ ਦੇਸ਼ ਭਰ 'ਚ ਵਿਸ਼ੇਸ਼ ਸੋਧ (ਐਸ.ਆਈ.ਆਰ.) ਲਾਗੂ ਕਰਨ ਲਈ ਸੂਬਿਆਂ 'ਚ ਅਪਣੀ ਚੋਣ ਮਸ਼ੀਨਰੀ ਨੂੰ ਸਰਗਰਮ ਕਰ ਦਿਤਾ ਹੈ। ਇਹ ਕਦਮ ਉਦੋਂ ਚੁਕਿਆ ਗਿਆ ਹੈ ਜਦੋਂ ਸੁਪਰੀਮ ਕੋਰਟ ਨੇ ਪਿਛਲੇ ਹਫਤੇ ਐਸ.ਆਈ.ਆਰ. ਨੂੰ 'ਸੰਵਿਧਾਨਕ ਆਦੇਸ਼' ਕਿਹਾ ਸੀ ਅਤੇ ਚੋਣ ਕਮਿਸ਼ਨ ਨੂੰ ਬਿਹਾਰ ਵਿਚ ਇਸ ਅਭਿਆਸ ਨੂੰ ਜਾਰੀ ਰੱਖਣ ਦੀ ਇਜਾਜ਼ਤ ਦਿਤੀ ਸੀ। ਕਈ ਵਿਰੋਧੀ ਪਾਰਟੀਆਂ ਅਤੇ ਹੋਰਾਂ ਨੇ ਇਸ ਸੋਧ ਨੂੰ ਚੁਣੌਤੀ ਦਿੰਦੇ ਹੋਏ ਸੁਪਰੀਮ ਕੋਰਟ ਦਾ ਦਰਵਾਜ਼ਾ ਖੜਕਾਇਆ ਸੀ ਅਤੇ ਕਿਹਾ ਸੀ ਕਿ ਇਹ ਯੋਗ ਨਾਗਰਿਕਾਂ ਨੂੰ ਉਨ੍ਹਾਂ ਦੇ ਵੋਟ ਦੇ ਅਧਿਕਾਰ ਤੋਂ ਵਾਂਝਾ ਕਰ ਦੇਵੇਗਾ। ਕੁੱਝ ਸੂਬਿਆਂ ਦੇ ਮੁੱਖ ਚੋਣ ਅਧਿਕਾਰੀਆਂ ਨੇ ਆਪਣੇ ਸੂਬਿਆਂ ਵਿਚ ਹੋਈ ਆਖਰੀ ਐਸ.ਆਈ.ਆਰ. ਤੋਂ ਬਾਅਦ ਪ੍ਰਕਾਸ਼ਤ ਵੋਟਰ ਸੂਚੀ ਜਾਰੀ ਕਰਨੀ ਸ਼ੁਰੂ ਕਰ ਦਿਤੀ ਹੈ। ਦਿੱਲੀ ਦੇ ਸੀ.ਈ.ਓ. ਦੀ ਵੈੱਬਸਾਈਟ ਉਤੇ 2008 ਦੀ ਵੋਟਰ ਸੂਚੀ ਹੈ ਜਦੋਂ ਕੌਮੀ ਰਾਜਧਾਨੀ ਵਿਚ ਆਖਰੀ ਤੀਬਰ ਸੋਧ ਹੋਈ ਸੀ। ਉੱਤਰਾਖੰਡ 'ਚ, ਆਖਰੀ ਐਸ.ਆਈ.ਆਰ. 2006 ਵਿਚ ਹੋਇਆ ਸੀ ਅਤੇ ਉਸ ਸਾਲ ਦੀ ਵੋਟਰ ਸੂਚੀ ਹੁਣ ਰਾਜ ਸੀ.ਈ.ਓ. ਦੀ ਵੈੱਬਸਾਈਟ ਉਤੇ ਹੈ। ਸੂਬਿਆਂ ਵਿਚ ਆਖਰੀ ਐਸ.ਆਈ.ਆਰ. ਕੱਟ ਆਫ ਤਰੀਕਾਂ ਵਜੋਂ ਕੰਮ ਕਰੇਗਾ ਕਿਉਂਕਿ ਬਿਹਾਰ ਦੀ 2003 ਦੀ ਵੋਟਰ ਸੂਚੀ ਦੀ ਵਰਤੋਂ ਚੋਣ ਕਮਿਸ਼ਨ ਵਲੋਂ ਤੀਬਰ ਸੋਧ ਲਈ ਕੀਤੀ ਜਾ ਰਹੀ ਹੈ। ਜ਼ਿਆਦਾਤਰ ਸੂਬਿਆਂ ਨੇ 2002 ਅਤੇ 2004 ਦੇ ਵਿਚਕਾਰ ਵੋਟਰ ਸੂਚੀਆਂ ਦੀ ਸੋਧ ਕੀਤੀ। ਇਕ ਅਧਿਕਾਰੀ ਨੇ ਸੁਝਾਅ ਦਿਤਾ ਕਿ ਚੋਣ ਅਥਾਰਟੀ 28 ਜੁਲਾਈ ਤੋਂ ਬਾਅਦ ਦੇਸ਼ ਵਿਆਪੀ ਅਭਿਆਸ ਉਤੇ ਅੰਤਿਮ ਫੈਸਲਾ ਲਵੇਗੀ ਜਦੋਂ ਬਿਹਾਰ ਐਸ.ਆਈ.ਆਰ. ਮਾਮਲਾ ਸੁਪਰੀਮ ਕੋਰਟ ਵਿਚ ਦੁਬਾਰਾ ਸੁਣਵਾਈ ਲਈ ਆਵੇਗਾ। ਚੋਣ ਕਮਿਸ਼ਨ ਨੇ ਐਲਾਨ ਕੀਤਾ ਹੈ ਕਿ ਉਹ ਵਿਦੇਸ਼ੀ ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਉਨ੍ਹਾਂ ਦੇ ਜਨਮ ਸਥਾਨ ਦੀ ਜਾਂਚ ਕਰ ਕੇ ਹਟਾਉਣ ਲਈ ਪੂਰੇ ਭਾਰਤ ਵਿਚ ਵੋਟਰ ਸੂਚੀਆਂ ਦੀ ਡੂੰਘਾਈ ਨਾਲ ਸਮੀਖਿਆ ਕਰੇਗਾ। ਬਿਹਾਰ 'ਚ ਇਸ ਸਾਲ ਚੋਣਾਂ ਹੋਣੀਆਂ ਹਨ ਜਦਕਿ ਇਨ੍ਹਾਂ ਪੰਜ ਹੋਰ ਸੂਬਿਆਂ ਅਸਾਮ, ਕੇਰਲ, ਪੁਡੂਚੇਰੀ, ਤਾਮਿਲਨਾਡੂ ਅਤੇ ਪਛਮੀ ਬੰਗਾਲ 'ਚ 2026 'ਚ ਵਿਧਾਨ ਸਭਾ ਚੋਣਾਂ ਹੋਣੀਆਂ ਹਨ। ਇਹ ਕਦਮ ਬੰਗਲਾਦੇਸ਼ ਅਤੇ ਮਿਆਂਮਾਰ ਸਮੇਤ ਵੱਖ-ਵੱਖ ਸੂਬਿਆਂ ਵਿਚ ਗੈਰ-ਕਾਨੂੰਨੀ ਵਿਦੇਸ਼ੀ ਪ੍ਰਵਾਸੀਆਂ ਉਤੇ ਕਾਰਵਾਈ ਦੇ ਮੱਦੇਨਜ਼ਰ ਮਹੱਤਵਪੂਰਨ ਮੰਨਿਆ ਜਾ ਰਿਹਾ ਹੈ।




## ਸੋਨਾਲੀ ਮਿਸ਼ਰਾ ਆਰ.ਪੀ.ਐਫ. ਦੀ ਪਹਿਲੀ ਮਹਿਲਾ ਡੀ.ਜੀ. ਨਿਯੁਕਤ

ਨਵੀਂ ਦਿੱਲੀ, 13 ਜੁਲਾਈ (ਚੜ੍ਹਦੀਕਲਾ ਬਿਊਰੋ) : ਸੀਨੀਅਰ ਆਈ.ਪੀ.ਐਸ. ਅਧਿਕਾਰੀ ਸੋਨਾਲੀ ਮਿਸ਼ਰਾ ਨੂੰ ਰੇਲਵੇ ਸੁਰੱਖਿਆ ਬਲ (ਆਰ.ਪੀ.ਐਫ.) ਦੀ ਪਹਿਲੀ ਮਹਿਲਾ ਡਾਇਰੈਕਟਰ ਜਨਰਲ ਨਿਯੁਕਤ ਕੀਤਾ ਗਿਆ ਹੈ। ਅਧਿਕਾਰੀਆਂ ਨੇ ਸ਼ਨੀਵਾਰ ਨੂੰ ਇਹ ਜਾਣਕਾਰੀ ਦਿੱਤੀ। ਮਿਸ਼ਰਾ ਮੱਧ ਪ੍ਰਦੇਸ਼ ਕੇਡਰ ਦੀ 1993 ਬੈਚ ਦੀ ਭਾਰਤੀ ਪੁਲਿਸ ਸੇਵਾ (ਆਈ.ਪੀ.ਐਸ.) ਅਧਿਕਾਰੀ ਹੈ। ਪਰਸੋਨਲ ਮੰਤਰਾਲੇ ਵੱਲੋਂ ਜਾਰੀ ਹੁਕਮ 'ਚ ਕਿਹਾ ਗਿਆ ਹੈ ਕਿ ਕੈਬਨਿਟ ਦੀ ਨਿਯੁਕਤੀ ਕਮੇਟੀ ਨੇ (ਬਾਕੀ ਸਫਾ 2 'ਤੇ)




## ਪੰਜਾਬ ਦੇ ਹਰ ਪਿੰਡ 'ਚ ਅਤਿ-ਆਧੁਨਿਕ ਸਟੇਡੀਅਮ ਉਸਾਰੇ ਜਾਣਗੇ: ਭਗਵੰਤ ਮਾਨ

### ਪਹਿਲੇ ਪੜਾਅ ਅਧੀਨ 3,083 ਸਟੇਡੀਅਮਾਂ ਦੀ ਉਸਾਰੀ ਜਾਰੀ: ਮੁੱਖ ਮੰਤਰੀ

ਚੜ੍ਹਦੀਕਲਾ ਬਿਊਰੋ
=================

ਚੰਡੀਗੜ੍ਹ, 13 ਜੁਲਾਈ: ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਐਲਾਨ ਕੀਤਾ ਕਿ ਸੂਬਾ ਸਰਕਾਰ ਜਲਦੀ ਪੰਜਾਬ ਭਰ ਵਿੱਚ 13,000 ਅਤਿ-ਆਧੁਨਿਕ ਸਟੇਡੀਅਮਾਂ ਦੀ ਉਸਾਰੀ ਸ਼ੁਰੂ ਕਰੇਗੀ, ਜਿਸ ਦੇ ਪਹਿਲੇ ਪੜਾਅ ਅਧੀਨ 3,083 ਅਜਿਹੇ ਸਟੇਡੀਅਮਾਂ ਦੀ ਉਸਾਰੀ ਦਾ ਕੰਮ ਪਹਿਲਾਂ ਹੀ ਚੱਲ ਰਿਹਾ ਹੈ। ਆਪਣੀ ਸਰਕਾਰੀ ਰਿਹਾਇਸ਼ 'ਤੇ ਮੀਡੀਆ ਕਰਮੀਆਂ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਇਸ ਕਹਾਵਤ ਤੋਂ ਕੋਈ ਵੀ ਅਨਜਾਣ ਨਹੀਂ ਕਿ ਵਿਹਲਾ ਮਨ ਸ਼ੈਤਾਨ ਦਾ ਘਰ ਹੁੰਦਾ ਹੈ, ਇਸ ਲਈ ਸੂਬਾ ਸਰਕਾਰ ਵੱਲੋਂ ਪੰਜਾਬ ਦੇ ਨੌਜਵਾਨਾਂ ਦੀ ਅਥਾਹ ਊਰਜਾ ਨੂੰ ਸਕਾਰਾਤਮਕ ਪਾਸੇ ਲਾਉਣ ਲਈ ਖੇਡਾਂ ਨੂੰ ਉਤਸ਼ਾਹਿਤ ਕਰਨ 'ਤੇ ਵਿਸ਼ੇਸ਼ ਧਿਆਨ ਦਿੱਤਾ ਜਾ ਰਿਹਾ ਹੈ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਇਸ ਦਾ ਉਦੇਸ਼ ਸੂਬੇ ਵਿੱਚ ਖੇਡ ਸੱਭਿਆਚਾਰ ਨੂੰ ਪ੍ਰਫੁੱਲਤ ਕਰਨਾ ਅਤੇ ਨੌਜਵਾਨਾਂ ਨੂੰ ਨਸ਼ਿਆਂ ਦੀ ਲਾਹਨਤ ਤੋਂ ਦੂਰ ਰੱਖਣਾ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਹ ਸਟੇਡੀਅਮ ਸੂਬੇ ਭਰ ਵਿੱਚ ਖਾਸ ਕਰਕੇ ਪਿੰਡ ਪੱਧਰ 'ਤੇ ਖੇਡ ਭਾਵਨਾ (ਬਾਕੀ ਸਫਾ 2 'ਤੇ)




## ਪੰਜਾਬ ਕੈਬਨਿਟ ਦੀ ਅਹਿਮ ਮੀਟਿੰਗ ਅੱਜ

ਚੰਡੀਗੜ੍ਹ, 13 ਜੁਲਾਈ (ਚੜ੍ਹਦੀਕਲਾ ਬਿਊਰੋ) : ਪੰਜਾਬ ਕੈਬਨਿਟ ਦੀ ਅਹਿਮ ਮੀਟਿੰਗ ਸੋਮਵਾਰ ਨੂੰ ਹੋਵੇਗੀ। ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਿੱਚ ਹੋਣ ਵਾਲੀ ਇਸ ਮੀਟਿੰਗ ਵਿੱਚ ਅਹਿਮ ਏਜੰਡਿਆਂ 'ਤੇ ਵਿਚਾਰ ਕੀਤਾ ਜਾਣਾ ਹੈ। ਮੁੱਖ ਮੰਤਰੀ ਦੀ ਰਿਹਾਇਸ਼ 'ਤੇ ਭਲਕੇ 11 ਵਾਲੀ ਹੋਣ ਵਾਲੀ ਮੀਟਿੰਗ ਦਾ ਏਜੰਡਾ ਹਾਲੇ ਜਾਰੀ ਨਹੀਂ ਕੀਤਾ ਗਿਆ। ਸੋਮਵਾਰ ਨੂੰ ਹੀ ਪੰਜਾਬ ਵਿਧਾਨ ਸਭਾ ਦਾ ਸੈਸ਼ਨ ਵੀ 2 ਵਜੇ ਸ਼ੁਰੂ ਹੋਵੇਗਾ। ਪੰਜਾਬ ਵਿਧਾਨ ਸਭਾ ਸੈਸ਼ਨ ਦੇ ਤੀਜੇ ਦਿਨ ਇਸ ਮੀਟਿੰਗ ਦੇ ਹੋਣ ਤੋਂ ਅੰਦਾਜ਼ੇ ਲਾਏ ਜਾ ਰਹੇ ਹਨ ਕਿ ਕੈਬਨਿਟ ਵਲੋਂ ਪਾਸ ਹੋਣ ਵਾਲਾ ਕੋਈ ਏਜੰਡਾ ਇਸ ਸੈਸ਼ਨ ਵਿਚ ਹੀ ਰੱਖਿਆ ਜਾ ਸਕਦਾ ਹੈ। ਅਹਿਮ ਸੂਤਰਾਂ ਤੋਂ ਪਤਾ ਲੱਗਿਆ ਹੈ ਕਿ ਖੇਤੀਬਾੜੀ ਮਹਿਕਮੇ ਨਾਲ ਸਬੰਧਤ ਇਕ ਏਜੰਡੇ ਦੇ ਵੀ ਇਸ ਮੀਟਿੰਗ ਵਿਚ ਆਉਣ ਦੀ ਸੰਭਾਵਨਾ ਹੈ।

## ਮਜੀਠੀਆ ਦੀ ਬੈਰਕ ਬਦਲਣ ਦੀ ਮੰਗ ਵਾਲੀ ਪਟੀਸ਼ਨ 'ਤੇ ਸੁਣਵਾਈ ਅੱਜ

ਚੰਡੀਗੜ੍ਹ, 13 ਜੁਲਾਈ (ਚੜ੍ਹਦੀਕਲਾ ਬਿਊਰੋ) : ਸ਼੍ਰੋਮਣੀ ਅਕਾਲੀ ਦਲ ਦੇ ਨੇਤਾ ਅਤੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਆਮਦਨ ਤੋਂ ਵੱਧ ਜਾਇਦਾਦ ਦੇ ਮਾਮਲੇ ਵਿੱਚ ਨਵੀਂ ਨਾਭਾ ਜੇਲ੍ਹ ਵਿੱਚ ਬੰਦ ਹਨ। ਪਰ ਹੁਣ ਉਨ੍ਹਾਂ ਨੇ ਮੋਹਾਲੀ ਅਦਾਲਤ ਵਿੱਚ ਪਟੀਸ਼ਨ ਦਾਇਰ ਕੀਤੀ ਹੈ। ਉਨ੍ਹਾਂ ਨੇ ਜੇਲ੍ਹ ਵਿੱਚ ਆਪਣੀ ਬੈਰਕ ਬਦਲਣ ਲਈ ਇਹ ਪਟੀਸ਼ਨ ਦਾਇਰ ਕੀਤੀ ਹੈ। ਬਿਕਰਮ ਮਜੀਠੀਆ ਦੀ ਪਟੀਸ਼ਨ 'ਤੇ ਸੋਮਵਾਰ ਨੂੰ ਸੁਣਵਾਈ ਹੋਵੇਗੀ। ਮਜੀਠੀਆ ਦਾ ਕਹਿਣਾ ਹੈ ਕਿ ਉਹ ਸਾਬਕਾ ਮੰਤਰੀ ਅਤੇ ਵਿਧਾਇਕ ਰਹਿ ਚੁੱਕੇ ਹਨ ਅਤੇ ਉਨ੍ਹਾਂ ਨੂੰ ਔਰੇਂਜ ਸ਼੍ਰੇਣੀ ਵਿੱਚ ਰੱਖਿਆ ਜਾਣਾ ਚਾਹੀਦਾ ਹੈ। ਇਸ ਲਈ, ਉਨ੍ਹਾਂ ਨੂੰ ਉਨ੍ਹਾਂ ਕੈਦੀਆਂ ਤੋਂ ਵੱਖਰਾ ਰੱਖਿਆ ਜਾਣਾ ਚਾਹੀਦਾ ਹੈ ਜੋ ਮੁਕੱਦਮੇ ਅਧੀਨ ਹਨ ਜਾਂ ਜਿਨ੍ਹਾਂ ਨੂੰ ਸਜ਼ਾ ਸੁਣਾਈ ਗਈ ਹੈ। (ਬਾਕੀ ਸਫਾ 2 'ਤੇ)

## ਕਾਲੇ ਧਨ ਨੂੰ ਚਿੱਟਾ ਕਰਨ ਦੇ ਕੇਸਾਂ ਦੀ ਸੁਣਵਾਈ 'ਚ ਤੇਜ਼ੀ ਲਿਆਉਣਗੀਆਂ ਨਵੀਆਂ ਵਿਸ਼ੇਸ਼ ਪੀ.ਐਮ.ਐਲ.ਏ. ਅਦਾਲਤਾਂ: ਈ.ਡੀ.

ਚੜ੍ਹਦੀਕਲਾ ਬਿਊਰੋ
=================

ਨਵੀਂ ਦਿੱਲੀ, 13 ਜੁਲਾਈ: ਇਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਨੇ ਐਤਵਾਰ ਨੂੰ ਕਿਹਾ ਕਿ ਵੱਖ-ਵੱਖ ਸੂਬਿਆਂ 'ਚ ਵਿਸ਼ੇਸ਼ ਪੀ.ਐਮ.ਐਲ.ਏ ਅਦਾਲਤਾਂ ਦੀ ਹਾਲ ਹੀ 'ਚ ਜਾਰੀ ਨੋਟੀਫਿਕੇਸ਼ਨ ਨਾਲ ਕਾਲੇ ਧਨ ਨੂੰ ਚਿੱਟਾ ਕਰਨ (ਮਨੀ ਲਾਂਡਰਿੰਗ) ਦੇ ਮਾਮਲਿਆਂ 'ਚ ਸੁਣਵਾਈ 'ਚ ਮਹੱਤਵਪੂਰਨ ਤੇਜ਼ੀ ਆਵੇਗੀ। ਤੇਲੰਗਾਨਾ 'ਚ ਹੁਣ ਕੁਲ 16 ਵਿਸ਼ੇਸ਼ ਅਦਾਲਤਾਂ ਨੂੰ ਨੋਟੀਫਾਈ ਕੀਤਾ ਗਿਆ ਹੈ, ਜਿਨ੍ਹਾਂ ਵਿਚੋਂ ਦੋ ਵਿਸ਼ਾਖਾਪਟਨਮ ਲਈ ਹਨ। ਰਾਜਸਥਾਨ 'ਚ ਅਜਿਹੀਆਂ ਅਦਾਲਤਾਂ ਦੀ ਗਿਣਤੀ ਇਕ ਤੋਂ ਵਧਾ ਕੇ ਪੰਜ ਕਰ ਦਿਤੀ ਗਈ ਹੈ, ਜਿਸ 'ਚ ਜੋਧਪੁਰ ਦੀ ਇਕ ਅਦਾਲਤ ਵੀ ਸ਼ਾਮਲ ਹੈ। ਗੋਆ 'ਚ ਮਨੀ ਲਾਂਡਰਿੰਗ ਰੋਕੂ (ਬਾਕੀ ਸਫਾ 2 'ਤੇ)




## ਬ੍ਰਾਜ਼ੀਲ ਵੱਲੋਂ ਭਾਰਤ ਨੂੰ ਝਟਕਾ

## ਆਕਾਸ਼ ਹਵਾਈ ਰੱਖਿਆ ਪ੍ਰਣਾਲੀ ਖ਼ਰੀਦਣ ਤੋਂ ਕੀਤੀ ਨਾਂਹ

ਚੜ੍ਹਦੀਕਲਾ ਬਿਊਰੋ
=================

ਨਵੀਂ ਦਿੱਲੀ, 13 ਜੁਲਾਈ: ਭਾਰਤ ਦੇ ਸਵਦੇਸ਼ੀ ਤੌਰ 'ਤੇ ਵਿਕਸਤ ਸਤ੍ਹਾ ਤੋਂ ਹਵਾ ਵਿੱਚ ਮਾਰ ਕਰਨ ਵਾਲੇ ਮਿਜ਼ਾਈਲ ਪ੍ਰਣਾਲੀ ਆਕਾਸ਼ ਨੂੰ ਅੰਤਰਰਾਸ਼ਟਰੀ ਰੱਖਿਆ ਬਾਜ਼ਾਰ ਵਿੱਚ ਵੱਡਾ ਝਟਕਾ ਲੱਗਾ ਹੈ। ਬ੍ਰਾਜ਼ੀਲ ਨੇ ਆਕਾਸ਼ ਮਿਜ਼ਾਈਲ ਦੀ ਖਰੀਦ ਸੰਬੰਧੀ ਚੱਲ ਰਹੀ ਗੱਲਬਾਤ ਨੂੰ ਫਿਲਹਾਲ ਰੋਕ ਦਿੱਤਾ ਹੈ। ਬ੍ਰਾਜ਼ੀਲੀਅਨ ਮੀਡੀਆ ਰਿਪੋਰਟਾਂ ਦੇ ਅਨੁਸਾਰ, ਬ੍ਰਾਜ਼ੀਲ ਨੇ ਕੁਝ ਮਹੱਤਵਪੂਰਨ ਸੰਚਾਲਨ ਮਾਪਦੰਡਾਂ ਵਿੱਚ ਮਿਜ਼ਾਈਲ ਦੀ ਕਾਰਗੁਜ਼ਾਰੀ ਨੂੰ ਅਸੰਤੁਸ਼ਟੀਜਨਕ ਪਾਇਆ ਹੈ। ਰਿਪੋਰਟਾਂ ਦੇ ਅਨੁਸਾਰ, ਬ੍ਰਾਜ਼ੀਲ ਨੇ ਆਕਾਸ਼ ਨੂੰ ਉੱਚ-ਗਤੀ ਅਤੇ ਘੱਟ-ਉਚਾਈ ਵਾਲੇ ਟੀਚਿਆਂ ਨਾਲ ਨਜਿੱਠਣ ਵਿੱਚ ਘੱਟ ਪ੍ਰਭਾਵਸ਼ਾਲੀ ਪਾਇਆ ਹੈ। ਅੱਜ ਦੇ ਹਾਈਬ੍ਰਿਡ ਯੁੱਧ ਦ੍ਰਿਸ਼ ਵਿੱਚ ਜਿੱਥੇ ਡਰੋਨ, ਕਰੂਜ਼ ਮਿਜ਼ਾਈਲਾਂ ਅਤੇ ਸਮਾਰਟ ਬੰਬਾਂ ਦੀ ਵਰਤੋਂ ਤੇਜ਼ੀ ਨਾਲ ਵਧੀ ਹੈ, ਬ੍ਰਾਜ਼ੀਲ ਨੂੰ ਲੱਗਦਾ ਹੈ ਕਿ ਆਕਾਸ਼ ਮੌਜੂਦਾ ਖਤਰਿਆਂ ਦਾ ਸਾਹਮਣਾ ਕਰਨ ਦੇ ਪੂਰੀ ਤਰ੍ਹਾਂ ਸਮਰੱਥ ਨਹੀਂ ਹੈ। ਬ੍ਰਾਜ਼ੀਲ ਹੁਣ ਯੂਰਪ ਦੀ ਪ੍ਰਮੁੱਖ ਰੱਖਿਆ ਕੰਪਨੀ ਐਮ.ਬੀ.ਡੀ.ਏ. ਵੱਲ ਮੁੜਿਆ ਹੈ। ਐਮ.ਬੀ.ਡੀ.ਏ. ਦਾ ਐਨਹਾਂਸਡ ਮਾਡਿਊਲਰ ਏਅਰ ਡਿਫੈਂਸ ਸਲਿਊਸ਼ਨ (ਈ.ਐਮ.ਏ.ਡੀ.ਐਸ.) ਸਿਸਟਮ ਪਹਿਲਾਂ ਹੀ ਨਾਟੋ ਦੇਸ਼ਾਂ ਵਿੱਚ ਵਰਤੋਂ ਵਿੱਚ ਹੈ ਅਤੇ ਇਸਨੂੰ ਬਹੁਤ ਭਰੋਸੇਮੰਦ ਮੰਨਿਆ ਜਾਂਦਾ ਹੈ। ਬ੍ਰਾਜ਼ੀਲ ਅਤੇ ਐਮਬੀਡੀਏ ਵਿਚਕਾਰ ਗੱਲਬਾਤ ਲਗਭਗ 1 ਬਿਲੀਅਨ ਅਮਰੀਕੀ ਡਾਲਰ (ਲਗਭਗ 4.7 ਬਿਲੀਅਨ ਰਿੰਗਿਟ) ਦੇ ਸੰਭਾਵੀ ਸੌਦੇ ਦੇ ਆਲੇ-ਦੁਆਲੇ ਘੁੰਮਦੀ ਹੈ। ਮੰਨਿਆ ਜਾ ਰਿਹਾ ਹੈ ਕਿ ਇਹ ਸੌਦਾ ਲਾਤੀਨੀ ਅਮਰੀਕਾ ਵਿੱਚ ਹਾਲ ਹੀ ਦੇ ਸਾਲਾਂ ਵਿੱਚ ਸਭ ਤੋਂ ਵੱਡਾ ਹਵਾਈ ਰੱਖਿਆ ਸੌਦਾ ਹੈ। ਇਸ ਵਿਕਾਸ ਨੂੰ ਭਾਰਤ ਦੀ ਆਤਮਨਿਰਭਰ ਭਾਰਤ ਰੱਖਿਆ ਨੀਤੀ ਲਈ ਇੱਕ ਗੰਭੀਰ ਚੁਣੌਤੀ ਵਜੋਂ ਦੇਖਿਆ ਜਾ ਰਿਹਾ ਹੈ। ਭਾਰਤ ਨੇ ਆਕਾਸ਼ ਨੂੰ ਆਪਣੇ ਸਭ ਤੋਂ ਸਫਲ ਸਵਦੇਸ਼ੀ (ਬਾਕੀ ਸਫਾ 2 'ਤੇ)




## ਸ਼ੁਭਾਂਸ਼ੂ ਸ਼ੁਕਲਾ ਭਲਕੇ ਧਰਤੀ 'ਤੇ ਆਉਣਗੇ ਵਾਪਸ, ਪਾਣੀ 'ਚ ਉਤਰੇਗਾ ਪੁਲਾੜ ਯਾਨ

ਚੜ੍ਹਦੀਕਲਾ ਬਿਊਰੋ
=================

ਨਵੀਂ ਦਿੱਲੀ, 13 ਜੁਲਾਈ:ਭਾਰਤੀ ਪੁਲਾੜ ਯਾਤਰੀ ਸ਼ੁਭਾਂਸ਼ੂ ਸ਼ੁਕਲਾ ਦੀ ਧਰਤੀ 'ਤੇ ਵਾਪਸੀ ਦੀ ਤਰੀਕ ਤੈਅ ਹੋ ਗਈ ਹੈ। ਕੇਂਦਰੀ ਮੰਤਰੀ ਜੀਤੇਂਦਰ ਸਿੰਘ ਨੇ ਇਹ ਜਾਣਕਾਰੀ ਦਿੱਤੀ ਹੈ ਕਿ ਐਕਿਸਓਮ-4 ਇੰਟਰਨੈਸ਼ਨਲ ਸਪੇਸ ਸਟੇਸ਼ਨ ਮਿਸ਼ਨ ਤਹਿਤ ਸ਼ੁਭਾਂਸ਼ੂ 15 ਜੁਲਾਈ ਨੂੰ ਦੁਪਹਿਰ 3 ਵਜੇ ਭਾਰਤੀ ਸਮੇਂ ਮੁਤਾਬਕ ਧਰਤੀ 'ਤੇ ਪਰਤਗੇ। ਉਨ੍ਹਾਂ ਦਾ 14 ਦਿਨਾ ਮਿਸ਼ਨ ਹੁਣ ਪੂਰਾ ਹੋ ਚੁੱਕਾ ਹੈ। ਸਪੇਸ ਸਟੇਸ਼ਨ ਤੋਂ ਉਨ੍ਹਾਂ ਦੇ ਪੁਲਾੜ ਯਾਨ ਦੇ ਵੱਖ ਹੋਣ ਅਨਡਾਕਿੰਗ ਦੀ ਪ੍ਰਕਿਰਿਆ 14 ਜੁਲਾਈ ਨੂੰ ਸ਼ਾਮ 4.30 ਵਜੇ ਸ਼ੁਰੂ ਹੋਵੇਗੀ। ਅਸਲ ਵਿਚ ਨਾਸਾ ਤੇ ਸਪੇਸਐਕਸ ਵੱਲੋਂ ਜਾਰੀ ਜਾਣਕਾਰੀ ਮੁਤਾਬਕ ਅਨਡਾਕਿੰਗ ਦੇ ਬਾਅਦ ਸਪੇਸਐਕਸ ਡ੍ਰੈਗਨ ਪੁਲਾੜ ਯਾਨ ਅਗਲੇ ਦਿਨ ਯਾਨੀ 15 ਜੁਲਾਈ ਨੂੰ ਪ੍ਰਸ਼ਾਂਤ ਮਹਾਂਸਾਗਰ ਵਿਚ ਕੈਲੀਫੋਰਨੀਆ ਕਿਨਾਰੇ ਕੋਲ ਸਪਲੈਸ਼ਡਾਊਨ ਕਰੇਗਾ। ਮਿਸ਼ਨ ਨੂੰ ਹਰੀ ਝੰਡੀ ਦਿੱਤੀ ਜਾ ਚੁੱਕੀ ਹੈ। ਮਿਸ਼ਨ (ਬਾਕੀ ਸਫਾ 2 'ਤੇ)



## ਲੋਹਗੜ੍ਹ 'ਚ ਬਣ ਰਹੇ ਬਾਬਾ ਬੰਦਾ ਸਿੰਘ ਬਹਾਦਰ ਸਮਾਰਕ ਲਈ ਮਨੋਹਰ ਲਾਲ ਨੇ ਦਿੱਤਾ 26 ਲੱਖ ਦਾ ਯੋਗਦਾਨ

### ਬਾਬਾ ਜੀ ਦੀ ਅਦੁੱਤੀ ਹਿੰਮਤ ਅਤੇ ਕੁਰਬਾਨੀ ਦੀ ਯਾਦ 'ਚ ਕੀਤਾ ਜਾ ਰਿਹੈ ਯਾਦਗਾਰ ਦਾ ਨਿਰਮਾਣ

ਚੜ੍ਹਦੀਕਲਾ ਬਿਊਰੋ
=================

ਚੰਡੀਗੜ੍ਹ, 13 ਜੁਲਾਈ: ਸਿੱਖ ਵਿਰਾਸਤ ਦੇ ਸਰੰਖਣ ਵਿੱਚ ਵਰਨਣਯੋਗ ਯੋਗਦਾਨ ਦਿੰਦੇ ਹੋਏ ਤਿੰਨ ਵਿਅਕਤੀਆਂ ਨੇ ਬਾਬਾ ਬੰਦਾ ਸਿੰਘ ਬਹਾਦੁਰ ਮੈਮੋਰੀਅਲ ਫਾਉਂਡੇਸ਼ਨ ਟਰਸਟ, ਲੋਹਗੜ੍ਹ ਨੂੰ ਕੁੱਲ 26 ਲੱਖ ਰੁਪਏ ਦਾ ਦਾਨ ਪ੍ਰਦਾਨ ਕੀਤਾ।

ਦਾਨ ਰਕਮ ਦੇ ਚੈਕ ਇੱਥੇ ਚੰਡੀਗੜ੍ਹ ਵਿੱਚ ਕੇਂਦਰੀ ਬਿਜਲੀ, ਆਵਾਸ ਅਤੇ ਸ਼ਹਿਰੀ ਮਾਮਲਿਆਂ ਦੇ ਮੰਤਰੀ ਸ੍ਰੀ ਮਨੋਹਰ ਲਾਲ ਨੂੰ ਰਸਮੀ ਰੂਪ ਨਾਲ ਸੌਂਪੇ ਗਏ। ਇਸ ਮੌਕੇ 'ਤੇ ਹਰਿਆਣਾ ਸਰਕਾਰ ਦੇ ਵਿਸ਼ੇਸ਼ ਕਾਰਜ ਅਧਿਕਾਰੀ ਡਾ. ਪ੍ਰਭਲੀਨ ਸਿੰਘ ਵੀ ਮੌਜੂਦ ਸਨ, ਜੋ ਟਰਸਟ ਦੇ ਕੰਮਾਂ ਨਾਲ ਸਰਗਰਮ ਰੂਪ ਨਾਲ ਜੁੜੇ ਹੋਏ ਹਨ।

ਇਸ ਨੇਕ ਕੰਮ ਵਿੱਚ ਸਹਿਯੋਗ ਦੇਣ ਲਈ ਅੱਗੇ ਆਏ ਦਾਨੀਆਂ ਵਿੱਚ ਐਚਬੀਐਸ ਅਤੇ ਸਪੇਸ ਫਾਇਵ ਆਰਕੀਟੈਕਟ ਗਰੁੱਪ ਦੇ ਡਾਇਰੈਕਟਰ ਸ੍ਰੀ ਹਰਕਰਣ ਸਿੰਘ ਬੋਪਾਰਾਏ ਸ਼ਾਮਿਲ ਹਨ, ਜਿਨ੍ਹਾਂ ਨੇ 11 ਲੱਖ ਰੁਪਏ ਦਾ ਯੋਗਦਾਨ ਦਿੱਤਾ, ਇੱਕ ਕੰਸਟ੍ਰਕਸ਼ਨ ਗਰੁੱਪ ਦੇ ਚੇਅਰਮੈਨ ਸ੍ਰੀ ਅਸ਼ੋਕ ਸ਼ਰਮਾ, ਜਿਨ੍ਹਾਂ ਨੇ 10 ਲੱਖ ਰੁਪਏ ਦਾ ਯੋਗਦਾਨ ਦਿੱਤਾ ਅਤੇ ਕੌਮਾਂਤਰੀ ਗੀਤਾ ਮਹੋਤਸਵ ਅਥਾਰਿਟੀ ਦੇ ਮੈਂਬਰ ਅਤੇ ਵੜੈਚ ਹੋਮਿਓਪੈਥਿਕ ਕਲੀਨਿਕ, ਪੇਹੋਵਾ ਦੇ ਸੰਸਥਾਪਕ ਡਾ ਅਵਨੀਤ ਸਿੰਘ ਵੜੈਚ ਨੇ 5 ਲੱਖ ਰੁਪਏ ਦਾ ਯੋਗਦਾਨ ਦੇ ਕੇ ਸਹਿਯੋਗ ਪ੍ਰਦਾਨ ਕੀਤਾ। (ਬਾਕੀ ਸਫਾ 2 'ਤੇ)

## ਅਸ਼ਵਨੀ ਸ਼ਰਮਾ ਨੇ ਭਾਜਪਾ ਪੰਜਾਬ ਦੇ ਕਾਰਜਕਾਰੀ ਪ੍ਰਧਾਨ ਵਜੋਂ ਸੰਭਾਲਿਆ ਅਹੁਦਾ

ਚੰਡੀਗੜ੍ਹ, 13 ਜੁਲਾਈ (ਚੜ੍ਹਦੀਕਲਾ ਬਿਊਰੋ) : ਅਸ਼ਵਨੀ ਸ਼ਰਮਾ ਨੇ ਭਾਜਪਾ ਪੰਜਾਬ ਦੇ ਕਾਰਜਕਾਰੀ ਪ੍ਰਧਾਨ ਵਜੋਂ ਅਹੁਦਾ ਸੰਭਾਲ ਲਿਆ ਹੈ। ਚੰਡੀਗੜ੍ਹ ਦੇ ਸੈਕਟਰ-37 ਵਿਖੇ ਹੋਏ ਸਮਾਗਮ ਵਿਚ ਉਨ੍ਹਾਂ ਨੇ ਅਹੁਦਾ ਸੰਭਾਲਿਆ। ਇਸ ਮੌਕੇ 'ਤੇ ਪੰਜਾਬ ਭਾਜਪਾ ਦੇ ਪ੍ਰਧਾਨ ਸੁਨੀਲ ਜਾਖੜ ਅਤੇ ਕੇਂਦਰੀ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਤੋਂ ਇਲਾਵਾ ਹੋਰ ਭਾਜਪਾ ਆਗੂ ਅਤੇ ਵਰਕਰ ਮੌਜੂਦ ਸਨ, ਜਿਨ੍ਹਾਂ ਨੇ ਅਸ਼ਵਨੀ ਸ਼ਰਮਾ ਨੂੰ ਅਹੁਦਾ ਸੰਭਾਲਣ ਤੇ ਮੁਬਾਰਕਬਾਦ ਦਿਤੀ। ਉਨ੍ਹਾਂ ਆਸ ਪ੍ਰਗਟਾਈ ਕਿ ਅਸ਼ਵਨੀ ਸ਼ਰਮਾ ਦੇ ਕਾਰਜਕਾਰੀ ਪ੍ਰਧਾਨ ਵਜੋਂ (ਬਾਕੀ ਸਫਾ 2 'ਤੇ)



## ਗੁ. ਗਿਆਨ ਗੋਦੜੀ ਸਾਹਿਬ ਤੇ ਡਾਂਗਮਾਰ ਸਾਹਿਬ ਦਾ ਮਾਮਲਾ ਅਦਾਲਤਾਂ 'ਚ: ਲਾਲਪੁਰਾ

ਬਬਲੂ ਮਹਾਜਨ
==============

ਅੰਮ੍ਰਿਤਸਰ, 13 ਜੁਲਾਈ : ਅੰਮ੍ਰਿਤਸਰ ਵਿਖੇ ਇੱਕ ਸਮਾਗਮ ਵਿੱਚ ਭਾਗ ਲੈਣ ਆਏ ਕੇਂਦਰੀ ਘੱਟ ਗਿਣਤੀ ਕਮਿਸ਼ਨ ਦੇ ਚੇਅਰਮੈਨ ਇਕਬਾਲ ਸਿੰਘ ਲਾਲਪੁਰਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆ ਕਿਹਾ ਕਿ ਅਹਿਮ ਇਤਿਹਾਸਕ ਸਥਾਨਾਂ ਗੁਰਦੁਆਰਾ ਗਿਆਨ ਗੋਦੜੀ ਸਾਹਿਬ ਤੇ ਗੁਰਦੁਆਰਾ ਡਾਂਗਮਾਰ ਸਾਹਿਬ ਦਾ ਮਾਮਲਾ ਅਦਾਲਤਾਂ ਵਿਚ ਹੈ ਤੇ ਬਤੌਰ ਘੱਟ ਗਿਣਤੀ ਕਮਿਸ਼ਨ ਦੇ ਮੁੱਖੀ ਉਹ ਵੀ ਇਨ੍ਹਾਂ ਮਾਮਲਿਆਂ ਦੇ ਹੱਲ ਲਈ ਅਦਾਲਤ ਵਿਚ ਗਏ ਹਨ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਬਾਰੇ ਕੀਤੀ ਟਿੱਪਣੀ 'ਤੇ ਲਾਲਪੁਰਾ ਨੇ ਕਿਹਾ ਕਿ ਜਦੋਂ ਵਿਅਕਤੀ ਕੋਲ ਚੰਗੇ ਸ਼ਬਦ ਖਤਮ ਹੋ ਜਾਣ ਤਾਂ ਫਿਰ ਇਸ ਤਰ੍ਹਾਂ ਦੇ ਸ਼ਬਦਾਂ ਦੀ ਵਰਤੋਂ ਸ਼ੁਰੂ ਕਰਦਾ ਹੈ। ਪਾਰਲੀਮੈਂਟ ਤੇ ਵਿਧਾਨ ਸਭਾ ਵਿੱਚ ਜਾਣ ਵਾਲਿਆਂ ਨੂੰ ਸੰਵਿਧਾਨ ਅਨੁਸਾਰ ਭਾਸ਼ਾ ਦੀ ਵਰਤੋਂ ਕਰਨੀ ਚਾਹੀਦੀ ਹੈ, ਸੱਭਿਅਕ ਭਾਸ਼ਾ ਹਮੇਸ਼ਾਂ ਹੀ ਸੋਭਦੀ ਹੈ। ਬਿਕਰਮ ਸਿੰਘ ਮਜੀਠੀਆ 'ਤੇ ਡਰੱਗ ਮਾਮਲੇ ਸਬੰਧੀ ਲਾਲਪੁਰਾ ਨੇ ਕਿਹਾ ਕਿ ਬਤੌਰ ਮੁਲਾਜ਼ਮ ਹੁੰਦਿਆਂ ਉਨ੍ਹਾਂ ਨੇ ਕਦੀ ਵੀ ਕਿਸੇ ਸਮੱਗਲਰ ਨਾਲ ਮੀਟਿੰਗ ਨਹੀਂ ਕੀਤੀ, ਜੇਕਰ ਜਾਂਚ ਅਧਿਕਾਰੀ ਉਨ੍ਹਾਂ ਪਾਸੋਂ ਕੋਈ ਵੀ ਜਾਣਕਾਰੀ ਹਾਸਲ ਕਰਨਾ (ਬਾਕੀ ਸਫਾ 2 'ਤੇ)




## ਉਜਵਲ ਨਿਕਮ ਸਮੇਤ ਚਾਰ ਜਣੇ ਰਾਜ ਸਭਾ ਲਈ ਨਾਮਜ਼ਦ

ਚੜ੍ਹਦੀਕਲਾ ਬਿਊਰੋ
=================

ਨਵੀਂ ਦਿੱਲੀ, 13 ਜੁਲਾਈ: ਰਾਸ਼ਟਰਪਤੀ ਦ੍ਰੌਪਦੀ ਮੁਰਮੂ ਨੇ ਚਾਰ ਜਣਿਆਂ ਉੱਘੇ ਵਕੀਲ ਉੱਜਵਾਲ ਦੇਵਰਾਓ ਨਿਕਮ, ਕੇਰਲਾ ਭਾਜਪਾ ਦੇ ਆਗੂ ਸੀ.ਸਦਾਨੰਦਨ ਮਾਸਟਰ, ਡਿਪਲੋਮੈਟ ਹਰਸ਼ ਵਰਧਨ ਸ਼੍ਰਿੰਗਲਾ ਤੇ ਇਤਿਹਾਸਕਾਰ ਡਾ.ਮਿਨਾਕਸ਼ੀ ਜੈਨ ਨੂੰ ਰਾਜ ਸਭਾ ਲਈ ਨਾਮਜ਼ਦ ਕੀਤਾ ਹੈ। ਰਾਸ਼ਟਰਪਤੀ ਵੱਖ-ਵੱਖ ਖੇਤਰਾਂ ਨਾਲ ਸਬੰਧਤ 12 ਉੱਘੀਆਂ ਹਸਤੀਆਂ ਨੂੰ ਰਾਜ ਸਭਾ ਲਈ ਨਾਮਜ਼ਦ ਕਰ ਸਕਦੇ ਹਨ। ਗ੍ਰਹਿ ਮੰਤਰਾਲੇ ਵੱਲੋਂ ਜਾਰੀ ਨੋਟੀਫਿਕੇਸ਼ਨ ਵਿਚ ਕਿਹਾ ਗਿਆ, "ਭਾਰਤ ਦੇ ਸੰਵਿਧਾਨ ਦੇ ਅਨੁਛੇਦ 80 ਦੀ ਉਪ-ਧਾਰਾ (1) ਦੀ ਉਪ-ਧਾਰਾ (ਏ) ਤਹਿਤ ਮਿਲੀਆਂ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਰਾਸ਼ਟਰਪਤੀ ਦ੍ਰੌਪਦੀ ਮੁਰਮੂ ਨੇ ਨਾਮਜ਼ਦ ਮੈਂਬਰਾਂ ਦੀ ਸੇਵਾਮੁਕਤੀ ਕਾਰਨ ਖਾਲੀ ਅਸਾਮੀਆਂ ਨੂੰ ਭਰਨ ਲਈ ਉਜਵਲ ਦੇਵਰਾਓ ਨਿਕਮ, ਸੀ. ਸਦਾਨੰਦਨ ਮਾਸਟਰ, ਹਰਸ਼ ਵਰਧਨ ਸ਼੍ਰਿੰਗਲਾ ਅਤੇ ਡਾ. ਮਿਨਾਕਸ਼ੀ ਜੈਨ ਨੂੰ ਰਾਜ ਸਭਾ ਲਈ ਨਾਮਜ਼ਦ ਕੀਤਾ ਹੈ।"

ਉੱਜਵਲ ਨਿਕਮ ਨਾਮੀਂ ਵਕੀਲ ਹਨ, ਜਿਨ੍ਹਾਂ 26/11 ਮੁੰਬਈ ਦਹਿਸ਼ਤੀ ਹਮਲੇ ਦੇ ਇਕਲੌਤੇ ਜਿਉਂਦੇ ਫੜੇ ਗਏ ਦਹਿਸ਼ਤਗਰਦ ਅਜਮਲ ਕਸਾਬ ਨੂੰ ਮੌਤ ਦੀ ਸਜ਼ਾ ਦਿਵਾਈ ਸੀ। ਨਿਕਮ ਨੇ 2024 ਵਿੱਚ ਭਾਜਪਾ ਦੀ ਟਿਕਟ 'ਤੇ ਹਾਈ-ਪ੍ਰੋਫਾਈਲ ਮੁੰਬਈ ਉੱਤਰੀ ਕੇਂਦਰੀ ਸੀਟ ਤੋਂ ਚੋਣ ਲੜੀ ਸੀ, ਪਰ ਉਹ ਹਾਰ ਗਏ। ਨਿਕਮ ਨੇ ਕਈ ਹਾਈ-ਪ੍ਰੋਫਾਈਲ ਮਾਮਲਿਆਂ ਵਿਚ ਵਕਾਲਤ ਕੀਤੀ, ਜਿਨ੍ਹਾਂ ਵਿੱਚ 1993 ਦੇ ਮੁੰਬਈ ਧਮਾਕੇ, ਗੁਲਸ਼ਨ ਕੁਮਾਰ ਹੱਤਿਆ, ਪ੍ਰਮੋਦ ਮਹਾਜਨ ਹੱਤਿਆ, ਮਰੀਨ ਡਰਾਈਵ ਬਲਾਤਕਾਰ ਮਾਮਲਾ ਅਤੇ 2008 ਦੇ ਮੁੰਬਈ ਦਹਿਸ਼ਤੀ ਹਮਲੇ ਸ਼ਾਮਲ ਹਨ।

ਸ਼੍ਰਿੰਗਲਾ 2023 ਵਿੱਚ ਭਾਰਤ ਦੀ ਜੀ 20 ਪ੍ਰੈਜ਼ੀਡੈਂਸੀ ਲਈ ਮੁੱਖ ਕੋਆਰਡੀਨੇਟਰ ਸਨ। (ਬਾਕੀ ਸਫਾ 2 'ਤੇ)


ਹਰਸ਼ਵਰਧਨ ਸ਼ਿੰਗਲਾ   ਮੀਨਾਕਸ਼ੀ ਜੈਨ   ਉਜਵਲ ਨਿਕਮ   ਸਦਾਨੰਦ ਮਾਸਟਰ

## ਕਾਂਗਰਸ ਵੱਲੋਂ ਸੰਸਦ ਦੇ ਆਗਾਮੀ ਇਜਲਾਸ ਲਈ ਰਣਨੀਤੀ ਬੈਠਕ ਭਲਕੇ

ਚੜ੍ਹਦੀਕਲਾ ਬਿਊਰੋ
=================

ਨਵੀਂ ਦਿੱਲੀ, 13 ਜੁਲਾਈ: ਕਾਂਗਰਸ ਸੰਸਦੀ ਦਲ ਦੀ ਚੇਅਰਪਰਸਨ ਸੋਨੀਆ ਗਾਂਧੀ ਨੇ ਸੰਸਦ ਦੇ ਆਗਾਮੀ ਮਾਨਸੂਨ ਸੈਸ਼ਨ ਲਈ ਰਣਨੀਤੀ ਨੂੰ ਅੰਤਿਮ ਰੂਪ ਦੇਣ ਲਈ 15 ਜੁਲਾਈ ਨੂੰ ਪਾਰਟੀ ਦੇ ਚੋਟੀ ਦੇ ਨੇਤਾਵਾਂ ਦੀ ਬੈਠਕ ਬੁਲਾਈ ਹੈ। ਸੂਤਰਾਂ ਨੇ ਦਸਿਆ ਕਿ ਸੰਸਦੀ ਰਣਨੀਤੀ ਸਮੂਹ ਦੀ ਬੈਠਕ 'ਚ ਰਾਜ ਸਭਾ ਅਤੇ ਲੋਕ ਸਭਾ 'ਚ ਵਿਰੋਧੀ ਧਿਰ ਦੇ ਨੇਤਾ ਮਲਿਕਾਰਜੁਨ ਖੜਗੇ ਅਤੇ ਰਾਹੁਲ ਗਾਂਧੀ ਤੋਂ ਇਲਾਵਾ ਦੋਹਾਂ ਸਦਨਾਂ 'ਚ ਉਪ ਨੇਤਾ ਅਤੇ ਪਾਰਟੀ ਦੇ ਚੀਫ ਵ੍ਹਿਪ ਅਤੇ ਵ੍ਹਿਪ ਸ਼ਾਮਲ ਹੋਣਗੇ। ਇਸ ਬੈਠਕ ਦੀ ਪ੍ਰਧਾਨਗੀ ਸੋਨੀਆ ਗਾਂਧੀ ਆਪਣੀ 10 ਜਨਪਥ ਰਿਹਾਇਸ਼ ਉਤੇ ਕਰਨਗੇ ਅਤੇ ਇਸ 'ਚ ਕੁੱਝ ਸੀਨੀਅਰ ਨੇਤਾ ਵੀ ਸ਼ਾਮਲ ਹੋਣਗੇ ਜੋ ਰਣਨੀਤੀ ਸਮੂਹ ਦਾ ਹਿੱਸਾ ਹਨ। ਸਰਕਾਰ ਨੇ ਐਲਾਨ ਕੀਤਾ ਹੈ ਕਿ ਸੰਸਦ ਦਾ ਮਾਨਸੂਨ ਸੈਸ਼ਨ 21 ਜੁਲਾਈ ਤੋਂ ਸ਼ੁਰੂ ਹੋ ਕੇ 21 ਅਗਸਤ ਤਕ ਚੱਲੇਗਾ। ਸੂਤਰਾਂ ਨੇ ਦਸਿਆ ਕਿ ਕਾਂਗਰਸ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਚੋਣ ਕਮਿਸ਼ਨ ਵਲੋਂ ਬਿਹਾਰ ਵਿਚ ਵੋਟਰ ਸੂਚੀਆਂ ਦੀ ਵਿਸ਼ੇਸ਼ ਸੋਧ (ਐਸ.ਆਈ.ਆਰ.) ਦੇ ਮੁੱਦੇ ਨੂੰ ਉਠਾ ਸਕਦੀ ਹੈ। ਕਾਂਗਰਸ ਵੀ ਸੁਪਰੀਮ ਕੋਰਟ ਵਿਚ ਐਸ.ਆਈ.ਆਰ. ਨੂੰ ਚੁਣੌਤੀ ਦੇਣ ਵਿਚ ਕਈ ਵਿਰੋਧੀ ਪਾਰਟੀਆਂ ਨਾਲ ਸ਼ਾਮਲ ਹੋ ਗਈ ਹੈ ਅਤੇ ਸੀਨੀਅਰ ਕਾਂਗਰਸੀ ਨੇਤਾ ਅਤੇ ਵਕੀਲ ਅਭਿਸ਼ੇਕ ਸਿੰਘਵੀ ਇਸ ਕੇਸ ਵਿਚ ਦਲੀਲ ਦੇ ਰਹੇ ਹਨ। ਕਾਂਗਰਸ ਚਾਹੁੰਦੀ ਹੈ ਕਿ ਐਸ.ਆਈ.ਆਰ. ਨੂੰ ਰੱਦ ਕੀਤਾ ਜਾਵੇ ਅਤੇ ਦੋਸ਼ ਲਾਇਆ ਕਿ ਇਹ 'ਗੈਰ ਸੰਵਿਧਾਨਕ' ਹੈ ਅਤੇ ਇਸ ਦਾ ਉਦੇਸ਼ ਰਾਜ ਦੇ ਲਗਭਗ ਦੋ ਕਰੋੜ ਵੋਟਰਾਂ ਨੂੰ ਵੱਖ ਕਰਨਾ ਹੈ। ਕਾਂਗਰਸ ਸਰਕਾਰ ਤੋਂ ਇਸ ਗੱਲ ਉਤੇ ਵੀ ਜਵਾਬ ਮੰਗ ਸਕਦੀ ਹੈ ਕਿ ਆਪਰੇਸ਼ਨ ਸਿੰਦੂਰ ਦੌਰਾਨ ਕਿਹੜੀਆਂ ਖਾਮੀਆਂ ਅਤੇ ਨੁਕਸਾਨ ਹੋਏ ਸਨ ਅਤੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਪ੍ਰਮਾਣੂ ਜੰਗ ਨੂੰ ਟਾਲਣ ਲਈ ਭਾਰਤ-ਪਾਕਿਸਤਾਨ ਸੰਘਰਸ਼ 'ਚ ਵਿਚੋਲਗੀ ਦੇ ਦਾਅਵਿਆਂ ਤੋਂ (ਬਾਕੀ ਸਫਾ 2 'ਤੇ)

## ਮਹਾਰਾਸ਼ਟਰ 'ਚ ਸ਼ਿਵ ਸੈਨਿਕਾਂ ਨੇ ਮਰਾਠੀ ਨਾ ਬੋਲਣ 'ਤੇ ਆਟੋ ਡਰਾਈਵਰ ਨੂੰ ਕੁੱਟਿਆ

ਮੁੰਬਈ, 13 ਜੁਲਾਈ (ਚੜ੍ਹਦੀਕਲਾ ਬਿਊਰੋ) : ਮਹਾਰਾਸ਼ਟਰ ਦੇ ਪਾਲਘਰ ਜ਼ਿਲ੍ਹੇ ਦੇ ਵਿਰਾਰ ਚ ਮਰਾਠੀ ਭਾਸ਼ਾ ਨੂੰ ਲੈ ਕੇ ਹੋਏ ਵਿਵਾਦ ਨੇ ਹਿੰਸਕ ਰੂਪ ਲੈ ਲਿਆ, ਜਦੋਂ ਸ਼ਿਵ ਸੈਨਾ ਤੇ ਮਹਾਰਾਸ਼ਟਰ ਨਵਨਿਰਮਾਣ ਸੈਨਾ ਦੇ ਸਮਰਥਕਾਂ ਨੇ ਇੱਕ ਪ੍ਰਵਾਸੀ ਰਿਕਸ਼ਾ ਚਾਲਕ 'ਤੇ ਜਨਤਕ ਤੌਰ 'ਤੇ ਹਮਲਾ ਕਰ ਦਿੱਤਾ। ਇਹ ਘਟਨਾ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਰਹੀ ਹੈ, ਜਿਸ 'ਚ ਡਰਾਈਵਰ ਨੂੰ ਕੁੱਟਦੇ ਹੋਏ ਸਾਫ਼ ਦਿਖਾਈ ਦੇ ਰਿਹਾ ਹੈ। ਝਗੜਾ ਕੁਝ ਦਿਨ ਪਹਿਲਾਂ ਉਦੋਂ ਸ਼ੁਰੂ ਹੋਇਆ ਜਦੋਂ ਉੱਤਰ ਪ੍ਰਦੇਸ਼ ਦੇ ਨਿਵਾਸੀ ਭਾਵੇਸ਼ ਪਡੋਲੀਆ ਤੇ ਵਿਰਾਰ ਰੇਲਵੇ ਸਟੇਸ਼ਨ ਨੇੜੇ ਇੱਕ ਪ੍ਰਵਾਸੀ ਰਿਕਸ਼ਾ ਚਾਲਕ ਵਿਚਕਾਰ ਬਹਿਸ ਹੋ ਗਈ। ਵਾਇਰਲ ਵੀਡੀਓ ਚ ਰਿਕਸ਼ਾ ਚਾਲਕ ਨੂੰ ਜਦੋਂ (ਬਾਕੀ ਸਫਾ 2 'ਤੇ)

## ਸ਼ਤਾਬਦੀ ਸਮਾਗਮਾਂ ਸੰਬੰਧੀ ਉਚ ਪੱਧਰੀ ਤਾਲਮੇਲ ਕਮੇਟੀ ਦੀ ਅੱਜ ਦੀ ਮੀਟਿੰਗ 'ਚ ਪੰਥਕ ਮੁੱਦੇ ਵੀ ਹੋਣਗੇ ਚਰਚਾ ਦਾ ਵਿਸ਼ਾ

### *ਦੋਹਾਂ ਤਖਤ ਸਾਹਿਬਾਨ ਦਾ ਵਿਵਾਦ ਤੇ ਜਥੇਦਾਰਾਂ ਦੀ ਮਾਨਤਾ ਰਹਿ ਸਕਦੈ ਅਹਿਮ ਮੁੱਦਾ*

ਬਬਲੂ ਮਹਾਜਨ
=================

ਅੰਮ੍ਰਿਤਸਰ, 13 ਜੁਲਾਈ : ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ, ਭਾਈ ਦਿਆਲਾ ਜੀ, ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਦੇ 350 ਸਾਲਾ ਸ਼ਹੀਦੀ ਦਿਹਾੜੇ ਅਤੇ ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ 350 ਸਾਲਾ ਗੁਰਤਾਗੱਦੀ ਦੇ ਸਬੰਧ ਵਿਚ ਨਵੰਬਰ 2025 ਵਿਚ ਕੀਤੇ ਜਾਣ ਵਾਲੇ ਸ਼ਤਾਬਦੀ ਸਮਾਗਮਾਂ ਨੂੰ ਯਾਦਗਾਰੀ ਢੰਗ ਨਾਲ ਮਨਾਉਣ ਲਈ ਸ਼੍ਰੋਮਣੀ ਕਮੇਟੀ ਵੱਲੋਂ ਵੱਖ-ਵੱਖ ਪ੍ਰਤੀਨਿਧ ਸਿੱਖ ਸ਼ਖ਼ਸੀਅਤਾਂ ਅਤੇ ਮਹਾਂਪੁਰਖਾਂ 'ਤੇ ਅਧਾਰਿਤ ਇਕ ਉੱਚ ਪੱਧਰੀ ਤਾਲਮੇਲ ਕਮੇਟੀ ਦੀ ਮੀਟਿੰਗ 14 ਜੁਲਾਈ ਨੂੰ ਦੁਪਹਿਰ 12 ਵਜੇ ਰੱਖੀ ਗਈ ਹੈ, ਪਹਿਲਾਂ ਇਹ ਇਕੱਤਰਤਾ 8 ਜੁਲਾਈ ਨੂੰ ਰੱਖੀ ਸੀ, ਜਿਸ ਦੀ ਤਾਰੀਖ ਬਦਲ ਕੇ 14 ਜੁਲਾਈ ਕਰ ਦਿੱਤੀ ਹੈ। ਇਸ ਉੱਚ ਪੱਧਰੀ ਤਾਲਮੇਲ ਕਮੇਟੀ ਦੀ ਮੀਟਿੰਗ 'ਚ ਪੰਥਕ ਮੁੱਦੇ ਵੀ ਚਰਚਾ ਦਾ ਵਿਸ਼ਾ ਹੋਣਗੇ। ਜਿਥੇ ਸਾਰੇ ਸਿੱਖ ਪੰਥ ਨੂੰ ਨਾਲ ਲੈ ਕੇ ਇਹ ਸਮਾਗਮ ਕਰਵਾਉਣਾ ਮੁੱਖ ਮਕਸਦ ਹੋਵੇਗਾ ਉਥੇ ਮੌਜੂਦਾ ਸਮੇਂ ਵਿਚ ਦੋਹਾਂ ਤਖਤ ਸਾਹਿਬਾਨ ਦੇ ਸਿੰਘ ਸਾਹਿਬਾਨ ਦਾ ਵਿਵਾਦ ਤੇ ਜਥੇਦਾਰਾਂ ਦੀ ਨਿਯੁਕਤੀ ਦੀ ਮਾਨਤਾ ਵੀ ਅਹਿਮ ਮੁੱਦਾ ਰਹਿ ਸਕਦੀ ਹੈ। ਦਸਣਯੋਗ ਹੈ ਕਿ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਵੱਲੋਂ ਬਣਾਈ ਗਈ ਇਸ ਕਮੇਟੀ ਵਿਚ ਸ਼੍ਰੋਮਣੀ ਕਮੇਟੀ ਪ੍ਰਧਾਨ ਸਮੇਤ ਸੁਖਬੀਰ ਸਿੰਘ ਬਾਦਲ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ, ਰਘੂਜੀਤ ਸਿੰਘ ਸੀਨੀਅਰ ਮੀਤ ਪ੍ਰਧਾਨ ਸ਼੍ਰੋਮਣੀ ਕਮੇਟੀ, ਗਿਆਨੀ ਹਰਨਾਮ ਸਿੰਘ ਮੁਖੀ ਦਮਦਮੀ ਟਕਸਾਲ, ਬਾਬਾ ਨਿਹਾਲ ਸਿੰਘ ਹਰੀਆਂ ਵੇਲਾਂ ਮੁਖੀ ਤਰਨਾ ਦਲ, ਬਾਬਾ ਬਲਬੀਰ ਸਿੰਘ 96ਵੇਂ ਕਰੋੜੀ ਮੁਖੀ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ, ਬਾਬਾ ਅਵਤਾਰ ਸਿੰਘ ਸੁਰਸਿੰਘ ਮੁਖੀ ਦਲ ਬਾਬਾ ਬਿਧੀ ਚੰਦ, ਬਾਬਾ ਸੇਵਾ ਸਿੰਘ ਖਡੂਰ ਸਾਹਿਬ, ਬਾਬਾ ਕਸ਼ਮੀਰ ਸਿੰਘ ਕਾਰਸੇਵਾ ਭੂਰੀਵਾਲੇ, (ਬਾਕੀ ਸਫਾ 2 'ਤੇ)

## ਤਾਮਿਲਨਾਡੂ 'ਚ ਮਾਲ ਗੱਡੀ ਲੀਹੋਂ ਲੱਥੀ

ਚੇਨੱਈ /ਤਿਰੂਵਲੂਰ, 13 ਜੁਲਾਈ (ਚੜ੍ਹਦੀਕਲਾ ਬਿਊਰੋ) : ਇੱਥੋਂ ਦੇ ਰੇਲਵੇ ਸਟੇਸ਼ਨ ਨੇੜੇ ਕਰਨਾਟਕ ਜਾ ਰਹੀ ਮਾਲ ਗੱਡੀ ਲੀਹੋਂ ਲੱਥ ਗਈ ਤੇ ਇਸ ਵਿਚ ਅੱਗ ਲਗ ਗਈ। ਇਸ ਮਾਲ ਗੱਡੀ ਦੀਆਂ 52 ਬੋਗੀਆਂ ਵਿਚ ਡੀਜ਼ਲ ਲਿਜਾਇਆ ਜਾ ਰਿਹਾ ਸੀ ਜਿਸ ਨੂੰ ਅੱਗ ਲੱਗ ਗਈ। ਇਸ ਤੋਂ ਬਾਅਦ 40 ਬੋਗੀਆਂ ਨੂੰ ਬਾਕੀ ਬੋਗੀਆਂ ਨਾਲੋਂ ਵੱਖ ਕੀਤਾ ਗਿਆ। ਇਹ ਜਾਣਕਾਰੀ ਮਿਲੀ ਹੈ ਕਿ 18 ਦੇ ਕਰੀਬ ਬੋਗੀਆਂ ਸੜ ਕੇ ਸੁਆਹ ਹੋ ਗਈਆਂ। ਇਸ ਤੋਂ ਬਾਅਦ ਪੁਲਿਸ ਤੇ ਰੇਲਵੇ ਪੁਲਿਸ ਨੇ ਨੇੜੇ ਤੇੜੇ ਰਹਿੰਦੇ ਲੋਕਾਂ ਨੂੰ ਸੁਰੱਖਿਅਤ ਥਾਂ 'ਤੇ ਪਹੁੰਚਾਇਆ। ਇਹ ਘਟਨਾ ਅੱਜ ਸਵੇਰੇ ਵਾਪਰੀ ਦੱਸੀ ਜਾ ਰਹੀ ਹੈ। ਇਸ ਦੌਰਾਨ ਹਾਦਸੇ ਵਾਲੀ ਥਾਂ ਨੇੜੇ ਪਟੜੀ 'ਤੇ ਵੱਡੀ ਵਿੱਥ ਮਿਲੀ ਹੈ ਜਿਸ ਦੀ ਰੇਲਵੇ ਤੇ ਪੁਲਿਸ ਵਲੋਂ ਜਾਂਚ ਕੀਤੀ ਜਾ ਰਹੀ ਹੈ। ਰੇਲਵੇ ਅਧਿਕਾਰੀ ਨੇ ਕਿਹਾ ਕਿ ਅੱਗ (ਬਾਕੀ ਸਫਾ 2 'ਤੇ)

# ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ 11ਵਾਂ ਸਥਾਪਨਾ ਦਿਵਸ ਗੁਰਦੁਆਰਾ ਨਾਢਾ ਸਾਹਿਬ ਵਿਖੇ ਯਾਦਗਾਰੀ ਹੋ ਨਿੱਬੜਿਆ



ਪੰਚਕੂਲਾ, 13 ਜੁਲਾਈ, (ਅਮਰਜੀਤ ਸਿੰਘ) : ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਗੁਰਦੁਆਰਾ ਐਕਟ 2014 ਬਣਾਕੇ ਬਹੁਮਤ ਨਾਲ ਹਰਿਆਣਾ ਸਰਕਾਰ ਵੱਲੋਂ ਵਿਧਾਨ ਸਭਾ 'ਚ ਬਿੱਲ ਪਾਸ ਕਰਕੇ ਬਣਾਈ ਗਈ ਸੀ, ਜਿਸਨੂੰ 2022 ਵਿੱਚ ਮਾਣਯੋਗ ਸੁਪਰੀਮ ਕੋਰਟ ਨੇ ਕਨੂੰਨੀ ਮਾਨਤਾ ਦਿੱਤੀ, ਜਿਸਦਾ 11ਵਾਂ ਸਥਾਪਨਾ ਦਿਵਸ ਅੱਜ ਧਰਮ ਪ੍ਰਚਾਰ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਗੁਰਦੁਆਰਾ ਸਾਹਿਬ ਪਾਤਸ਼ਾਹੀ 10ਵੀਂ ਨਾਢਾ ਸਾਹਿਬ ਪੰਚਕੂਲਾਂ ਵਿਖੇ ਬੜੀ ਚੜ੍ਹਦੀਕਲਾ ਦੇ ਨਾਲ ਮਨਾਇਆ ਗਿਆ। 11ਵੇਂ ਸਥਾਪਨਾ ਦਿਵਸ 'ਤੇ ਕੀਤਾ ਗਿਆ ਵਿਸ਼ੇਸ਼ ਗੁਰਮਤਿ ਸਮਾਗਮ ਯਾਦਗਾਰੀ ਹੋ ਨਿੱਬੜਿਆ। ਮੀਡੀਆ ਨੂੰ ਜਾਣਕਾਰੀ ਦਿੰਦਿਆਂ ਜਥੇਦਾਰ ਸਵਰਨ ਸਿੰਘ ਬੁੰਗਾ ਟਿੱਬੀ ਪੰਚਕੂਲਾਂ ਹਲਕਾ ਤੋਂ ਹਰਿਆਣਾ ਕਮੇਟੀ ਮੈਂਬਰ ਅਤੇ ਚੇਅਰਮੈਨ ਖਰੀਦ ਵਿੰਗ ਨੇ ਦੱਸਿਆ ਕੇ ਸਥਾਪਨਾ ਦਿਵਸ ਨੂੰ ਸਮਰਪਿਤ ਧੁਰ ਕੀ ਬਾਣੀ ਦੇ ਸ਼੍ਰੀ ਅਖੰਡ ਪਾਠ ਸਾਹਿਬ 11 ਜੁਲਾਈ ਨੂੰ ਗੁਰਦੁਆਰਾ ਨਾਢਾ ਸਾਹਿਬ ਵਿਖੇ ਪ੍ਰਾਰੰਭ ਕਰਵਾਏ ਗਏ ਸਨ, ਜਿਨ੍ਹਾਂ ਦੇ ਅੱਜ ਸਵੇਰ 10 ਵਜ਼ੇ ਭੋਗ ਪਾਏ ਗਏ। 11 ਵਜੇ ਤੋਂ ਲੈ ਕੇ 3 ਵਜੇ ਤੱਕ ਗੁਰੂ ਦਰਬਾਰ ਵਿੱਚ ਵਿਸ਼ੇਸ਼ ਗੁਰਮਤਿ ਸਮਾਗਮ ਕੀਤੇ ਗਏ, ਜਿਸ ਵਿੱਚ ਭਾਈ ਗੁਰਸੇਵਕ ਸਿੰਘ ਰੰਗੀਲਾ ਹਜ਼ੂਰੀ ਰਾਗੀ ਜੱਥਾ ਗੁਰਦੁਆਰਾ ਦਾਦੂ ਸਾਹਿਬ ਨੇ ਰਸਭਿੰਨਾ ਕੀਰਤਨ ਕੀਤਾ। ਕਮੇਟੀ ਦੇ ਪ੍ਰਬੰਧ ਹੇਠ ਚੱਲਦੇ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਖਾਲਸਾ ਕਾਲਜ ਪੰਜੋਖਰਾ ਸਾਹਿਬ ਦੇ ਕਵੀਸਰੀ ਜੱਥੇ ਨੇ ਅਤੇ ਹਰਿਆਣਾ ਕਮੇਟੀ ਧਰਮ ਪ੍ਰਚਾਰ ਦੇ ਢਾਡੀ ਜੱਥੇ ਗਿ: ਸੁਖਚੈਨ ਸਿੰਘ ਸ਼ੀਤਲ ਨੇ ਸੰਗਤਾਂ ਨੂੰ ਗੁਰਇਤਿਹਾਸ ਨਾਲ ਜੋੜਿਆ ਜਥੇਦਾਰ ਸਵਰਨ ਸਿੰਘ ਬੁੰਗਾ ਟਿੱਬੀ ਨੇ ਦੱਸਿਆ, ਕੇ ਅੱਜ ਦਾ ਪ੍ਰੋਗਰਾਮ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਛੱਤਰ ਛਾਇਆ ਅਤੇ ਧਰਮ ਪ੍ਰਚਾਰ ਦੇ ਚੇਅਰਮੈਨ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਦੀ ਦੇਖ ਰੇਖ ਵਿੱਚ ਕੀਤਾ ਗਿਆ। ਜਿਸ ਵਿੱਚ ਪੰਥ ਪ੍ਰਸਿੱਧ ਸਿੱਖ ਪ੍ਰਚਾਰਕ ਜਥੇਦਾਰ ਦਾਦੂਵਾਲ ਚੇਅਰਮੈਨ ਧਰਮ ਪ੍ਰਚਾਰ ਵੱਲੋਂ ਹਰਿਆਣਾ ਕਮੇਟੀ ਦੀ ਸਥਾਪਨਾ ਸਬੰਧੀ ਜਾਣਕਾਰੀ ਸਾਂਝੀ ਕੀਤੀ ਗਈ, ਅਤੇ ਜਿਨ੍ਹਾਂ ਸਿੱਖ ਸੰਗਤਾਂ ਧਾਰਮਿਕ ਜਾਂ ਰਾਜਨੀਤਿਕ ਲੋਕਾਂ ਨੇ ਸਹਿਯੋਗ ਦਿੱਤਾ, ਉਨ੍ਹਾਂ ਦਾ ਵਿਸ਼ੇਸ਼ ਧੰਨਵਾਦ ਕੀਤਾ। ਸਥਾਪਨਾ ਦਿਵਸ ਸਮਾਗਮ ਨੂੰ ਡਾ. ਪ੍ਰਭਲੀਨ ਸਿੰਘ ਓਐਸਡੀ ਹਰਿਆਣਾ ਸਰਕਾਰ,ਜਥੇਦਾਰ ਕਰਨੈਲ ਸਿੰਘ ਪੰਜੋਲੀ ਮੈਂਬਰ ਅਤੇ ਸਾਬਕਾ ਜਰਨਲ ਸਕੱਤਰ ਸ਼੍ਰੋਮਣੀ ਕਮੇਟੀ,ਪਰਮਜੀਤ ਸਿੰਘ ਸਹੌਲੀ ਪ੍ਰਧਾਨ ਸੁਤੰਤਰ ਅਕਾਲੀ ਦਲ,ਪਦਮ ਸ੍ਰੀ ਜਗਜੀਤ ਸਿੰਘ ਦਰਦੀ ਚੜ੍ਹਦੀਕਲਾ ਗਰੁੱਪ,ਜਥੇਦਾਰ ਭੁਪਿੰਦਰ ਸਿੰਘ ਅਸੰਧ ਸਾਬਕਾ ਪ੍ਰਧਾਨ ਹਰਿਆਣਾ ਕਮੇਟੀ,ਗੁਰਮੀਤ ਸਿੰਘ ਰਾਮਸਰ ਸੀਨੀਅਰ ਮੀਤ ਪ੍ਰਧਾਨ,ਸ.ਸੁਦਰਸ਼ਨ ਸਿੰਘ ਸਹਿਗਲ ਅੰਬਾਲਾ ਸਾਬਕਾ ਸੀਨੀਅਰ ਮੀਤ ਪ੍ਰਧਾਨ,ਸ.ਸੁਖਵਿੰਦਰ ਸਿੰਘ ਮੰਡੇਬਰ ਸਾਬਕਾ ਜਨਰਲ ਸਕੱਤਰ,ਸ.ਪਰਮਜੀਤ ਸਿੰਘ ਮਾਖਾ ਸਿਰਸਾ ਸਾਬਕਾ ਮੈਂਬਰ ਨੇ ਸਿੱਖ ਸੰਗਤਾਂ ਨੂੰ ਸੰਬੋਧਨ ਕੀਤਾ ਅਤੇ 11ਵੇਂ ਸਥਾਪਨਾ ਦਿਵਸ ਦੀ ਵਧਾਈ ਦਿੱਤੀ ਸਥਾਪਨਾ ਸਮਾਗਮ ਵਿੱਚ ਸ.ਗੁਰਬੀਰ ਸਿੰਘ ਤਲਾਕੌਰ ਯਮੁਨਾਨਗਰ ਜੂਨੀਅਰ ਮੀਤ ਪ੍ਰਧਾਨ,ਸਿੰਘ ਸਾਹਿਬ ਗਿ: ਜਗਜੀਤ ਸਿੰਘ ਮੁੱਖ ਗ੍ਰੰਥੀ ਨਾਢਾ ਸਾਹਿਬ,ਸ.ਜਗਤਾਰ ਸਿੰਘ ਮਾਨ ਮਿੱਠੜੀ ਸਿਰਸਾ ਅੰਤ੍ਰਿੰਗ ਮੈਂਬਰ,ਸ. ਗੁਰਪਾਲ ਸਿੰਘ ਗੋਰਾ ਐਲਨਾਬਾਦ ਸਿਰਸਾ ਮੈਂਬਰ ਅਤੇ ਚੇਅਰਮੈਨ ਆਈ ਟੀ ਵਿੰਗ,ਸ.ਗੁਰਤੇਜ ਸਿੰਘ ਅੰਬਾਲਾ ਮੈਂਬਰ,ਸ. ਰਜ਼ਿੰਦਰ ਸਿੰਘ ਬਰਾੜਾ ਮੈਂਬਰ ਅਤੇ ਚੇਅਰਮੈਨ ਐਨ ਆਰ ਆਈ ਵਿੰਗ,ਸ. ਭੁਪਿੰਦਰ ਸਿੰਘ ਪਾਣੀਪੱਤ ਮੈਂਬਰ ਅਤੇ ਚੇਅਰਮੈਨ ਛਪਾਈ ਵਿੰਗ,ਕੈਪਟਨ ਦਿਲਬਾਗ ਸਿੰਘ ਮੈਂਬਰ ਅਤੇ ਚੇਅਰਮੈਨ ਡੇਅਰੀ ਵਿਭਾਗ,ਬੀਬੀ ਕਰਤਾਰ ਕੌਰ ਸ਼ਾਹਬਾਦ ਮਾਰਕੰਡਾ ਮੈਂਬਰ ਅਤੇ ਚੇਅਰਮੈਨ ਹੈਲਥ ਵਿੰਗ,ਸ.ਪਰਮਜੀਤ ਸਿੰਘ ਸ਼ੇਰਗੜ ਮੈਨੇਜਰ ਨਾਢਾ ਸਾਹਿਬ,ਸ. ਟੀਪੀ ਸਿੰਘ ਸਾਬਕਾ ਅੰਤ੍ਰਿੰਗ ਮੈਂਬਰ,ਸ. ਗੁਰਪ੍ਰਸਾਦ ਸਿੰਘ ਫਰੀਦਾਬਾਦ ਸਾਬਕਾ ਅੰਤ੍ਰਿੰਗ ਮੈਂਬਰ,ਸ.ਸਤਿੰਦਰ ਸਿੰਘ ਮੰਟਾ ਰਸੀਦਾਂ ਸਾਬਕਾ ਮੈਂਬਰ,ਸ. ਇੰਦਰਜੀਤ ਸਿੰਘ ਸਾਹਾ ਸਾਬਕਾ ਮੈਂਬਰ,ਸ. ਅਮਰਜੀਤ ਸਿੰਘ ਡਡਿਆਲਾ ਯਮੁਨਾਨਗਰ ਸਾਬਕਾ ਮੈਂਬਰ,ਸ. ਮਲਕੀਤ ਸਿੰਘ ਪੰਨੀਵਾਲਾ ਸਿਰਸਾ ਸਾਬਕਾ ਮੈਂਬਰ,ਸ. ਹਰਬੰਸ ਸਿੰਘ ਕੜਕੌਲੀ ਯਮੁਨਾਨਗਰ ਸਾਬਕਾ ਮੈਂਬਰ,ਸ.ਸ਼ਿਵਚਰਨ ਸਿੰਘ ਸਹਾਇਕ ਮੈਨੇਜਰ ਨਾਢਾ ਸਾਹਿਬ,ਸ. ਸ਼ੇਰਦਿਲ ਸਿੰਘ ਸ਼ੈਰੀ ਪ੍ਰਧਾਨ ਸਿੰਘ ਸਭਾ ਗੁੜਗਾਂਓ,ਬੀਬੀ ਗਗਨਦੀਪ ਕੌਰ ਸਿੱਧੂ ਸ਼੍ਰੋਮਣੀ ਅਕਾਲੀ ਦਲ ਆਜ਼ਾਦ ਗੁੜਗਾਂਓ,ਸ. ਉਮਰਾਓ ਸਿੰਘ ਛੀਨਾ ਖਜਾਨਚੀ ਸ਼੍ਰੋਮਣੀ ਅਕਾਲੀ ਦਲ ਆਜ਼ਾਦ,ਜਥੇਦਾਰ ਮਨਮੋਹਨ ਸਿੰਘ ਬਲੌਲੀ,ਸੰਤ ਅਮਰੀਕ ਸਿੰਘ ਜੀ ਕਾਰ ਸੇਵਾ ਹੀਰਾ ਬਾਗ ਪਟਿਆਲੇ ਵਾਲਿਆਂ ਦੇ ਜਥੇਦਾਰ ਭਾਈ ਕਰਮਜੀਤ ਸਿੰਘ, ਗਿ: ਸੁਖਚੈਨ ਸਿੰਘ ਗੋਪਾਲਾ ਦਮਦਮੀ ਟਕਸਾਲ, ਸ. ਕੁਲਦੀਪ ਸਿੰਘ ਸੋਹੀ ਚੰਡੀਗੜ,ਐਡਵੋਕੇਟ ਰਸ਼ਪਿੰਦਰ ਸਿੰਘ ਸੋਹੀ, ਇੰਚਾਰਜ ਜਥੇਦਾਰ ਸਿਕੰਦਰ ਸਿੰਘ ਵਾਰਾਣਾ, ਐਡਵੋਕੇਟ ਅਦਿਤਿਆ ਬਾਦਵਾਰ, ਸ. ਲਖਵਿੰਦਰ ਸਿੰਘ ਸਤਗੋਲੀ, ਸ. ਲਖਵਿੰਦਰ ਸਿੰਘ ਬਸੰਤਪੁਰਾ,ਸ.ਕਮਲਜੀਤ ਸਿੰਘ ਮਲਹੋਤਰਾ ਯਮੁਨਾਨਗਰ, ਸ.ਹਰਪਾਲ ਸਿੰਘ ਧਰਮੀ ਫੌਜੀ, ਸ.ਪਿੰਦਰ ਸਿੰਘ ਝੀਂਡਾ, ਸ. ਨਰਿੰਦਰ ਸਿੰਘ ਗਿੱਲ ਕੁਰੂਕਸ਼ੇਤਰ,ਐਡਵੋਕੇਟ ਪਰਮਿੰਦਰ ਸਿੰਘ ਵੀ ਹਾਜ਼ਰ ਸਨ ਸਮਾਪਤੀ ਤੇ ਸਾਰੇ ਸਤਿਕਾਰਯੋਗ ਸੱਜਣਾਂ ਨੂੰ ਸਿਰਪਾਓ ਸਨਮਾਨ ਚਿੰਨ ਅਤੇ ਪੰਜਾਬੀ ਬਾਲ ਉਪਦੇਸ਼ ਭੇਂਟ ਕਰਕੇ ਸਨਮਾਨਿਤ ਕੀਤਾ ਗਿਆ।

## 'ਆਪ' ਦੇ ਸੀਨੀਅਰ ਆਗੂ ਕੁਲਵੰਤ ਸਿੰਘ ਪੀਸੀਏ ਦੇ ਸਕੱਤਰ ਚੁਣੇ ਗਏ

ਚੰਡੀਗੜ੍ਹ, 13 ਜੁਲਾਈ, (ਚ.ਨ.ਸ.) : ਆਮ ਆਦਮੀ ਪਾਰਟੀ (ਆਪ) ਦੇ ਸੀਨੀਅਰ ਆਗੂ ਅਤੇ ਮੋਹਾਲੀ ਤੋਂ ਵਿਧਾਇਕ ਕੁਲਵੰਤ ਸਿੰਘ ਅੱਜ ਪੰਜਾਬ ਕ੍ਰਿਕਟ ਐਸੋਸੀਏਸ਼ਨ (ਪੀਸੀਏ) ਦੇ ਸਕੱਤਰ ਚੁਣੇ ਗਏ।

63 ਸਾਲਾ ਕੁਲਵੰਤ ਸਿੰਘ ਇੱਕ ਮਸ਼ਹੂਰ ਰੀਅਲ ਐਸਟੇਟ ਡਿਵੈਲਪਰ ਹਨ, ਜਿਨ੍ਹਾਂ ਨੇ ਕਈ ਹਜ਼ਾਰਾਂ ਲੋਕਾਂ ਲਈ ਰਹਿਣ ਯੋਗ ਘਰਾਂ ਦੇ ਨਾਲ-ਨਾਲ ਵਪਾਰਕ ਅਤੇ ਉਦਯੋਗਿਕ ਖੇਤਰਾਂ ਦੀਆਂ ਸਹੂਲਤਾਂ ਮੁਹੱਈਆ ਕਰਵਾਈਆਂ ਹਨ।

4 ਜੁਲਾਈ ਨੂੰ ਉਨ੍ਹਾਂ ਨੇ ਪੀਸੀਏ ਚੋਣਾਂ ਲਈ ਨਾਮਜ਼ਦਗੀ ਪੱਤਰ ਭਰੇ ਸਨ। ਉਨ੍ਹਾਂ ਕਿਹਾ, ਜਿੱਥੇ ਵੀ ਮੈਂ ਕੰਮ ਕੀਤਾ, ਆਪਣਾ ਸਰਵੋਤਮ ਦਿੱਤਾ। ਪੀਸੀਏ ਵਿੱਚ ਵੀ ਮੈਂ ਵਧੀਆ ਕੰਮ ਕਰਾਂਗਾ। ਇਹ ਮਾਣਯੋਗ ਖੇਡ ਸੰਸਥਾ ਦੇ ਵਧੀਆ ਵਿਕਾਸ ਲਈ ਮੈਂ ਪੂਰੀ ਤਨਦੇਹੀ ਨਾਲ ਕੰਮ ਕਰਾਂਗਾ।

ਚੋਣ ਜਿੱਤਣ ਤੋਂ ਬਾਅਦ ਕੁਲਵੰਤ ਸਿੰਘ ਨੇ ਆਮ ਆਦਮੀ ਪਾਰਟੀ ਦੇ ਕਨਵੀਨਰ ਅਰਵਿੰਦ ਕੇਜਰੀਵਾਲ ਨਾਲ ਮੁਲਾਕਾਤ ਕੀਤੀ। ਉਨ੍ਹਾਂ ਦੱਸਿਆ ਕਿ ਪੀਸੀਏ ਦੇ ਸੁਧਾਰ ਲਈ ਪਾਰਟੀ ਮੁਖੀ ਨਾਲ ਸ਼ੁਰੂਆਤੀ ਵਿਚਾਰ-ਚਰਚਾ ਹੋਈ।



ਕੁਲਵੰਤ ਸਿੰਘ ਦਾ ਰਾਜਨੀਤਿਕ ਸਫਰ 1995 ਵਿੱਚ ਸ਼ੁਰੂ ਹੋਇਆ, ਜਦੋਂ ਉਨ੍ਹਾਂ ਨੇ ਮੋਹਾਲੀ ਨਗਰ ਕੌਂਸਲ ਚੋਣਾਂ ਵਿੱਚ ਵਾਰਡ ਨੰਬਰ 21 ਤੋਂ ਜਿੱਤ ਹਾਸਲ ਕਰਕੇ ਨਗਰ ਕੌਂਸਲ ਦੇ ਪ੍ਰਧਾਨ ਬਣੇ।

ਮੋਹਾਲੀ ਦੇ ਵਿਧਾਇਕ ਅਤੇ ਸਾਬਕਾ ਮੇਅਰ ਰਹਿ ਚੁੱਕੇ ਕੁਲਵੰਤ ਸਿੰਘ ਨੇ 2014 ਵਿੱਚ ਅਕਾਲੀ-ਭਾਜਪਾ ਗੱਠਜੋੜ ਦੀ ਟਿਕਟ 'ਤੇ ਫਤਿਹਗੜ੍ਹ ਸਾਹਿਬ ਤੋਂ ਲੋਕ ਸਭਾ ਚੋਣ ਲੜੀ ਸੀ। ਪਰ ਜਿੱਤ ਨਹੀਂ ਸਕੇ। ਮਾਰਚ 2022 ਵਿੱਚ ਉਨ੍ਹਾਂ ਨੇ ਆਮ ਆਦਮੀ ਪਾਰਟੀ ਦੀ ਟਿਕਟ 'ਤੇ ਐਸਏਐਸ ਨਗਰ ਵਿਧਾਨ ਸਭਾ ਹਲਕੇ ਤੋਂ ਚੋਣ ਜਿੱਤੀ ਸੀ ਅਤੇ ਕਾਂਗਰਸ ਆਗੂ ਬਲਬੀਰ ਸਿੰਘ ਸਿੱਧੂ ਨੂੰ 34,097 ਵੋਟਾਂ ਨਾਲ ਹਰਾ ਦਿੱਤਾ ਸੀ।

# ਚੜ੍ਹਦੀਕਲਾ ਟਾਈਮ ਟੀਵੀ ਦੇ ਡਾਇਰੈਕਟਰ ਅੰਮ੍ਰਿਤਪਾਲ ਸਿੰਘ ਨੇ ਸ੍ਰੀ ਹਰਿਮੰਦਰ ਸਾਹਿਬ ਮੱਥਾ ਟੇਕਿਆ

ਅੰਮ੍ਰਿਤਸਰ, 13 ਜੁਲਾਈ, (ਬਬਲੂ ਮਹਾਜਨ) : ਚੜ੍ਹਦੀਕਲਾ ਟਾਈਮ ਟੀਵੀ ਦੇ ਡਾਇਰੈਕਟਰ ਅੰਮ੍ਰਿਤਪਾਲ ਸਿੰਘ ਨੂੰ ਸ਼ਿਕਾਗੋ ਓਪਨ ਯੂਨਿਵਰਸਿਟੀ ਨੇ ਡਾਕਟਰੇਟ ਦੀ ਡਿਗਰੀ ਨਾਲ ਨਿਵਾਜ਼ਿਆ ਹੈ। ਅੰਮ੍ਰਿਤਪਾਲ ਸਿੰਘ ਨੂੰ ਉਨ੍ਹਾਂ ਵੱਲੋਂ ਪੱਤਰਕਾਰੀ ਦੇ ਖੇਤਰ ਵਿੱਚ ਕੌਮਾਂਤਰੀ ਪੱਧਰ 'ਤੇ ਮੱਲ੍ਹਾਂ ਮਾਰਨ ਬਦਲੇ ਦਿੱਤਾ ਗਿਆ ਹੈ।ਅੰਮ੍ਰਿਤਪਾਲ ਸਿੰਘ ਨੂੰ ਸ਼ਿਕਾਗੋ ਓਪਨ ਯੂਨਿਵਰਸਿਟੀ ਨੇ ਡਾਕਟਰੇਟ ਦੀ ਡਿਗਰੀ ਮਿਲਣ ਮਗਰੋਂ ਸ਼ੁਕਰਾਨੇ ਵਜੋਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਮੱਥਾ ਟੇਕਣ ਲਈ ਪੁੱਜੇ। ਇਸ ਮੌਕੇ ਡੇਰਾ ਮਿੱਠਾ ਟਿਵਾਣਾ ਦੇ ਮੁਖੀ ਸੁਰਿੰਦਰ ਸਿੰਘ ਨੇ ਸਰਦਾਰ ਅਮ੍ਰਿਤਪਾਲ ਸਿੰਘ ਦਾ ਸਨਮਾਨ ਕੀਤਾ। ਇਸ ਮੌਕੇ ਉਹਨਾਂ ਦੇ ਨਾਲ ਮਾਤਾ ਖੀਵੀ ਜੀ ਸੋਸਾਇਟੀ ਦੇ ਹਰਮੀਤ ਸਿੰਘ ਸਲੂਜਾ ਸਨ।



# ਪੰਜਾਬ ਦੀ ਭਲਾਈ ਲਈ ਸਰਕਾਰ ਨੂੰ ਪੂਰਾ ਸਹਿਯੋਗ ਦੇਵੇਗੀ ਕਾਂਗਰਸ : ਰਾਣਾ ਗੁਰਜੀਤ ਸਿੰਘ

ਚੰਡੀਗੜ੍ਹ, 13 ਜੁਲਾਈ, (ਚ.ਨ.ਸ.) : ਕਪੂਰਥਲਾ ਤੋਂ ਵਿਧਾਇਕ ਰਾਣਾ ਗੁਰਜੀਤ ਸਿੰਘ ਨੇ ਪੰਜਾਬ ਦੀ ਭਲਾਈ ਲਈ ਆਪਣੀ ਕਾਂਗਰਸ ਪਾਰਟੀ ਵੱਲੋਂ ਸਰਕਾਰ ਨੂੰ ਪੂਰਾ ਸਹਿਯੋਗ ਦੇਣ ਦੀ ਪੇਸ਼ਕਸ਼ ਕੀਤੀ ਹੈ।

ਸ਼ੁੱਕਰਵਾਰ ਨੂੰ ਵਿਧਾਨ ਸਭਾ ਵਿਚ ਕੇਂਦਰੀ ਉਦਯੋਗਿਕ ਸੁਰੱਖਿਆ ਬਲ (CISF) ਨੂੰ ਪੰਜਾਬ ਵਿੱਚ ਡੈਮਾਂ ਅਤੇ ਹੋਰ ਪ੍ਰਾਜੈਕਟਾਂ ਦੀ ਸੁਰੱਖਿਆ ਲਈ ਤੈਨਾਤ ਕਰਨ ਦੇ ਵਿਰੁੱਧ ਵਿਚ ਲਿਆਂਦੇ ਗਏ ਪ੍ਰਸਤਾਵ 'ਤੇ ਚਰਚਾ ਦੌਰਾਨ ਰਾਣਾ ਗੁਰਜੀਤ ਸਿੰਘ ਨੇ ਕਿਹਾ ਕਿ ਉਹ ਆਪਣੇ ਅਤੇ ਆਪਣੀ ਪਾਰਟੀ ਵੱਲੋਂ ਇਸ ਪ੍ਰਸਤਾਵ ਨੂੰ ਪੂਰਾ ਸਹਿਯੋਗ ਦਿੰਦੇ ਹਨ।

ਕਪੂਰਥਲਾ ਦੇ ਵਿਧਾਇਕ ਨੇ ਕਿਹਾ, ਪੁਰਾਣੇ ਮੁੱਦਿਆਂ ਦੀ ਚਰਚਾ ਕਰਨਾ ਕੋਈ ਓਪਰੇਸ਼ਨ ਨਹੀਂ, ਬਲਕਿ ਪੋਸਟ ਮਾਰਟਮ ਕਰਨ ਵਾਂਗ ਹੈ, ਅਤੇ ਇਹ ਰਵੱਈਆ ਕਿਸੇ ਦੇ ਵੀ ਕੰਮ ਨਹੀਂ



ਆਉਣ ਵਾਲਾ। ਮੌਜੂਦਾ ਹਾਲਾਤਾਂ 'ਤੇ ਰਚਨਾਤਮਕ ਚਰਚਾ ਹੋਣੀ ਚਾਹੀਦੀ ਹੈ, ਨਾ ਕਿ ਉਹਨਾਂ ਪੁਰਾਣੇ ਵਿਵਾਦਾਂ 'ਤੇ ਜੋ ਹੁਣ ਅਣਸਬੰਧਤ ਹਨ।

ਉਨ੍ਹਾਂ ਕਿਹਾ, ਸਾਨੂੰ ਆਪਣੇ ਹੱਕ ਦੇ ਪਾਣੀ ਲਈ ਲੜਨਾ ਚਾਹੀਦਾ ਹੈ, ਕਿਉਂਕਿ ਪਾਣੀ ਪੰਜਾਬ ਵਰਗੇ ਖੇਤੀਬਾੜੀ ਵਾਲੇ ਰਾਜ ਦੀ ਜਿੰਦ ਜਾਨ ਹੈ।

ਪੰਜਾਬ ਸਰਕਾਰ ਨੂੰ ਪੂਰਾ ਸਹਿਯੋਗ ਦੇਣ ਦੀ ਪੇਸ਼ਕਸ਼ ਕਰਦੇ ਹੋਏ ਉਨ੍ਹਾਂ ਕਿਹਾ ਕਿ ਕਾਂਗਰਸ ਪਾਰਟੀ ਪੰਜਾਬ ਅਤੇ ਪੰਜਾਬੀਆਂ ਦੇ ਹੱਕਾਂ ਦੀ ਲੜਾਈ ਵਿੱਚ ਪੰਜਾਬ ਸਰਕਾਰ ਦੇ ਨਾਲ ਖੜ੍ਹੀ ਰਹੇਗੀ।

ਉਨ੍ਹਾਂ ਮੰਗ ਕੀਤੀ ਕਿ ਉਹ ਰਾਜ ਤੇ ਇਕ ਕੇਂਦਰਸ਼ਾਸਿਤ ਇਲਾਕਾ ਜੋ ਪਾਕਿਸਤਾਨ ਨਾਲ ਸਰਹੱਦ ਸਾਂਝੀ ਕਰਦੇ ਹਨ - ਜੰਮੂ ਅਤੇ ਕਸ਼ਮੀਰ, ਪੰਜਾਬ, ਰਾਜਸਥਾਨ ਅਤੇ ਗੁਜਰਾਤ - ਨੂੰ ਖਾਸ ਦਰਜਾ ਦਿੱਤਾ ਜਾਵੇ ਅਤੇ ਸਾਲਾਨਾ ਬਜਟ ਵਿੱਚ ਵਿਸ਼ੇਸ਼ ਰਾਸ਼ੀ ਰਾਖੀ ਜਾਵੇ।

ਉਨ੍ਹਾਂ ਕਿਹਾ ਕਿ ਸਿਰਫ ਪੰਜਾਬ ਹੀ 543 ਕਿਲੋਮੀਟਰ ਲੰਬੀ ਸਰਹੱਦ ਪਾਕਿਸਤਾਨ ਨਾਲ ਸਾਂਝੀ ਕਰਦਾ ਹੈ। ਜੰਗਾਂ ਜਾਂ ਤਣਾਅ ਦੇ ਸਮੇਂ ਵਿੱਚ ਸਰਹੱਦੀ ਰਾਜ ਸਭ ਤੋਂ ਵੱਧ ਪੀੜਤ ਰਹੇ ਹਨ।

## ਸ਼੍ਰੋਮਣੀ ਕਮੇਟੀ ਦਾ ਵਿਸ਼ੇਸ਼ ਇਜਲਾਸ 5 ਅਗਸਤ ਨੂੰ

ਸਿੰਘ ਧਾਮੀ ਦੀ ਅਗਵਾਈ ਵਿੱਚ ਹੋਵੇਗਾ, ਜਿਸ ਸਬੰਧੀ ਮੈਂਬਰ ਸਾਹਿਬਾਨ ਨੂੰ ਬੀਤੀ 11 ਜੁਲਾਈ ਨੂੰ ਪੱਤਰ ਜਾਰੀ ਕੀਤੇ ਜਾ ਚੁੱਕੇ ਹਨ। ਉਨ੍ਹਾਂ ਕਿਹਾ ਕਿ ਇਹ ਇਜਲਾਸ 5 ਅਗਸਤ, 2025 ਦਿਨ ਮੰਗਲਵਾਰ ਨੂੰ ਬਾਅਦ ਦੁਪਹਿਰ 1.00 ਵਜੇ ਸ਼੍ਰੋਮਣੀ ਕਮੇਟੀ ਦੇ ਮੁੱਖ ਦਫਤਰ ਤੇਜਾ ਸਿੰਘ ਸਮੁੰਦਰੀ ਹਾਲ ਵਿਖੇ ਬੁਲਾਇਆ ਗਿਆ ਹੈ, ਜਿਸ ਵਿਚ ਤਖ਼ਤ ਤਖਤ ਸਾਹਿਬਾਨ ਦੀ ਮਰਿਆਦਾ ਬਾਰੇ ਵਿਚਾਰ ਹੋਵੇਗੀ।

## ਸੋਨਾਲੀ ਮਿਸ਼ਰਾ ਆਰ.ਪੀ.ਐਫ. ਦੀ ਪਹਿਲੀ ਮਹਿਲਾ ਡੀ.ਜੀ. ਨਿਯੁਕਤ

ਮਿਸ਼ਰਾ ਦੀ 31 ਅਕਤੂਬਰ 2026 ਨੂੰ ਉਨ੍ਹਾਂ ਦੀ ਸੇਵਾਮੁਕਤੀ ਤੱਕ ਨਿਯੁਕਤੀ ਨੂੰ ਮਨਜ਼ੂਰੀ ਦੇ ਦਿੱਤੀ ਹੈ। ਉਹ ਮੌਜੂਦਾ ਡਾਇਰੈਕਟਰ ਜਨਰਲ ਮਨੋਜ ਯਾਦਵ ਤੋਂ ਅਹੁਦਾ ਸੰਭਾਲੇਗੀ, ਜੋ 31 ਜੁਲਾਈ ਨੂੰ ਸੇਵਾਮੁਕਤ ਹੋ ਰਹੇ ਹਨ। ਅਧਿਕਾਰੀਆਂ ਨੇ ਕਿਹਾ ਕਿ ਮਿਸ਼ਰਾ ਆਰ.ਪੀ.ਐਫ. ਦੀ ਅਗਵਾਈ ਕਰਨ ਵਾਲੀ ਪਹਿਲੀ ਮਹਿਲਾ ਅਧਿਕਾਰੀ ਹੋਵੇਗੀ। ਹੋਰ ਡਿਊਟੀਆਂ ਤੋਂ ਇਲਾਵਾ, ਆਰ.ਪੀ.ਐਫ. ਰੇਲਵੇ ਜਾਇਦਾਦ ਅਤੇ ਯਾਤਰੀਆਂ ਦੀ ਸੁਰੱਖਿਆ ਲਈ ਜ਼ਿੰਮੇਵਾਰ ਹੈ। ਮਿਸ਼ਰਾ ਇਸ ਸਮੇਂ ਮੱਧ ਪ੍ਰਦੇਸ਼ ਪੁਲਿਸ ਵਿੱਚ ਵਧੀਕ ਡਾਇਰੈਕਟਰ ਜਨਰਲ (ਚੋਣ) ਹੈ।

## ਪੰਜਾਬ ਦੇ ਹਰ ਪਿੰਡ 'ਚ ਅਤਿ-ਆਧੁਨਿਕ ਸਟੇਡੀਅਮ ਉਸਾਰੇ ਜਾਣਗੇ: ਭਗਵੰਤ ਮਾਨ

ਨੂੰ ਉਤਸਾਹਿਤ ਕਰਨ ਵਿੱਚ ਵਧੇਰੇ ਸਹਾਈ ਹੋਣਗੇ। ਮੁੱਖ ਮੰਤਰੀ ਨੇ ਪਿਛਲੀਆਂ ਸਰਕਾਰਾਂ ਦੀ ਆਲੋਚਨਾ ਕਰਦਿਆਂ ਕਿਹਾ ਕਿ ਕਾਂਗਰਸ ਅਤੇ ਅਕਾਲੀ-ਭਾਜਪਾ ਸਰਕਾਰਾਂ ਨੇ ਖੇਡ ਬੁਨਿਆਦੀ ਢਾਂਚੇ ਦੇ ਵਿਕਾਸ ਜਾਂ ਨੌਜਵਾਨਾਂ ਦੇ ਰੋਜ਼ਗਾਰ ਵੱਲ ਕੋਈ ਧਿਆਨ ਨਹੀਂ ਦਿੱਤਾ, ਜਿਸ ਦੇ ਨਤੀਜੇ ਵਜੋਂ ਸੂਬੇ ਭਰ ਵਿੱਚ ਨਸੇ ਦਾ ਕਾਰੋਬਾਰ ਬਿਨਾਂ ਕਿਸੇ ਰੋਕ-ਟੋਕ ਦੇ ਇੰਨੀ ਵੱਡੀ ਪੱਧਰ 'ਤੇ ਫੈਲ ਗਿਆ ਅਤੇ ਪੰਜਾਬ ਦੇ ਕਈ ਨੌਜਵਾਨ ਨਸ਼ੇ ਦੇ ਆਦੀ ਹੋ ਗਏ। ਭਗਵੰਤ ਸਿੰਘ ਮਾਨ ਨੇ ਇਸ ਗੱਲ 'ਤੇ ਜੋਰ ਦਿੱਤਾ ਕਿ ਉਨ੍ਹਾਂ ਦੀ ਸਰਕਾਰ ਦੁਆਰਾ ਸੁਰੂ ਕੀਤੀ ਗਈ। ਨਸ਼ਾ ਵਿਰੋਧੀ ਮੁਹਿੰਮ ਯੁੱਧ ਨਸ਼ਿਆਂ ਵਿਰੁੱਧ ਸਦਕਾ ਸੂਬੇ ਦੇ ਹਾਲਾਤ ਹੁਣ ਦਿਨ-ਬ-ਦਿਨ ਬਦਲ ਰਹੇ ਹਨ।

ਮੁੱਖ ਮੰਤਰੀ ਨੇ ਕਿਹਾ ਕਿ ਨਸ਼ਿਆਂ ਦੀ ਸਪਲਾਈ ਚੇਨ ਨੂੰ ਤੋੜ ਦਿੱਤਾ ਗਿਆ ਹੈ ਅਤੇ ਨਸ਼ੇ ਦੇ ਆਦੀ ਜ਼ਿਆਦਾਤਰ ਨੌਜਵਾਨ ਨਸ਼ਾ ਛੱਡਣ ਅਤੇ ਮੁੜ ਵਸੇਬੇ ਲਈ ਇਲਾਜ ਕਰਵਾ ਰਹੇ ਹਨ। ਉਨ੍ਹਾਂ ਕਿਹਾ ਕਿ ਇਸ ਮੁਹਿੰਮ ਦਾ ਉਦੇਸ ਪੰਜਾਬ ਦੇ ਨੌਜਵਾਨਾਂ ਨੂੰ ਨਸ਼ਿਆਂ ਦੀ ਦਲਦਲ 'ਚੋਂ ਕੱਢ ਕੇ ਉਨ੍ਹਾਂ ਨੂੰ ਸੂਬੇ ਦੇ ਸਮਾਜਿਕ-ਆਰਥਿਕ ਵਿਕਾਸ ਵਿੱਚ ਭਾਈਵਾਲ ਬਣਾਉਣਾ ਹੈ। ਭਗਵੰਤ ਸਿੰਘ ਮਾਨ ਨੇ ਨਸ਼ਿਆਂ ਦੇ ਨੈੱਟਵਰਕ ਨੂੰ ਖਤਮ ਕਰਨ ਵਿੱਚ ਸਾਨਦਾਰ ਕੰਮ ਲਈ ਪੰਜਾਬ ਪੁਲਿਸ ਦੀ ਭਰਵੀਂ ਸ਼ਲਾਘਾ ਕੀਤੀ ਅਤੇ ਕਿਹਾ ਕਿ ਪਿਛਲੀਆਂ ਸਰਕਾਰਾਂ ਇਸ ਸਮੱਸਿਆ ਨੂੰ ਗੰਭੀਰਤਾ ਨਾਲ ਹੱਲ ਕਰਨ ਵਿੱਚ ਸਿਰੇ ਤੋਂ ਨਾਕਾਮ ਰਹੀਆਂ ਹਨ। ਮੁੱਖ ਮੰਤਰੀ ਨੇ ਅੱਗੇ ਕਿਹਾ ਕਿ ਨੌਜਵਾਨਾਂ ਨੂੰ ਖੇਡਾਂ ਨਾਲ ਜੋੜਨ ਅਤੇ ਉਨ੍ਹਾਂ ਨੂੰ ਨਸ਼ਿਆਂ ਤੋਂ ਦੂਰ ਰੱਖਣ ਲਈ ਵਿਆਪਕ ਯੋਜਨਾ ਤਿਆਰ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਨੇ ਪੰਜਾਬ ਦੇ ਹਰ ਪਿੰਡ ਵਿੱਚ ਆਧੁਨਿਕ ਖੇਡ ਸਹੂਲਤਾਂ ਦੇਣ ਲਈ ਇਤਿਹਾਸਕ ਮਿਸਨ ਸੁਰੂ ਕੀਤਾ ਹੈ। ਭਗਵੰਤ ਸਿੰਘ ਮਾਨ ਨੇ ਐਲਾਨ ਕੀਤਾ ਕਿ ਲੱਗਭੱਗ 13,000 ਪਿੰਡਾਂ ਨੂੰ ਉੱਚ-ਪੱਧਰੀ ਖੇਡ ਮੈਦਾਨਾਂ ਨਾਲ ਲੈਸ ਕੀਤਾ ਜਾਵੇਗਾ ਅਤੇ ਇਸ ਪ੍ਰਾਜੈਕਟ ਦੇ ਪਹਿਲੇ ਪੜਾਅ ਅਧੀਨ ਪਹਿਲਾਂ ਹੀ 3,083 ਸਟੇਡੀਅਮਾਂ ਦੀ ਉਸਾਰੀ ਪ੍ਰਗਤੀ ਅਧੀਨ ਹੈ। ਮੁੱਖ ਮੰਤਰੀ ਨੇ ਅੱਗੇ ਕਿਹਾ ਕਿ ਸੂਬਾ ਸਰਕਾਰ ਨੌਜਵਾਨਾਂ ਨੂੰ ਰੁਜਗਾਰ ਦੇ ਮੌਕੇ ਅਤੇ ਵਿਸਵ ਪੱਧਰੀ ਖੇਡ ਸਹੂਲਤਾਂ ਪ੍ਰਦਾਨ ਕਰਨ ਲਈ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਅੰਤਰਰਾਸਟਰੀ ਪੱਧਰ 'ਤੇ ਭਾਰਤ ਦੀ ਨੁਮਾਇੰਦਗੀ ਕਰਨ ਵਾਲੇ ਹੋਣਹਾਰ ਖਿਡਾਰੀਆਂ ਨੂੰ ਇਨ੍ਹਾਂ ਨਵੀਆਂ ਸਹੂਲਤਾਂ ਵਿੱਚ ਉਭਰਦੇ ਖਿਡਾਰੀਆਂ ਨੂੰ ਸਿਖਲਾਈ ਦੇਣ ਵਾਸਤੇ ਕੋਚ ਵਜੋਂ ਨਿਯੁਕਤ ਕੀਤਾ ਜਾਵੇਗਾ। ਭਗਵੰਤ ਸਿੰਘ ਮਾਨ ਨੇ ਪੁਸਟੀ ਕੀਤੀ ਕਿ ਪੰਜਾਬ ਸਰਕਾਰ ਸੂਬੇ ਦੀ ਗੁਆਚੀ ਸਾਨ ਬਹਾਲ ਕਰਨ ਸਬੰਧੀ ਆਪਣੇ ਯਤਨਾਂ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੇਗੀ। ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਦੇਸ਼ ਦਾ ਪਹਿਲਾ ਸੂਬਾ ਹੈ, ਜਿਸ ਨੇ ਖਿਡਾਰੀਆਂ ਨੂੰ ਅੰਤਰਰਾਸਟਰੀ ਮੁਕਾਬਲਿਆਂ ਤੋਂ ਪਹਿਲਾਂ ਤਿਆਰੀਆਂ ਲਈ ਵਿੱਤੀ ਸਹਾਇਤਾ ਦੀ ਪੇਸਕਸ ਕੀਤੀ ਹੈ, ਜਿਸ ਦੇ ਪਹਿਲਾਂ ਹੀ ਸਾਰਥਕ ਨਤੀਜੇ ਸਾਹਮਣੇ ਆ ਚੁੱਕੇ ਹਨ। ਆਪਣੀ ਸਰਕਾਰ ਵੱਲੋਂ ਖੇਡਾਂ ਨੂੰ ਪ੍ਰਮੁੱਖ ਤਰਜੀਹ ਦੇਣ 'ਤੇ ਜੋਰ ਦਿੰਦਿਆਂ ਉਨ੍ਹਾਂ ਕਿਹਾ ਕਿ ਸੂਬੇ ਵਿੱਚ ਮਜਬੂਤ ਖੇਡ ਸੱਭਿਆਚਾਰ ਨੂੰ ਪ੍ਰਫੁੱਲਤ ਕਰਨ ਲਈ ਤਜਰਬੇਕਾਰ ਖਿਡਾਰੀਆਂ ਦੀ ਮੁਹਾਰਤ ਦੀ ਪੂਰੀ ਵਰਤੋਂ ਕੀਤੀ ਜਾਵੇਗੀ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸੀਮਤ ਸਰੋਤਾਂ ਦੇ ਬਾਵਜੂਦ ਪੰਜਾਬ ਨੇ ਹਰਭਜਨ ਸਿੰਘ, ਸ਼ੁਭਮਨ ਗਿੱਲ, ਅਰਸ਼ਦੀਪ ਸਿੰਘ ਅਤੇ ਹੋਰ ਸਿਤਾਰੇ ਪੈਦਾ ਕੀਤੇ ਹਨ। ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਇੱਕ ਅਜਿਹਾ ਮਾਹੌਲ ਸਿਰਜਣ ਲਈ ਵਚਨਬੱਧ ਹੈ, ਜਿੱਥੇ ਅਜਿਹੀਆਂ ਹੋਰ ਪ੍ਰਤਿਭਾਵਾਂ ਵਧ-ਫੁੱਲ ਸਕਣ। ਉਨ੍ਹਾਂ ਆਸ ਪ੍ਰਗਟਾਈ ਕਿ ਇਹ ਪਹਿਲਕਦਮੀ ਰੰਗਲਾ ਪੰਜਾਬ- ਇੱਕ ਜੀਵੰਤ, ਪ੍ਰਗਤੀਸੀਲ ਪੰਜਾਬ ਸਿਰਜਣ ਲਈ ਇੱਕ ਪ੍ਰੇਰਕ ਵਜੋਂ ਕੰਮ ਕਰੇਗੀ। ਭਗਵੰਤ ਸਿੰਘ ਮਾਨ ਨੇ ਅੱਗੇ ਕਿਹਾ ਕਿ ਇਹ ਸੂਬੇ ਦੇ ਵਿਆਪਕ ਵਿਕਾਸ ਅਤੇ ਇਸ ਦੇ ਲੋਕਾਂ ਦੀ ਖੁਸਹਾਲੀ ਲਈ ਬੇਹੱਦ ਜਰੂਰੀ ਹੈ। ਮੁੱਖ ਮੰਤਰੀ ਨੇ ਅੱਗੇ ਕਿਹਾ ਕਿ ਭਾਵੇਂ ਪਿਛਲੀਆਂ ਸਰਕਾਰਾਂ ਨੇ ਖੇਡਾਂ ਦੇ ਬੁਨਿਆਦੀ ਢਾਂਚੇ ਨੂੰ ਪੂਰੀ ਤਰ੍ਹਾਂ ਅਣਗੌਲਿਆਂ ਕੀਤਾ, ਫਿਰ ਵੀ ਬਹੁਤ ਸਾਰੇ ਖਿਡਾਰੀ ਆਪਣੀ ਨਿੱਜੀ ਦ੍ਰਿੜਤਾ ਅਤੇ ਮਿਹਨਤ ਨਾਲ ਨਾਮਣਾ ਖੱਟਣ ਵਿੱਚ ਕਾਮਯਾਬ ਰਹੇ। ਖੇਡ ਪ੍ਰੇਮੀ ਅਤੇ ਸੂਬੇ ਦੇ ਮੁਖੀ ਹੋਣ ਦੇ ਨਾਤੇ ਉਨ੍ਹਾਂ ਨੇ ਸੂਬੇ ਦੇ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰੱਖਣ ਪ੍ਰਤੀ ਆਪਣੀ ਵਚਨਬੱਧਤਾ ਦੁਹਰਾਈ। ਭਗਵੰਤ ਸਿੰਘ ਮਾਨ ਨੇ ਆਸ ਪ੍ਰਗਟਾਈ ਕਿ ਇਨ੍ਹਾਂ ਯਤਨਾਂ ਦੇ ਸਾਰਥਕ ਨਤੀਜੇ ਮਿਲਣਗੇ, ਜਿਸ ਨਾਲ ਪੰਜਾਬ ਦੇ ਨੌਜਵਾਨ ਹਰ ਖੇਤਰ ਵਿੱਚ ਸੂਬੇ ਦਾ ਨਾਮ ਰੌਸਨ ਕਰਨਗੇ।

**ਚੜ੍ਹਦੀਕਲਾ**
ਪਰਮਜੀਤ ਸਿੰਘ, ਪ੍ਰਿੰਟਰ ਪਬਲਿਸ਼ਰ ਨੇ ਰੋਜ਼ਾਨਾ ਚੜ੍ਹਦੀਕਲਾ, ਚੜ੍ਹਦੀਕਲਾ ਪ੍ਰਿੰਟਿੰਗ ਪ੍ਰੈੱਸ ਪ੍ਰਾਈਵੇਟ ਲਿਮਟਿਡ ਲਈ ਦਲਜੀਤ ਪ੍ਰਿੰਟਰਜ਼, 593 ਐਸ.ਐਸ.ਟੀ. ਨਗਰ ਪਟਿਆਲਾ ਤੋਂ ਛਪਵਾ ਕੇ ਦਫ਼ਤਰ ਰੋਜ਼ਾਨਾ ਚੜ੍ਹਦੀਕਲਾ, 577, ਐਸ.ਐਸ.ਟੀ. ਨਗਰ, ਪਟਿਆਲਾ ਤੋਂ ਪ੍ਰਕਾਸ਼ਿਤ ਕੀਤਾ। ਮੁੱਖ ਸੰਪਾਦਕ : ਜਗਜੀਤ ਸਿੰਘ 'ਦਰਦੀ'।
PRGI (RNI) Regd. No. 22972/1972

Printed & Published by Paramjit Singh on behalf of Charhdikala Printing Press Pvt. Ltd., Patiala & Printed at Daljit Printers 593, SST Nagar Patiala. Published at Office Daily Charhdikala 577, SST Nagar Patiala. Chief Editor : Jagjit Singh Dardi
PRGI (RNI) Regd. No. 22972/1972

# ਸ.ਫਾ 1 ਦੀ ਬਾਕੀ

## ਮਜੀਠੀਆ ਦੀ ਬੈਰਕ ਬਦਲਣ ਦੀ ਮੰਗ ਵਾਲੀ ਪਟੀਸ਼ਨ 'ਤੇ ਸੁਣਵਾਈ ਅੱਜ

ਅਦਾਲਤ ਨੇ ਇਸ ਪਟੀਸ਼ਨ 'ਤੇ ਸੁਣਵਾਈ ਕਰਦੇ ਹੋਏ ਸਰਕਾਰ ਨੂੰ ਨੋਟਿਸ ਭੇਜਿਆ ਹੈ ਅਤੇ ਅਗਲੀ ਸੁਣਵਾਈ ਸੋਮਵਾਰ ਨੂੰ ਤੈਅ ਕੀਤੀ ਹੈ। ਫਿਲਹਾਲ ਮਜੀਠੀਆ 19 ਜੁਲਾਈ ਤੱਕ ਨਿਆਂਇਕ ਹਿਰਾਸਤ ਵਿੱਚ ਰਹਿਣਗੇ।

## ਕਾਲੇ ਧਨ ਨੂੰ ਚਿੱਟਾ ਕਰਨ ਦੇ ਕੇਸਾਂ ਦੀ ਸੁਣਵਾਈ 'ਚ ਤੇਜ਼ੀ ਲਿਆਉਣਗੀਆਂ ਨਵੀਂਆਂ ਵਿਸ਼ੇਸ਼ ਪੀ.ਐਮ.ਐਲ.ਏ. ਅਦਾਲਤਾਂ: ਈ.ਡੀ.

ਕਾਨੂੰਨ (ਪੀ.ਐੱਮ.ਐੱਲ.ਏ.) ਦੇ ਤਹਿਤ ਦਰਜ ਅਪਰਾਧਕ ਮਾਮਲਿਆਂ 'ਚ ਸੁਣਵਾਈ ਸ਼ੁਰੂ ਕਰਨ ਲਈ ਇਕ ਵਿਸ਼ੇਸ਼ ਵਿਸ਼ੇਸ਼ ਅਦਾਲਤ ਨੂੰ ਉੱਤਰੀ ਗੋਆ 'ਚ ਨੋਟੀਫਾਈ ਕੀਤਾ ਗਿਆ ਹੈ। ਈ.ਡੀ. ਨੇ ਕਿਹਾ ਕਿ ਹੁਣ ਤਕ ਗੋਆ ਲਈ ਸਿਰਫ ਇਕ ਅਜਿਹੀ ਵਿਸ਼ੇਸ਼ ਅਦਾਲਤ ਸੀ। ਈ.ਡੀ. ਮੁਤਾਬਕ ਉਨ੍ਹਾਂ ਸੂਬਿਆਂ ਦੀਆਂ ਅਦਾਲਤਾਂ ਨੂੰ ਨੋਟੀਫਾਈ ਕੀਤਾ ਗਿਆ ਹੈ, ਜਿੱਥੇ ਅਜਿਹੇ ਨਿਆਂਇਕ ਫੋਰਮਾਂ ਦੀ ਗਿਣਤੀ ਨਾਕਾਫੀ ਹੈ, ਜਿਸ ਕਾਰਨ ਮੁਕੱਦਮੇ ਦੀ ਕਾਰਵਾਈ 'ਚ ਦੇਰੀ ਹੋ ਰਹੀ ਹੈ। ਇਨ੍ਹਾਂ ਵਿਸ਼ੇਸ਼ ਅਦਾਲਤਾਂ ਦੇ ਸ਼ਾਮਲ ਹੋਣ ਨਾਲ ਡਾਇਰੈਕਟੋਰੇਟ (ਈ.ਡੀ.) ਪੀ.ਐਮ.ਐਲ.ਏ. ਮਾਮਲਿਆਂ ਵਿਚ ਮੁਕੱਦਮੇ ਦੀ ਕਾਰਵਾਈ ਵਿਚ ਮਹੱਤਵਪੂਰਨ ਤੇਜ਼ੀ ਲਿਆਉਣ ਦੇ ਯੋਗ ਹੋਵੇਗਾ। ਏਜੰਸੀ ਨੇ ਕਿਹਾ ਕਿ ਇਸ ਪਹਿਲ ਕਦਮੀ ਨਾਲ ਮਨੀ ਲਾਂਡਰਿੰਗ ਦੇ ਮੁਕੱਦਮੇ 'ਚ ਦੇਰੀ ਨੂੰ ਲੈ ਕੇ ਸੰਵਿਧਾਨਕ ਅਦਾਲਤਾਂ ਦੀਆਂ ਚਿੰਤਾਵਾਂ ਦੂਰ ਹੋਣ ਦੀ ਉਮੀਦ ਹੈ।

## ਆਕਾਸ਼ ਹਵਾਈ ਰੱਖਿਆ ਪ੍ਰਣਾਲੀ ਖਰੀਦਣ ਤੋਂ ਕੀਤੀ ਨਾਂਹ

ਰੱਖਿਆ ਪ੍ਰਣਾਲੀਆਂ ਵਿੱਚ ਗਿਣਿਆ ਹੈ ਅਤੇ ਇਸਨੂੰ ਵਿਸ਼ਵ ਬਾਜ਼ਾਰ ਵਿੱਚ ਵੀ ਉਤਸ਼ਾਹਿਤ ਕੀਤਾ ਜਾ ਰਿਹਾ ਹੈ। ਪਰ ਬ੍ਰਾਜ਼ੀਲ ਦੇ ਫੈਸਲੇ ਤੋਂ ਇਹ ਸਪੱਸ਼ਟ ਹੁੰਦਾ ਹੈ ਕਿ ਬਹੁਤ ਸਾਰੇ ਦੇਸ਼ ਅਜੇ ਵੀ ਨਾਟੋ-ਮਿਆਰੀ ਰੱਖਿਆ ਤਕਨਾਲੋਜੀ ਨੂੰ ਵਧੇਰੇ ਭਰੋਸੇਮੰਦ ਮੰਨਦੇ ਹਨ। ਮਾਹਿਰਾਂ ਦਾ ਮੰਨਣਾ ਹੈ ਕਿ ਭਾਰਤ ਨੂੰ ਆਪਣੇ ਰੱਖਿਆ ਪ੍ਰਣਾਲੀਆਂ ਦੀਆਂ ਤਕਨੀਕੀ ਸਮਰੱਥਾਵਾਂ ਨੂੰ ਵਿਸ਼ਵ ਪੱਧਰ ਤੇ ਪ੍ਰਤੀਯੋਗੀ ਬਣਾਉਣ ਲਈ ਨਿਰੰਤਰ ਸੁਧਾਰ ਅਤੇ ਨਵੀਨਤਾ ਦੀ ਲੋੜ ਹੈ।

## ਸ਼ੁਭਾਂਸ਼ੂ ਸ਼ੁਕਲਾ ਭਲਕੇ ਧਰਤੀ 'ਤੇ ਆਉਣਗੇ ਵਾਪਸ, ਪਾਣੀ 'ਚ ਉਤਰੇਗਾ ਪੁਲਾੜ ਯਾਨ

ਦੀ ਕਮਾਨ ਤਜਰਬੇਕਾਰ ਪੁਲਾੜ ਯਾਤਰੀ ਪੇਗੀ ਵਿਹਟਸਨ ਸੰਭਾਲ ਰਹੀ ਹੈ ਜਦੋਂ ਕਿ ਸ਼ੁਭਾਂਸ਼ੁ ਸ਼ੁਕਲਾ ਪਾਇਲਟ ਦੀ ਭੂਮਿਕਾ ਵਿਚ ਹਨ। ਟੀਮ ਵਿਚ ਸਲਾਵੋਂਸ ਉਜਨਾਨਸਕੀ-ਵਿਸਿਨਵ੍ਸਿਕੀ ਤੇ ਟਿਬੋਰ ਕਾਪੂ ਵੀ ਸ਼ਾਮਲ ਹਨ। ਇਸ ਮਿਸ਼ਨ ਦੌਰਾਨ ਪੁਲਾੜ ਯਾਤਰੀਆਂ ਨੇ 14 ਦਿਨਾਂ ਵਿਚ ਕਈ ਅਹਿਮ ਵਿਗਿਆਨਕ ਪ੍ਰਯੋਗ ਕੀਤੇ। ਇਨ੍ਹਾਂ ਵਿਚ ਜੈਵ-ਚਕਿਤਸਾ ਰਿਸਰਚ, ਮਾਈਕ੍ਰੋਏਲਗੀ ਦਾ ਅਧਿਐਨ ਤੇ ਨੈਨੋਮਟੇਰੀਅਲਸ 'ਤੇ ਕੰਮ ਸ਼ਾਮਲ ਸੀ। ਇਹ ਪ੍ਰਯੋਗ ਭਵਿੱਖ ਵਿਚ ਪੁਲਾਸ਼ ਯਾਤਰਾਵਾਂ ਦੌਰਾਨ ਭੋਜਨ, ਸਿਹਤ ਨਿਗਰਾਨੀ ਤੇ ਜੀਵਨ ਸਮਰੱਥ ਪ੍ਰਣਾਲੀ ਨੂੰ ਬੇਹਤਰ ਬਣਾਉਣ ਵਿਚ ਮਦਦ ਕਰਨਗੇ। ਸ਼ਨੀਵਾਰ ਨੂੰ ਵਿਗਿਆਨਕਾਂ ਨੇ ਥਰਮਲ ਕੰਫਰਟ ਸੂਟ, ਇਲੈਕਟ੍ਰੀਕਲ ਮਸਲ ਸਟਿਮੂਲੇਸ਼ਨ ਤੇ ਕਰੂ ਬਿਹੇਵੀਅਰ ਨਾਲ ਜੁੜੇ ਆਖਰੀ ਅਧਿਐਨ ਕੀਤੇ। ਐਤਵਾਰ ਨੂੰ ਪੂਰੀ ਟੀਮ ਨੇ ਵਿਗਿਆਨਕ ਉਪਕਰਣਾਂ ਨੂੰ ਪੈਕ ਕੀਤਾ ਤੇ ਧਰਤੀ 'ਤੇ ਲਿਆਉਣ ਦੀ ਤਿਆਰੀ ਸ਼ੁਰੂ ਕਰ ਦਿੱਤੀ। ਪੁਲਾੜ ਯਾਤਰੀਆਂ ਨੇ ਆਪਣੇ ਸਾਮਾਨ ਨੂੰ ਸਪੇਸਐਕਸ ਡ੍ਰੈਗਨ ਯਾਨ ਵਿਚ ਲੋਡ ਕਰ ਦਿੱਤਾ ਹੈ। ਫਿਲਹਾਲ ਹੁਣ ਸਾਰਿਆਂ ਦੀਆਂ ਨਜ਼ਰਾਂ ਸ਼ੁਭਾਸ਼ੁ ਸ਼ੁਕਲਾ ਤੇ ਉਨ੍ਹਾਂ ਦੀ ਟੀਮ ਦੀ ਸੁਰੱਖਿਅਤ ਵਾਪਸੀ 'ਤੇ ਟਿਕੀਆਂ ਹਨ।

## ਲੋਹਗੜ੍ਹ 'ਚ ਬਣ ਰਹੇ ਬਾਬਾ ਬੰਦਾ ਸਿੰਘ ਬਹਾਦਰ ਸਮਾਰਕ ਲਈ ਮਨੋਹਰ ਲਾਲ ਨੇ ਦਿੱਤਾ 26 ਲੱਖ ਦਾ ਯੋਗਦਾਨ

ਵਰਨਣਯੋਗ ਹੈ ਕਿ ਲੋਹਗੜ੍ਹ ਵਿੱਚ ਬਾਬਾ ਬੰਦਾ ਸਿੰਘ ਬਹਾਦੁਰ ਸਮਾਰਕ ਦਾ ਨਿਰਮਾਣ ਫਾਉਂਡੇਸ਼ਨ ਟਰਸਟ ਦੇ ਮਾਰਗਦਰਸ਼ਨ ਵਿੱਚ ਭਾਰਤ ਵਿੱਚ ਪਹਿਲਾ ਸੰਪ੍ਰਭੂ ਸਿੱਖ ਸਾਸ਼ਨ ਸਥਾਪਿਤ ਕਰਨ ਵਾਲੇ ਪੂਜਨੀਕ ਸਿੱਖ ਯੋਧਾ ਬਾਬਾ ਬੰਦਾ ਸਿੰਘ ਬਹਾਦੁਰ ਦੇ ਅਦੁੱਤੀ ਹਿੰਮਤ ਅਤੇ ਕੁਰਬਾਨੀ ਦੀ ਯਾਦ ਵਿੱਚ ਕੀਤਾ ਜਾ ਰਿਹਾ ਹੈ। ਇਸ ਯਾਦਗਾਰੀ ਦਾ ਉਦੇਸ਼ ਉਨ੍ਹਾਂ ਦੀ ਬਹਾਦਰੀ ਦਾ ਪ੍ਰਤੀਕ ਬਨਣਾ ਅਤੇ ਭਾਰਤੀ ਇਤਿਹਾਸ ਦੇ ਇਸ ਤੇਜੱਸਵੀ ਸਖਸ਼ੀਅਤ ਦੀ ਵਿਰਾਸਤ ਨੂੰ ਸੰਭਾਲ ਕੇ ਭਾਵੀ ਪੀੜੀਆਂ ਨੂੰ ਪ੍ਰੇਰਿਤ ਕਰਨਾ ਹੈ।

## ਅਸ਼ਵਨੀ ਸ਼ਰਮਾ ਨੇ ਭਾਜਪਾ ਪੰਜਾਬ ਦੇ ਕਾਰਜਕਾਰੀ ਪ੍ਰਧਾਨ ਵਜੋਂ ਸੰਭਾਲਿਆ ਅਹੁਦਾ

ਅਹੁਦਾ ਸੰਭਾਲਣ ਤੋਂ ਬਾਅਦ ਪੰਜਾਬ ਭਾਜਪਾ ਹੋਰ ਮਜ਼ਬੂਤ ਹੋਵੇਗੀ। ਦੱਸ ਦਈਏ ਕਿ ਭਾਜਪਾ ਨੇ ਪੰਜਾਬ ਦੇ ਵਿਧਾਨ ਸਭਾ ਹਲਕਾ ਪਠਾਨਕੋਟ ਤੋਂ ਵਿਧਾਇਕ ਅਸ਼ਵਨੀ ਸ਼ਰਮਾ ਨੂੰ ਪਿਛਲੇ ਦਿਨੀਂ ਪੰਜਾਬ ਭਾਜਪਾ ਦਾ ਕਾਰਜਕਾਰੀ ਪ੍ਰਧਾਨ ਨਿਯੁਕਤ ਕੀਤਾ ਸੀ। ਪੰਜਾਬ ਭਾਜਪਾ ਦੇ ਪ੍ਰਧਾਨ ਦਾ ਅਹੁਦਾ ਸੁਨੀਲ ਜਾਖੜ ਕੋਲ ਹੀ ਰਹੇਗਾ। ਅਸ਼ਵਨੀ ਸ਼ਰਮਾ ਹੁਣ ਸੁਨੀਲ ਜਾਖੜ ਦੇ ਨਾਲ ਕੰਮ ਕਰਨਗੇ। ਜ਼ਿਕਰਯੋਗ ਹੈ ਕਿ ਅਸ਼ਵਨੀ ਸ਼ਰਮਾ ਪਹਿਲਾਂ ਜਨਵਰੀ-2020 ਤੋਂ ਜੁਲਾਈ-2023 ਤਕ ਪੰਜਾਬ ਪ੍ਰਧਾਨ ਰਹਿ ਚੁੱਕੇ ਹਨ। ਭਾਜਪਾ ਦੀ ਕੌਮੀ ਲੀਡਰਸ਼ਿਪ ਵਲੋਂ ਪੰਜਾਬ ਵਿਚ ਸਾਲ-2027 ਦੀਆਂ ਵਿਧਾਨ ਸਭਾ ਚੋਣਾਂ ਨੂੰ ਮੁੱਖ ਰੱਖ ਕੇ ਜਥੇਬੰਧਕ ਢਾਂਚੇ ਦੀ ਮਜ਼ਬੂਤੀ ਲਈ ਕਾਰਜ ਕੀਤੇ ਜਾ ਰਹੇ ਹਨ। ਇਸ ਸਬੰਧੀ ਅਸ਼ਵਨੀ ਸ਼ਰਮਾ ਨੇ ਭਾਜਪਾ ਲੀਡਰਸ਼ਿਪ ਵਲੋਂ ਇਹ ਜ਼ਿੰਮੇਵਾਰੀ ਸੌਂਪਣ 'ਤੇ ਹਾਈ ਕਮਾਂਡ ਦਾ ਧਨਵਾਦ ਕੀਤਾ ਤੇ ਇਸ ਜ਼ਿੰਮੇਵਾਰੀ ਨੂੰ ਤਨਦੇਹੀ ਨਾਲ ਨਿਭਾਉਣ ਦਾ ਵਾਅਦਾ ਕੀਤਾ।

## ਗੁ. ਗਿਆਨ ਗੋਦੜੀ ਸਾਹਿਬ ਤੇ ਡਾਂਗਮਾਰ ਸਾਹਿਬ ਦਾ ਮਾਮਲਾ ਅਦਾਲਤਾਂ 'ਚ: ਲਾਲਪੁਰਾ

ਚਾਹੁੰਣਗੇ ਤਾਂ ਉਹ ਜਾਂਚ ਦਾ ਹਿੱਸਾ ਬਣ ਕੇ ਆਪਣੇ ਕਾਰਜਕਾਲ ਸਬੰਧੀ ਸਵਾਲਾਂ ਦਾ ਜਵਾਬ ਜਰੂਰ ਦੇ ਦੇਣਗੇ। ਉਨ੍ਹਾਂ ਕਿਹਾ ਕਿ ਸਿੱਖਾਂ ਨੇ ਸੰਵਾਦ ਦਾ ਰਾਹ ਬੰਦ ਕੀਤਾ ਹੋਇਆ ਹੈ। ਜਦ ਤੱਕ ਅਸੀ ਸੰਵਾਦ ਨਹੀਂ ਕਰਾਂਗੇ ਸਿੱਖ ਮਸਲੇ ਹਲ ਨਹੀਂ ਹੋਣਗੇ। ਹਰ ਮਸਲੇ ਦਾ ਹੱਲ ਕੇਵਲ ਤੇ ਕੇਵਲ ਮਿਲ ਬੈਠ ਕੇ ਵਿਚਾਰ ਕਰਨ ਨਾਲ ਹੁੰਦਾ ਹੈ। ਤਖਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਤੇ ਸ੍ਰੀ ਅਕਾਲ ਤਖਤ ਸਾਹਿਬ ਵਿਚ ਚਲ ਰਹੇ ਤਕਰਾਰ ਨੂੰ ਮੰਦਭਾਗਾ ਦਸਦਿਆ ਲਾਲਪੁਰਾ ਨੇ ਆਖਿਆ ਕਿ ਤਖਤ ਸਾਰੇ ਹੀ ਸਨਮਾਨਯੋਗ ਹਨ। ਪੰਜ ਪਿਆਰਿਆਂ ਦੀ ਸੰਸਥਾ ਗੁਰੂ ਸਾਹਿਬ ਨੇ ਆਪ ਬਣਾਈ ਹੈ ਸਿੱਖ ਇਕ ਘੱਟ ਗਿਣਤੀ ਕੌਮ ਹੈ। ਉਨ੍ਹਾਂ ਸ਼੍ਰੋਮਣੀ ਕਮੇਟੀ ਪ੍ਰਧਾਨ, ਹਰਿਆਣਾ ਕਮੇਟੀ ਦੇ ਪ੍ਰਧਾਨ, ਦਿੱਲੀ ਕਮੇਟੀ ਦੇ ਪ੍ਰਧਾਨ, ਚੀਫ ਖ਼ਾਲਸਾ ਦੀਵਾਨ ਦੇ ਪ੍ਰਧਾਨ ਸਮੇਤ ਸਾਰੀਆਂ ਸਿੱਖ ਸੰਸਥਾਵਾਂ ਦੇ ਮੁਖੀਆਂ ਨੂੰ ਅਪੀਲ ਕੀਤੀ ਆਓ ਗਲਬਾਤ ਰਾਹੀਂ ਆਪਣੇ ਮਸਲੇ ਹਲ ਕਰੀਏ ਤੇ ਤਖਤ ਸਾਹਿਬਾਨ ਨੂੰ ਵਿਵਾਦਾਂ ਤੋਂ ਪਰਾਂ ਰੱਖੀਏ।

## ਉਜਵਲ ਨਿਕਮ ਸਮੇਤ ਚਾਰ ਜਣੇ ਰਾਜ ਸਭਾ ਲਈ ਨਾਮਜ਼ਦ

ਉਹ ਭਾਰਤ ਦੇ ਵਿਦੇਸ਼ ਸਕੱਤਰ ਅਤੇ ਅਮਰੀਕਾ ਵਿੱਚ ਭਾਰਤ ਦੇ ਰਾਜਦੂਤ, ਬੰਗਲਾਦੇਸ਼ ਵਿੱਚ ਹਾਈ ਕਮਿਸ਼ਨਰ ਅਤੇ ਥਾਈਲੈਂਡ ਵਿੱਚ ਰਾਜਦੂਤ ਵਜੋਂ ਸੇਵਾਵਾਂ ਨਿਭਾ ਚੁੱਕੇ ਹਨ।

ਸੀ. ਸਦਾਨੰਦਨ ਮਾਸਟਰ ਕੇਰਲਾ ਭਾਜਪਾ ਦੇ ਆਗੂ ਹਨ। ਸੀ.ਪੀ.ਐਮ. ਕਾਡਰਾਂ ਨੇ ਸਿਆਸੀ ਬਦਲਾਖੋਰੀ ਦੀ ਕਾਰਵਾਈ ਵਿੱਚ ਉਨ੍ਹਾਂ ਦੀਆਂ ਲੱਤਾਂ ਬੇਰਹਿਮੀ ਨਾਲ ਕੱਟ ਦਿੱਤੀਆਂ ਸਨ। ਮਾਸਟਰ ਨੂੰ 2016 ਵਿੱਚ ਉਮੀਦਵਾਰਾਂ ਦੀ ਪਹਿਲੀ ਸੂਚੀ ਵਿੱਚ ਕੇਰਲਾ ਤੋਂ ਭਾਜਪਾ ਉਮੀਦਵਾਰ ਵਜੋਂ ਨਾਮਜ਼ਦ ਕੀਤਾ ਗਿਆ ਸੀ। ਉਹ ਕੰਨੂਰ ਦੇ ਸਿਆਸੀ ਦ੍ਰਿਸ਼ ਵਿੱਚ ਮਹੱਤਵਪੂਰਨ ਭਾਜਪਾ ਸ਼ਕਤੀ ਬਣੇ ਹੋਏ ਹਨ। ਉਨ੍ਹਾਂ ਨੇ ਕੂਥੁਪਰਾਂਬੂ ਹਲਕੇ ਤੋਂ ਅਸਫਲ ਚੋਣ ਲੜੀ।ਡਾ. ਮਿਨਾਕਸ਼ੀ ਜੈਨ ਭਾਰਤੀ ਦ੍ਰਿਸ਼ਟੀਕੋਣ ਵਾਲੀ ਇਤਿਹਾਸਕਾਰ ਹੈ ਅਤੇ ਦਿੱਲੀ ਯੂਨੀਵਰਸਿਟੀ ਦੇ ਕਾਲਜਾਂ ਵਿੱਚ ਇਤਿਹਾਸ ਪੜ੍ਹਾਉਂਦੀ ਰਹੀ ਹੈ।

ਪ੍ਰਧਾਨ ਮੰਤਰੀ ਵੱਲੋਂ ਰਾਜ ਸਭਾ ਲਈ ਨਾਮਜ਼ਦਗੀਆਂ ਦੀ ਸ਼ਲਾਘਾ: ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਰਾਸ਼ਟਰਪਤੀ ਦਰੋਪਦੀ ਮੁਰਮੂ ਵੱਲੋਂ ਰਾਜ ਸਭਾ ਲਈ ਕੀਤੀਆਂ ਨਾਮਜ਼ਦਗੀਆਂ ਦੀ ਸ਼ਲਾਘਾ ਕੀਤੀ ਹੈ। ਪ੍ਰਧਾਨ ਮੰਤਰੀ ਨੇ ਹਰੇਕ ਨਾਮਜ਼ਦ ਵਿਅਕਤੀ ਦੇ ਸ਼ਾਨਦਾਰ ਜੀਵਨ 'ਤੇ ਟਿੱਪਣੀ ਵੀ ਕੀਤੀ। ਪ੍ਰਧਾਨ ਮੰਤਰੀ ਨੇ ਕਿਹਾ ਕਿ ਕੇਰਲਾ ਭਾਜਪਾ ਦੇ ਆਗੂ ਸੀ. ਸਦਾਨੰਦਨ ਮਾਸਟਰ ਦਾ ਜੀਵਨ ਹਿੰਮਤ ਅਤੇ ਅਨਿਆਂ ਅੱਗੇ ਝੁਕਣ ਤੋਂ ਇਨਕਾਰ ਦਾ ਪ੍ਰਤੀਕ ਹੈ। ਸ੍ਰੀ ਮੋਦੀ ਨੇ ਕਿਹਾ, "ਹਿੰਸਾ ਅਤੇ ਡਰਾਉਣਾ-ਧਮਕਾਉਣਾ ਰਾਸ਼ਟਰੀ ਵਿਕਾਸ ਪ੍ਰਤੀ ਉਨ੍ਹਾਂ ਦੀ ਭਾਵਨਾ ਨੂੰ ਨਹੀਂ ਰੋਕ ਸਕਿਆ। ਇੱਕ ਅਧਿਆਪਕ ਅਤੇ ਸਮਾਜ ਸੇਵਕ ਵਜੋਂ ਉਨ੍ਹਾਂ ਦੇ ਯਤਨ ਵੀ ਸ਼ਲਾਘਾਯੋਗ ਹਨ। ਉਹ ਯੁਵਾ ਸਸ਼ਕਤੀਕਰਨ ਪ੍ਰਤੀ ਬਹੁਤ ਭਾਵੁਕ ਹਨ। ਰਾਸ਼ਟਰਪਤੀ ਵੱਲੋਂ ਉਨ੍ਹਾਂ ਨੂੰ ਰਾਜ ਸਭਾ ਲਈ ਨਾਮਜ਼ਦ ਕੀਤੇ ਜਾਣ 'ਤੇ ਵਧਾਈ।" ਇਸੇ ਤਰ੍ਹਾਂ ਪ੍ਰਧਾਨ ਮੰਤਰੀ ਨੇ ਹਰਸ਼ ਵਰਧਨ ਸ਼੍ਰਿੰਗਲਾ ਨੂੰ ਸ਼ਾਨਦਾਰ ਡਿਪਲੋਮੈਟ, ਬੁੱਧੀਜੀਵੀ ਅਤੇ ਰਣਨੀਤਕ ਚਿੰਤਕ ਦੱਸਿਆ। ਪ੍ਰਧਾਨ ਮੰਤਰੀ ਨੇ ਟਵੀਟ ਕੀਤਾ, "ਸਾਲਾਂ ਤੋਂ ਉਨ੍ਹਾਂ ਨੇ ਭਾਰਤ ਦੀ ਵਿਦੇਸ਼ ਨੀਤੀ ਵਿੱਚ ਅਹਿਮ ਯੋਗਦਾਨ ਪਾਇਆ ਹੈ ਅਤੇ ਸਾਡੀ ਜੀ 20 ਪ੍ਰਧਾਨਗੀ ਮੌਕੇ ਵੀ ਉਨ੍ਹਾਂ ਦਾ ਯੋਗਦਾਨ ਅਹਿਮ ਸੀ। ਉਨ੍ਹਾਂ ਦਾ ਵਿਲੱਖਣ ਦ੍ਰਿਸ਼ਟੀਕੋਣ ਸੰਸਦੀ ਕਾਰਵਾਈਆਂ ਨੂੰ ਹੋਰ ਅਮੀਰ ਬਣਾਏਗਾ।" ਸ੍ਰੀ ਮੋਦੀ ਨੇ ਕਿਹਾ ਕਿ ਰਾਜ ਸਭਾ ਲਈ ਨਾਮਜ਼ਦ ਉਜਵਲ ਨਿਕਮ ਦੀ ਕਾਨੂੰਨੀ ਖੇਤਰ ਅਤੇ ਸੰਵਿਧਾਨ ਪ੍ਰਤੀ ਸ਼ਰਧਾ ਮਿਸਾਲੀ ਹੈ। ਪ੍ਰਧਾਨ ਮੰਤਰੀ ਨੇ ਮੁੰਬਈ ਦਹਿਸ਼ਤੀ ਹਮਲੇ ਦੇ ਦੋਸ਼ੀ ਅਜਮਲ ਕਸਾਬ ਨੂੰ ਸਜ਼ਾ ਦਿਵਾਉਣ ਵਾਲੇ ਨਿਕਮ ਬਾਰੇ ਕਿਹਾ, "ਉਹ ਨਾ ਸਿਰਫ਼ ਇੱਕ ਸਫਲ ਵਕੀਲ ਰਹੇ ਹਨ ਬਲਕਿ ਮਹੱਤਵਪੂਰਨ ਮਾਮਲਿਆਂ ਵਿੱਚ ਨਿਆਂ ਦੀ ਮੰਗ ਕਰਨ ਵਿੱਚ ਵੀ ਮੋਹਰੀ ਹਨ। ਆਪਣੇ ਪੂਰੇ ਕਾਨੂੰਨੀ ਕਰੀਅਰ ਦੌਰਾਨ, ਉਨ੍ਹਾਂ ਨੇ ਹਮੇਸ਼ਾ ਸੰਵਿਧਾਨਕ ਕਦਰਾਂ-ਕੀਮਤਾਂ ਨੂੰ ਮਜ਼ਬੂਤ ਕਰਨ ਅਤੇ ਇਹ ਯਕੀਨੀ ਬਣਾਉਣ ਲਈ ਕੰਮ ਕੀਤਾ ਹੈ ਕਿ ਆਮ ਨਾਗਰਿਕਾਂ ਨਾਲ ਹਮੇਸ਼ਾ ਸਨਮਾਨ ਨਾਲ ਪੇਸ਼ ਆਇਆ ਜਾਵੇ। ਇਹ ਖੁਸ਼ੀ ਦੀ ਗੱਲ ਹੈ ਕਿ ਭਾਰਤ ਦੇ ਰਾਸ਼ਟਰਪਤੀ ਨੇ ਉਨ੍ਹਾਂ ਨੂੰ ਰਾਜ ਸਭਾ ਲਈ ਨਾਮਜ਼ਦ ਕੀਤਾ ਹੈ।" ਪ੍ਰਧਾਨ ਮੰਤਰੀ ਨੇ ਭਾਰਤੀ ਇਤਿਹਾਸਕਾਰ ਮਿਨਾਕਸ਼ੀ ਜੈਨ, ਜਿਸ ਨੇ ਸਿੱਖਿਆ ਵਿੱਚ ਖੱਬੇ-ਪੱਖੀ ਬਿਰਤਾਂਤਾਂ ਨੂੰ ਚੁਣੌਤੀ ਦਿੱਤੀ ਹੈ, ਬਾਰੇ ਕਿਹਾ, "ਉਨ੍ਹਾਂ ਆਪਣੇ ਆਪ ਨੂੰ ਇੱਕ ਵਿਦਵਾਨ, ਖੋਜਕਰਤਾ ਅਤੇ ਇਤਿਹਾਸਕਾਰ ਵਜੋਂ ਵੱਖ ਕੀਤਾ ਹੈ। ਸਿੱਖਿਆ, ਸਾਹਿਤ, ਇਤਿਹਾਸ ਅਤੇ ਰਾਜਨੀਤੀ ਵਿਗਿਆਨ ਦੇ ਖੇਤਰਾਂ ਵਿੱਚ ਉਨ੍ਹਾਂ ਦੇ ਕੰਮ ਨੇ ਅਕਾਦਮਿਕ ਭਾਸ਼ਣ ਨੂੰ ਵਧੇਰੇ ਅਮੀਰ ਬਣਾਇਆ ਹੈ।

## ਕਾਂਗਰਸ ਵੱਲੋਂ ਸੰਸਦ ਦੇ ਆਗਾਮੀ ਇਜਲਾਸ ਲਈ ਰਣਨੀਤੀ ਬੈਠਕ ਭਲਕੇ

ਬਾਅਦ ਦੁਸ਼ਮਣੀ ਖਤਮ ਹੋਈ। ਸਰਕਾਰ ਨੇ ਟਰੰਪ ਦੇ ਦਾਅਵਿਆਂ ਨੂੰ ਖਾਰਜ ਕਰ ਦਿਤਾ ਹੈ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਪਿਛਲੇ ਮਹੀਨੇ ਫੋਨ ਉਤੇ ਗੱਲਬਾਤ ਦੌਰਾਨ ਉਨ੍ਹਾਂ ਨੂੰ ਕਿਹਾ ਸੀ ਕਿ ਭਾਰਤ ਨੇ ਕਦੇ ਵੀ ਵਿਚੋਲਗੀ ਨੂੰ ਮਨਜ਼ੂਰ ਨਹੀਂ ਕੀਤਾ ਹੈ ਅਤੇ ਨਾ ਹੀ ਭਵਿੱਖ 'ਚ ਇਸ ਨੂੰ ਮਨਜ਼ੂਰ ਕਰੇਗਾ। ਕਸ਼ਮੀਰ 'ਚ 22 ਅਪ੍ਰੈਲ ਨੂੰ ਅਤਿਵਾਦੀਆਂ ਵਲੋਂ ਕੀਤੇ ਗਏ ਕਤਲੇਆਮ ਦੇ ਜਵਾਬ 'ਚ ਭਾਰਤੀ ਹਥਿਆਰਬੰਦ ਬਲਾਂ ਵਲੋਂ ਪਾਕਿਸਤਾਨ ਦੇ ਕੰਟਰੋਲ ਵਾਲੇ ਇਲਾਕਿਆਂ 'ਚ ਅਤਿਵਾਦੀ ਟਿਕਾਣਿਆਂ ਉਤੇ ਕੀਤੇ ਗਏ ਹਮਲੇ ਪਹਿਲਗਾਮ ਹਮਲੇ ਅਤੇ ਆਪਰੇਸ਼ਨ ਸੰਧੂਰ ਉਤੇ ਬਹਿਸ ਦੀ ਮੰਗ ਕਰ ਰਹੀਆਂ ਹਨ। ਗੱਲਬਾਤ ਦੌਰਾਨ ਅਰਥਵਿਵਸਥਾ ਦੀ ਸਥਿਤੀ, ਕੀਮਤਾਂ ਅਤੇ ਬੇਰੁਜ਼ਗਾਰੀ ਤੋਂ ਇਲਾਵਾ ਭਾਰਤ ਵਿਰੁਧ ਅਮਰੀਕੀ ਟੈਰਿਫ ਦਾ ਮੁੱਦਾ ਵੀ ਉਠਾਏ ਜਾਣ ਦੀ ਸੰਭਾਵਨਾ ਹੈ। ਇਲਾਹਾਬਾਦ ਹਾਈ ਕੋਰਟ ਦੇ ਜਸਟਿਸ ਸ਼ੇਖਰ ਕੁਮਾਰ ਯਾਦਵ ਦੇ ਵਿਰੁਧ ਮਹਾਦੋਸ਼ ਦਾ ਮੁੱਦਾ ਵੀ ਉਠਣ ਦੀ ਸੰਭਾਵਨਾ ਹੈ ਕਿਉਂਕਿ ਉਨ੍ਹਾਂ ਨੂੰ ਹਟਾਉਣ ਲਈ ਮਤਾ ਲਿਆਉਣ ਦਾ ਨੋਟਿਸ ਵੀ ਰਾਜ ਸਭਾ ਦੇ ਚੇਅਰਮੈਨ ਕੋਲ ਵਿਚਾਰ ਅਧੀਨ ਹੈ। ਕਾਂਗਰਸ ਨੇ ਜਸਟਿਸ ਯਾਦਵ ਦੀਆਂ ਕੁੱਝ ਟਿਪਣੀਆਂ ਉਤੇ ਇਤਰਾਜ਼ ਜਤਾਇਆ ਹੈ ਜੋ ਉਸ ਨੇ ਦੋਸ਼ ਲਾਇਆ ਹੈ ਕਿ ਇਹ 'ਫਿਰਕੂ' ਹਨ ਅਤੇ ਅਜਿਹੇ ਅਹੁਦੇ ਉਤੇ ਬੈਠੇ ਵਿਅਕਤੀ ਤੋਂ ਉਮੀਦ ਨਹੀਂ ਕੀਤੀ ਜਾਂਦੀ। ਸੂਤਰਾਂ ਨੇ ਦਸਿਆ ਕਿ ਸੰਸਦ 'ਚ ਪਾਰਟੀ ਵਲੋਂ ਉਠਾਏ ਜਾਣ ਵਾਲੇ ਮੁੱਦਿਆਂ ਉਤੇ ਰਣਨੀਤੀ ਨੂੰ ਅੰਤਿਮ ਰੂਪ ਦਿਤੇ ਜਾਣ ਤੋਂ ਬਾਅਦ ਕਾਂਗਰਸ ਮਾਨਸੂਨ ਸੈਸ਼ਨ ਲਈ ਸਾਂਝੀ ਕਾਰਜ ਯੋਜਨਾ ਤਿਆਰ ਕਰਨ ਲਈ ਹੋਰ ਵਿਰੋਧੀ ਪਾਰਟੀਆਂ ਨਾਲ ਗੱਲ ਕਰੇਗੀ। ਇਜਲਾਸ ਦੀ ਲੰਬੀ ਮਿਆਦ ਅਜਿਹੇ ਸਮੇਂ 'ਚ ਹੋ ਰਹੀ ਹੈ ਜਦੋਂ ਸਰਕਾਰ ਪ੍ਰਮਾਣੂ ਊਰਜਾ ਖੇਤਰ 'ਚ ਨਿੱਜੀ ਖੇਤਰ ਦੇ ਪ੍ਰਵੇਸ਼ ਨੂੰ ਸੁਵਿਧਾਜਨਕ ਬਣਾਉਣ ਸਮੇਤ ਪ੍ਰਮੁੱਖ ਕਾਨੂੰਨ ਲਿਆਉਣ ਦੀ ਯੋਜਨਾ ਬਣਾ ਰਹੀ ਹੈ। ਸਰਕਾਰ ਪ੍ਰਮਾਣੂ ਨੁਕਸਾਨ ਲਈ ਸਿਵਲ ਦੇਣਦਾਰੀ ਐਕਟ ਅਤੇ ਪ੍ਰਮਾਣੂ ਊਰਜਾ ਐਕਟ ਵਿਚ ਸੋਧ ਕਰਨ ਦੀ ਯੋਜਨਾ ਬਣਾ ਰਹੀ ਹੈ ਤਾਂ ਜੋ ਕੇਂਦਰੀ ਬਜਟ ਵਿਚ ਪ੍ਰਮਾਣੂ ਖੇਤਰ ਨੂੰ ਨਿੱਜੀ ਖਿਡਾਰੀਆਂ ਲਈ ਖੋਲ੍ਹਣ ਦੇ ਐਲਾਨ ਨੂੰ ਲਾਗੂ ਕੀਤਾ ਜਾ ਸਕੇ।

## ਮਹਾਰਾਸ਼ਟਰ 'ਚ ਸ਼ਿਵ ਸੈਨਿਕਾਂ ਨੇ ਮਰਾਠੀ ਨਾ ਬੋਲਣ 'ਤੇ ਆਟੋ ਡਰਾਈਵਰ ਨੂੰ ਕੁੱਟਿਆ

ਮਰਾਠੀ ਚ ਬੋਲਣ ਲਈ ਕਿਹਾ ਗਿਆ, ਤਾਂ ਉਸਨੇ ਵਾਰ-ਵਾਰ ਕਿਹਾ ਮੈਂ ਹਿੰਦੀ ਬੋਲਾਂਗਾ। ਉਸ ਨੂੰ ਇਹ ਕਹਿੰਦੇ ਹੋਏ ਵੀ ਦੇਖਿਆ ਗਿਆ ਕਿ ਉਹ ਹਿੰਦੀ ਤੇ ਭੋਜਪੁਰੀ ਚ ਗੱਲਬਾਤ ਕਰਨ ਵਿੱਚ ਵਧੇਰੇ ਆਰਾਮਦਾਇਕ ਮਹਿਸੂਸ ਕਰਦਾ ਹੈ। ਸ਼ਿਵ ਸੈਨਾ ਅਤੇ ਮਹਾਰਾਸ਼ਟਰ ਨਵਨਿਰਮਾਣ ਸੈਨਾ ਨਾਲ ਜੁੜੇ ਲੋਕਾਂ ਦੇ ਇੱਕ ਸਮੂਹ ਨੇ ਸਟੇਸ਼ਨ ਦੇ ਨੇੜੇ ਉਸੇ ਰਿਕਸ਼ਾ ਚਾਲਕ ਨੂੰ ਫੜ ਲਿਆ। ਵੀਡੀਓ ਵਿੱਚ ਔਰਤਾਂ ਸਮੇਤ ਸਮੂਹ ਦੇ ਕੁਝ ਮੈਂਬਰ ਡਰਾਈਵਰ ਨੂੰ ਥੱਪੜ ਮਾਰਦੇ ਅਤੇ ਦੁਰਵਿਵਹਾਰ ਕਰਦੇ ਦਿਖਾਈ ਦਿੱਤੇ। ਡਰਾਈਵਰ ਨੂੰ ਜਨਤਕ ਤੌਰ ਤੇ ਪਡੋਲੀਆ, ਉਸਦੀ ਭੈਣ ਅਤੇ ਮਹਾਰਾਸ਼ਟਰ ਰਾਜ ਤੋਂ ਮੁਆਫ਼ੀ ਮੰਗਣ ਲਈ ਮਜਬੂਰ ਕੀਤਾ ਗਿਆ। ਸਮੂਹ ਨੇ ਦਾਅਵਾ ਕੀਤਾ ਕਿ ਡਰਾਈਵਰ ਨੇ ਮਰਾਠੀ ਭਾਸ਼ਾ ਤੇ ਮਹਾਰਾਸ਼ਟਰ ਦੀ ਸੰਸਕ੍ਰਿਤੀ ਦਾ ਅਪਮਾਨ ਕੀਤਾ ਹੈ ਅਤੇ ਉਸ ਨੂੰ ਸਬਕ ਸਿਖਾਉਣ ਦੀ ਲੋੜ ਹੈ। ਵਿਰਾਰ ਸ਼ਹਿਰ ਵਿੱਚ ਸ਼ਿਵ ਸੈਨਾ ਦੇ ਮੁਖੀ ਜਾਧਵ, ਜੋ ਘਟਨਾ ਸਥਾਨ ਤੇ ਮੌਜੂਦ ਸਨ, ਨੇ ਬਾਅਦ ਵਿੱਚ ਇੱਕ ਬਿਆਨ ਜਾਰੀ ਕਰਕੇ ਕਿਹਾ,ਅਸੀਂ ਉਸ ਨੂੰ ਸੱਚੇ ਸ਼ਿਵ ਸੈਨਾ ਸ਼ੈਲੀ ਵਿੱਚ ਜਵਾਬ ਦਿੱਤਾ। ਜੇਕਰ ਕੋਈ ਮਰਾਠੀ ਭਾਸ਼ਾ ਜਾਂ ਮਰਾਠੀ ਮਾਨੁਸ਼ ਦਾ ਅਪਮਾਨ ਕਰਦਾ ਹੈ ਤਾਂ ਅਸੀਂ ਚੁੱਪ ਨਹੀਂ ਬੈਠਾਂਗੇ। ਉਸ ਨੂੰ ਰਾਜ ਤੇ ਮਰਾਠੀ ਲੋਕਾਂ ਤੋਂ ਮੁਆਫ਼ੀ ਮੰਗਣੀ ਪਵੇਗੀ। ਘਟਨਾ ਦੀ ਜਨਤਕ ਪ੍ਰਕਿਰਤੀ ਅਤੇ ਵਾਇਰਲ ਵੀਡੀਓ ਦੇ ਬਾਵਜੂਦ, ਪਾਲਘਰ ਪੁਲਸ ਨੇ ਹੁਣ ਤੱਕ ਕੋਈ ਐਫ.ਆਈ.ਆਰ. ਦਰਜ ਨਹੀਂ ਕੀਤੀ ਹੈ। ਪੁਲਸ ਅਧਿਕਾਰੀਆਂ ਨੇ ਕਿਹਾ,ਅਸੀਂ ਵੀਡੀਓ ਦੀ ਜਾਂਚ ਕਰ ਰਹੇ ਹਾਂ ਅਤੇ ਤੱਥ ਇਕੱਠੇ ਕਰ ਰਹੇ ਹਾਂ ਪਰ ਹੁਣ ਤੱਕ ਕਿਸੇ ਵੀ ਧਿਰ ਨੇ ਕੋਈ ਰਸਮੀ ਸ਼ਿਕਾਇਤ ਦਰਜ ਨਹੀਂ ਕਰਵਾਈ ਹੈ। ਇਸ ਮਾਮਲੇ ਨੇ ਇੱਕ ਵਾਰ ਫਿਰ ਮਹਾਰਾਸ਼ਟਰ ਵਿੱਚ ਭਾਸ਼ਾ ਅਤੇ ਖੇਤਰੀ ਪਛਾਣ ਨਾਲ ਸਬੰਧਤ ਵਿਵਾਦਾਂ ਨੂੰ ਹਵਾ ਦਿੱਤੀ ਹੈ। ਇਸ ਤੋਂ ਇਲਾਵਾ, ਜਨਤਕ ਹਿੰਸਾ ਅਤੇ ਮੁਆਫ਼ੀ ਮੰਗਣ ਵਰਗੀਆਂ ਘਟਨਾਵਾਂ ਤੇ ਪੁਲਿਸ ਦੀ ਨਾਕਾਮੀ ਵੀ ਸਵਾਲਾਂ ਦੇ ਘੇਰੇ ਵਿੱਚ ਹੈ।

## ਸ਼ਤਾਬਦੀ ਸਮਾਗਮਾਂ ਸਬੰਧੀ ਉਚ ਪੱਧਰੀ ਤਾਲਮੇਲ ਕਮੇਟੀ ਦੀ ਅੱਜ ਦੀ ਮੀਟਿੰਗ 'ਚ ਪੰਥਕ ਮੁੱਦੇ ਵੀ ਹੋਣਗੇ ਚਰਚਾ ਦਾ ਵਿਸ਼ਾ

ਸੀਨੀਅਰ ਅਕਾਲੀ ਆਗੂ ਬਲਵਿੰਦਰ ਸਿੰਘ ਭੂੰਦੜ, ਡਾ. ਦਲਜੀਤ ਸਿੰਘ ਚੀਮਾ, ਮਹੇਸ਼ਇੰਦਰ ਸਿੰਘ ਗਰੇਵਾਲ ਤੇ ਗੁਲਜ਼ਾਰ ਸਿੰਘ ਰਣੀਕੇ, ਬਾਬਾ ਜਗਜੀਤ ਸਿੰਘ ਹਰਖੋਵਾਲ ਵਾਲੇ, ਬਾਬਾ ਮੇਜਰ ਸਿੰਘ ਸੋਢੀ ਦਸਮੇਸ਼ ਤਰਨਾ ਦਲ, ਬਾਬਾ ਜਗਜੀਤ ਸਿੰਘ ਲੋਪੋਂ, ਸਵਾਮੀ ਸੁੱਕੀ ਚੋਈ ਵਾਲੇ ਹੁਸ਼ਿਆਰਪੁਰ, ਸਿੱਖ ਵਿਦਵਾਨ ਡਾ. ਬਲਕਾਰ ਸਿੰਘ, ਡਾ. ਇੰਦਰਜੀਤ ਸਿੰਘ ਗੋਗੋਆਣੀ, ਡਾ. ਕੇਹਰ ਸਿੰਘ, ਡਾ. ਅਮਰਜੀਤ ਸਿੰਘ, ਡਾ. ਪਰਮਵੀਰ ਸਿੰਘ ਤੇ ਡਾ. ਹਰਭਜਨ ਸਿੰਘ ਦੇਹਰਾਦੂਨ, ਗੁਰਮੀਤ ਸਿੰਘ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ, ਪ੍ਰਿੰਸੀਪਲ ਬਲਜੀਤ ਸਿੰਘ ਸਾਹਿਬਜ਼ਾਦਾ ਜੁਝਾਰ ਸਿੰਘ ਮਿਸ਼ਨਰੀ ਕਾਲਜ ਚੌਂਤਾ ਕਲਾਂ, ਕੁਲਵੰਤ ਸਿੰਘ ਮੰਨਣ ਮੁੱਖ ਸਕੱਤਰ ਸ਼੍ਰੋਮਣੀ ਕਮੇਟੀ ਅਤੇ ਸਕੱਤਰ ਧਰਮ ਪ੍ਰਚਾਰ ਕਮੇਟੀ ਕੋਆਰਡੀਨੇਟਰ ਸ਼ਾਮਲ ਹਨ।ਸੂਤਰਾਂ ਮੁਤਾਬਿਕ ਇਸ ਇਕੱਤਰਤਾ ਵਿਚ ਕੁਝ ਧਾਰਮਿਕ ਆਗੂ ਪੰਥ ਵਿਚ ਪੈਦਾ ਹੋਵੇ ਹਲਾਤਾਂ ਦੇ ਮੁੱਦੇ ਨੂੰ ਵੀ ਹੱਲ ਕਰਨ ਲਈ ਅਵਾਜ ਬੁਲੰਦ ਕਰਨਗੇ। ਇਸ ਇਕੱਤਰਤਾ ਵਿਚ ਜਥੇਦਾਰ ਦੀ ਨਿਯੁਕਤੀ ਨੂੰ ਮਾਨਤਾ ਦੇਣ ਅਤੇ ਦੋ ਤਖਤ ਸਾਹਿਬਾਨ ਦੇ ਆਪਸੀ ਤਾਲਮੇਲ ਨੂੰ ਸਹੀ ਕਰਨ ਲਈ ਵੀ ਵਿਚਾਰ ਕੀਤੀ ਜਾਵੇਗੀ। ਇੱਥੇ ਜ਼ਿਕਰਯੋਗ ਹੈ ਕਿ ਇਸ ਇਕੱਤਰਤਾ ਵਿੱਚ ਉਹ ਸ਼ਖਸ਼ੀਅਤਾਂ ਵੀ ਸ਼ਾਮਿਲ ਹਨ ਜੋ ਸ਼੍ਰੋਮਣੀ ਕਮੇਟੀ ਵੱਲੋਂ ਲਗਾਏ ਗਏ ਜਥੇਦਾਰਾਂ ਦੀ ਨਿਯੁਕਤੀ ਦੇ ਖਿਲਾਫ ਸਨ। ਕਿਤੇ ਨਾ ਕਿਤੇ ਜਾਂ ਤੇ ਇਹ ਸਮਝਿਆ ਜਾਵੇ ਕਿ ਉਹ ਸਾਰੀਆਂ ਸ਼ਖਸੀਅਤਾਂ ਹੁਣ ਸ਼੍ਰੋਮਣੀ ਕਮੇਟੀ ਦੇ ਨਾਲ ਮਿਲ ਕੇ ਚੱਲਣਗੀਆਂ ਜਾਂ ਫਿਰ ਉਹ ਸਿਆਸੀ ਸ਼ਹਿ ਦੇ ਦਬਾਅ ਹੇਠ ਆ ਚੁੱਕੀਆਂ ਹਨ ਤੇ ਕੋਈ ਫੈਸਲਾ ਲੈਣ ਤੋਂ ਅਸਮਰੱਥ ਹਨ। ਜੇਕਰ ਨਹੀਂ ਤਾਂ ਕੱਲ ਦੀ ਇਕੱਤਰਤਾ ਵਿਚ ਵਿਵਾਦ ਹੋਣ ਦਾ ਵੀ ਖਦਸ਼ਾ ਹੈ।

ਇੱਥੇ ਇਹ ਵੀ ਦੱਸਣ ਯੋਗ ਹੈ ਕਿ ਗਿਆਨੀ ਰਘਬੀਰ ਸਿੰਘ ਮੁੱਖ ਗ੍ਰੰਥੀ ਸ੍ਰੀ ਦਰਬਾਰ ਸਾਹਿਬ ਵੱਲੋਂ ਜਥੇਦਾਰ ਗੜਗੱਜ ਨੂੰ ਸਰੋਪਾ ਦੇਣ ਤੋਂ ਬਾਅਦ ਸਿੱਖ ਜਥੇਬੰਦੀਆਂ ਜਿਹੜੀਆਂ ਜਥੇਦਾਰ ਦੀ ਨਿਯੁਕਤੀਆਂ ਨੂੰ ਲੈ ਕੇ ਵਿਰੋਧ ਕਰ ਰਹੀਆਂ ਸਨ ਕਿਤੇ ਨਾ ਕਿਤੇ ਉਹਨਾਂ ਦਾ ਮਨ ਵਿਚ ਵੀ ਇਹ ਗੱਲ ਚੱਲ ਰਹੀ ਹੈ ਕਿ ਜੇਕਰ ਗਿਆਨੀ ਰਘਬੀਰ ਸਿੰਘ ਆਪਣੇ ਹੱਕ ਵਾਪਸ ਲੈਣ ਲਈ ਤਿਆਰ ਨਹੀਂ ਹੀ ਤਾਂ ਉਹ ਕਿਸ ਲਈ ਲੜ ਰਹੀਆਂ ਹਨ ਜਾਂ ਕਿਸ ਲਈ ਵਿਰੋਧ ਕਰ ਰਹੀਆਂ ਹਨ।ਬਾਕੀ ਰਹੀ ਦੋ ਤਖਤ ਸਾਹਿਬਾਨ ਦੇ ਵਿਵਾਦ ਨੂੰ ਹੱਲ ਕਰਨ ਦੀ ਗੱਲ ਇਹ ਤਾਂ ਹੀ ਮੁਨਕਨ ਹੈ ਜੇ ਸਾਰੇ ਸਿੱਖ ਜਥੇਬੰਦੀਆਂ ਦੀ ਇੱਕ ਰਾਏ ਹੋਵੇ।

## ਤਾਮਿਲਨਾਡੂ 'ਚ ਮਾਲ ਗੱਡੀ ਲੀਹੋਂ ਲੱਥੀ

ਇਕ ਬੋਗੀ ਨੂੰ ਲੱਗੀ, ਜੋ ਜਲਦੀ ਹੀ ਹੋਰਨਾਂ ਵੈਗਨਾਂ ਵਿਚ ਫੈਲ ਗਈ। ਰੇਲਵੇ ਅਧਿਕਾਰੀ ਘਟਨਾ ਵਾਲੀ ਥਾਂ 'ਤੇ ਸਥਿਤੀ ਨੂੰ ਸਰਗਰਮੀ ਨਾਲ ਸੰਭਾਲ ਰਹੇ ਹਨ। ਬਿਆਨ ਵਿੱਚ ਕਿਹਾ ਗਿਆ ਹੈ ਕਿ ਮੁਰੰਮਤ ਦਾ ਕੰਮ ਜਾਰੀ ਹੈ ਅਤੇ ਰੇਲਵੇ ਟਰੈਕ 'ਤੇ ਆਮ ਰੇਲਗੱਡੀਆਂ ਦੀ ਆਵਾਜਾਈ ਜਲਦੀ ਸ਼ੁਰੂ ਹੋ ਜਾਵੇਗੀ।

# ਪ੍ਰੈੱਸ ਸੇਵਾ ਪੋਰਟਲ ਨਾਲ ਰਜਿਸਟ੍ਰੇਸ਼ਨ ਪ੍ਰਕਿਰਿਆ 'ਚ ਆਵੇਗੀ ਪਾਰਦਰਸ਼ਤਾ ਅਤੇ ਸੁਖਾਲਾਪਨ : ਯੋਗੇਸ਼ ਬਾਵੇਜਾ



ਚੰਡੀਗੜ੍ਹ, 13 ਜੁਲਾਈ, (ਚ.ਨ.ਸ.): ਭਾਰਤ ਦੇ ਪ੍ਰੈੱਸ ਰਜਿਸਟਰਾਰ ਜਨਰਲ (ਪੀ.ਆਰ.ਜੀ.ਆਈ.) ਸ੍ਰੀ ਯੋਗੇਸ਼ ਕੁਮਾਰ ਬਾਵੇਜਾ ਨੇ ਕਿਹਾ ਹੈ ਕਿ ਨਵਾਂ 'ਪ੍ਰੈੱਸ ਸੇਵਾ ਪੋਰਟਲ' ਅਖ਼ਬਾਰਾਂ ਅਤੇ ਰਸਾਲਿਆਂ ਦੀ ਰਜਿਸਟ੍ਰੇਸ਼ਨ ਪ੍ਰਕਿਰਿਆ ਵਿੱਚ ਕ੍ਰਾਂਤੀ ਲਿਆਉਂਦੇ ਹੋਏ ਇਸਨੂੰ ਪਾਰਦਰਸ਼ੀ, ਤੇਜ਼ ਅਤੇ ਆਸਾਨ ਬਣਾਏਗਾ। ਉਹ ਅੱਜ ਚੰਡੀਗੜ੍ਹ ਵਿਖੇ ਪੰਜਾਬ, ਹਰਿਆਣਾ, ਹਿਮਾਚਲ ਪ੍ਰਦੇਸ਼ ਅਤੇ ਚੰਡੀਗੜ੍ਹ ਦੇ ਪ੍ਰਕਾਸ਼ਕਾਂ ਲਈ ਆਯੋਜਿਤ ਇੱਕ ਵਿਸ਼ੇਸ਼ ਹਾਈਬ੍ਰਿਡ ਵਰਕਸ਼ਾਪ ਦੀ ਪ੍ਰਧਾਨਗੀ ਕਰ ਰਹੇ ਸਨ। ਯੂ.ਟੀ. ਗੈਸਟ ਹਾਊਸ ਵਿਖੇ ਹੋਈ ਇਸ ਵਰਕਸ਼ਾਪ ਦਾ ਮੁੱਖ ਉਦੇਸ਼ ਪ੍ਰਕਾਸ਼ਕਾਂ ਨੂੰ 'ਪ੍ਰੈੱਸ ਅਤੇ ਮੈਗਜ਼ੀਨ ਰਜਿਸਟ੍ਰੇਸ਼ਨ ਐਕਟ, 2023' ਅਤੇ ਇਸ ਤਹਿਤ ਬਣਾਏ ਗਏ 'ਪ੍ਰੈੱਸ ਸੇਵਾ ਪੋਰਟਲ' ਬਾਰੇ ਵਿਸਥਾਰਪੂਰਵਕ ਜਾਣਕਾਰੀ ਦੇਣਾ ਸੀ।

ਸ੍ਰੀ ਬਾਵੇਜਾ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਇਹ ਡਿਜੀਟਲ ਪਲੇਟਫਾਰਮ ਪ੍ਰਧਾਨ ਮੰਤਰੀ ਦੇ ਘੱਟੋ-ਘੱਟ ਸਰਕਾਰ, ਵੱਧ ਤੋਂ ਵੱਧ ਸ਼ਾਸਨ ਦੇ ਸਿਧਾਂਤ ਨੂੰ ਦਰਸਾਉਂਦਾ ਹੈ। ਇਸ ਪੋਰਟਲ ਰਾਹੀਂ ਪ੍ਰਕਾਸ਼ਕ ਹੁਣ ਘਰ ਬੈਠੇ ਹੀ ਆਨਲਾਈਨ ਰਜਿਸਟ੍ਰੇਸ਼ਨ ਨਾਲ ਜੁੜੇ ਸਾਰੇ ਕੰਮ ਕਰ ਸਕਣਗੇ, ਜਿਸ ਨਾਲ ਨਾ ਸਿਰਫ਼ ਉਨ੍ਹਾਂ ਦੇ ਸਮੇਂ ਅਤੇ ਪੈਸੇ ਦੀ ਬੱਚਤ ਹੋਵੇਗੀ, ਸਗੋਂ ਸਾਰੀ ਪ੍ਰਕਿਰਿਆ ਵਿੱਚ ਪਾਰਦਰਸ਼ਤਾ ਅਤੇ ਜਵਾਬਦੇਹੀ ਵੀ ਯਕੀਨੀ ਬਣੇਗੀ। ਉਨ੍ਹਾਂ ਦੱਸਿਆ ਕਿ ਪੁਰਾਣਾ ਬਸਤੀਵਾਦੀ ਕਾਨੂੰਨ ਗੁੰਝਲਦਾਰ ਸੀ, ਜਦਕਿ ਨਵਾਂ ਐਕਟ ਡਿਜੀਟਲ ਇੰਡੀਆ ਦੇ ਟੀਚਿਆਂ ਨੂੰ ਮੁੱਖ ਰੱਖ ਕੇ ਬਣਾਇਆ ਗਿਆ ਹੈ। ਇਸ ਮੌਕੇ 'ਤੇ ਡਿਪਟੀ ਪ੍ਰੈੱਸ ਰਜਿਸਟਰਾਰ, ਆਸ਼ੂਤੋਸ਼ ਮੋਹਲੇ ਨੇ ਪਾਵਰ ਪੁਆਇੰਟ ਪੇਸ਼ਕਾਰੀ ਰਾਹੀਂ ਨਵੇਂ ਐਕਟ ਅਤੇ ਪੋਰਟਲ ਦੀਆਂ ਵਿਸ਼ੇਸ਼ਤਾਵਾਂ ਬਾਰੇ ਦੱਸਿਆ। ਪੱਤਰ ਸੂਚਨਾ ਦਫ਼ਤਰ, ਚੰਡੀਗੜ੍ਹ ਦੇ ਵਧੀਕ ਡਾਇਰੈਕਟਰ ਜਨਰਲ, ਵਿਵੇਕ ਵੈਭਵ ਨੇ ਮੁੱਖ ਮਹਿਮਾਨ ਦਾ ਸਵਾਗਤ ਕੀਤਾ। ਵਰਕਸ਼ਾਪ ਦੌਰਾਨ ਬਾਵੇਜਾ ਨੇ ਆਨਲਾਈਨ ਅਤੇ ਆਫਲਾਈਨ ਮਾਧਿਅਮ ਰਾਹੀਂ ਪ੍ਰਕਾਸ਼ਕਾਂ ਦੀਆਂ ਸਮੱਸਿਆਵਾਂ ਸੁਣੀਆਂ ਅਤੇ ਕਈਆਂ ਦਾ ਮੌਕੇ 'ਤੇ ਹੀ ਨਿਪਟਾਰਾ ਕੀਤਾ। ਸਮਾਗਮ ਦੇ ਅੰਤ ਵਿੱਚ ਸਹਾਇਕ ਡਾਇਰੈਕਟਰ ਸ੍ਰੀਮਤੀ ਸ਼ੀਨਮ ਜੈਨ ਨੇ ਧੰਨਵਾਦ ਮਤਾ ਪੇਸ਼ ਕੀਤਾ।

# ਹਰਿਆਣਾ ਵਿੱਚ ਖੇਤ 'ਚੋਂ ਮਿਲਿਆ ਖ਼ਜ਼ਾਨਾ ! ਲੋਕ ਥਾਂ-ਥਾਂ ਪੁੱਟਣ ਲੱਗੇ ਟੋਏ



ਕੁਰੂਕਸ਼ੇਤਰ, 13 ਜੁਲਾਈ, (ਚ.ਨ.ਸ.): ਹਰਿਆਣਾ ਵਿੱਚ ਕੁਰੂਕਸ਼ੇਤਰ ਜ਼ਿਲ੍ਹੇ ਦੇ ਲਾਡਵਾ ਦੇ ਨਿਵਾਰਸੀ ਪਿੰਡ ਵਿੱਚ ਖੇਤਾਂ ਵਿੱਚ ਕੰਮ ਕਰ ਰਹੇ ਮਜ਼ਦੂਰਾਂ ਨੂੰ ਮਿੱਟੀ ਵਿੱਚੋਂ ਪੁਰਾਣੇ ਚਾਂਦੀ ਦੇ ਸਿੱਕੇ ਮਿਲੇ ਹਨ। ਇਸ ਤੋਂ ਬਾਅਦ, ਇਨ੍ਹਾਂ ਸਿੱਕਿਆਂ ਦੀ ਭਾਲ ਲਈ ਪੂਰੇ ਪਿੰਡ ਵਿੱਚ ਖੁਦਾਈ ਕਰਨ ਦੀ ਦੌੜ ਲੱਗ ਗਈ। ਜਾਣਕਾਰੀ ਅਨੁਸਾਰ,ਪਿੰਡ ਦੇ ਪ੍ਰਾਚੀਨ ਸ਼ਿਵ ਮੰਦਰ ਵਿੱਚੋਂ ਕੱਢੀ ਗਈ ਮਿੱਟੀ ਨੇੜਲੀ ਸੜਕ 'ਤੇ ਸੁੱਟ ਦਿੱਤੀ ਗਈ ਸੀ। ਇਸ ਮਿੱਟੀ ਦੇ ਸੰਪਰਕ ਵਿੱਚ ਆਉਣ ਵਾਲੇ ਖੇਤਾਂ ਵਿੱਚ ਕੰਮ ਕਰਨ ਵਾਲੇ ਮਜ਼ਦੂਰਾਂ ਨੂੰ ਸਾਲਾਂ ਪੁਰਾਣੇ ਚਾਂਦੀ ਦੇ ਸਿੱਕੇ ਮਿਲੇ। ਜਿਵੇਂ ਹੀ ਇਹ ਖ਼ਬਰ ਪਿੰਡ ਵਿੱਚ ਫੈਲੀ, ਲੋਕਾਂ ਦੀ ਭੀੜ ਮੌਕੇ 'ਤੇ ਪਹੁੰਚ ਗਈ ਅਤੇ ਸਿੱਕਿਆਂ ਦੀ ਭਾਲ ਵਿੱਚ ਖੁਦਾਈ ਸ਼ੁਰੂ ਹੋ ਗਈ। ਪਿੰਡ ਵਾਸੀਆਂ ਦਾ ਦਾਅਵਾ ਹੈ ਕਿ ਬਹੁਤ ਸਾਰੇ ਲੋਕਾਂ ਨੂੰ ਚਾਂਦੀ ਦੇ ਸਿੱਕੇ ਮਿਲੇ ਹਨ, ਜਦੋਂ ਕਿ ਕੁਝ ਨੇ ਇਹ ਵੀ ਕਿਹਾ ਹੈ ਕਿ ਉਨ੍ਹਾਂ ਨੂੰ ਲੱਗਭੱਗ ਦੋ ਕਿਲੋਗ੍ਰਾਮ ਚਾਂਦੀ ਮਿਲੀ ਹੈ। ਹਾਲਾਂਕਿ, ਇਨ੍ਹਾਂ ਦਾਅਵਿਆਂ ਦੀ ਅਜੇ ਤੱਕ ਅਧਿਕਾਰਤ ਤੌਰ 'ਤੇ ਪੁਸ਼ਟੀ ਨਹੀਂ ਹੋਈ ਹੈ। ਹੈਰਾਨੀ ਵਾਲੀ ਗੱਲ ਇਹ ਹੈ ਕਿ ਨਾ ਤਾਂ ਜ਼ਿਲ੍ਹਾ ਪ੍ਰਸ਼ਾਸਨ ਅਤੇ ਨਾ ਹੀ ਪੁਰਾਤੱਤਵ ਵਿਭਾਗ ਨੂੰ ਇਸ ਪੂਰੀ ਘਟਨਾ ਬਾਰੇ ਜਾਣਕਾਰੀ ਦਿੱਤੀ ਗਈ ਹੈ। ਲਾਡਵਾ ਦੇ ਨਾਇਬ ਤਹਿਸੀਲਦਾਰ ਨੇ ਵੀ ਅਜਿਹੀ ਕਿਸੇ ਵੀ ਜਾਣਕਾਰੀ ਤੋਂ ਇਨਕਾਰ ਕੀਤਾ ਹੈ। ਇਸ ਦੌਰਾਨ, ਮਾਹਿਰਾਂ ਦਾ ਮੰਨਣਾ ਹੈ ਕਿ ਜੇਕਰ ਸਿੱਕੇ ਸੱਚਮੁੱਚ ਪ੍ਰਾਚੀਨ ਹਨ, ਤਾਂ ਇਹ ਮਾਮਲਾ ਪੁਰਾਤੱਤਵ ਦ੍ਰਿਸ਼ਟੀਕੋਣ ਤੋਂ ਬਹੁਤ ਮਹੱਤਵਪੂਰਨ ਹੋ ਸਕਦਾ ਹੈ ਅਤੇ ਇਸ ਦੀ ਜਾਂਚ ਕਰਨ ਦੀ ਜ਼ਰੂਰਤ ਹੈ।

# ਗੁਰਦੁਆਰਾ ਸ਼ਹੀਦ ਅਕਾਲੀ ਬਾਬਾ ਫੂਲਾ ਸਿੰਘ ਵਿਖੇ ਮਹਾਨ ਗੁਰਮਤਿ ਸਮਾਗਮ



ਪਟਿਆਲਾ, 13 ਜੁਲਾਈ (ਚ.ਨ.ਸ.) : ਨੌਵੀਂ ਪਾਤਸ਼ਾਹੀ ਧੰਨ ਧੰਨ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੇ 350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਕੀਰਤਨ ਸਮਾਗਮ ਗੁਰਦੁਆਰਾ ਸ਼ਹੀਦ ਅਕਾਲੀ ਬਾਬਾ ਫੂਲਾ ਸਿੰਘ ਜੀ ਅਰਬਨ ਅਸਟੇਟ ਫੇਜ਼-2 ਪਟਿਆਲਾ ਵਿਖੇ ਬੜੀ ਸ਼ਰਧਾ ਭਾਵਨਾ ਨਾਲ ਕਰਵਾਏ ਗਏ। ਇਸ ਮੌਕੇ ਹਜ਼ੂਰੀ ਰਾਗੀ ਭਾਈ ਹਰਜਿੰਦਰ ਸਿੰਘ ਜੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਾਲਿਆਂ ਨੇ ਇਲਾਹੀ ਕੀਰਤਨ ਕਰਕੇ ਸੰਗਤਾਂ ਨੂੰ ਗੁਰੂ ਜਸ ਨਾਲ ਜੋੜਿਆ। ਇਸ ਮੌਕੇ ਗੁਰੂ ਗੋਬਿੰਦ ਸਿੰਘ ਜੀ ਦਾ ਪਰਿਵਾਰ ਸੰਸਥਾ ਦੇ ਬੱਚਿਆਂ ਵੱਲੋਂ ਵੀ ਰਸਭਿੰਨਾ ਕੀਰਤਨ ਕੀਤਾ ਗਿਆ। ਇਸ ਮੌਕੇ ਸੰਗਤਾਂ ਨੇ ਹੁੰਮਹੁੰਮਾ ਕੇ ਕੀਰਤਨ ਦਰਬਾਰ ਵਿਚ ਹਾਜ਼ਰੀ ਭਰੀ ਤੇ ਆਪਣਾ ਜਨਮ ਸਫਲਾ ਕੀਤਾ। ਇਸ ਮੌਕੇ ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ। ਇਸ ਮੌਕੇ ਗੁ. ਕਮੇਟੀ ਦੇ ਪ੍ਰਧਾਨ ਭਾਈ ਪਦਮਸ਼੍ਰੀ ਡਾ. ਜਗਜੀਤ ਸਿੰਘ ਦਰਦੀ ਨੇ ਸੰਗਤਾਂ ਨਾਲ ਆਪਣੇ ਵਿਚਾਰ ਸਾਂਝੇ ਕਰਦਿਆਂ ਕਿਹਾ ਕਿ ਸਾਨੂੰ ਗੁਰੂ ਸਾਹਿਬਾਨ ਦੇ ਦਰਸਾਏ ਮਾਰਗ 'ਤੇ ਚੱਲਣਾ ਚਾਹੀਦਾ ਹੈ ਅਤੇ ਗੁਰਬਾਣੀ ਅਨੁਸਾਰ ਜੀਵਨ ਬਤੀਤ ਕਰਨਾ ਚਾਹੀਦਾ ਹੈ। ਇਸ ਮੌਕੇ ਗੁ. ਪ੍ਰਬੰਧਕ ਕਮੇਟੀ ਦੇ ਮੈਂਬਰ ਸਾਹਿਬਾਨ ਹਾਜ਼ਰ ਸਨ।

# ਹਿਮਾਚਲ ਦੇ ਉੱਚੇ ਪਹਾੜਾਂ 'ਤੇ ਮੁੜ ਬਰਫ਼ਬਾਰੀ

ਮਨਾਲੀ, 13 ਜੁਲਾਈ, (ਚ.ਨ.ਸ.) : ਲਾਹੌਲ-ਸਪਿਤੀ ਦੇ ਉੱਚੇ ਪਹਾੜ ਹਲਕੀ ਬਰਫਬਾਰੀ ਨਾਲ ਸੱਜ ਗਏ ਹਨ। ਬਾਰਾਲਾਚਾ ਅਤੇ ਸ਼ਿੰਕੁਲਾ ਦੱਰੇ 'ਚ ਵੀ ਬਰਫਬਾਰੀ ਹੋਈ ਹੈ। ਸਾਰੇ ਦੱਰਿਆਂ 'ਚ ਵਾਹਨਾਂ ਦੀ ਆਵਾਜਾਈ ਆਮ ਵਾਂਗ ਹੈ। ਹਾਲਾਂਕਿ, ਜੁਲਾਈ ਮਹੀਨੇ 'ਚ ਆਮ ਤੌਰ 'ਤੇ ਬਰਫਬਾਰੀ ਨਹੀਂ ਹੁੰਦੀ ਹੈ, ਪਰ ਸ਼ਿੰਕੁਲਾ ਅਤੇ ਬਾਰਾਲਾਚਾ ਦੱਰਿਆਂ ਦੇ ਉਚਾਈ ਵਾਲੇ ਥਾਵਾਂ 'ਚ ਪੂਰਾ ਸਾਲ ਬਰਫਬਾਰੀ ਹੁੰਦੀ ਹੈ। ਸ਼ਨੀਵਾਰ ਸਵੇਰੇ ਰੋਹਤਾਂਗ ਸਮੇਤ ਧੁੰਧੀ ਜੋਤ, ਮਨਾਲਸੂ, ਹਨੂਮਾਨ ਟਿੱਬਾ, ਇੰਦਰ ਕਿਲਾ, ਮਕਰਵੇਦ ਸ਼ਿਕਰਵੇਦ ਅਤੇ ਹਾਮਟਾ ਦੇ ਉੱਚੇ ਪਹਾੜਾਂ ਸਮੇਤ ਲਾਹੌਲ ਵੱਲ ਲੇਡੀ ਆਫ ਕੇਲਾਂਗ, ਛੋਟਾ ਅਤੇ ਵੱਡਾ ਸ਼ੀਗਰੀ ਗਲੇਸ਼ੀਅਰ, ਚੰਦਰਭਾਗਾ ਰੇਂਜ, ਬਾਰਾਲਾਚਾ ਅਤੇ ਸ਼ਿੰਕੁਲਾ ਸਮੇਤ ਦੱਰਿਆਂ 'ਚ ਬਰਫ ਦੀ ਚਿੱਟੀ ਚਾਦਰ ਵਿਛ ਗਈ ਹੈ। ਹੋਟਲ ਐਸੋਸੀਏਸ਼ਨ ਦੇ ਅਹੁਦਾ ਛੱਡ ਰਹੇ ਉਪ-ਪ੍ਰਧਾਨ ਰੌਸ਼ਨ ਠਾਕੁਰ ਨੇ ਕਿਹਾ ਕਿ ਹਾਲਾਂਕਿ ਮੌਸਮ ਦਾ ਆਨੰਦ ਲੈਣ ਲਈ ਸੈਲਾਨੀ ਮਨਾਲੀ ਤਾਂ ਆਉਣਾ ਚਾਹੁੰਦੇ ਹਨ। ਪਰ ਮੀਂਹ ਅਤੇ ਜ਼ਮੀਨ ਖਿਸਕਣ ਦੀਆਂ ਘਟਨਾਵਾਂ ਉਨ੍ਹਾਂ ਦਾ ਰਸਤਾ ਰੋਕ ਰਹੀਆਂ ਹਨ। ਹਫਤੇ ਦੇ ਅੰਤ 'ਚ ਉਮੀਦ ਨਾਲੋਂ ਘੱਟ ਸੈਲਾਨੀ ਮਨਾਲੀ ਪੁੱਜੇ ਹਨ।

# ਯੁੱਧ ਨਸ਼ਿਆਂ ਵਿਰੁੱਧ ਦਾ 134ਵਾਂ ਦਿਨ : 4.2 ਕਿਲੋਗ੍ਰਾਮ ਹੈਰੋਇਨ ਬਰਾਮਦ, 113 ਨਸ਼ਾ ਤਸਕਰ ਕਾਬੂ

## ਪੁਲਿਸ ਟੀਮਾਂ ਨੇ ਛੇ ਜ਼ਿਲ੍ਹਿਆਂ ਵਿੱਚ 411 ਮੈਡੀਕਲ ਦੀਆਂ ਦੁਕਾਨਾਂ ਦੀ ਵੀ ਕੀਤੀ ਜਾਂਚ

ਚੰਡੀਗੜ੍ਹ, 13 ਜੁਲਾਈ, (ਚ.ਨ.ਸ.) : ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ-ਨਿਰਦੇਸ਼ਾਂ 'ਤੇ ਸੂਬੇ ਵਿੱਚੋਂ ਨਸ਼ੀਲੇ ਪਦਾਰਥਾਂ ਦੇ ਮੁਕੰਮਲ ਖਾਤਮੇ ਲਈ ਚਲਾਈ ਗਈ ਜੰਗ 'ਯੁੱਧ ਨਸ਼ਿਆਂ ਵਿਰੁੱਧ' ਨੂੰ 134ਵੇਂ ਦਿਨ ਵੀ ਜਾਰੀ ਰੱਖਦਿਆਂ ਪੰਜਾਬ ਪੁਲਿਸ ਨੇ ਅੱਜ 113 ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕਰਕੇ ਉਨ੍ਹਾਂ ਦੇ ਕਬਜ਼ੇ ਵਿੱਚੋਂ 4.2 ਕਿਲੋ ਹੈਰੋਇਨ, 500 ਗ੍ਰਾਮ ਗਾਂਜਾ, 120 ਕਿਲੋ ਭੁੱਕੀ ਅਤੇ 24,210 ਰੁਪਏ ਦੀ ਡਰੱਗ ਮਨੀ ਬਰਾਮਦ ਕੀਤੀ। ਇਸ ਨਾਲ, ਸਿਰਫ਼ 134 ਦਿਨਾਂ ਵਿੱਚ ਗ੍ਰਿਫ਼ਤਾਰ ਕੀਤੇ ਗਏ ਨਸ਼ਾ ਤਸਕਰਾਂ ਦੀ ਕੁੱਲ ਗਿਣਤੀ 21,819 ਹੋ ਗਈ ਹੈ। ਇਹ ਆਪਰੇਸ਼ਨ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਦੇ ਨਿਰਦੇਸ਼ਾਂ 'ਤੇ ਸੂਬੇ ਦੇ ਸਾਰੇ 28 ਪੁਲਿਸ ਜ਼ਿਲ੍ਹਿਆਂ ਵਿੱਚ ਇੱਕੋ ਸਮੇਂ ਚਲਾਇਆ ਗਿਆ।

ਜ਼ਿਕਰਯੋਗ ਹੈ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਪੁਲਿਸ ਕਮਿਸ਼ਨਰਾਂ, ਡਿਪਟੀ ਕਮਿਸ਼ਨਰਾਂ ਅਤੇ ਸੀਨੀਅਰ ਪੁਲਿਸ ਸੁਪਰਡੈਂਟ ਨੂੰ ਪੰਜਾਬ ਨੂੰ ਨਸ਼ਾ ਮੁਕਤ ਸੂਬਾ ਬਣਾਉਣ ਲਈ ਕਿਹਾ ਗਿਆ ਹੈ। ਪੰਜਾਬ ਸਰਕਾਰ ਨੇ ਨਸ਼ਿਆਂ ਵਿਰੁੱਧ ਜੰਗ ਦੀ ਨਿਗਰਾਨੀ ਲਈ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਦੀ ਅਗਵਾਈ ਵਿੱਚ 5 ਮੈਂਬਰੀ ਕੈਬਨਿਟ ਸਬ ਕਮੇਟੀ ਦਾ ਵੀ ਗਠਨ ਕੀਤਾ ਹੈ।

ਸਪੈਸ਼ਲ ਡੀਜੀਪੀ ਕਾਨੂੰਨ ਅਤੇ ਵਿਵਸਥਾ ਅਰਪਿਤ ਸ਼ੁਕਲਾ ਨੇ ਜਾਣਕਾਰੀ ਦਿੱਤੀ ਕਿ 84 ਗਜ਼ਟਿਡ ਅਧਿਕਾਰੀਆਂ ਦੀ ਨਿਗਰਾਨੀ ਹੇਠ 1200 ਤੋਂ ਵੱਧ ਪੁਲਿਸ ਕਰਮਚਾਰੀਆਂ ਵਾਲੀਆਂ 180 ਤੋਂ ਵੱਧ ਪੁਲਿਸ ਟੀਮਾਂ ਨੇ ਸੂਬੇ ਭਰ ਵਿੱਚ 423 ਥਾਵਾਂ 'ਤੇ ਛਾਪੇਮਾਰੀ ਕੀਤੀ ਹੈ, ਜਿਸ ਦੇ ਚਲਦਿਆਂ ਸੂਬੇ ਭਰ ਵਿੱਚ 93 ਐਫਆਈਆਰਜ਼ ਦਰਜ ਕੀਤੀਆਂ ਗਈਆਂ ਹਨ। ਉਨ੍ਹਾਂ ਅੱਗੇ ਕਿਹਾ ਕਿ ਦਿਨ ਭਰ ਚੱਲੇ ਇਸ ਆਪ੍ਰੇਸ਼ਨ ਦੌਰਾਨ ਪੁਲਿਸ ਟੀਮਾਂ ਨੇ 453 ਸ਼ੱਕੀ ਵਿਅਕਤੀਆਂ ਦੀ ਵੀ ਜਾਂਚ ਕੀਤੀ ਹੈ।

ਸਪੈਸ਼ਲ ਡੀਜੀਪੀ ਨੇ ਕਿਹਾ ਕਿ ਸੂਬਾ ਸਰਕਾਰ ਵੱਲੋਂ ਸੂਬੇ ਵਿੱਚੋਂ ਨਸ਼ਿਆਂ ਦੇ ਖਾਤਮੇ ਲਈ ਤਿੰਨ-ਪੱਖੀ ਰਣਨੀਤੀ - ਇਨਫੋਰਸਮੈਂਟ, ਡੀ-ਅਡਿਕਸ਼ਨ ਅਤੇ ਪ੍ਰੀਵੈਨਸ਼ਨ (ਈਡੀਪੀ) - ਲਾਗੂ ਕੀਤੀ ਗਈ ਹੈ ਅਤੇ ਪੰਜਾਬ ਪੁਲਿਸ ਨੇ 'ਡੀ-ਅਡਿਕਸ਼ਨ' ਹਿੱਸੇ ਵਜੋਂ ਅੱਜ 81 ਵਿਅਕਤੀਆਂ ਨੂੰ ਨਸ਼ਾ ਛੁਡਾਊ ਅਤੇ ਮੁੜ ਵਸੇਬਾ ਇਲਾਜ ਕਰਵਾਉਣ ਲਈ ਰਾਜ਼ੀ ਕੀਤਾ ਹੈ।

ਇਸ ਦੌਰਾਨ, ਪੁਲਿਸ ਟੀਮਾਂ ਨੇ ਬਠਿੰਡਾ, ਮਾਨਸਾ, ਬਰਨਾਲਾ, ਪਟਿਆਲਾ, ਸੰਗਰੂਰ ਅਤੇ ਐਸਏਐਸ ਨਗਰ ਸਮੇਤ ਛੇ ਜ਼ਿਲ੍ਹਿਆਂ ਵਿੱਚ 411 ਮੈਡੀਕਲ ਦੀਆਂ ਦੁਕਾਨਾਂ ਦੀ ਜਾਂਚ ਕੀਤੀ ਹੈ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਉਹ ਨਸ਼ੀਲੀਆਂ ਗੋਲੀਆਂ ਜਾਂ ਕਿਸੇ ਵੀ ਹੋਰ ਨਸ਼ੀਲੇ ਪਦਾਰਥ ਦੀ ਵਿਕਰੀ ਨਾ ਕਰਦੇ ਹੋਣ ਅਤੇ ਦਵਾਈਆਂ ਦੀ ਵਿਕਰੀ ਸੰਬੰਧੀ ਨਿਰਧਾਰਤ ਨਿਯਮਾਂ ਦੀ ਪਾਲਣਾ ਕਰਦੇ ਹੋਣ।

# ਪੰਜਾਬ ਭਰ 'ਚੋਂ ਪਵਿੱਤਰ ਹੱਜ ਯਾਤਰਾ 'ਤੇ ਜਾਣ ਲਈ ਫਾਰਮ 31 ਤੱਕ ਭਰੇ ਜਾਣਗੇ

## ਮਲੇਰਕੋਟਲਾ ਵਿਖੇ ਫਾਰਮ ਭਰਨ ਲਈ ਮੁਫ਼ਤ ਸੇਵਾਵਾਂ ਦੇ ਰਹੇ ਨੇ ਸੋਸ਼ਲ ਵਰਕਰ



ਮਲੇਰਕੋਟਲਾ, 13 ਜੁਲਾਈ, (ਚ.ਨ.ਸ.) : ਹੱਜ ਕਮੇਟੀ ਆਫ਼ ਇੰਡੀਆ ਵੱਲੋਂ ਜਾਰੀ ਕੀਤੇ ਗਏ ਨੋਟੀਫਿਕੇਸ਼ਨ ਦੇ ਅਨੁਸਾਰ ਪਵਿੱਤਰ ਹੱਜ ਯਾਤਰਾ 2026 ਲਈ 7 ਜੁਲਾਈ ਤੋਂ ਫਾਰਮ ਭਰਨੇ ਸ਼ੁਰੂ ਹੋ ਚੁੱਕੇ ਹਨ। ਉੱਕਤ ਜਾਣਕਾਰੀ ਦਿੰਦਿਆਂ ਮਲੇਰਕੋਟਲਾ ਵਿਖੇ ਹੱਜ ਯਾਤਰਾ ਦੇ ਫਾਰਮ ਭਰਨ ਲਈ ਮੁਫ਼ਤ ਸੇਵਾਵਾਂ ਦੇ ਰਹੇ ਸੋਸ਼ਲ ਵਰਕਰ ਮਾਸਟਰ ਅਬਦੁਲ ਅਜ਼ੀਜ ਨੇ ਦੱਸਿਆ ਕਿ ਹੱਜ ਦੇ ਫਾਰਮ ਭਰਨ ਲਈ ਪੰਜਾਬ ਭਰ ਦੇ ਕਿਸੇ ਵੀ ਮੁਸਲਿਮ ਵਿਅਕਤੀ ਵੱਲੋਂ ਮਲੇਰਕੋਟਲਾ ਵਿਖੇ ਆ ਕੇ ਹੱਜ ਸਬੰਧੀ ਸੇਵਾਵਾਂ ਹਾਸਲ ਕੀਤੀਆਂ ਜਾ ਸਕਦੀਆਂ ਹਨ।

# ਬਾਕਸਿੰਗ ਫ਼ੈਡਰੇਸ਼ਨ ਚੋਣਾਂ 'ਚ ਦੇਰੀ ਦਾ ਪਤਾ ਲਗਾਉਣ ਲਈ ਕਮੇਟੀ ਦਾ ਗਠਨ

## ਅੰਤ੍ਰਿਮ ਪੈਨਲ ਨੇ 31 ਅਗਸਤ ਤਕ ਚੋਣਾਂ ਕਰਵਾਉਣ ਦਾ ਭਰੋਸਾ ਦਿੱਤਾ



ਨਵੀਂ ਦਿੱਲੀ, 13 ਜੁਲਾਈ, (ਚ.ਨ.ਸ.) : ਭਾਰਤੀ ਓਲੰਪਿਕ ਸੰਘ (ਆਈ.ਓ.ਏ.) ਦੀ ਪ੍ਰਧਾਨ ਪੀ.ਟੀ. ਊਸ਼ਾ ਨੇ ਭਾਰਤੀ ਮੁੱਕੇਬਾਜ਼ੀ ਫੈਡਰੇਸ਼ਨ ਦੀਆਂ ਚੋਣਾਂ 'ਚ ਲੰਮੇ ਸਮੇਂ ਤੋਂ ਦੇਰੀ ਦੇ ਕਾਰਨਾਂ ਦਾ ਪਤਾ ਲਗਾਉਣ ਲਈ ਇਕ ਕਮੇਟੀ ਦਾ ਗਠਨ ਕੀਤਾ ਹੈ। ਸ਼ੁੱਕਰਵਾਰ ਨੂੰ ਗਠਿਤ ਤੱਥ ਖੋਜ ਕਮੇਟੀ ਨਿਰਪੱਖ ਅਤੇ ਸਮੇਂ ਸਿਰ ਚੋਣਾਂ ਨੂੰ ਯਕੀਨੀ ਬਣਾਉਣ ਲਈ ਇਕ ਰਸਤੇ ਦੀ ਸਿਫਾਰਸ਼ ਕਰੇਗੀ। ਨਵੀਂ ਤਿੰਨ ਮੈਂਬਰੀ ਕਮੇਟੀ ਦੀ ਅਗਵਾਈ ਆਈ.ਓ.ਏ. ਦੇ ਖਜ਼ਾਨਚੀ ਸਹਿਦੇਵ ਯਾਦਵ ਕਰ ਰਹੇ ਹਨ ਜਦਕਿ ਆਈ.ਓ.ਏ. ਕਾਰਜਕਾਰੀ ਕੌਂਸਲ ਦੇ ਮੈਂਬਰ ਭੁਪਿੰਦਰ ਸਿੰਘ ਬਾਜਵਾ ਅਤੇ ਐਡਵੋਕੇਟ ਪਾਇਲ ਕਾਕੜਾ ਹੋਰ ਮੈਂਬਰ ਹਨ। ਊਸ਼ਾ ਨੇ ਆਈ.ਓ.ਏ. ਦਫ਼ਤਰ ਦੇ 11 ਜੁਲਾਈ ਦੇ ਹੁਕਮ 'ਚ ਕਿਹਾ ਕਿ ਬੀ.ਐਫ.ਆਈ. ਦੀ ਮੌਜੂਦਾ ਕਾਰਜਕਾਰੀ ਕਮੇਟੀ ਦਾ ਕਾਰਜਕਾਲ 2 ਫ਼ਰਵਰੀ ਨੂੰ ਖਤਮ ਹੋ ਗਿਆ ਸੀ ਅਤੇ ਉਸ ਤੋਂ ਬਾਅਦ ਨਵੀਆਂ ਚੋਣਾਂ ਨਹੀਂ ਕਰਵਾਈਆਂ ਗਈਆਂ। ਕਮੇਟੀ ਨੂੰ ਇਕ ਹਫਤੇ ਦੇ ਅੰਦਰ ਅਪਣੀ ਰੀਪੋਰਟ ਸੌਂਪਣ ਲਈ ਕਿਹਾ ਗਿਆ ਹੈ ਤਾਂ ਜੋ ਵਿਸ਼ਵ ਮੁੱਕੇਬਾਜ਼ੀ ਨੂੰ ਤੱਥਾਂ ਦੀ ਸਥਿਤੀ ਪੇਸ਼ ਕੀਤੀ ਜਾ ਸਕੇ। ਉੱਧਰ ਬੀ.ਐਫ.ਆਈ. ਦੇ ਕਾਰਜਕਾਰੀ ਨਿਰਦੇਸ਼ਕ ਅਰੁਣ ਮਲਿਕ, ਜੋ ਅੰਤਰਿਮ ਕਮੇਟੀ ਦੇ ਮੈਂਬਰ ਵੀ ਹਨ, ਨੇ ਐਤਵਾਰ ਨੂੰ ਇਕ ਬਿਆਨ ਵਿਚ ਕਿਹਾ ਕਿ ਕਮੇਟੀ ਨਿਰਧਾਰਤ ਸਮਾਂ ਸੀਮਾ ਦੇ ਅੰਦਰ ਸੁਤੰਤਰ ਅਤੇ ਨਿਰਪੱਖ ਚੋਣਾਂ ਕਰਵਾਉਣ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਮਲਿਕ ਨੇ ਕਿਹਾ ਕਿ ਇਸ ਦੇ ਨਾਲ ਹੀ ਇਹ ਪੁਸ਼ਟੀ ਕਰਨਾ ਵੀ ਮਹੱਤਵਪੂਰਨ ਹੈ ਕਿ ਕੌਮੀ ਫੈਡਰੇਸ਼ਨ ਦੀ ਖੁਦਮੁਖਤਿਆਰੀ ਵਿਸ਼ਵ ਸੰਸਥਾ ਵਲੋਂ ਨਿਰਧਾਰਤ ਢਾਂਚੇ ਵੱਲੋਂ ਨਿਯੰਤਰਿਤ ਕੀਤੀ ਜਾਂਦੀ ਹੈ।

# ਬਹੁਤ ਜ਼ਿਆਦਾ ਲੂਣ ਖਾ ਰਹੇ ਨੇ ਭਾਰਤੀ : ਆਈ.ਸੀ.ਐਮ.ਆਰ. ਮੁੱਦੇ ਦੇ ਹੱਲ ਲਈ ਅਧਿਐਨ ਸ਼ੁਰੂ



ਨਵੀਂ ਦਿੱਲੀ, 13 ਜੁਲਾਈ, (ਚ.ਨ.ਸ.) : ਆਈ.ਸੀ.ਐਮ.ਆਰ. ਦੇ ਰਾਸ਼ਟਰੀ ਮਹਾਂਮਾਰੀ ਸੰਸਥਾਨ (ਐਨ.ਆਈ.ਈ.) ਦੇ ਵਿਗਿਆਨੀਆਂ ਅਨੁਸਾਰ ਜ਼ਿਆਦਾ ਨਮਕ ਦੀ ਖਪਤ ਭਾਰਤ 'ਚ ਇਕ ਚੁੱਪ ਮਹਾਂਮਾਰੀ ਨੂੰ ਵਧਾ ਰਹੀ ਹੈ ਅਤੇ ਲੋਕਾਂ ਨੂੰ ਉੱਚ ਬਲੱਡ ਪ੍ਰੈਸ਼ਰ, ਦੌਰਾ, ਦਿਲ ਦੀ ਬਿਮਾਰੀ ਅਤੇ ਗੁਰਦੇ ਦੀਆਂ ਬਿਮਾਰੀਆਂ ਦਾ ਖਤਰਾ ਵੱਧ ਗਿਆ ਹੈ। ਵਿਗਿਆਨੀਆਂ ਨੇ ਇਸ ਮੁੱਦੇ ਨੂੰ ਹੱਲ ਕਰਨ ਲਈ ਭਾਈਚਾਰੇ ਦੀ ਅਗਵਾਈ ਵਿਚ ਨਮਕ ਘਟਾਉਣ ਦਾ ਅਧਿਐਨ ਸ਼ੁਰੂ ਕੀਤਾ ਹੈ ਅਤੇ ਘੱਟ ਸੋਡੀਅਮ ਵਾਲੇ ਨਮਕ ਦੇ ਵਿਕਲਪਾਂ ਉੱਤੇ ਧਿਆਨ ਕੇਂਦਰਤ ਕਰ ਰਹੇ ਹਨ। ਹਾਲਾਂਕਿ ਵਿਸ਼ਵ ਸਿਹਤ ਸੰਗਠਨ (ਡਬਲਯੂ.ਐਚ.ਓ.) ਪ੍ਰਤੀ ਵਿਅਕਤੀ ਪ੍ਰਤੀ ਦਿਨ 5 ਗ੍ਰਾਮ ਤੋਂ ਘੱਟ ਨਮਕ ਦੀ ਸਿਫਾਰਸ਼ ਕਰਦਾ ਹੈ ,ਅਧਿਐਨ ਦਰਸਾਉਂਦੇ ਹਨ ਕਿ ਸ਼ਹਿਰੀ ਭਾਰਤੀ ਪ੍ਰਤੀ ਦਿਨ ਲੱਗਭੱਗ 9.2 ਗ੍ਰਾਮ/ ਦਿਨ ਨਮਕ ਦਾ ਸੇਵਨ ਕਰਦੇ ਹਨ। ਪੇਂਡੂ ਇਲਾਕਿਆਂ ਵਿਚ ਵੀ ਇਹ ਲੱਗਭੱਗ 5.6 ਗ੍ਰਾਮ/ਦਿਨ ਹੈ। ਦੋਵੇਂ ਸਿਫਾਰਸ਼ ਕੀਤੇ ਗਏ ਨਮਕ ਨਾਲੋਂ ਵੱਧ ਹਨ। ਐਨ.ਆਈ.ਈ. ਦੇ ਸੀਨੀਅਰ ਵਿਗਿਆਨੀ ਅਤੇ ਅਧਿਐਨ ਦੇ ਪ੍ਰਮੁੱਖ ਜਾਂਚਕਰਤਾ ਡਾ. ਸ਼ਰਨ ਮੁਰਲੀ ਨੇ ਕਿਹਾ ਕਿ ਇਸ ਕੋਸ਼ਿਸ਼ ਵਿਚ ਇਕ ਵਧੀਆ ਸਾਧਨ ਘੱਟ ਸੋਡੀਅਮ ਨਮਕ ਦੇ ਬਦਲ ਹਨ- ਮਿਸ਼ਰਣ ਜਿੱਥੇ ਸੋਡੀਅਮ ਕਲੋਰਾਈਡ ਦੇ ਹਿੱਸੇ ਨੂੰ ਪੋਟਾਸ਼ੀਅਮ ਜਾਂ ਮੈਗਨੀਸ਼ੀਅਮ ਲੂਣ ਨਾਲ ਬਦਲਿਆ ਜਾਂਦਾ ਹੈ। ਮੁਰਲੀ ਨੇ ਕਿਹਾ ਕਿ ਘੱਟ ਸੋਡੀਅਮ ਵਾਲੇ ਨਮਕ ਦੀ ਵਰਤੋਂ ਕਰਨ ਨਾਲ ਬਲੱਡ ਪ੍ਰੈਸ਼ਰ ਔਸਤਨ 7/4 ਐਮ.ਐਮ.ਐਚ.ਜੀ. ਘੱਟ ਹੋ ਸਕਦਾ ਹੈ।

# ਪ੍ਰੋਫ਼ੈਸਰ ਕਰਦਾ ਸੀ ਤੰਗ, ਵਿਦਿਆਰਥਣ ਨੇ ਕਾਲਜ ਦੇ ਬਾਹਰ ਖ਼ੁਦ ਨੂੰ ਲਗਾਈ ਅੱਗ

ਭੁਵਨੇਸ਼ਵਰ, 13 ਜੁਲਾਈ, (ਚ.ਨ.ਸ.) : : ਓਡੀਸ਼ਾ ਦੇ ਬਾਲਾਸੋਰ ਜ਼ਿਲ੍ਹੇ ਵਿੱਚ ਇੱਕ ਦਿਲ ਦਹਿਲਾ ਦੇਣ ਵਾਲੀ ਘਟਨਾ ਸਾਹਮਣੇ ਆਈ ਹੈ। ਫਕੀਰ ਮੋਹਨ (ਐਫ.ਐਮ.) ਕਾਲਜ ਦੀ ਇੱਕ ਵਿਦਿਆਰਥਣ ਨੇ ਮਾਨਸਿਕ ਅਤੇ ਸਰੀਰਕ ਪਰੇਸ਼ਾਨੀ ਤੋਂ ਤੰਗ ਆ ਕੇ ਕਾਲਜ ਕੈਂਪਸ ਦੇ ਬਾਹਰ ਆਪਣੇ ਆਪ ਨੂੰ ਅੱਗ ਲਗਾ ਲਈ। ਇਹ ਘਟਨਾ ਕਾਲਜ ਦੇ ਬਾਹਰ ਲੱਗੇ ਸੀਸੀਟੀਵੀ ਕੈਮਰੇ ਵਿੱਚ ਵੀ ਕੈਦ ਹੋ ਗਈ ਹੈ, ਜਿਸ ਵਿੱਚ ਵਿਦਿਆਰਥਣ ਇੱਧਰ-ਉੱਧਰ ਸੜਦੀ ਹੋਈ ਭੱਜਦੀ ਦਿਖਾਈ ਦੇ ਰਹੀ ਹੈ। ਵਿਦਿਆਰਥਣ ਨੇ ਆਪਣੇ ਵਿਭਾਗ ਦੇ ਐਚ.ਓ.ਡੀ. ਸਮੀਰ ਕੁਮਾਰ ਸਾਹੂ 'ਤੇ ਗੰਭੀਰ ਦੋਸ਼ ਲਗਾਏ ਹਨ। ਉਸਨੇ ਦੱਸਿਆ ਕਿ ਸਾਹੂ ਲੰਬੇ ਸਮੇਂ ਤੋਂ ਉਸਨੂੰ ਮਾਨਸਿਕ ਅਤੇ ਸਰੀਰਕ ਤੌਰ 'ਤੇ ਪਰੇਸ਼ਾਨ ਕਰ ਰਿਹਾ ਸੀ। ਵਿਦਿਆਰਥਣ ਨੇ ਕਈ ਵਾਰ ਕਾਲਜ ਪ੍ਰਸ਼ਾਸਨ ਨੂੰ ਸ਼ਿਕਾਇਤ ਕੀਤੀ ਸੀ। ਪਰ ਕੋਈ ਠੋਸ ਕਾਰਵਾਈ ਨਹੀਂ ਕੀਤੀ ਗਈ। ਘਟਨਾ ਤੋਂ ਬਾਅਦ, ਵਿਦਿਆਰਥਣ ਨੂੰ ਬਚਾਉਣ ਲਈ ਭੱਜਿਆ ਇੱਕ ਹੋਰ ਵਿਦਿਆਰਥੀ ਵੀ ਗੰਭੀਰ ਰੂਪ ਵਿੱਚ ਝੁਲਸ ਗਿਆ। ਦੋਵਾਂ ਨੂੰ ਪਹਿਲਾਂ ਬਾਲਾਸੋਰ ਜ਼ਿਲ੍ਹਾ ਹਸਪਤਾਲ ਲਿਜਾਇਆ ਗਿਆ, ਜਿੱਥੋਂ ਉਨ੍ਹਾਂ ਦੀ ਹਾਲਤ ਨਾਜ਼ੁਕ ਹੋਣ 'ਤੇ ਉਨ੍ਹਾਂ ਨੂੰ ਏਮਜ਼ ਭੁਵਨੇਸ਼ਵਰ ਰੈਫਰ ਕਰ ਦਿੱਤਾ ਗਿਆ। ਘਟਨਾ ਦੀ ਸੂਚਨਾ ਮਿਲਣ ਤੇ ਬਾਲਾਸੋਰ ਟਾਊਨ ਥਾਣਾ ਕਾਲਜ ਪਹੁੰਚਿਆ ਅਤੇ ਦੋਸ਼ੀ ਅਧਿਆਪਕ ਸਮੀਰ ਕੁਮਾਰ ਸਾਹੂ ਨੂੰ ਹਿਰਾਸਤ ਵਿੱਚ ਲੈ ਕੇ ਪੁੱਛ-ਗਿੱਛ ਸ਼ੁਰੂ ਕਰ ਦਿੱਤੀ। ਪ੍ਰਿੰਸੀਪਲ ਦੇ ਅਨੁਸਾਰ, ਘਟਨਾ ਵਾਲੇ ਦਿਨ ਵਿਦਿਆਰਥਣ ਉਨ੍ਹਾਂ ਨੂੰ ਮਿਲੀ ਸੀ ਅਤੇ ਉਨ੍ਹਾਂ ਨੇ ਉਨ੍ਹਾਂ ਨੂੰ ਭਰੋਸਾ ਵੀ ਦਿੱਤਾ ਸੀ। ਕੁਝ ਸਮੇਂ ਬਾਅਦ, ਵਿਦਿਆਰਥਣ ਨੇ ਕਾਲਜ ਕੈਂਪਸ ਵਿੱਚ ਆਪਣੇ ਆਪ ਨੂੰ ਅੱਗ ਲਗਾ ਲਈ।

# ਗੁਰਿੰਦਰ ਸਿੰਘ ਨੂੰ ਸ੍ਰੀ ਦਰਬਾਰ ਸਾਹਿਬ ਵਿਖੇ ਝਗੜਾ ਕਰਨ ਕਾਰਨ ਮਾਮਲਾ ਦਰਜ ਕਰਕੇ ਭੇਜਿਆ ਜੇਲ੍ਹ



ਅੰਮ੍ਰਿਤਸਰ, 13 ਜੁਲਾਈ, (ਬਬਲੂ ਮਹਾਜਨ) : ਨਿੱਜੀ ਤੌਰ 'ਤੇ ਗਾਈਡ ਦੀਆਂ ਸੇਵਾਵਾਂ ਦੇਣ ਬਦਲੇ ਬੀਤੇ ਦਿਨੀਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਸੰਗਤਾਂ ਪਾਸੋਂ ਮੋਟੀ ਰਕਮ ਵਸੂਲਣ ਵਾਲੇ ਗੁਰਿੰਦਰ ਸਿੰਘ ਨੂੰ ਝਗੜਾ ਕਰਨ ਕਾਰਨ ਪੁਲਿਸ ਵੱਲੋਂ ਮਾਮਲਾ ਦਰਜ ਕਰਕੇ ਜੇਲ੍ਹ ਭੇਜ ਦਿੱਤਾ ਗਿਆ ਹੈ। ਪੁਲਿਸ ਨੂੰ ਦਿੱਤੀ ਸ਼ਿਕਾਇਤ ਵਿਚ ਸ੍ਰੀ ਹਰਿਮੰਦਰ ਸਾਹਿਬ ਦੀਆਂ ਪਰਿਕਰਮਾ 'ਚ ਬਤੌਰ ਨਿਗਰਾਨ ਸਮਸ਼ੇਰ ਸਿੰਘ ਸ਼ੇਰਾ ਨੇ ਦੱਸਿਆ ਕਿ ਗੁਰਿੰਦਰ ਸਿੰਘ ਉਸ ਨਾਲ ਦੁਰਵਿਹਾਰ ਕਰ ਰਿਹਾ ਸੀ। ਜਿਸ ਦੀ ਸ਼ਿਕਾਇਤ ਲਈ ਉਹ ਪੁਲਿਸ ਚੌਂਕੀ ਗਲਿਆਰਾ ਪਾਸ ਗਿਆ ਸੀ, ਤੇ ਇਸ ਦਰਮਿਆਨ ਵੀ ਗੁਰਿੰਦਰ ਸਿੰਘ ਨੇ ਉਸ ਨਾਲ ਝਗੜਾ ਕਰਨ ਦੀ ਕੋਸ਼ਿਸ਼ ਕੀਤੀ। ਪੁਲਿਸ ਮੁਲਾਜ਼ਮਾਂ ਦੀ ਮੌਜੂਦਗੀ ਵਿੱਚ ਵੀ ਗੁਰਿੰਦਰ ਸਿੰਘ ਨੇ ਸ਼ਮਸ਼ੇਰ ਸਿੰਘ ਸ਼ੇਰਾ ਨਾਲ ਝਗੜਾ ਕਰਨ ਦੀ ਕੋਸ਼ਿਸ਼ ਕੀਤੀ। ਪਰਿਕਰਮਾਂ ਵਿਚ ਬਤੌਰ ਨਿਗਰਾਨ ਤਾਇਨਾਤ ਸ਼ਮਸ਼ੇਰ ਸਿੰਘ ਸ਼ੇਰਾ ਨੇ ਪਿਛਲੇ ਦਿਨੀਂ ਗੁਰਿੰਦਰ ਸਿੰਘ ਨੂੰ ਪਰਿਕਰਮਾਂ ਵਿਚ ਸ਼ਰਧਾਲੂ ਦੇ ਨਾਲ ਝਗੜਦਿਆਂ ਦੇਖਿਆ, ਜਿਸ ਨੂੰ ਹੱਲ ਕਰਨ ਲਈ ਮੌਕੇ 'ਤੇ ਪਹੁੰਚੇ ਸ਼ਮਸ਼ੇਰ ਸਿੰਘ ਸ਼ੇਰਾ ਨੇ ਜਦ ਝਗੜੇ ਦੀ ਛਾਣਬੀਣ ਕੀਤੀ ਤਾਂ ਉਸ ਨੂੰ ਪਤਾ ਲੱਗਾ ਕਿ ਗੁਰਿੰਦਰ ਸਿੰਘ ਗਾਈਡ ਬਣ ਕੇ ਸੰਗਤਾਂ ਪਾਸੋਂ ਮੋਟੀ ਰਕਮ ਵਸੂਲ ਕਰ ਰਿਹਾ ਹੈ। ਜਿਸ ਦੀ ਜਾਣਕਾਰੀ ਉਸ ਵੱਲੋਂ ਉੱਚ ਅਧਿਕਾਰੀਆਂ ਨੂੰ ਦਿੱਤੀ ਗਈ। ਮੈਨੇਜਰ ਸ੍ਰੀ ਦਰਬਾਰ ਸਾਹਿਬ ਭਗਵੰਤ ਸਿੰਘ ਧੰਗੇੜਾ ਨੇ ਮਾਮਲਾ ਸ਼੍ਰੋਮਣੀ ਕਮੇਟੀ ਦੇ ਫਲਾਇੰਗ ਵਿਭਾਗ ਨੂੰ ਸੌਂਪ ਦਿੱਤਾ। ਇਸ ਦਰਮਿਆਨ ਜਾਂਚ ਵਿਚ ਇਹ ਵੀ ਸਾਹਮਣੇ ਆਇਆ ਕੀ ਪਰਿਕਰਮਾਂ ਵਿਚ ਡਿਊਟੀ ਕਰ ਰਹੇ ਕਈ ਸੇਵਾਦਾਰ ਵੀ ਗੁਰਿੰਦਰ ਸਿੰਘ ਦਾ ਸਹਿਯੋਗ ਕਰ ਰਹੇ ਸਨ। ਫਲਾਇੰਗ ਵਿਭਾਗ ਵੱਲੋਂ ਗੁਰਿੰਦਰ ਸਿੰਘ ਨਾਲ ਸ਼ਾਮਲ ਸੇਵਾਦਾਰਾਂ ਦੇ ਬਿਆਨ ਵੀ ਦਰਜ ਕੀਤੇ ਜਾ ਰਹੇ ਹਨ। ਇਸੇ ਦਰਮਿਆਨ ਗੁਰਿੰਦਰ ਸਿੰਘ ਦੇ ਖਿਲਾਫ ਸ਼ਮਸ਼ੇਰ ਸਿੰਘ ਸ਼ੇਰਾ ਨੇ ਪੁਲਿਸ ਚੌਂਕੀ ਗਲਿਆਰਾਂ ਨੂੰ ਦਰਖਾਸਤ ਵੀ ਦਿੱਤੀ ਹੈ। ਪੁਲਿਸ ਨੇ ਕਾਰਵਾਈ ਕਰਦਿਆਂ ਗੁਰਿੰਦਰ ਸਿੰਘ ਨੂੰ ਨਿਆਇਕ ਹਿਰਾਸਤ ਜੇਲ੍ਹ ਭੇਜ ਦਿੱਤਾ ਹੈ।

ਸ਼੍ਰੋਮਣੀ ਕਮੇਟੀ ਦਾ ਫਲਾਇੰਗ ਵਿਭਾਗ ਇਸ ਕੇਸ ਦੀ ਪੜਤਾਲ ਕਰ ਰਿਹਾ ਹੈ। ਉੱਥੇ ਹੀ ਕੇਸ ਦੇ ਨਾਲ ਸਬੰਧਿਤ ਗੁਰਿੰਦਰ ਸਿੰਘ ਇਸ ਸਮੇਂ ਜੇਲ੍ਹ ਵਿਚ ਬੰਦ ਹੈ। ਭਾਵੇਂ ਫਲਾਈ ਵਿਭਾਗ ਨੇ ਗੁਰਿੰਦਰ ਸਿੰਘ ਦੇ ਖਾਤੇ ਦੀ ਜਾਂਚ ਕਰਵਾਈ ਤਾਂ ਲੱਖਾਂ ਰੁਪਏ ਉਸ ਦੇ ਖਾਤੇ ਵਿਚ ਯੂਪੀਆਈ ਰਾਹੀਂ ਲੈਣ-ਦੇਣ ਦੇ ਦਿਖਾਈ ਦਿੱਤੇ। ਇਸ ਤੋਂ ਇਲਾਵਾ ਗੁਰਿੰਦਰ ਸਿੰਘ ਵੱਲੋਂ ਗਾਈਡ ਦੀਆਂ ਸੇਵਾਵਾਂ ਨਿਭਾਉਂਦੇ ਹੋਏ ਬਹੁਤ ਸਾਰੀ ਰਕਮ ਨਗਦ ਵੀ ਵਸੂਲ ਕਰਨ ਦੀ ਜਾਂਚ ਕੀਤੀ ਜਾ ਰਹੀ ਹੈ। ਸ੍ਰੀ ਹਰਿਮੰਦਰ ਸਾਹਿਬ ਦੀਆਂ ਪਰਿਕਰਮਾ ਵਿਚ ਭਾਵੇਂ ਛੇ ਗਾਈਡ ਮੁਫਤ ਸੇਵਾਵਾਂ ਦੇਣ ਲਈ ਮੌਜੂਦ ਰਹਿੰਦੇ ਹਨ, ਪਰ ਫਿਰ ਵੀ ਨਿੱਜੀ ਤੌਰ 'ਤੇ ਗਾਈਡ ਦੀਆਂ ਸੇਵਾਵਾਂ ਦੇ ਕੇ ਸੰਗਤਾਂ ਪਾਸੋਂ ਮੋਟੀ ਰਕਮ ਵਸੂਲ ਕਰਨ ਦਾ ਇਹ ਅਨੋਖਾ ਮਾਮਲਾ ਸਾਹਮਣੇ ਆਇਆ ਹੈ।

ਥਾਣਾ ਈ ਡਵੀਜਨ ਦੇ ਐਸਐਚਓ ਹਰਮਨਜੀਤ ਸਿੰਘ ਨੇ ਦੱਸਿਆ ਕਿ ਦਰਜ ਮਾਮਲੇ ਅਨੁਸਾਰ ਪੁਲਿਸ ਮੁਲਾਜਮ ਹਰਮਨਜੋਤ ਪਾਲ ਅਤੇ ਹਰਭਜਨ ਸਿੰਘ ਪੈਦਲ ਗਸ਼ਤ ਦੇ ਸਬੰਧ ਵਿਚ ਪਲਾਜ਼ਾ ਘੰਟਾ ਘਰ ਵੱਲ ਜਾ ਰਹੇ ਸਨ, ਕਿ ਸ਼ਨੀ ਮੰਦਰ ਨੇੜੇ ਘੰਟਾ ਘਰ ਛਬੀਲ ਨੇੜੇ ਸ਼ਮਸ਼ੇਰ ਸਿੰਘ ਪੁੱਤਰ ਜਗਤਾਰ ਸਿੰਘ ਵਾਸੀ ਪਿੰਡ ਚੀਚਾ ਜ਼ਿਲ੍ਹਾ ਅੰਮ੍ਰਿਤਸਰ ਨੇ ਆ ਕੇ ਇਕ ਲਿਖਤੀ ਦਰਖਾਸਤ ਇਨ੍ਹਾਂ ਨੂੰ ਦਿੱਤੀ। ਗੁਰਿੰਦਰ ਸਿੰਘ ਪੁੱਤਰ ਅਜੀਤ ਸਿੰਘ ਵਾਸੀ ਖਾਨਕੋਟ ਅੰਮ੍ਰਿਤਸਰ ਨੂੰ ਲਿਆ ਕੇ ਮੁਨਸ਼ੀ ਅੱਗੇ ਪੇਸ਼ ਕੀਤਾ ਅਤੇ ਦਰਖਾਸਤ ਦੀ ਦਰਿਆਫਤ ਕਰਦੇ ਸਮੇਂ ਗੁਰਿੰਦਰ ਸਿੰਘ ਉੱਚੀ ਉੱਚੀ ਬੋਲਣ ਲੱਗ ਪਿਆ। ਦਰਖਾਸਤ ਕਰਤਾ ਨੂੰ ਗਾਲ਼ ਮੰਦਾ ਕਰਨ ਲੱਗ ਪਿਆ, ਜਿਸ ਨੂੰ ਅਜਿਹਾ ਕਰਨ ਤੋਂ ਰੋਕਿਆ ਤੇ ਸਮਝਇਆ ਗਿਆ, ਜੋ ਫਿਰ ਵੀ ਆਪਣੀ ਹਰਕਤਾਂ ਤੋਂ ਬਾਜ ਨਾ ਆਇਆ।

# ਕਾਂਗਰਸ ਦੀ ਪਾਇਲ 'ਸੰਵਿਧਾਨ ਬਚਾਓ' ਰੈਲੀ 'ਚ ਆਗੂ ਉਚੇਚੇ ਤੌਰ 'ਤੇ ਪਹੁੰਚੇ



ਪਾਇਲ, 13 ਜੁਲਾਈ, (ਅੰਮ੍ਰਿਤਪਾਲ ਸਿੰਘ/ਸੰਜੀਵ ਲਹਿਲ) : ਕਾਂਗਰਸ ਪਾਰਟੀ ਵੱਲੋਂ ਕੁਲ ਹਿੰਦ ਕਾਂਗਰਸ ਦੇ ਪ੍ਰਧਾਨ ਰਾਹੁਲ ਗਾਂਧੀ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਪਾਇਲ ਵਿਖੇ ਜ਼ਿਲ੍ਹਾ ਕਾਂਗਰਸ ਕਮੇਟੀ ਦੇ ਪ੍ਰਧਾਨ ਤੇ ਸਾਬਕਾ ਵਿਧਾਇਕ ਲਖਵੀਰ ਸਿੰਘ ਲੱਖਾ ਦੀ ਅਗਵਾਈ ਹੇਠ, ਸੰਵਿਧਾਨ ਬਚਾਓ ਰੈਲੀ ਦੌਰਾਨ ਹੋਏ ਭਾਰੀ ਇਕੱਠ ਨੇ ਨਵਾਂ ਇਤਿਹਾਸ ਸਿਰਜਿਆ। ਰੈਲੀ ਨੂੰ ਲੋਕ ਸਭਾ ਹਲਕਾ ਸ੍ਰੀ ਫ਼ਤਹਿਗੜ੍ਹ ਸਾਹਿਬ ਤੋਂ ਸੰਸਦ ਡਾ .ਅਮਰ ਸਿੰਘ, ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ, ਸਾਬਕਾ ਮੰਤਰੀ ਗੁਰਕੀਰਤ ਸਿੰਘ ਕੋਟਲੀ,ਰਵਿੰਦਰ ਡਾਲਵੀ ਪੰਜਾਬ ਕੋ-ਇੰਚਾਰਜ, ਜਨਰਲ ਸਕੱਤਰ ਕੈਪਟਨ ਸੰਦੀਪ ਸਿੰਘ ਸੰਧੂ ਸਮੇਤ ਹੋਰ ਲੀਡਰਾਂ ਨੇ ਆਮ ਆਦਮੀ ਪਾਰਟੀ,ਭਾਜਪਾ ਤੇ ਅਕਾਲੀ ਦਲ 'ਤੇ ਤਾਬੜ ਤੋੜ ਹਮਲੇ ਕੀਤੇ। ਸਾਬਕਾ ਉਪ ਮੁੱਖ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਕਿਹਾ ਕਿ ਕੇਂਦਰ ਦੀ ਭਾਜਪਾ ਸਰਕਾਰ ਦੇਸ਼ ਦੇ ਸੰਵਿਧਾਨ ਨੂੰ ਤੋੜ ਮਰੋੜ ਕੇ ਆਪਣੀ ਮਰਜ਼ੀ ਦੇ ਸਿਧਾਂਤ ਲਾਗੂ ਕਰਨਾ ਚਾਹੁੰਦੀ ਹੈ, ਜਿਸ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਉਹਨਾਂ ਨੇ ਮੁੱਖ ਮੰਤਰੀ ਭਗਵੰਤ ਮਾਨ 'ਤੇ ਵਰ੍ਹਦਿਆਂ ਕਿਹਾ ਕਿ ਪੰਜਾਬ ਵਿੱਚ ਲਗਭਗ ਚਾਰ ਸਾਲ ਹੋਣ ਬਾਲਾ ਹੈ ਅਤੇ ਹੁਣ ਪੰਜਾਬ ਦੇ ਨੌਜਵਾਨੀ ਨਸ਼ੇ ਦੇ ਵਿੱਚ ਗੁਲਤਾਨ ਹੋਈ ਪਈ ਹੈ। ਭਗਵੰਤ ਮਾਨ ਜੋ ਕਿ ਪੰਜਾਬ ਨੂੰ ਨਸ਼ਾ ਮੁਕਤ ਕਰਨ ਦੀ ਗੱਲ ਵਾਰ ਵਾਰ ਕਹਿ ਰਹੇ ਹਨ, ਉਹ ਸਰਾਸਰ ਪੰਜਾਬ ਦੇ ਨੌਜਵਾਨਾਂ ਤੇ ਪੰਜਾਬ ਦੇ ਲੋਕਾਂ ਦੇ ਨਾਲ ਧੋਖਾ ਹੈ। ਉਹਨਾਂ ਨੇ ਕਿਹਾ ਕਿ ਪੰਜਾਬ ਦੇ ਲੋਕਾਂ ਨੂੰ ਆਮ ਆਦਮੀ ਦੀ ਸਰਕਾਰ ਵੱਲੋਂ ਕੁੱਟਿਆ ਅਤੇ ਲੁੱਟਿਆ ਜਾ ਰਿਹਾ ਹੈ। ਉਹਨਾਂ ਕਿਹਾ ਕਿ ਮਹਿਜ਼ ਡੇਢ ਸਾਲ ਦਾ ਹੀ ਸਮਾਂ ਰਹਿ ਗਿਆ ਹੈ। ਉਸ ਉਪਰੰਤ ਪੰਜਾਬ ਵਿੱਚ ਕਾਂਗਰਸ ਦੀ ਸਰਕਾਰ ਪੂਰਨ ਤੌਰ 'ਤੇ ਬਣੇਗੀ ਅਤੇ ਆਮ ਆਦਮੀ ਪਾਰਟੀ ਤੋਂ ਇਹਨਾਂ ਧੱਕੇਸ਼ਾਹੀਆਂ ਦਾ ਬਦਲਾ ਲਿਆ ਜਾਵੇਗਾ। ਧੱਕੇਸ਼ਾਹੀਆਂ ਦਾ ਬਦਲਾ ਲਿਆ ਜਾਵੇਗਾ। ਉਹਨਾਂ ਕਿਹਾ ਕਿ ਇਹ ਬਦਲਾਅ ਨਹੀਂ ਹੈ ,ਇਹ ਝੂਠ ਦੀ ਹਨੇਰੀ ਆਈ ਸੀ ਜਿਸਦੇ ਝਾਂਸੇ ਵਿੱਚ ਸਾਰੇ ਹੀ ਸੂਬੇ ਦੇ ਹਰ ਵਰਗ ਦੇ ਲੋਕ ਫੱਸ ਗਏ। ਮੁੱਖ ਮੰਤਰੀ ਦੀ ਹੈਲੋ ਕਹਿਣ ਦੀ ਭਾਸ਼ਾ ਬੰਦ ਕੀਤੀ ਜਾਵੇਗੀ।ਉਹਨਾਂ ਅਫ਼ਸਰਸ਼ਾਹੀ ਨੂੰ ਸਖ਼ਤ ਚਿਤਾਵਨੀ ਦਿੰਦਿਆਂ ਕਿਹਾ ਕਿ ਉਹ ਸਰਕਾਰ ਦੀ ਸ਼ਹਿ ਤੇ ਕਾਂਗਰਸੀਆਂ ਨੂੰ ਤੰਗ ਪ੍ਰੇਸ਼ਾਨ ਕਰਨਾ ਬੰਦ ਕਰ ਦੇਣ ਨਹੀਂ ਤਾਂ ਕਾਂਗਰਸ ਸਰਕਾਰ ਬਣਨ 'ਤੇ ਤੁਹਾਨੂੰ ਸਬਕ ਸਿਖਾਇਆ ਜਾਵੇਗਾ। ਉਹਨਾਂ ਅੱਗੇ ਕਿਹਾ ਕਿ ਸਾਡਾ ਗੱਠਜੋੜ ਪੰਜਾਬ ਤੇ ਕਾਂਗਰਸ ਨਾਲ ਹੈ ।ਅਸੀਂ 2027 ਵਿੱਚ ਪਾਈ ਪਾਈ ਦੇ ਹਿਸਾਬ ਲੈ ਕੇ ਦਮ ਲਵਾਂਗੇ।

ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਸੰਬੋਧਨ ਕਰਦਿਆਂ ਕਿਹਾ ਕਿ ਬਾਬਾ ਸਾਹਿਬ ਡਾ . ਭੀਮ ਰਾਓ ਅੰਬੇਦਕਰ ਹਰ ਵਰਗ ਦੀ ਜਿੰਦ ਜਾਨ ਹਨ, ਜਿਹਨਾਂ ਹਰ ਵਰਗ ਨੂੰ ਇਨਸਾਫ਼ ਅਤੇ ਹਰ ਵਰਗ ਨੂੰ ਹੱਕ ਹਕੂਕ ਦੇ ਕੇ ਜਿਊਣ ਦਾ ਬਲ ਦਿੱਤਾ। ਸ਼ਹੀਦ -ਏ -ਆਜਮ ਭਗਤ ਸਿੰਘ ,ਰਾਜਗੁਰੂ ,ਸੁਖਦੇਵ ,ਊਧਮ ਸਿੰਘ ਸੁਨਾਮ ,ਕਰਤਾਰ ਸਿੰਘ ਸ਼ਰਾਭਾ ,ਮਸ਼ਗਲ ਪਾਂਡੇ ਸਮੇਤ ਹੋਰ ਹਜ਼ਾਰਾਂ ਹੀ ਦੇਸ਼ ਭਗਤਾਂ ਨੇ ਦੇਸ਼ ਦੀ ਜਨਤਾ ਨੂੰ ਜਾਗਰੂਕ ਕਰਕੇ ਆਜ਼ਾਦੀ ਲਿਆਂਦੀ,ਪਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਕੇਂਦਰ ਧਰਮ ਦੇ ਨਾਮ ਸੰਵਿਧਾਨ ਨੂੰ ਤੋੜ ਮਰੋੜ ਕੇ ਨਿੱਜੀ ਲਾਹਾ ਲੈਣਾ ਚਾਹੁੰਦੀ ਹੈ, ਤਾਂ ਲੋਕਾਂ ਦੀ ਹੱਕ ,ਸੱਚ ਦੀ ਆਵਾਜ ਨੂੰ ਬੁਲੰਦ ਕਰਨ ਦਾ ਅਧਿਕਾਰ ਖੋਹਿਆ ਜਾਵੇ ਅਤੇ ਪ੍ਰੈੱਸ ਦੀ ਆਜ਼ਾਦੀ 'ਤੇ ਵੀ ਸਿੱਧਾ ਹਮਲਾ ਕਰਕੇ ਮੀਡੀਆ ਨੂੰ ਕੈਪਚਰ ਕੀਤਾ ਜਾ ਰਿਹਾ ਹੈ। ਕਾਂਗਰਸ ਸ੍ਰੀ ਰਾਹੁਲ ਗਾਂਧੀ ਦੀ ਅਗਵਾਈ ਹੇਠ ਤਕੜੇ ਹੋ ਕੇ ਲੜਾਈ ਲੜ ਕੇ ਸੰਵਿਧਾਨ ਨੂੰ ਬਰਕਰਾਰ ਰੱਖਿਆ ਹੋਇਆ ਹੈ। ਕਾਂਗਰਸ ਪਾਰਟੀ ਇੱਕ ਧਰਮ ਨਿਰਪੱਖ ਪਾਰਟੀ ਹੈ, ਜਿਸ ਨੇ ਹਿੰਦੂ, ਸਿੱਖ, ਈਸਾਈ, ਮੁਸਲਮਾਨ ,ਕਿਸਾਨ ਤੇ ਦਲਿਤ ਵਰਗ ਨੂੰ ਇੱਕ ਮਾਲਾ ਵਿੱਚ ਪਰੋ ਕੇ ਰੱਖਿਆ ਹੋਇਆ ਹੈ। ਰਾਜਾ ਵੜਿੰਗ ਨੇ ਕਾਂਗਰਸੀਆਂ ਨਾਲ ਧੱਕਾਸ਼ਾਹੀ ਜਾਂ ਝੂਠੇ ਪਰਚੇ ਦਰਜ ਕਰਨ ਵਾਲਿਆਂ ਨੂੰ ਚਿਤਾਵਨੀ ਦਿੰਦਿਆਂ ਕਿਹਾ ਕਿ ਵਿਧਾਇਕਾਂ ਜਾਂ ਮੰਤਰੀਆਂ ਦੀ ਸ਼ਹਿ 'ਤੇ ਝੂਠੇ ਪਰਚੇ ਦਰਜ ਵਾਲੇ ਪੁਲਿਸ ਅਧਿਕਾਰੀ ਬਖਸ਼ੇ ਨਹੀਂ ਜਾਣਗੇ। ਝੂਠੇ ਪਰਚੇ ਸਬੰਧੀ ਕਾਂਗਰਸ ਵੱਲੋਂ ਵਿਸ਼ੇਸ਼ ਕਾਨੂੰਨ ਬਣਾਇਆ ਜਾਵੇਗਾ। ਪੰਜਾਬ ਸਰਕਾਰ ਦੀ ਲੈਂਡ ਪੂਲਿੰਗ ਨੀਤੀ ਬਾਰੇ ਰਾਜਾ ਵੜਿੰਗ ਨੇ ਸਪੱਸ਼ਟ ਕਿਹਾ ਕਿ 2013 ਭੂਮੀ ਗ੍ਰਹਿਣ ਕਾਨੂੰਨ ਤਹਿਤ 80% ਕਿਸਾਨਾਂ ਦੀ ਸਹਿਮਤੀ ਤੋਂ ਬਿਨਾਂ ਕੋਈ ਵੀ ਸਰਕਾਰ ਜ਼ਮੀਨ ਐਕੁਆਇਰ ਨਹੀਂ ਕਰ ਸਕਦੀ। ਇਸ ਸਬੰਧੀ ਮਰਹੂਮ ਪ੍ਰਧਾਨ ਮੰਤਰੀ ਡਾਕਟਰ ਮਨਮੋਹਨ ਸਿੰਘ ਵੱਲੋਂ ਕਾਨੂੰਨ ਬਣਾਇਆ ਗਿਆ ਸੀ ,ਪਰ ਭਗਵੰਤ ਮਾਨ ਸਰਕਾਰ ਸੁਣ ਦਿੱਲੀ ਦੇ ਸਾਬਕਾ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੇ ਇਸ਼ਾਰੇ 'ਤੇ ਪੰਜਾਬਾਂ ਦੇ ਕਿਸਾਨਾਂ ਦੀ ਜ਼ਮੀਨ ਹੜੱਪ ਦੀ ਸ਼ਾਜਿਸ਼ ਰਚ ਰਹੀ ਹੈ। ਇਸ ਮੌਕੇ 'ਤੇ ਸਾਬਕਾ ਮੰਤਰੀ ਤੇਜਪ੍ਰਕਾਸ਼ ਸਿੰਘ ਕੋਟਲੀ , ਸਾਬਕਾ ਮੰਤਰੀ ਮਲਕੀਤ ਸਿੰਘ ਦਾਖਾ, ਸਾਬਕਾ ਵਿਧਾਇਕ ਸੁਰਜੀਤ ਸਿੰਘ ਭੁੱਲਰ, ਅਬਜਰਵਰ ਰਾਜਿੰਦਰ ਸਿੰਘ ਲੱਖਾ ਰੌਣੀ , ਬੰਤ ਸਿੰਘ ਦੋਬੁਰਜੀ, ਕੋਆਰਡੀਨੇਟਰ ਹਲਕਾ ਪਾਇਲ, ਰੁਪਿੰਦਰ ਸਿੰਘ ਰਾਜਾ ਗਿੱਲ, ਸਾਬਕਾ ਓ.ਐੱਸ.ਡੀ.ਓਡ ਡਾਕਟਰ ਗੁਰਮੁੱਖ ਸਿੰਘ ਚਾਹਲ , ਬਲਾਕ ਪ੍ਰਧਾਨ ਗੁਰਵਿੰਦਰ ਸਿੰਘ ਗਿੱਲ , ਬਲਾਕ ਪ੍ਰਧਾਨ ਗੁਰਮੇਲ ਸਿੰਘ ਗਿੱਲ ਬੇਰ ਕਲਾਂ , ਪੀ.ਏ ਰਣਜੀਤ ਸਿੰਘ ਪਾਇਲ, ਯਾਦਵਿੰਦਰ ਸਿੰਘ ਜੰਡਾਲੀ, ਗੁਰਦੀਪ ਸਿੰਘ ਜ਼ੁਲਮਗੜ੍ਹ , ਕਰਮ ਸਿੰਘ ਪੱਲ੍ਹਾ ਸਾਬਕਾ ਸਰਪੰਚ ,ਅਮਰਜੀਤ ਸਿੰਘ ਬੋਪਾਰਾਏ ਜਰਗ, ਦਵਿੰਦਰ ਸਿੰਘ ਵੀਡੀਓ ਮੰਡੇਰ,ਪੰਚ ਜਸਵੀਰ ਸਿੰਘ ਮੰਡੇਰ ਕਾਲਾ, ਪੰਚ ਗੁਰਪ੍ਰੀਤ ਸਿੰਘ ਗੁਰੀ ਮੁਖਤਿਆਰ ਸਿੰਘ ਪਾਇਲ, ਸਾਬਕਾ ਸਰਪੰਚ ਗਗਨਦੀਪ ਸਿੰਘ ਲੰਢਾ, ਨੌਜਵਾਨ ਆਗੂ ਸੋਹਣ ਸਿੰਘ ਕੱਦੋਂ ,ਸਾਬਕਾ ਸਰਪੰਚ ਅਜੀਤ ਸਿੰਘ ਦੀਪ ਨਗਰ ਸਮੇਤ ਵੱਡੀ ਗਿਣਤੀ ਵਿੱਚ ਵਰਕਰ ਹਾਜ਼ਰ ਸਨ।

ਪਾਠਕ ਆਪਣੇ ਹਾਕਰ ਤੋਂ ਚੜ੍ਹਦੀਕਲਾ ਦੀ ਮੰਗ ਕਰਨ

ਚੜ੍ਹਦੀਕਲਾ ਪੜ੍ਹੋ !
ਚੜ੍ਹਦੀਕਲਾ ਵਿੱਚ ਰਹੋ !!

# ਯੂ.ਪੀ. ਦੇ ਮੁੱਖ ਮੰਤਰੀ ਵੱਲੋਂ ਸ੍ਰੀ ਗੁਰੂ ਤੇਗ ਬਹਾਦਰ ਸ਼ਹੀਦੀ ਸੰਦੇਸ਼ ਯਾਤਰਾ ਕੱਢਣੀ ਸ਼ਲਾਘਾਯੋਗ ਉਪਰਾਲਾ : ਜਗਦੀਪ ਸਿੰਘ ਕਾਹਲੋਂ



ਨਵੀਂ ਦਿੱਲੀ, 13 ਜੁਲਾਈ, (ਅੰਮ੍ਰਿਤਪਾਲ ਸਿੰਘ) : ਨੌਵੇਂ ਪਾਤਸ਼ਾਹ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹਾਦਤ 'ਤੇ ਉਹਨਾਂ ਦੇ ਅੰਤਿਮ ਸਸਕਾਰ ਦੀ ਵਿਲੱਖਣਤਾ ਦੀ ਮਨੁੱਖੀ ਇਤਿਹਾਸ ਵਿਚ ਕੋਈ ਬਰਾਬਰੀ ਨਹੀਂ ਮਿਲਦੀ। ਇਹ ਪ੍ਰਗਟਾਵਾ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਸਕੱਤਰ ਸਰਦਾਰ ਜਗਦੀਪ ਸਿੰਘ ਕਾਹਲੋਂ ਨੇ ਕੀਤਾ ਹੈ।

ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350 ਸਾਲਾ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਸ਼ਹੀਦੀ ਸੰਦੇਸ਼ ਯਾਤਰਾ ਨੂੰ ਰਵਾਨਾ ਕਰਨ ਵਾਸਤੇ ਯੂ ਪੀ ਦੇ ਮੁੱਖ ਮੰਤਰੀ ਦੀ ਰਿਹਾਇਸ਼ 'ਤੇ ਹੋਏ ਸਮਾਗਮ ਨੂੰ ਸੰਬੋਧਨ ਕਰਦਿਆਂ ਜਗਦੀਪ ਸਿੰਘ ਕਾਹਲੋਂ ਨੇ ਕਿਹਾ ਕਿ ਕਿਸੇ ਵੀ ਧਰਮ ਦੀ ਰਾਖੀ ਵਾਸਤੇ ਆਪਣੇ ਆਪ ਦੀ ਸ਼ਹਾਦਤ ਦੇਣਾ ਤੇ ਸ਼ਹਾਦਤ ਤੋਂ ਬਾਅਦ ਸਿਰ ਅਤੇ ਧੜ ਦਾ ਅੰਤਿਮ ਸਸਕਾਰ ਦੋ ਵੱਖ-ਵੱਖ ਥਾਵਾਂ 'ਤੇ ਹੋਣਾ, ਇਹ ਅਜਿਹੀ ਵਿਲੱਖਣਤਾ ਹੈ, ਜਿਸਦੀ ਮਨੁੱਖੀ ਇਤਿਹਾਸ ਵਿਚ ਕੋਈ ਬਰਾਬਰੀ ਨਹੀਂ ਮਿਲਦੀ।

ਉਹਨਾਂ ਕਿਹਾ ਕਿ ਸਮੇਂ ਦੇ ਜ਼ਾਲਮ ਹਾਕਮ ਔਰੰਗਜੇਬ ਨੇ ਤਿਲਕ ਤੇ ਜੰਜੂ ਨੂੰ ਖ਼ਤਮ ਕਰਨ ਦੀ ਸਹੁੰ ਖਾਧੀ ਸੀ। ਪਰ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਆਪਣੀ ਸ਼ਹਾਦਤ ਦੇ ਕੇ ਨਾ ਸਿਰਫ ਧਰਮ ਦੀ ਰੱਖਿਆ ਕੀਤੀ, ਬਲਕਿ ਦੇਸ਼ ਅਤੇ ਸਮਾਜ ਦੀ ਵੀ ਰੱਖਿਆ ਕੀਤੀ।

ਉਹਨਾਂ ਕਿਹਾ ਕਿ ਪਹਿਲਾਂ 2022 ਵਿਚ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ 400 ਸਾਲਾ ਪ੍ਰਕਾਸ਼ ਪੁਰਬ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਹੇਠ ਲਾਲ ਕਿਲ੍ਹੇ 'ਤੇ ਮਨਾਇਆ ਗਿਆ। ਇਸ ਵਾਰ ਗੁਰੂ ਸਾਹਿਬ ਜੀ ਦੇ 350 ਸਾਲਾ ਸ਼ਹੀਦੀ ਦਿਹਾੜੇ ਦੇ ਮੌਕੇ 'ਤੇ ਲਾਲ ਕਿਲ੍ਹੇ 'ਤੇ ਵਿਸ਼ਾਲ ਸਮਾਗਮ ਕੀਤਾ ਜਾ ਰਿਹਾ ਹੈ। ਉਹਨਾਂ ਕਿਹਾ ਕਿ ਇਹ ਸਮੇਂ ਦਾ ਫੇਰ ਹੈ ਕਿ ਜਿਸ ਔਰੰਗਜੇਬ ਨੇ ਲਾਲ ਕਿਲ੍ਹੇ ਤੋਂ ਗੁਰੂ ਸਾਹਿਬ ਨੂੰ ਸ਼ਹੀਦ ਕਰਨ ਦਾ ਹੁਕਮ ਦਿੱਤਾ ਸੀ, ਉਸਦੀ ਮੜ੍ਹੀ 'ਤੇ ਕੋਈ ਦੀਵਾ ਵੀ ਨਹੀਂ ਬਾਲਦਾ ਜਦੋਂ ਕਿ ਲਾਲ ਕਿਲ੍ਹੇ 'ਤੇ ਹੀ ਗੁਰੂ ਸਾਹਿਬ ਦਾ 350 ਸਾਲਾ ਸ਼ਹੀਦੀ ਦਿਹਾੜਾ ਬਹੁਤ ਵੱਡੀ ਪੱਧਰ 'ਤੇ ਮਨਾਇਆ ਜਾਵੇਗਾ।

ਸ਼ਹੀਦੀ ਸੰਦੇਸ਼ ਯਾਤਰਾ ਕੱਢਣ 'ਤੇ ਆਪਣੀ ਰਿਹਾਇਸ਼ 'ਤੇ ਸਮਾਗਮ ਕਰਨ ਦੇ ਕੀਤੇ ਉਪਰਾਲੇ ਲਈ ਮੁੱਖ ਮੰਤਰੀ ਯੋਗੀ ਆਦਿਤਯਨਾਥ ਦਾ ਧੰਨਵਾਦ ਕਰਦਿਆਂ ਉਹਨਾਂ ਕਿਹਾ ਕਿ ਇਸ ਸਰਕਾਰ ਦੇ ਰਾਜਕਾਲ ਵਿਚ ਸਿੱਖ ਧਰਮ ਤੇ ਸਿੱਖ ਭਾਈਚਾਰੇ ਨੂੰ ਹਮੇਸ਼ਾ ਵੱਡਾ ਸਤਿਕਾਰ ਮਿਲਿਆ ਹੈ। ਉਹਨਾਂ ਇਹ ਵੀ ਦੱਸਿਆ ਕਿ ਇਹ ਬਲਿਦਾਨ ਸੰਦੇਸ਼ ਯਾਤਰਾ ਲਖਨਊ ਤੋਂ ਸ਼ੁਰੂ ਹੋਈ ਸੀ ਜੋ ਗੁਰੂ ਕਾ ਤਾਲ ਆਗਰਾ ਤੋਂ ਹੁੰਦੇ ਹੋਏ, ਅੱਜ ਗੁਰੂ ਸਾਹਿਬ ਦੇ ਸ਼ਹੀਦੀ ਅਸਥਾਨ ਗੁਰਦੁਆਰਾ ਸੀਸਗੰਜ ਸਾਹਿਬ ਚਾਂਦਨੀ ਚੌਂਕ ਦਿੱਲੀ ਪਹੁੰਚੇਗੀ, ਜਿੱਥੇ ਵਿਸ਼ਾਲ ਕੀਰਤਨ ਸਮਾਗਮ ਹੋਵੇਗਾ।

ਇਸ ਮੌਕੇ ਮੁੱਖ ਮੰਤਰੀ ਯੋਗੀ ਆਦਿਤਯਨਾਥ ਨੇ ਕਿਹਾ ਕਿ ਗੁਰੂ ਤੇਗ ਬਹਾਦਰ ਸਾਹਿਬ ਨੇ ਤਿਲਕ ਅਤੇ ਜਨੇਊ ਦੀ ਰੱਖਿਆ ਕਰਕੇ ਹਿੰਦੂ ਧਰਮ ਬਚਾਇਆ, ਜਿਸ ਕਾਰਨ ਉਹਨਾਂ ਨੂੰ ਹਿੰਦ ਦੀ ਚਾਦਰ ਕਿਹਾ ਜਾਂਦਾ ਹੈ। ਉਹਨਾਂ ਕਿਹਾ ਕਿ ਔਰੰਗਜੇਬ ਦੀਆਂ ਧਮਕੀਆਂ ਤੋਂ ਨਾ ਗੁਰੂ ਸਾਹਿਬ ਡਰੇ ਤੇ ਨਾ ਹੀ ਭਾਈ ਮਤੀ ਦਾਸ, ਭਾਈ ਸਤੀ ਦਾਸ ਜਾਂ ਭਾਈ ਦਿਆਲਾ ਜੀ ਡਰੇ ਬਲਕਿ ਆਪਣੀਆਂ ਸ਼ਹਾਦਤਾਂ ਦੇ ਕੇ ਉਸ ਦੀ ਸੋਚ ਨੂੰ ਗਲਤ ਸਾਬਤ ਕਰ ਦਿੱਤਾ। ਉਹਨਾਂ ਕਿਹਾ ਕਿ ਸਮੁੱਚਾ ਦੇਸ਼ ਅੱਜ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ 350 ਸਾਲਾ ਸ਼ਹੀਦੀ ਦਿਹਾੜਾ ਬਹੁਤ ਵੱਡੀ ਪੱਧਰ 'ਤੇ ਮਨਾ ਕੇ ਉਹਨਾਂ ਨੂੰ ਸ਼ਰਧਾ ਦੇ ਫੁੱਲ ਭੇਂਟ ਕਰ ਰਿਹਾ ਹੈ।

## ਸੰਪਾਦਕੀ

# ਨਸ਼ਿਆਂ ਦਾ ਗੋਰਖ ਧੰਦਾ

ਪੰਜਾਬ ਸਰਕਾਰ ਵੱਲੋਂ ਨਸ਼ਿਆਂ ਵਿਰੁੱਧ ਵਿੱਢੀ ਮੁਹਿੰਮ ਲਗਾਤਾਰ ਜਾਰੀ ਹੈ, ਜਿਸਦੇ ਰਲਵੇਂ ਮਿਲਵੇਂ ਪ੍ਰਤੀਕਰਮ ਆ ਰਹੇ ਹਨ। ਇਹ ਵੀ ਦੱਸ ਦੇਈਏ ਕਿ ਹਾਲੇ ਬਹੁਤ ਕੁਝ ਇਸ ਸੰਦਰਭ ਵਿਚ ਕਰਨ ਦੀ ਲੋੜ ਹੈ। ਪਹਿਲਾਂ ਪੰਜਾਬ ਵਿਚ ਰਵਾਇਤੀ ਨਸ਼ੇ ਹੀ ਵਰਤੇ ਜਾਂਦੇ ਸਨ ਤੇ ਉਹ ਕਿਸੇ ਖਾਸ ਵਜ੍ਹਾ ਕਰਕੇ ਜਾਂ ਫਿਰ ਖਾਸ ਮੌਕੇ ’ਤੇ। ਜਿਵੇਂ ਸ਼ਰਾਬ ਦਾ ਸੇਵਨ ਵਿਆਹ ਜਾਂ ਫਿਰ ਕਿਸੇ ਖੁਸ਼ੀ ’ਤੇ ਹੀ ਸ਼ਰਾਬ ਦੀ ਵਰਤੋਂ ਹੁੰਦੀ ਸੀ। ਅਫੀਮ ਦੀ ਵਰਤੋਂ ਕਿਸੇ ਸਖਤ ਕੰਮ ਜਿਵੇਂ ਨਵਾਂ ਘਰ ਬਣਾਉਣ ਸਮੇਂ ਅਤੇ ਜਾਂ ਫਿਰ ਹਾੜ੍ਹੀ ਵੱਢਣ ਮੌਕੇ। ਪਰ ਜਿਉਂ ਜਿਉਂ ਸਮਾਂ ਅੱਗੇ ਵਧਦਾ ਗਿਆ ਤਾਂ ਨਵੀਂ ਪੀੜ੍ਹੀ ਅੰਗਰੇਜ਼ੀ ਅਤੇ ਸਿੰਥੈਟਿਕ ਨਸ਼ਿਆਂ ਦਾ ਸ਼ਿਕਾਰ ਹੁੰਦੀ ਚਲੀ ਗਈ । ਅੱਜ ਦਾ ਆਲਮ ਇਹ ਹੈ ਕਿ ਪੰਜਾਬ ਵਿਚ ਲੱਖਾਂ ਕਰੋੜਾਂ ਦਾ ਸਿੰਥੈਟਿਕ ਨਸ਼ਿਆਂ ਦਾ ਕਾਰੋਬਾਰ ਹੋ ਰਿਹਾ ਹੈ। ਇਹ ਵੀ ਦੱਸ ਦੇਈਏ ਕਿ ਇਹ ਕਾਰੋਬਾਰ ਪੁਲਿਸ ਦੀ ਪੁਸ਼ਤਪਨਾਹੀ ਅਤੇ ਰਾਜਸੀ ਲੋਕਾਂ ਦੀ ਰਹਿਨੁਮਾਈ ਬਿਨਾਂ ਨਹੀਂ ਚੱਲ ਸਕਦਾ। 2009 ਵਿਚ ਜਦੋਂ ਰੁਸਤਮ-ਏ-ਹਿੰਦ ਅਤੇ ਪੰਜਾਬ ਪੁਲਿਸ ਦੇ ਉਸ ਸਮੇਂ ਦੇ ਡੀ.ਐਸ.ਪੀ. ਜਗਦੀਸ਼ ਸਿੰਘ ਭੋਲਾ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ ਤਾਂ ਉਸਨੇ ਕੁਝ ਸੀਨੀਅਰ ਰਾਜਸੀ ਆਗੂਆਂ ਦਾ ਵੀ ਨਾਮ ਲਿਆ ਸੀ। ਪਰ ਰਾਜਸੀ ਪਹੁੰਚ ਦੇ ਚਲਦਿਆਂ ਉਨ੍ਹਾਂ ਦਾ ਨਾਮ ਦੱਬ ਕੇ ਰਹਿ ਗਿਆ। ਤਾਜ਼ਾ ਰਿਪੋਰਟ ਮੁਤਾਬਕ ਪੰਜਾਬ ਦੀ ਭਗਵੰਤ ਮਾਨ ਸਰਕਾਰ ਲਗਾਤਾਰ ਇਸ ਮਸਲੇ ’ਤੇ ਆਪਣੀ ਪੈਨੀ ਨਿਗਾਹ ਟਿਕਾਅ ਕੇ ਚੱਲ ਰਹੀ ਹੈ। ਚੰਡੀਗੜ੍ਹ ਵਿਖੇ ਆਪਣੀ ਸਰਕਾਰੀ ਰਿਹਾਇਸ਼ ਉਪਰ ਉਨ੍ਹਾਂ ਕਿਹਾ ਕਿ ਪਿਛਲੀਆਂ ਸਰਕਾਰਾਂ ਦੇ ਮੰਤਰੀ ਖੁਦ ਨਸ਼ਾ ਵਿਕਾਉਂਦੇ ਸਨ ਪਰ ਸਾਡੀ ਸਰਕਾਰ ਦਾ ਕੋਈ ਵੀ ਵਿਅਕਤੀ ਇਸ ਧੰਦੇ ਵਿਚ ਸ਼ਾਮਲ ਨਹੀਂ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਵਿੱਢੀ ‘ਯੁੱਧ ਨਸ਼ਿਆਂ ਵਿਰੁੱਧ’ ਮੁਹਿੰਮ ਨੂੰ ਲੋਕਾਂ ਦਾ ਭਰਵਾਂ ਸਾਥ ਮਿਲਿਆ ਹੈ। ਲੋਕਾਂ ਨੇ ਨਾਮ ਗੁਪਤ ਰੱਖਣ ਦੀ ਸ਼ਰਤ ’ਤੇ ਨਸ਼ਾ ਤਸਕਰਾਂ ਨੂੰ ਆਪ ਅੱਗੇ ਹੋ ਕੇ ਫੜਾਇਆ ਹੈ। ਉਨ੍ਹਾਂ ਸਪੱਸ਼ਟ ਕਿਹਾ ਕਿ ਸਰਕਾਰ ਦੀ ਨਸ਼ਿਆਂ ਪ੍ਰਤੀ ਜ਼ੀਰੋ ਟਾਲਰੈਂਸ ਨੀਤੀ ਲਾਗੂ ਰਹੇਗੀ ਅਤੇ ਨਸ਼ੇ ਵੇਚਣ ਵਾਲਾ ਕੋਈ ਵਿਅਕਤੀ ਕਿੰਨਾ ਵੀ ਤਾਕਤਵਰ ਕਿਉਂ ਨਾ ਹੋਵੇ ਉਸ ਪ੍ਰਤੀ ਨਰਮੀ ਨਹੀਂ ਵਰਤੀ ਜਾਵੇਗੀ। ਉਨ੍ਹਾਂ ਇਹ ਵੀ ਕਿਹਾ ਕਿ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਅਨੇਕਾਂ ਪਿੰਡਾਂ ਨੂੰ ਨਸ਼ਾ ਮੁਕਤ ਕੀਤਾ ਜਾ ਚੁੱਕਾ ਹੈ ਤੇ ਅੱਗੇ ਵੀ ਇਹ ਮੁਹਿੰਮ ਲਗਾਤਾਰ ਜਾਰੀ ਹੈ। ਇਹ ਵੀ ਦੇਖਣ ਵਿਚ ਆਇਆ ਹੈ ਕਿ ਨਸ਼ਿਆਂ ਤੋਂ ਸਰਹੱਦੀ ਇਲਾਕਾ ਜ਼ਿਆਦਾ ਪੀੜਤ ਹੈ। ਉਸਦਾ ਇੱਕ ਮੁੱਖ ਕਾਰਨ ਇਹ ਹੈ ਕਿ ਉਥੇ ਨਸ਼ੇ ਦੀ ਉਪਲਬਧਤਾ ਆਸਾਨ ਹੈ। ਕਿਉਂਕਿ ਸਰਹੱਦ ਪਾਰੋਂ ਨਸ਼ਾ ਤਸਕਰੀ ’ਚ ਲੱਗੇ ਲੋਕਾਂ ਲਈ ਇਸ ਇਲਾਕੇ ਵਿਚ ਨਸ਼ਾ ਪਹੁੰਚਾਉਣਾ ਬੇਹੱਦ ਅਸਾਨ ਹੈ। ਇਥੇ ਇਕ ਗੱਲ ਯਕੀਨੀ ਤੌਰ ’ਤੇ ਕਹੀ ਜਾਣੀ ਚਾਹੀਦੀ ਹੈ ਕਿ ਨਸ਼ਿਆਂ ਦਾ ਖ਼ਾਤਮਾ ਆਮ ਲੋਕਾਂ ਦੇ ਸਹਿਯੋਗ ਬਿਨਾਂ ਨਹੀਂ ਹੋ ਸਕਦਾ। ਨਸ਼ਿਆਂ ਦੇ ਮੰਦਪ੍ਰਭਾਵਾਂ ਨੂੰ ਸਕੂਲੀ ਪਾਠਕ੍ਰਮ ਵਿਚ ਵਿਸ਼ੇਸ਼ ਤੌਰ ’ਤੇ ਸ਼ਾਮਲ ਕੀਤਾ ਜਾਣਾ ਚਾਹੀਦਾ ਹੈ। ਪਿੰਡਾਂ ਅਤੇ ਸ਼ਹਿਰਾਂ ਦੇ ਯੂਥ ਕਲੱਬ ਇਸ ਵਿਚ ਵਿਸ਼ੇਸ਼ ਭੂਮਿਕਾ ਅਦਾ ਕਰ ਸਕਦੇ ਹਨ। ਨਸ਼ਾ ਛੱਡ ਚੁੱਕੇ ਵਿਅਕਤੀਆਂ ਨੂੰ ਕਿਸੇ ਕੰਮ ਲਾ ਕੇ ਜਾਂ ਨੌਕਰੀ ਦਿਵਾ ਕੇ ਉਸਨੂੰ ਮੁੜ ਵਸੇਬੇ ਯੋਗ ਬਣਾਉਣਾ ਚਾਹੀਦਾ ਹੈ। ਕਿਉਂਕਿ ਨੌਜਵਾਨਾਂ ਵਿਚ ਨਸ਼ਿਆਂ ਦੇ ਵਧਦੇ ਪ੍ਰਭਾਵ ਪਿੱਛੇ ਬੇਰੁਜ਼ਗਾਰੀ ਅਤੇ ਬੇਕਾਰੀ ਇਕ ਪ੍ਰਮੁੱਖ ਵਜ੍ਹਾ ਹੈ, ਜਦੋਂ ਪੀੜਤ ਵਿਅਕਤੀ ਵਿਅਸਤ ਰਹੇਗਾ ਅਤੇ ਉਸਦੀਆਂ ਮੁੱਢਲੀਆਂ ਜ਼ਰੂਰਤਾਂ ਪੂਰੀਆਂ ਹੋਣ ਲੱਗ ਜਾਣਗੀਆਂ ਤਾਂ ਉਸਦਾ ਦਿਮਾਗ ਨਸ਼ਿਆਂ ਵੱਲ ਨਹੀਂ ਜਾਵੇਗਾ। ਅੰਤ ਵਿਚ ਅਸੀਂ ਕਹਿ ਸਕਦੇ ਹਾਂ ਕਿ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਦੇ ਬੇਹਤਰ ਨਤੀਜੇ ਆਏ ਹਨ ਤੇ ਇਸ ਦਾ ਹੋਰ ਅੱਗੇ ਚੱਲਣਾ ਜ਼ਰੂਰੀ ਹੈ। ਪਿੰਡਾਂ ਦੀਆਂ ਪੰਚਾਇਤਾਂ ਵਿਚ ਇਸ ਵਿਚ ਨਿੱਗਰ ਯੋਗਦਾਨ ਪਾ ਸਕਦੀਆਂ ਹਨ ਤੇ ਪਿੰਡ ਨੂੰ ਨਸ਼ਾ ਮੁਕਤ ਕਰ ਸਕਦੀਆਂ ਹਨ। ਪੰਜਾਬ ਸਰਕਾਰ ਨੇ ਵੀ ਨਸ਼ਾ ਮੁਕਤ ਪਿੰਡ ਨੂੰ ਵਿਸ਼ੇਸ਼ ਗ੍ਰਾਂਟ ਜਾਰੀ ਕਰਨ ਦਾ ਐਲਾਨ ਕੀਤਾ ਹੋਇਆ ਹੈ।

-ਜਗਜੀਤ ਸਿੰਘ ਦਰਦੀ

## ਹੁਣ ਕਿਹੜੇ ਪੰਜਾਬ ਦੀ ਗੱਲ ਕਰੀਏ

# ਰਾਜਨੀਤਿਕ ਤੇ ਸਮਾਜਿਕ ਤਬਦੀਲੀ ਨਾਲ ਪੰਜਾਬੀਅਤ ਦੀ ਸਥਿਤੀ ਤੇ ਬਦਲਦੀ ਨੁਹਾਰ



ਪ੍ਰੋ. ਡਾ. ਕ੍ਰਿਸ਼ਨ ਕੁਮਾਰ ਰੱਤੂ
ਮੋ: 9478730156

ਪੰਜਾਬ ਵਿੱਚ ਅੱਜ ਪਹਿਚਾਣ ਦਾ ਸੰਕਟ ਸਾਹਮਣੇ ਹੈ।ਹੁਣ ਨਵੇਂ ਯੁੱਗ ਦਾ ਪੰਜਾਬ ਤੇ ਪੰਜਾਬ ਹਰ ਪਲ ਬਦਲ ਰਿਹਾ ਹੈ। ਨਵਾਂ ਪੰਜਾਬ ਆਉਣ ਵਾਲੇ ਸਾਲਾਂ ਬਾਅਦ ਤੁਸੀਂ ਪਿੱਛੇ ਮੁੜ ਕੇ ਦੇਖੋਗੇ ਤੇ ਪਤਾ ਹੀ ਨਹੀਂ ਲੱਗੇਗਾ ਕਿ ਇੱਕ ਦਹਾਕੇ ਪਹਿਲੇ ਦਾ ਬਦਲਿਆ ਹੋਇਆ ਪੰਜਾਬ ਹੁਣ ਨਵੇਂ ਤੇ ਬਦਲੇ ਹੋਏ ਪੰਜਾਬ ਦੀ ਇਸ ਸਥਿਤੀ ਵਿੱਚ ਐਨਾ ਬਦਲ ਗਿਆ ਹੈ। ਹੁਣ ਨਸਲਾਂ ਬਦਲ ਰਹੀਆਂ ਹਨ ਤੇ ਚਿਹਰਾ ਮੋਹਰਾ ਤੇ ਪ੍ਰਭਾਵ ਬਦਲ ਰਿਹਾ ਹੈ। ਪੰਜਾਬ ਦਾ ਡੈਮੋਕਰੈਫਿਕ ਚਿੱਤਰ ਬਦਲ ਗਿਆ ਹੈ। ਹੁਣ ਪੰਜਾਬੀ ਭਾਸ਼ਾ ਤੋਂ ਲੈ ਕੇ ਸਾਡਾ ਅਚਾਰ ਵਿਵਹਾਰ ਜਿਹਨੂੰ ਚਾਲ ਚਰਿੱਤਰ ਤੇ ਚਿਹਰਾ ਵੀ ਕਿਹਾ ਜਾ ਸਕਦਾ ਹੈ।ਹੁਣ ਸਭ ਕੁੱਝ ਜਿਸ ਤੇਜ਼ੀ ਨਾਲ ਬਦਲਦੇ ਜਾ ਰਹੇ ਹਨ ਕਿ ਆਉਣ ਵਾਲੇ ਦਿਨਾਂ ਦੇ ਵਿੱਚ ਇਹੀ ਪੰਜਾਬ ਦੀ ਨਵੀਂ ਪਹਿਚਾਣ ਹੋਏਗੀ ਤੇ ਇਹੀ ਸਾਡਾ ਚਿਹਰਾ ਮੋਹਰਾ ਹੋਏਗਾ ਤੇ ਫ਼ਿਰ ਅਸੀਂ ਆਪਣਾ ਪਿਛਲਾ ਮਾਣਮੱਤਾ ਪੰਜਾਬ ਅਤੇ ਉਸਦੀ ਤਸਵੀਰ ਨੂੰ ਕਿਵੇਂ ਯਾਦ ਕਰਾਂਗੇ। ਇਹਨਾਂ ਕਾਲਮਾਂ ਵਿੱਚ ਅੱਜ ਰਾਜਨੀਤੀ ਅਤੇ ਸਮਾਜਿਕਤਾ ਦੇ ਪ੍ਰਸੰਗ ਵਿੱਚ ਇਸੇ ਪੰਜਾਬ ਦੀ ਪਹਿਚਾਣ ’ਤੇ ਚਰਚਾ ਕਰਾਂਗੇ।

ਪੰਜਾਬ ਜੋ ਪੰਜ ਦਰਿਆਵਾਂ ਦੀ ਧਰਤੀ, ਜਿਸ ਦਾ ਨਾਂ ਫਾਰਸੀ ਸ਼ਬਦਾਂ ਪੰਜ (ਅਰਥਾਤ ਪੰਜ) ਅਤੇ ਆਬ (ਅਰਥਾਤ ਪਾਣੀ) ਤੋਂ ਆਇਆ ਹੈ, ਸਦੀਆਂ ਤੋਂ ਸੱਭਿਆਚਾਰਕ, ਸਮਾਜਿਕ ਅਤੇ ਰਾਜਨੀਤਿਕ ਤਬਦੀਲੀਆਂ ਦਾ ਸਾਕਸ਼ੀ ਰਿਹਾ ਹੈ। ਉਸਨੇ ਸਿੰਧੂ ਘਾਟੀ ਦੀ ਸਭਿਅਤਾ ਤੋਂ ਲੈ ਕੇ ਮੌਜੂਦਾ ਆਧੁਨਿਕ ਯੁੱਗ ਤੱਕ, ਪੰਜਾਬ ਨੇ ਅਨੇਕ ਸਭਿਆਚਾਰਾਂ, ਧਰਮਾਂ ਅਤੇ ਸਾਮਰਾਜਾਂ ਦੇ ਪ੍ਰਭਾਵ ਨੂੰ ਵੇਖਿਆ ਹੈ ਪਰ ਅੱਜ, 2025 ਵਿੱਚ ਪੰਜਾਬ ਦੀ ਸਥਿਤੀ ਬਦਲ ਰਹੀ ਹੈ। ਰਾਜਨੀਤਿਕ ਅਸਥਿਰਤਾ, ਸਮਾਜਿਕ ਤਬਦੀਲੀਆਂ, ਰੁਜ਼ਗਾਰ ਦੀਆਂ ਚੁਣੌਤੀਆਂ, ਬਦਲਦੀ ਭਾਸ਼ਾ, ਸਭਿਆਚਾਰਕ ਤਬਦੀਲੀਆਂ ਅਤੇ ਡੈਮੋਗ੍ਰਾਫਿਕ ਪਰਿਵਰਤਨ ਨੇ ਪੰਜਾਬੀਅਤ ਦੀ ਪਹਿਚਾਣ ਨੂੰ ਪ੍ਰਭਾਵਿਤ ਕੀਤਾ ਹੈ। ਹੁਣ ਸਵਾਲ ਇਹ ਉੱਠਦਾ ਹੈ ਕਿ ਕੀ ਪੰਜਾਬੀਅਤ ਸੱਚਮੁੱਚ ਗੁੰਮ ਹੋ ਰਹੀ ਹੈ? ਜਾਂ ਇਹ ਸਿਰਫ਼ ਇੱਕ ਰੂਪਾਂਤਰਣ ਦੀ ਪ੍ਰਕਿਰਿਆ ਹੈ? ਇਨ੍ਹਾਂ ਸਾਰੇ ਪਹਿਲੂਆਂ ’ਤੇ ਰਾਜਨੀਤਿਕ ਸਥਿਤੀ ਇਸ ਦੀ ਵੰਡ ਅਤੇ ਅਸਥਿਰਤਾ ਇਸ ਦੀ ਇਕ ਲੰਬੀ ਕਹਾਣੀ ਹੈ। ਪੰਜਾਬ ਦੀ ਰਾਜਨੀਤੀ ਹਮੇਸ਼ਾ ਤੋਂ ਹੀ ਗੁੰਝਲਦਾਰ ਅਤੇ ਚੁਣੌਤੀਆਂ ਨਾਲ ਭਰਪੂਰ ਰਹੀ ਹੈ। 1947 ਦੀ ਵੰਡ ਨੇ ਪੰਜਾਬ ਨੂੰ ਨਾ ਸਿਰਫ਼ ਭੂਗੋਲਿਕ ਤੌਰ ’ਤੇ ਸਗੋਂ ਸਮਾਜਿਕ ਅਤੇ ਸਭਿਆਚਾਰਕ ਤੌਰ ’ਤੇ ਵੀ ਵੰਡ ਦਿੱਤਾ ਹੈ।

ਅੱਜ 2025 ਵਿੱਚ ਪੰਜਾਬ ਦੀ ਰਾਜਨੀਤੀ ਵਿੱਚ ਆਮ ਆਦਮੀ ਪਾਰਟੀ, ਸ਼੍ਰੋਮਣੀ ਅਕਾਲੀ ਦਲ ਅਤੇ ਇੰਡੀਅਨ ਨੈਸ਼ਨਲ ਕਾਂਗਰਸ ਵਰਗੀਆਂ ਪਾਰਟੀਆਂ ਦਾ ਦਬਦਬਾ ਹੈ। ਪਰ ਰਾਜਨੀਤਿਕ ਸਥਿਰਤਾ ਦੀ ਘਾਟ ਅਤੇ ਖਾੜਕੂਵਾਦ ਦੇ ਪਿਛਲੇ ਦੌਰ ਨੇ ਪੰਜਾਬ ਦੀ ਸਿਆਸੀ ਸਥਿਤੀ ਨੂੰ ਪ੍ਰਭਾਵਿਤ ਕੀਤਾ ਹੈ। 1980 ਦੇ ਦਹਾਕੇ ਦੇ ਅਸਥਿਰ ਸਮੇਂ ਜਦੋਂ ਪੰਜਾਬ ਲੰਬੇ ਸਮੇਂ ਤੱਕ ਰਾਸ਼ਟਰਪਤੀ ਸ਼ਾਸਨ ਅਧੀਨ ਰਿਹਾ, ਨੇ ਸਮਾਜ ਵਿੱਚ ਡੂੰਘੀਆਂ ਤਰੇੜਾਂ ਛੱਡੀਆਂ।

ਪੰਜਾਬ ਦਾ ਸਮਾਜਿਕ ਢਾਂਚਾ ਵੀ ਤੇਜ਼ੀ ਨਾਲ ਬਦਲ ਰਿਹਾ ਹੈ। ਪਿੰਡਾਂ ਤੋਂ ਸ਼ਹਿਰਾਂ ਵੱਲ ਵੱਧ ਰਿਹਾ ਰੁਝਾਨ, ਜਿਸ ਦਾ ਮੁੱਖ ਕਾਰਨ ਨੌਕਰੀਆਂ ਦੀ ਭਾਲ ਅਤੇ ਸਹੂਲਤਾਂ ਦੀ ਉਪਲਬਧਤਾ ਹੈ, ਨੇ ਪੰਜਾਬੀ ਸਭਿਆਚਾਰ ਨੂੰ ਪ੍ਰਭਾਵਿਤ ਕੀਤਾ ਹੈ। ਪਿੰਡਾਂ ਦੀ ਸਾਂਝੀ ਜੀਵਨ ਸ਼ੈਲੀ, ਜਿਸ ਵਿੱਚ ਤਿਉਹਾਰ ਜਿਵੇਂ ਤੀਆਂ, ਲੋਹੜੀ ਅਤੇ ਸਾਂਝੀ ਸਮਾਜਿਕ ਬੰਧਨਾਂ ਨੂੰ ਮਜ਼ਬੂਤ ਕਰਦੇ ਸਨ, ਹੁਣ ਸ਼ਹਿਰੀ ਜੀਵਨ ਵਿੱਚ ਵਪਾਰੀਕਰਨ ਦਾ ਸ਼ਿਕਾਰ ਹੋ ਗਏ ਹਨ। ਇਹ ਤਿਉਹਾਰ ਹੁਣ ਕਲੱਬਾਂ, ਸਟਾਲਾਂ ਅਤੇ ਸੋਸ਼ਲ ਮੀਡੀਆ ਦੀਆਂ ਫੋਟੋਆਂ ਤੇ ਵੀਡੀਓ ਬਜ਼ਾਰ ਤੱਕ ਸੀਮਤ ਹੋ ਗਏ ਹਨ। ਅੱਜ ਔਰਤਾਂ ਦੀ ਸਥਿਤੀ ਵਿੱਚ ਸੁਧਾਰ ਦੇ ਨਾਲ-ਨਾਲ, ਜਿਵੇਂ ਕਿ ਵਿੱਦਿਅਕ ਅਤੇ ਕਾਰਜਸ਼ੀਲ ਮੌਕਿਆਂ ਦਾ ਵਾਧਾ, ਸਮਾਜ ਵਿੱਚ ਆਧੁਨਿਕਤਾ ਦੀ ਲਹਿਰ ਆਈ ਹੈ, ਪਰ ਇਸ ਨਾਲ ਪੰਜਾਬੀ ਪਹਿਰਾਵੇ ਵਿੱਚ ਵੀ ਤਬਦੀਲੀ ਦੇਖਣ ਨੂੰ ਮਿਲੀ ਹੈ। ਪਰੰਪਰਾਗਤ ਸਲਵਾਰ-ਕਮੀਜ਼ ਅਤੇ ਫੁਲਕਾਰੀ ਵਰਗੀਆਂ ਚੀਜ਼ਾਂ ਦੀ ਥਾਂ ਜੀਨਸ, ਸਕੱਰਟਸ ਅਤੇ ਲਹਿੰਗਾ-ਚੋਲੀ ਨੇ ਲੈ ਲਈ ਹੈ। ਇਹ ਤਬਦੀਲੀ ਸਿਰਫ਼ ਪਹਿਰਾਵੇ ਤੱਕ ਸੀਮਤ ਨਹੀਂ, ਸਗੋਂ ਸੋਚ ਅਤੇ ਜੀਵਨ ਸ਼ੈਲੀ ਵਿੱਚ ਵੀ ਆਈ ਹੈ।

ਪੰਜਾਬ ਵਿੱਚ ਰੁਜ਼ਗਾਰ ਲਈ ਨੌਜਵਾਨਾਂ ਦੀ ਨਿਰਾਸ਼ਤਾ ਇੱਕ ਵੱਡਾ ਕਾਰਨ ਹੈ। ਪੰਜਾਬ ਦੀ ਆਰਥਿਕਤਾ ਦਾ ਮੁੱਖ ਆਧਾਰ ਖੇਤੀਬਾੜੀ ਹੈ, ਪਰ ਸਮੇਂ ਦੇ ਨਾਲ-ਨਾਲ ਇਸ ਦੀ ਮਹੱਤਤਾ ਘਟਦੀ ਜਾ ਰਹੀ ਹੈ। ਹਰੀ ਕ੍ਰਾਂਤੀ ਨੇ ਪੰਜਾਬ ਨੂੰ ਭਾਰਤ ਦਾ ਅੰਨ ਭੰਡਾਰ ਬਣਾਇਆ, ਪਰ ਅੱਜ ਖੇਤੀਬਾੜੀ ਸੰਕਟ ਵਿੱਚ ਹੈ। ਜ਼ਮੀਨ ਦੀ ਮਾਲਕੀ, ਜੋ ਪਹਿਲਾਂ ਸਮਾਜਿਕ ਸਥਿਤੀ ਦਾ ਮਾਪਦੰਡ ਸੀ, ਹੁਣ ਨੌਜਵਾਨਾਂ ਲਈ ਰੁਜ਼ਗਾਰ ਦਾ ਸਾਧਨ ਨਹੀਂ ਰਹੀ। ਖੇਤੀਬਾੜੀ ਵਿੱਚ ਨਵੀਂ ਤਕਨੀਕ ਅਤੇ ਮਸ਼ੀਨੀਕਰਨ ਨੇ ਪਰੰਪਰਾਗਤ ਪੇਸ਼ਿਆਂ ਨੂੰ ਅਲੋਪ ਕਰ ਦਿੱਤਾ ਹੈ।ਅੱਜ ਨੌਜਵਾਨਾਂ ਵਿੱਚ ਬੇਰੁਜ਼ਗਾਰੀ ਦੀ ਸਮੱਸਿਆ ਵਧਦੀ ਜਾ ਰਹੀ ਹੈ। ਪੰਜਾਬ ਦੇ ਸ਼ਹਿਰੀ ਖੇਤਰਾਂ ਵਿੱਚ ਉਦਯੋਗਾਂ ਦੀ ਘਾਟ ਅਤੇ ਸਰਕਾਰੀ ਨੌਕਰੀਆਂ ਦੀ ਸੀਮਤ ਸੰਖਿਆ ਨੇ ਨੌਜਵਾਨਾਂ ਨੂੰ ਵਿਦੇਸ਼ ਵੱਲ ਪਰਵਾਸ ਕਰਨ ਲਈ ਮਜਬੂਰ ਕੀਤਾ ਹੈ। ਡੌਂਕੀ ਰੂਟ ਵਰਗੀਆਂ ਘਟਨਾਵਾਂ, ਜਿਨ੍ਹਾਂ ਵਿੱਚ ਨੌਜਵਾਨ ਗੈਰ-ਕਾਨੂੰਨੀ ਤਰੀਕਿਆਂ ਨਾਲ ਵਿਦੇਸ਼ ਜਾਣ ਦੀ ਕੋਸ਼ਿਸ਼ ਕਰਦੇ ਹਨ, ਪੰਜਾਬ ਦੀ ਰੁਜ਼ਗਾਰ ਸਥਿਤੀ ਦੀ ਗੰਭੀਰਤਾ ਨੂੰ ਦਰਸਾਉਂਦੀਆਂ ਹਨ। ਇਸ ਨਾਲ ਪੰਜਾਬੀ ਨੌਜਵਾਨਾਂ ਦਾ ਆਪਣੀ ਜੜ੍ਹਾਂ ਨਾਲ ਸੰਬੰਧ ਕਮਜ਼ੋਰ ਹੋ ਰਿਹਾ ਹੈ, ਜੋ ਪੰਜਾਬੀਅਤ ਦੀ ਪਹਿਚਾਣ ਲਈ ਚਿੰਤਾਜਨਕ ਹੈ। ਅੱਜ ਬਦਲਦੀ ਭਾਸ਼ਾ ਤੇ ਪੰਜਾਬੀ ਦੀ ਅਜੋਕੀ ਸਥਿਤੀ ਵਿੱਚ ਸਾਡੀ ਪੰਜਾਬੀ ਭਾਸ਼ਾ, ਜੋ ਗੁਰਮੁਖੀ ਲਿਪੀ ਵਿੱਚ ਲਿਖੀ ਜਾਂਦੀ ਹੈ, ਪੰਜਾਬ ਦੀ ਰਾਜ-ਭਾਸ਼ਾ ਹੈ ਅਤੇ ਸਭਿਆਚਾਰਕ ਪਹਿਚਾਣ ਦਾ ਮੁੱਖ ਅੰਗ ਹੈ। ਪਰ ਵਿਸ਼ਵੀਕਰਨ ਅਤੇ ਅੰਗਰੇਜ਼ੀ ਦੇ ਵਧਦੇ ਪ੍ਰਭਾਵ ਨੇ ਪੰਜਾਬੀ ਭਾਸ਼ਾ ਨੂੰ ਪਿੱਛੇ ਧੱਕ ਦਿੱਤਾ ਹੈ। ਹੁਣ ਸਕੂਲਾਂ ਵਿੱਚ ਅੰਗਰੇਜ਼ੀ ਅਤੇ ਹਿੰਦੀ ਨੂੰ ਪਹਿਲ ਦੇਣ ਦੀ ਪ੍ਰਵਿਰਤੀ ਨੇ ਪੰਜਾਬੀ ਨੂੰ ਮਾਤ-ਭਾਸ਼ਾ ਵਜੋਂ ਸੀਮਤ ਕਰ ਦਿੱਤਾ ਹੈ। ਸੋਸ਼ਲ ਮੀਡੀਆ ਅਤੇ ਡਿਜੀਟਲ ਪਲੇਟਫਾਰਮਾਂ ’ਤੇ ਵੀ ਅੰਗਰੇਜ਼ੀ ਅਤੇ ਹਿੰਦੀ ਦਾ ਬੋਲਬਾਲਾ ਹੈ।

ਕੁਝ ਸਰਕਾਰੀ ਪਹਿਲਕਦਮੀਆਂ, ਜਿਵੇਂ ਪੰਜਾਬ ਸਰਕਾਰ ਦੁਆਰਾ ਜਾਗਰੂਕਤਾ ਰੈਲੀਆਂ, ਪੰਜਾਬੀ ਨੂੰ ਉਤਸ਼ਾਹਿਤ ਕਰਨ ਦੀ ਕੋਸ਼ਿਸ਼ ਕਰ ਰਹੀਆਂ ਹਨ ਪਰ ਸਮਾਜ ਵਿੱਚ ਪੰਜਾਬੀ ਬੋਲਣ ਵਿੱਚ ਹੀਣਤਾ ਦੀ ਭਾਵਨਾ ਵੱਧ ਰਹੀ ਹੈ। ਅੱਜ ਮਾਪਿਆਂ ਦਾ ਆਪਣੇ ਬੱਚਿਆਂ ਨੂੰ ਅੰਗਰੇਜ਼ੀ ਸਿਖਾਉਣ ’ਤੇ ਜ਼ੋਰ ਦੇਣਾ ਅਤੇ ਪੰਜਾਬੀ ਨੂੰ ਘਰ ਦੀ ਬੋਲੀ ਤੱਕ ਸੀਮਤ ਕਰਨਾ ਇਸ ਦੀ ਪ੍ਰਤਿਸ਼ਠਤਾ ਨੂੰ ਘਟਾ ਰਿਹਾ ਹੈ।ਅੱਜ ਪੰਜਾਬ ਦੇ ਲੋਕਾਂ ਤੇ ਤਿਉਹਾਰਾਂ ਦੀ ਰੂਹ ਵੀ ਬਦਲ ਗਈ ਹੈ। ਲੋਹੜੀ, ਜੋ ਪਹਿਲਾਂ ਸਮਾਜਿਕ ਸਾਂਝ ਦਾ ਪ੍ਰਤੀਕ ਸੀ, ਹੁਣ ਸ਼ਹਿਰੀ ਖਪਤਕਾਰੀ ਸਭਿਆਚਾਰ ਦਾ ਹਿੱਸਾ ਬਣ ਗਈ ਹੈ। ਹੁਣ ਗਿੱਧੇ ਅਤੇ ਭੰਗੜੇ ਦੀ ਥਾਂ ਡੀਜੇ ਅਤੇ ਪਾਰਟੀਆਂ ਨੇ ਲੈ ਲਈ ਹੈ। ਪੰਜਾਬੀ ਸੰਗੀਤ ਵਿੱਚ ਵੀ ਪੱਛਮੀ ਸੰਗੀਤ ਦਾ ਪ੍ਰਭਾਵ ਵਧਿਆ ਹੈ, ਜਿਸ ਨੇ ਲੋਕ ਗੀਤਾਂ ਦੀ ਪਰੰਪਰਾ ਨੂੰ ਪਿੱਛੇ ਧੱਕ ਦਿੱਤਾ।

ਡੈਮੋਗ੍ਰਾਫਿਕ ਤਬਦੀਲੀਆਂ ਨਾਲ ਪਰਵਾਸ ਅਤੇ ਬਦਲਦੀ ਵਸੋਂ ਅਤੇ ਪੰਜਾਬ ਦੀ ਜਨਸੰਖਿਆ ਵਿੱਚ ਵੀ ਮਹੱਤਵਪੂਰਨ ਤਬਦੀਲੀਆਂ ਦੇਖਣ ਨੂੰ ਮਿਲ ਰਹੀਆਂ ਹਨ। ਵਿਦੇਸ਼ੀ ਪਰਵਾਸ, ਖਾਸ ਕਰਕੇ ਕੈਨੇਡਾ, ਅਮਰੀਕਾ ਅਤੇ ਆਸਟ੍ਰੇਲੀਆ ਵੱਲ, ਨੇ ਪੰਜਾਬ ਦੇ ਨੌਜਵਾਨਾਂ ਦੀ ਵੱਡੀ ਗਿਣਤੀ ਨੂੰ ਪ੍ਰਭਾਵਿਤ ਕੀਤਾ ਹੈ। ਇਸ ਨਾਲ ਪਿੰਡਾਂ ਵਿੱਚ ਨੌਜਵਾਨਾਂ ਦੀ ਘਾਟ ਹੋ ਗਈ ਹੈ ਅਤੇ ਪਰੰਪਰਾਗਤ ਪਰਿਵਾਰਕ ਢਾਂਚੇ ਵਿੱਚ ਵੀ ਤਬਦੀਲੀ ਆਈ ਹੈ।ਇਸ ਦੇ ਨਾਲ ਹੀ, ਪੰਜਾਬ ਵਿੱਚ ਹੋਰ ਰਾਜਾਂ ਤੋਂ ਪਰਵਾਸੀ ਮਜ਼ਦੂਰਾਂ ਦੀ ਆਮਦ ਨੇ ਸਥਾਨਕ ਜਨਸੰਖਿਆ ਦੀ ਸਭਿਆਚਾਰਕ ਰਚਨਾ ਨੂੰ ਪ੍ਰਭਾਵਿਤ ਕੀਤਾ ਹੈ। ਇਹ ਪਰਵਾਸੀ, ਜੋ ਜ਼ਿਆਦਾਤਰ ਹਿੰਦੀ-ਭਾਸ਼ੀ ਖੇਤਰਾਂ ਤੋਂ ਆਉਂਦੇ ਹਨ, ਨੇ ਸਥਾਨਕ ਸਭਿਆਚਾਰ ਅਤੇ ਪੰਜਾਬੀ ਭਾਸ਼ਾ ’ਤੇ ਅਸਰ ਪਾਇਆ ਹੈ।ਅੱਜ ਪੰਜਾਬ ਵਿਚ ਵੱਡਾ ਸਵਾਲ ਇਹ ਹੈ ਕਿ ਕੀ ਗੁੰਮ ਗਈ ਹੈ ਪੰਜਾਬੀਅਤ? ਅੱਜ ਪੰਜਾਬੀਅਤ ਦੀ ਪਹਿਚਾਣ, ਜੋ ਕਿ ਸਾਂਝੀਵਾਲਤਾ, ਜੋਸ਼ ਅਤੇ ਆਪਣੀਆਂ ਜੜ੍ਹਾਂ ਨਾਲ ਜੁੜੀ ਹੋਈ ਸੀ, ਹੁਣ ਤਬਦੀਲੀ ਦੇ ਦੌਰ ਵਿੱਚੋਂ ਗੁਜ਼ਰ ਰਹੀ ਹੈ ਪਰ ਇਹ ਕਹਿਣਾ ਕਿ ਪੰਜਾਬੀਅਤ ਪੂਰੀ ਤਰ੍ਹਾਂ ਗੁੰਮ ਹੋ ਗਈ ਹੈ, ਸਹੀ ਨਹੀਂ ਹੋਵੇਗਾ।

ਅੱਜ ਪੰਜਾਬੀ ਸਭਿਆਚਾਰ ਅਤੇ ਭਾਸ਼ਾ ਦੇ ਲਚਕੀਲੇਪਣ ਨੇ ਇਸ ਨੂੰ ਸਦੀਆਂ ਤੋਂ ਜਿਉਂਦਾ ਰੱਖਿਆ ਹੈ। ਅੱਜ ਦੀ ਤਬਦੀਲੀ ਸ਼ਾਇਦ ਇੱਕ ਨਵਾਂ ਰੂਪ ਹੈ, ਜਿਸ ਵਿੱਚ ਪੰਜਾਬੀਅਤ ਆਧੁਨਿਕਤਾ ਨਾਲ ਮਿਲ ਕੇ ਨਵੇਂ ਰੰਗ ਵਿੱਚ ਢਲ ਰਹੀ ਹੈ।

ਸਾਡੇ ਭਵਿੱਖ ਦਾ ਪੰਜਾਬ ਸਾਡੀਆਂ ਆਸ਼ਾਵਾਂ ਅਤੇ ਚੁਣੌਤੀਆਂ ਵਿੱਚ ਹੈ। ਹੁਣ ਪੰਜਾਬ ਦੇ ਭਵਿੱਖ ਨੂੰ ਸੁਰੱਖਿਅਤ ਕਰਨ ਲਈ ਸਰਕਾਰ, ਸਮਾਜ ਅਤੇ ਵਿਅਕਤੀਆਂ ਨੂੰ ਮਿਲ ਕੇ ਕੰਮ ਕਰਨ ਦੀ ਲੋੜ ਹੈ। ਸਰਕਾਰ ਨੂੰ ਪੰਜਾਬੀ ਭਾਸ਼ਾ ਅਤੇ ਸੱਭਿਆਚਾਰ ਨੂੰ ਉਤਸ਼ਾਹਿਤ ਕਰਨ ਲਈ ਸਿੱਖਿਆ ਅਤੇ ਮੀਡੀਆ ਵਿੱਚ ਨਿਵੇਸ਼ ਕਰਨਾ ਚਾਹੀਦਾ ਹੈ। ਸਕੂਲਾਂ ਵਿੱਚ ਪੰਜਾਬੀ ਨੂੰ ਪਹਿਲ ਦੇਣ, ਸਥਾਨਕ ਉਦਯੋਗਾਂ ਨੂੰ ਵਧਾਉਣ ਅਤੇ ਨੌਜਵਾਨਾਂ ਨੂੰ ਸਥਾਨਕ ਰੁਜ਼ਗਾਰ ਦੇ ਮੌਕੇ ਪ੍ਰਦਾਨ ਕਰਨ ਨਾਲ ਪੰਜਾਬੀਅਤ ਨੂੰ ਮਜ਼ਬੂਤ ਕੀਤਾ ਜਾ ਸਕਦਾ ਹੈ।

ਹੁਣ ਸਮਾਜ ਨੂੰ ਵੀ ਆਪਣੀਆਂ ਜੜ੍ਹਾਂ ਨਾਲ ਜੁੜੇ ਰਹਿਣ ਦੀ ਜ਼ਿੰਮੇਵਾਰੀ ਲੈਣੀ ਪਵੇਗੀ। ਮਾਪਿਆਂ ਨੂੰ ਬੱਚਿਆਂ ਵਿੱਚ ਪੰਜਾਬੀ ਬੋਲਣ ਅਤੇ ਸਭਿਆਚਾਰਕ ਪਰੰਪਰਾਵਾਂ ਪ੍ਰਤੀ ਮਾਣ ਪੈਦਾ ਕਰਨ ਦੀ ਲੋੜ ਹੈ। ਪੰਜਾਬੀ ਮੀਡੀਆ ਅਤੇ ਸਾਹਿਤ ਨੂੰ ਵੀ ਸਥਾਨਕ ਕਹਾਣੀਆਂ ਅਤੇ ਵਿਰਸੇ ਨੂੰ ਉਜਾਗਰ ਕਰਨ ਦੀ ਕੋਸ਼ਿਸ਼, ਜ਼ਰੂਰਤ ਹੈ।

ਅੱਜ ਪੰਜਾਬ ਅਤੇ ਪੰਜਾਬੀਅਤ ਇੱਕ ਤਬਦੀਲੀ ਦੇ ਦੌਰ ਵਿੱਚੋਂ ਗੁਜ਼ਰ ਰਹੇ ਹਨ। ਰਾਜਨੀਤਿਕ, ਸਮਾਜਿਕ, ਆਰਥਿਕ ਅਤੇ ਸਭਿਆਚਾਰਕ ਤਬਦੀਲੀਆਂ ਨੇ ਪੰਜਾਬ ਦੀ ਪਹਿਚਾਣ ਨੂੰ ਪ੍ਰਭਾਵਿਤ ਕੀਤਾ ਹੈ, ਪਰ ਇਹ ਕਹਿਣਾ ਕਿ ਪੰਜਾਬੀਅਤ ਗੁੰਮ ਹੋ ਗਈ ਹੈ, ਇੱਕ ਅਧੂਰੀ ਸਚਾਈ ਹੋਵੇਗੀ।

ਵੱਡੀ ਗੱਲ ਇਹ ਹੈ ਕਿ ਪੰਜਾਬੀ ਸਭਿਆਚਾਰ ਦੀ ਤਾਕਤ ਇਸ ਦੀ ਅਨੁਕੂਲਤਾ ਅਤੇ ਲਚਕੀਲੇਪਣ ਵਿੱਚ ਹੈ। ਅੱਜ ਪੰਜਾਬ ਵਿਚ ਸਹੀ ਨੀਤੀਆਂ, ਸਮਾਜਿਕ ਜਾਗਰੂਕਤਾ ਅਤੇ ਸਭਿਆਚਾਰਕ ਪੁਨਰਜਨਮ ਦੀਆਂ ਕੋਸ਼ਿਸ਼ਾਂ ਨਾਲ ਪੰਜਾਬੀਅਤ ਨੂੰ ਨਾ ਸਿਰਫ਼ ਸੰਭਾਲਿਆ ਜਾ ਸਕਦਾ ਹੈ, ਸਗੋਂ ਇਸ ਨੂੰ ਨਵੇਂ ਰੂਪ ਵਿੱਚ ਵੀ ਉਜਾਗਰ ਕੀਤਾ ਜਾ ਸਕਦਾ ਹੈ। ਪੰਜਾਬ ਦਾ ਭਵਿੱਖ ਉਸ ਦੀ ਵਿਰਾਸਤ ਅਤੇ ਆਧੁਨਿਕਤਾ ਦੇ ਸੁਮੇਲ ਵਿੱਚ ਹੈ, ਜਿਸ ਨੂੰ ਸਮਝਦਾਰੀ ਅਤੇ ਸਮਰਪਣ ਨਾਲ ਸੰਭਾਲਣ ਦੀ ਲੋੜ ਹੈ।

# ਪੰਜਾਬ ਦੀ ਬਿਜਲੀ ’ਤੇ ਸਿਆਸਤ: ਨਿੱਜੀਕਰਨ ਦੀ ਰਾਹ ’ਤੇ ਪੀ.ਐਸ.ਪੀ.ਸੀ.ਐਲ. ਸੁਧਾਰ ਦਾ ਵਾਅਦਾ ਜਾਂ ਸੰਕਟ ਦਾ ਸੌਦਾ?



ਵਿੰਕਲਜੀਤ ਸਿੰਘ ਸਰਾ
9501477889

1. ਭੂਮਿਕਾ: ਪੰਜਾਬ ਦੀ ਜੀਵਨ-ਰੇਖਾ ਇੱਕ ਇਤਿਹਾਸਕ ਦੋਰਾਹੇ ’ਤੇ : ਪੰਜਾਬ ਦੀ ਰੂਹ ਇਸਦੀ ਮਿੱਟੀ, ਪਾਣੀ ਅਤੇ ਊਰਜਾ ਦੇ ਸੰਗਮ ਵਿੱਚ ਵਸਦੀ ਹੈ। ਇਸਦੀ ਜੀਵਨ-ਰੇਖਾ, ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ (ਪੀ.ਐਸ.ਪੀ.ਸੀ.ਐਲ.), ਅੱਜ ਇੱਕ ਅਜਿਹੇ ਇਤਿਹਾਸਕ ਦੋਰਾਹੇ ’ਤੇ ਖੜ੍ਹੀ ਹੈ, ਜਿੱਥੋਂ ਨਿਕਲਣ ਵਾਲਾ ਰਸਤਾ ਸੂਬੇ ਦੇ ਸਮਾਜਿਕ, ਆਰਥਿਕ ਅਤੇ ਖੇਤੀਬਾੜੀ ਭਵਿੱਖ ਦੀ ਨਵੀਂ ਇਬਾਰਤ ਲਿਖੇਗਾ। ਇੱਕ ਪਾਸੇ ਕੇਂਦਰ ਸਰਕਾਰ ਦੇ ਇੱਕ ਰਾਸ਼ਟਰ, ਇੱਕ ਗਰਿੱਡ ਅਤੇ ਬਿਜਲੀ ਸੁਧਾਰਾਂ ਦੇ ਦਬਾਅ ਹੇਠ ਨਿੱਜੀਕਰਨ ਦੀ ਤਲਵਾਰ ਲਟਕ ਰਹੀ ਹੈ ਅਤੇ ਦੂਜੇ ਪਾਸੇ ਕਿਸਾਨਾਂ, ਮਜ਼ਦੂਰਾਂ ਅਤੇ ਮੁਲਾਜ਼ਮਾਂ ਦੇ ਹਿੱਤਾਂ ਦੀ ਉਹ ਕੰਧ ਹੈ, ਜਿਸਨੇ ਦਹਾਕਿਆਂ ਤੋਂ ਪੰਜਾਬ ਦੇ ਖੇਤੀ ਮਾਡਲ ਨੂੰ ਸਹਾਰਾ ਦਿੱਤਾ ਹੈ।ਇਹ ਮੁੱਦਾ ਸਿਰਫ਼ ਪੀ.ਐਸ.ਪੀ.ਸੀ.ਐਲ. ਦੇ ਪ੍ਰਬੰਧਕੀ ਢਾਂਚੇ ਵਿੱਚ ਤਬਦੀਲੀ ਦਾ ਨਹੀਂ, ਸਗੋਂ ਉਸ ਸਬਸਿਡੀ-ਅਧਾਰਿਤ ਖੇਤੀ-ਆਰਥਿਕਤਾ ਦੇ ਭਵਿੱਖ ’ਤੇ ਇੱਕ ਵੱਡਾ ਪ੍ਰਸ਼ਨ ਚਿੰਨ੍ਹ ਹੈ, ਜਿਸਨੇ ਹਰੀ ਕ੍ਰਾਂਤੀ ਨੂੰ ਜਨਮ ਦਿੱਤਾ ਅਤੇ ਭਾਰਤ ਨੂੰ ਅਨਾਜ ਵਿੱਚ ਆਤਮ-ਨਿਰਭਰ ਬਣਾਇਆ।

**ਮੰਗ ਅਤੇ ਸਪਲਾਈ ਦਾ ਗਣਿਤ:** ਪੰਜਾਬ ਬਿਜਲੀ ਖਰੀਦਦਾ ਹੈ ਜਾਂ ਵੇਚਦਾ ਹੈ? ਇਸ ਮੁੱਦੇ ਨੂੰ ਸਮਝਣ ਲਈ, ਪੰਜਾਬ ਦੇ ਬਿਜਲੀ ਉਤਪਾਦਨ ਅਤੇ ਖਪਤ ਦੇ ਦੋਹਰੇ ਚਰਿੱਤਰ ਨੂੰ ਸਮਝਣਾ ਜ਼ਰੂਰੀ ਹੈ। ਕਾਗਜ਼ਾਂ ’ਤੇ ਪੰਜਾਬ ਦੀ ਕੁੱਲ ਸਥਾਪਿਤ ਬਿਜਲੀ ਉਤਪਾਦਨ ਸਮਰੱਥਾ ਲਗਭਗ *14,800 ਮੈਗਾਵਾਟ* ਹੈ, ਜਿਸ ਵਿੱਚ ਸਰਕਾਰੀ, ਨਿੱਜੀ ਥਰਮਲ, ਹਾਈਡਰੋ ਅਤੇ ਸੂਰਜੀ ਊਰਜਾ ਸ਼ਾਮਲ ਹੈ। ਪਰ ਅਸਲੀਅਤ ਮੌਸਮ ਦੇ ਨਾਲ ਬਦਲ ਜਾਂਦੀ ਹੈ:

**ਗਰਮੀਆਂ ਦਾ ਸੱਚ (ਵੱਡਾ ਖਰੀਦਦਾਰ):** ਝੋਨੇ ਦੇ ਸੀਜ਼ਨ ਦੌਰਾਨ, ਜਦੋਂ 14 ਲੱਖ ਤੋਂ ਵੱਧ ਟਿਊਬਵੈੱਲ ਇੱਕੋ ਸਮੇਂ ਚੱਲਦੇ ਹਨ, ਤਾਂ ਪੰਜਾਬ ਦੀ ਬਿਜਲੀ ਦੀ ਮੰਗ ਸਿਖਰਾਂ ’ਤੇ ਪਹੁੰਚ ਜਾਂਦੀ ਹੈ। ਹਾਲ ਹੀ ਦੇ ਸਾਲਾਂ ਵਿੱਚ ਇਹ ਮੰਗ *17,000 ਮੈਗਾਵਾਟ* ਦਾ ਰਿਕਾਰਡ ਪੱਧਰ ਵੀ ਪਾਰ ਕਰ ਗਈ ਹੈ। ਆਪਣੀ ਕੁੱਲ ਉਤਪਾਦਨ ਸਮਰੱਥਾ ਇਸ ਮੰਗ ਨੂੰ ਪੂਰਾ ਕਰਨ ਵਿੱਚ ਅਸਮਰੱਥ ਹੁੰਦੀ ਹੈ। ਇਸ ਪਾੜੇ ਨੂੰ ਪੂਰਾ ਕਰਨ ਲਈ, ਪੀ.ਐਸ.ਪੀ.ਸੀ.ਐਲ. ਨੂੰ ਰਾਸ਼ਟਰੀ ਗਰਿੱਡ ਤੋਂ ਰੋਜ਼ਾਨਾ *9,000 ਤੋਂ 10,000 ਮੈਗਾਵਾਟ* ਤੱਕ ਬਿਜਲੀ ਖਰੀਦਣੀ ਪੈਂਦੀ ਹੈ। ਇਹ ਮਹਿੰਗੀ ਬਿਜਲੀ ਪੀ.ਐਸ.ਪੀ.ਸੀ. ਐਲ. ਦੇ ਵਿੱਤੀ ਘਾਟੇ ਨੂੰ ਹੋਰ ਵਧਾਉਂਦੀ ਹੈ ਅਤੇ ਸੂਬੇ ਨੂੰ ਬਾਹਰੀ ਸਰੋਤਾਂ ’ਤੇ ਬੁਰੀ ਤਰ੍ਹਾਂ ਨਿਰਭਰ ਬਣਾਉਂਦੀ ਹੈ।

**ਸਰਦੀਆਂ ਦਾ ਸੱਚ (ਛੋਟਾ ਵਿਕਰੇਤਾ):** ਇਸਦੇ ਉਲਟ, ਸਰਦੀਆਂ ਦੇ ਮੌਸਮ (ਅਕਤੂਬਰ ਤੋਂ ਮਾਰਚ) ਵਿੱਚ ਜਦੋਂ ਖੇਤੀ ਦੀ ਮੰਗ ਘੱਟ ਹੁੰਦੀ ਹੈ, ਤਾਂ ਪੰਜਾਬ ਕੋਲ ਵਾਧੂ ਬਿਜਲੀ ਹੁੰਦੀ ਹੈ। ਪੀ.ਐਸ.ਪੀ.ਸੀ.ਐਲ. ਇਸ ਵਾਧੂ ਬਿਜਲੀ ਨੂੰ ਪਾਵਰ ਐਕਸਚੇਂਜ ’ਤੇ ਦੂਜੇ ਰਾਜਾਂ ਨੂੰ ਵੇਚ ਕੇ ਕੁਝ ਮਾਲੀਆ ਕਮਾਉਂਦਾ ਹੈ। ਇਹ ਸਪੱਸ਼ਟ ਹੈ ਕਿ ਪੰਜਾਬ ਝੋਨੇ ਦੇ ਸੀਜ਼ਨ ਦੌਰਾਨ ਇੱਕ ਵੱਡਾ *ਬਿਜਲੀ ਖਰੀਦਦਾਰ* ਹੈ, ਅਤੇ ਇਹੀ ਨਿਰਭਰਤਾ ਨਿੱਜੀਕਰਨ ਦੀਆਂ ਦਲੀਲਾਂ ਨੂੰ ਹੋਰ ਹਵਾ ਦਿੰਦੀ ਹੈ। ਆਲੋਚਕਾਂ ਦਾ ਕਹਿਣਾ ਹੈ ਕਿ ਜੇਕਰ ਨਿੱਜੀ ਕੰਪਨੀਆਂ ਆਉਂਦੀਆਂ ਹਨ, ਤਾਂ ਉਹ ਇਸ ਮਹਿੰਗੀ ਬਿਜਲੀ ਦੀ ਪੂਰੀ ਕੀਮਤ ਖਪਤਕਾਰਾਂ, ਖਾਸ ਕਰਕੇ ਕਿਸਾਨਾਂ ਤੋਂ ਵਸੂਲਣਗੀਆਂ

**2. ਸੰਕਟ ਦਾ ਲੇਖਾ-ਜੋਖਾ: ਅੰਕੜਿਆਂ ਦੀ ਜ਼ੁਬਾਨੀ :** ਸਰਕਾਰੀ ਦਲੀਲਾਂ ਨੂੰ ਸਮਝਣ ਲਈ ਪੀ.ਐਸ.ਪੀ.ਸੀ.ਐਲ. ਦੀ ਵਿੱਤੀ ਸਿਹਤ ਨੂੰ ਅੰਕੜਿਆਂ ਵਿੱਚ ਦੇਖਣਾ ਜ਼ਰੂਰੀ ਹੈ

**ਕਰਜ਼ੇ ਦਾ ਪਹਾੜ:** ਪੀ.ਐਸ.ਪੀ.ਸੀ. ਐਲ. ਤੇ ਇਸ ਵੇਲੇ ਲਗਭਗ *30,000 ਕਰੋੜ* ਦਾ ਕੁੱਲ ਕਰਜ਼ਾ ਹੈ ਅਤੇ ਇਹ ਅੰਕੜਾ ਲਗਾਤਾਰ ਵੱਧ ਰਿਹਾ ਹੈ।

**ਸਬਸਿਡੀ ਦਾ ਬੋਝ:** ਪੰਜਾਬ ਸਰਕਾਰ ਹਰ ਸਾਲ ਲਗਭਗ 20,000 ਕਰੋੜ ਤੋਂ ਵੱਧ ਦੀ ਬਿਜਲੀ ਸਬਸਿਡੀ ਦਿੰਦੀ ਹੈ (ਖੇਤੀਬਾੜੀ ਅਤੇ ਘਰੇਲੂ ਖਪਤਕਾਰਾਂ ਸਮੇਤ)। ਅਕਸਰ ਸਰਕਾਰ ਵੱਲੋਂ ਇਹ ਰਕਮ ਪੀ.ਐਸ.ਪੀ.ਸੀ.ਐਲ. ਨੂੰ ਸਮੇਂ ਸਿਰ ਅਦਾ ਨਹੀਂ ਕੀਤੀ ਜਾਂਦੀ, ਜਿਸ ਨਾਲ ਕਾਰਪੋਰੇਸ਼ਨ ਦਾ ਵਿੱਤੀ ਚੱਕਰ ਵਿਗੜ ਜਾਂਦਾ ਹੈ।

**AT&C ਘਾਟਾ:** ਵੰਡ ਅਤੇ ਚੋਰੀ ਕਾਰਨ ਹੋਣ ਵਾਲਾ ਨੁਕਸਾਨ (Aggregate Technical & Commercial Losses) ਪੰਜਾਬ ਵਿੱਚ ਲਗਭਗ 14-15% ਹੈ। ਹਾਲਾਂਕਿ ਇਹ ਰਾਸ਼ਟਰੀ ਔਸਤ ਤੋਂ ਬਿਹਤਰ ਹੈ, ਪਰ ਫਿਰ ਵੀ ਇਹ ਹਜ਼ਾਰਾਂ ਕਰੋੜਾਂ ਦਾ ਸਾਲਾਨਾ ਨੁਕਸਾਨ ਹੈ।

**ਬੁਨਿਆਦੀ ਢਾਂਚੇ ਦੀ ਲੋੜ:** ਪੰਜਾਬ ਦੇ ਟਰਾਂਸਮਿਸ਼ਨ ਨੈੱਟਵਰਕ ਨੂੰ ਆਧੁਨਿਕ ਬਣਾਉਣ ਅਤੇ ਪੁਰਾਣੇ ਟਰਾਂਸਫਾਰਮਰਾਂ ਨੂੰ ਬਦਲਣ ਲਈ ਅਗਲੇ 5 ਸਾਲਾਂ ਵਿੱਚ *15,000 ਕਰੋੜ* ਤੋਂ ਵੱਧ ਦੇ ਨਿਵੇਸ਼ ਦੀ ਲੋੜ ਹੈ। ਇਹ ਅੰਕੜੇ ਦੱਸਦੇ ਹਨ ਕਿ ਪੀ.ਐਸ.ਪੀ.ਸੀ.ਐਲ.ਇੱਕ ਗੰਭੀਰ ਵਿੱਤੀ ਸੰਕਟ ਵਿੱਚ ਹੈ, ਜਿਸਨੂੰ ਸਰਕਾਰ ਨਿੱਜੀਕਰਨ ਲਈ ਸਭ ਤੋਂ ਵੱਡੀ ਦਲੀਲ ਵਜੋਂ ਪੇਸ਼ ਕਰ ਰਹੀ ਹੈ।

**3. ਸਰਕਾਰੀ ਦਲੀਲਾਂ ਬਨਾਮ ਆਲੋਚਕਾਂ ਦੇ ਤਰਕ**

**ਸਰਕਾਰੀ ਪੱਖ:** ਨਿੱਜੀਕਰਨ ਕੁਸ਼ਲਤਾ ਲਿਆਵੇਗਾ, ਬਿਜਲੀ ਚੋਰੀ ਰੋਕੇਗਾ, ਖਪਤਕਾਰਾਂ ਨੂੰ 24X7 ਨਿਰਵਿਘਨ ਸਪਲਾਈ ਮਿਲੇਗੀ ਅਤੇ ਸਰਕਾਰ ਦੇ ਸਿਰ ਤੋਂ ਵਿੱਤੀ ਘਾਟੇ ਦਾ ਬੋਝ ਹਟੇਗਾ। ਨਿੱਜੀ ਨਿਵੇਸ਼ ਨਾਲ ਬੁਨਿਆਦੀ ਢਾਂਚਾ ਸੁਧਰੇਗਾ, ਜੋ ਉਦਯੋਗਿਕ ਵਿਕਾਸ ਲਈ ਜ਼ਰੂਰੀ ਹੈ।

**ਆਲੋਚਕਾਂ ਦਾ ਪੱਖ:** ਇਹ ਦਲੀਲਾਂ ਇੱਕ ਅੱਧਾ ਸੱਚ ਹਨ। ਪੀ.ਐਸ.ਪੀ.ਸੀ.ਐਲ. ਦੇ ਘਾਟੇ ਦਾ ਅਸਲ ਕਾਰਨ ਸਾਲਾਂ ਦੀ ਸਿਆਸੀ ਦਖਲਅੰਦਾਜ਼ੀ, ਵੋਟ ਬੈਂਕ ਲਈ ਲਏ ਗਏ ਗੈਰ-ਵਿੱਤੀ ਫੈਸਲੇ ਅਤੇ ਪ੍ਰਬੰਧਕੀ ਨਾਕਾਮੀਆਂ ਹਨ। ਸਰਕਾਰ ਆਪਣੀਆਂ ਜ਼ਿੰਮੇਵਾਰੀਆਂ ਤੋਂ ਭੱਜ ਕੇ ਜਨਤਕ ਸੰਪਤੀਆਂ ਨੂੰ ਕਾਰਪੋਰੇਟ ਘਰਾਣਿਆਂ ਨੂੰ ਵੇਚਣ ਦਾ ਰਾਹ ਪੱਧਰਾ ਕਰ ਰਹੀ ਹੈ। ਜੇਕਰ ਸਰਕਾਰ ਸਬਸਿਡੀ ਦੀ ਰਕਮ ਸਮੇਂ ਸਿਰ ਅਦਾ ਕਰੇ ਅਤੇ ਬਿਜਲੀ ਚੋਰੀ ’ਤੇ ਸਖ਼ਤੀ ਕਰੇ, ਤਾਂ ਪੀ.ਐਸ.ਪੀ.ਸੀ. ਐਲ. ਮੁੜ ਮੁਨਾਫ਼ੇ ਵਿੱਚ ਆ ਸਕਦੀ ਹੈ।

**4. ਦੇਸ਼ ਦੇ ਹੋਰ ਹਿੱਸਿਆਂ ਤੋਂ ਸਬਕ:**

**ਦਿੱਲੀ ਅਤੇ ਉੜੀਸਾ ਮਾਡਲ :** ਨਿੱਜੀਕਰਨ ਦੇ ਸਮਰਥਕ ਅਕਸਰ ਦਿੱਲੀ ਦਾ ਉਦਾਹਰਨ ਦਿੰਦੇ ਹਨ, ਜਿੱਥੇ AT&C ਘਾਟਾ 50% ਤੋਂ ਘੱਟ ਕੇ 8% ’ਤੇ ਆ ਗਿਆ। ਪਰ ਇਸਦੇ ਦੋ ਪਹਿਲੂ ਹਨ।

**ਸਕਾਰਾਤਮਕ:** ਬਿਜਲੀ ਦੀ ਉਪਲਬਧਤਾ ਬਿਹਤਰ ਹੋਈ ਹੈ ਅਤੇ ਬੁਨਿਆਦੀ ਢਾਂਚਾ ਸੁਧਰਿਆ ਹੈ।

**ਨਕਾਰਾਤਮਕ:** ਬਿਜਲੀ ਦੀਆਂ ਦਰਾਂ ਵਿੱਚ ਭਾਰੀ ਵਾਧਾ ਹੋਇਆ ਹੈ ਅਤੇ ਕਰਾਸ-ਸਬਸਿਡੀ ਮਾਡਲ ਕਮਜ਼ੋਰ ਹੋਇਆ ਹੈ। ਉੱਥੇ ਖੇਤੀਬਾੜੀ ਸੈਕਟਰ ਨਾਮਾਤਰ ਹੈ, ਜਦਕਿ ਪੰਜਾਬ ਦੀ ਆਰਥਿਕਤਾ ਪੂਰੀ ਤਰ੍ਹਾਂ ਖੇਤੀ ’ਤੇ ਨਿਰਭਰ ਹੈ।

**ਉੜੀਸਾ:** ਜਿੱਥੇ ਸਭ ਤੋਂ ਪਹਿਲਾਂ ਨਿੱਜੀਕਰਨ ਹੋਇਆ, ਦਾ ਤਜਰਬਾ ਬਹੁਤ ਅਸਫਲ ਰਿਹਾ। ਨਿੱਜੀ ਕੰਪਨੀਆਂ ਘਾਟਾ ਘੱਟ ਕਰਨ ਵਿੱਚ ਨਾਕਾਮ ਰਹੀਆਂ ਅਤੇ ਅੰਤ ਵਿੱਚ ਸਰਕਾਰ ਨੂੰ ਮੁੜ ਦਖਲ ਦੇਣਾ ਪਿਆ। ਇਹ ਤਜਰਬੇ ਦੱਸਦੇ ਹਨ ਕਿ ਨਿੱਜੀਕਰਨ ਕੋਈ ਜਾਦੂ ਦੀ ਛੜੀ ਨਹੀਂ ਹੈ।

**5. ਕਿਸਾਨਾਂ ਅਤੇ ਆਮ ਖਪਤਕਾਰਾਂ ਦੇ ਡੂੰਘੇ ਖਦਸ਼ੇ :** ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਅਤੇ ਹੋਰ ਜਥੇਬੰਦੀਆਂ ਦਾ ਸੰਘਰਸ਼ ਸਿਰਫ਼ ਸਬਸਿਡੀ ਬਚਾਉਣ ਤੱਕ ਸੀਮਤ ਨਹੀਂ, ਇਸਦੇ ਪਿੱਛੇ ਡੂੰਘੇ ਡਰ ਹਨ

ਸਬਸਿਡੀ ਦਾ ਅੰਤ: ਨਿੱਜੀ ਕੰਪਨੀਆਂ ਲਾਭ ਲਈ ਕੰਮ ਕਰਦੀਆਂ ਹਨ। ਉਹ ਡਾਇਰੈਕਟ ਬੈਨੀਫਿਟ ਟਰਾਂਸਫਰ (DBT) ਦੀ ਮੰਗ ਕਰਨਗੀਆਂ, ਜਿਸ ਤਹਿਤ ਕਿਸਾਨ ਨੂੰ ਪਹਿਲਾਂ ਪੂਰਾ ਬਿੱਲ ਭਰਨਾ ਪਵੇਗਾ ਅਤੇ ਬਾਅਦ ਵਿੱਚ ਸਬਸਿਡੀ ਉਸਦੇ ਖਾਤੇ ਵਿੱਚ ਆਵੇਗੀ। ਪੰਜਾਬ ਦੇ ਛੋਟੇ ਕਿਸਾਨਾਂ ਲਈ ਹਜ਼ਾਰਾਂ ਰੁਪਏ ਦਾ ਬਿੱਲ ਪਹਿਲਾਂ ਭਰਨਾ ਲਗਭਗ ਅਸੰਭਵ ਹੋਵੇਗਾ।

**ਮੀਟਰਾਂ ਦਾ ਜਾਲ:** ਸਮਾਰਟ ਪ੍ਰੀ-ਪੇਡ ਮੀਟਰ ਪਹਿਲਾਂ ਰੀਚਾਰਜ ਕਰੋ, ਫਿਰ ਵਰਤੋ ਦੇ ਸਿਧਾਂਤ ’ਤੇ ਕੰਮ ਕਰਨਗੇ। ਜੇਕਰ ਕਿਸੇ ਗਰੀਬ ਪਰਿਵਾਰ ਕੋਲ ਪੈਸੇ ਨਹੀਂ ਹਨ, ਤਾਂ ਉਹਨਾਂ ਦਾ ਘਰ ਹਨੇਰੇ ਵਿੱਚ ਡੁੱਬ ਜਾਵੇਗਾ। ਇਹ ਬਿਜਲੀ ਨੂੰ ਅਧਿਕਾਰ ਦੀ ਥਾਂ ’ਤੇ ਇੱਕ ਖ ਰੀਦਣ ਵਾਲੀ ਵਸਤੂ ਬਣਾ ਦੇਵੇਗਾ।

**ਟਾਈਮ ਆਫ਼ ਡੇਅਟੈਰਿਫ:** ਇਹ ਸਿਸਟਮ ਪੀਕ ਘੰਟਿਆਂ (ਜਿਵੇਂ ਸ਼ਾਮ 6-10 ਵਜੇ) ਦੌਰਾਨ ਬਿਜਲੀ ਦੀਆਂ ਦਰਾਂ ਨੂੰ ਦੁੱਗਣਾ ਜਾਂ ਤਿੱਗਣਾ ਕਰ ਦੇਵੇਗਾ। ਖੇਤੀ ਅਤੇ ਘਰੇਲੂ ਕੰਮਾਂ ਲਈ ਪੀਕ ਘੰਟਿਆਂ ਵਿੱਚ ਬਿਜਲੀ ਵਰਤਣਾ ਬਹੁਤ ਮਹਿੰਗਾ ਹੋ ਜਾਵੇਗਾ।

**6. ਸੰਘਰਸ਼ ਦੀ ਤਿਆਰੀ ਅਤੇ ਸਰਕਾਰ ਦੀ ਚੁਣੌਤੀ:**

ਅੱਜ 14 ਜੁਲਾਈ 2025 ਨੂੰ ਐਲਾਨਿਆ ਗਿਆ ਰੋਸ ਪ੍ਰਦਰਸ਼ਨ ਸਿਰਫ਼ ਇੱਕ ਸ਼ੁਰੂਆਤ ਹੈ। ਇਸ ਵਾਰ ਲੜਾਈ ਸਿਰਫ਼ ਕਿਸਾਨਾਂ ਦੀ ਨਹੀਂ, ਸਗੋਂ ਪੀ.ਐਸ.ਪੀ.ਸੀ.ਐਲ. ਦੇ ਮੁਲਾਜ਼ਮਾਂ, ਸ਼ਹਿਰੀ ਮੱਧ ਵਰਗ ਅਤੇ ਛੋਟੇ ਉਦਯੋਗਪਤੀਆਂ ਦੀ ਸਾਂਝੀ ਲੜਾਈ ਬਣ ਰਹੀ ਹੈ। ਕਰਮਚਾਰੀ ਯੂਨੀਅਨਾਂ ਨੂੰ ਨੌਕਰੀਆਂ ਦੀ ਛਾਂਟੀ, ਪੈਨਸ਼ਨਾਂ ’ਤੇ ਕੱਟ ਅਤੇ ਠੇਕਾ ਪ੍ਰਣਾਲੀ ਦੇ ਵਾਧੇ ਦਾ ਡਰ ਹੈ। ਇਹ ਸਾਂਝਾ ਮੋਰਚਾ ਸਰਕਾਰ ਲਈ ਇੱਕ ਵੱਡੀ ਸਿਆਸੀ ਚੁਣੌਤੀ ਪੈਦਾ ਕਰੇਗਾ।

**7. ਵਿਸ਼ਲੇਸ਼ਣ:** ਇਹ ਪੰਜਾਬ ਮਾਡਲ ਦੇ ਭਵਿੱਖ ਦਾ ਸਵਾਲ ਹੈ : ਇਹ ਮੁੱਦਾ ਪੀ.ਐਸ.ਪੀ.ਸੀ.ਐਲ. ਦੇ ਵਿੱਤੀ ਘਾਟੇ ਤੋਂ ਕਿਤੇ ਵੱਡਾ ਹੈ। ਇਹ ਪੰਜਾਬ ਦੇ ਉਸ ਵਿਕਾਸ ਮਾਡਲ ਦੇ ਭਵਿੱਖ ਦਾ ਸਵਾਲ ਹੈ, ਜਿਸ ਵਿੱਚ ਸਰਕਾਰ ਦੀ ਭੂਮਿਕਾ ਇੱਕ ਸੁਵਿਧਾ ਦੇਣ ਵਾਲੇ ਦੀ ਰਹੀ ਹੈ, ਨਾ ਕਿ ਸਿਰਫ਼ ਇੱਕ ਵਪਾਰੀ ਦੀ। ਜੇਕਰ ਬਿਜਲੀ ਮਹਿੰਗੀ ਹੁੰਦੀ ਹੈ, ਤਾਂ ਇਸਦਾ ਲੜੀਵਾਰ ਪ੍ਰਭਾਵ ਹੋਵੇਗਾ:

ਖੇਤੀ: ਝੋਨੇ ਵਰਗੀਆਂ ਪਾਣੀ ਦੀ ਵੱਧ ਖਪਤ ਵਾਲੀਆਂ ਫਸਲਾਂ ਦੀ ਲਾਗਤ ਵਧੇਗੀ, ਜਿਸ ਨਾਲ ਫਸਲੀ ਵਿਭਿੰਨਤਾ ਦੀਆਂ ਕੋਸ਼ਿਸ਼ਾਂ ਨੂੰ ਝਟਕਾ ਲੱਗੇਗਾ।

**ਉਦਯੋਗ:** ਪੰਜਾਬ ਦੇ ਛੋਟੇ ਅਤੇ ਦਰਮਿਆਨੇ ਉਦਯੋਗ (MSMEs) ਦੂਜੇ ਰਾਜਾਂ ਦੇ ਮੁਕਾਬਲੇ ਵਿੱਚ ਪੱਛੜ ਜਾਣਗੇ।

ਸਮਾਜਿਕ ਤਾਣਾ-ਬਾਣਾ: ਗਰੀਬ ਅਤੇ ਅਮੀਰ ਵਿਚਕਾਰ ਪਾੜਾ ਹੋਰ ਵਧੇਗਾ, ਕਿਉਂਕਿ ਊਰਜਾ ਇੱਕ ਲਗਜ਼ਰੀ ਬਣ ਜਾਵੇਗੀ।

**8. ਅੱਗੇ ਦਾ ਰਾਹ:** ਨਿੱਜੀਕਰਨ ਤੋਂ ਪਰੇ ਉਸਾਰੂ ਹੱਲ : ਨਿੱਜੀਕਰਨ ਨੂੰ ਇੱਕੋ-ਇੱਕ ਹੱਲ ਵਜੋਂ ਪੇਸ਼ ਕਰਨਾ ਬੌਧਿਕ ਬੇਈਮਾਨੀ ਹੈ। ਇਸਦੇ ਕਈ ਵਿਕਲਪ ਮੌਜੂਦ ਹਨ।

**ਪ੍ਰਸ਼ਾਸਨਿਕ ਅਤੇ ਰਾਜਨੀਤਿਕ ਸੁਧਾਰ:** ਪੀ.ਐਸ.ਪੀ.ਸੀ. ਐਲ. ਨੂੰ ਸਿਆਸੀ ਦਖਲਅੰਦਾਜ਼ੀ ਤੋਂ ਪੂਰੀ ਤਰ੍ਹਾਂ ਮੁਕਤ ਕਰਕੇ ਇੱਕ ਪੇਸ਼ੇਵਰ ਬੋਰਡ ਦੇ ਹਵਾਲੇ ਕੀਤਾ ਜਾਵੇ। ਚੇਅਰਮੈਨ ਅਤੇ ਡਾਇਰੈਕਟਰਾਂ ਦੀ ਨਿਯੁਕਤੀ ਮੈਰਿਟ ਦੇ ਅਧਾਰ ’ਤੇ ਹੋਵੇ, ਨਾ ਕਿ ਸਿਆਸੀ ਸਿਫਾਰਸ਼ਾਂ ’ਤੇ।

**ਨੁਕਸਾਨ ’ਤੇ ਸਖ਼ਤ ਕਾਰਵਾਈ:** ਬਿਜਲੀ ਚੋਰੀ ਨੂੰ ਇੱਕ ਗੰਭੀਰ ਅਪਰਾਧ ਬਣਾ ਕੇ ਇਸਦੇ ਲਈ ਸਖ਼ਤ ਸਜ਼ਾਵਾਂ ਅਤੇ ਭਾਰੀ ਜੁਰਮਾਨਿਆਂ ਵਾਲਾ ਕਾਨੂੰਨ ਲਿਆਂਦਾ ਜਾਵੇ। ਵੱਡੇ ਸਨਅਤੀ ਅਤੇ ਵਪਾਰਕ ਕੁਨੈਕਸ਼ਨਾਂ ਦਾ ਐਨਰਜੀ ਆਡਿਟ ਲਾਜ਼ਮੀ ਕੀਤਾ ਜਾਵੇ।

**ਊਰਜਾ ਦੇ ਬਦਲਵੇਂ ਸਰੋਤ:** PM-KUSUM ਯੋਜਨਾ ਤਹਿਤ ਖੇਤੀ ਫੀਡਰਾਂ ਨੂੰ ਸੂਰਜੀ ਊਰਜਾ ’ਤੇ ਤਬਦੀਲ ਕਰਨ ਦੀ ਪ੍ਰਕਿਰਿਆ ਤੇਜ਼ ਕੀਤੀ ਜਾਵੇ। ਇਸ ਨਾਲ ਦਿਨ ਵੇਲੇ ਕਿਸਾਨਾਂ ਨੂੰ ਮੁਫ਼ਤ ਅਤੇ ਨਿਰਵਿਘਨ ਬਿਜਲੀ ਮਿਲੇਗੀ ਅਤੇ ਪੀ.ਐਸ.ਪੀ.ਸੀ.ਐਲ. ਦਾ ਸਬਸਿਡੀ ਬੋਝ ਘਟੇਗਾ।

**ਮੰਗ-ਪੱਖੀ ਪ੍ਰਬੰਧਨ :** ਕਿਸਾਨਾਂ ਨੂੰ ਝੋਨੇ ਦੀ ਥਾਂ ’ਤੇ ਘੱਟ ਪਾਣੀ ਵਾਲੀਆਂ ਫਸਲਾਂ (ਮੱਕੀ, ਦਾਲਾਂ, ਤੇਲ ਬੀਜ) ਬੀਜਣ ਲਈ ਪ੍ਰੋਤਸ਼ਾਹਿਤ ਕਰਨ ਲਈ ਬਿਜਲੀ ਸਬਸਿਡੀ ਦੀ ਬਜਾਏ ਪ੍ਰਤੀ ਏਕੜ ਨਕਦ ਲਾਭ ਦਿੱਤਾ ਜਾ ਸਕਦਾ ਹੈ।

**ਪਾਰਦਰਸ਼ੀ ਸੰਵਾਦ:** ਕੋਈ ਵੀ ਵੱਡਾ ਫੈਸਲਾ ਲੈਣ ਤੋਂ ਪਹਿਲਾਂ ਸਰਕਾਰ ਕਿਸਾਨਾਂ, ਖਪਤਕਾਰਾਂ, ਕਰਮਚਾਰੀਆਂ ਅਤੇ ਵਿਸ਼ਾ ਮਾਹਿਰਾਂ ਦੀ ਇੱਕ ਸਾਂਝੀ ਕਮੇਟੀ ਬਣਾ ਕੇ ਸਾਰੇ ਪੱਖਾਂ ਨੂੰ ਸੁਣੇ ਅਤੇ ਇੱਕ ਸਰਬਸੰਮਤੀ ਵਾਲਾ ਰੋਡਮੈਪ ਤਿਆਰ ਕਰੇ।

**ਨੀਤੀ ਲੋਕਾਂ ਲਈ ਹੋਵੇ, ਸਿਰਫ਼ ਮੁਨਾਫ਼ੇ ਲਈ ਨਹੀਂ :** ਪੀ.ਐਸ.ਪੀ.ਸੀ.ਐਲ. ਨੂੰ ਸੁਧਾਰਾਂ ਦੀ ਸਖ਼ਤ ਲੋੜ ਹੈ, ਪਰ ਸੁਧਾਰ ਅਤੇ ਨਿੱਜੀਕਰਨ ਇੱਕ ਦੂਜੇ ਦੇ ਸਮਾਨਾਰਥੀ ਨਹੀਂ ਹਨ। ਜਨਤਕ ਖੇਤਰ ਦੇ ਅਦਾਰੇ ਨੂੰ ਮਜ਼ਬੂਤ ਕਰਨਾ, ਇਸਨੂੰ ਪਾਰਦਰਸ਼ੀ ਅਤੇ ਜਵਾਬਦੇਹ ਬਣਾਉਣਾ ਵੀ ਇੱਕ ਸੁਧਾਰ ਹੈ। ਪੰਜਾਬ ਦਾ ਭਵਿੱਖ ਇਸ ਗੱਲ ’ਤੇ ਨਿਰਭਰ ਕਰਦਾ ਹੈ ਕਿ ਕੀ ਬਿਜਲੀ ਨੂੰ ਲੋਕਾਂ ਦਾ ਬੁਨਿਆਦੀ ਅਧਿਕਾਰ ਮੰਨਿਆ ਜਾਂਦਾ ਹੈ ਜਾਂ ਕਾਰਪੋਰੇਟ ਘਰਾਣਿਆਂ ਲਈ ਮੁਨਾਫ਼ਾ ਕਮਾਉਣ ਦਾ ਸਾਧਨ। ਜੇਕਰ ਸਰਕਾਰ ਨੇ ਲੋਕਾਂ ਦੇ ਵਿਸ਼ਵਾਸ ਨੂੰ ਜਿੱਤੇ ਬਿਨਾਂ ਇੱਕਪਾਸੜ ਫੈਸਲਾ ਲਿਆ, ਤਾਂ ਇਹ ਸਿਰਫ਼ ਇੱਕ ਆਰਥਿਕ ਨੀਤੀ ਨਹੀਂ, ਸਗੋਂ ਪੰਜਾਬ ਦੀ ਧਰਤੀ ’ਤੇ ਇੱਕ ਵੱਡੇ ਸਮਾਜਿਕ ਅਤੇ ਰਾਜਨੀਤਿਕ ਟਕਰਾਅ ਦੀ ਨੀਂਹ ਰੱਖੇਗਾ।

# ਆਓ ਸਿਆਸਤ ਨੂੰ ਪਾਸੇ ਰੱਖ ਕੇ ਨਸ਼ਿਆਂ ਖ਼ਿਲਾਫ਼ ਇੱਕਠੇ ਹੋਈਏ

ਅਮੀਰ ਸਿੰਘ ਜੋਸਨ
9417915875

ਅੱਜ ਇੱਕ ਪੁੱਤ ਮਰ ਗਿਆ ਪਿਉ ਨੇ ਆਪਣੇ ਪੁੱਤਰ ਦੀ ਲਾਸ਼ ਕੋਲ ਖੜ੍ਹੇ ਹੋ ਕੇ ਗੁਰੂ ਮਹਾਰਾਜ ਦੇ ਭਾਣੇ ਵਿੱਚ ਅਰਦਾਸ ਕੀਤੀ ਰਬਾ ਤੂੰ ਦਿੱਤਾ ਸੀ ਤੇ ਤੂੰ ਆਪ ਹੀ ਲੈ ਲਿਆ, ਤੇਰੀ ਮਰਜ਼ੀ ਤੇਰੇ ਅੱਗੇ ਕਿਸੇ ਦਾ ਕੀ ਜ਼ੋਰ ਨਸ਼ਿਆਂ ਦੀ ਭੇਟ ਚੜ੍ਹਿਆ ਇੱਕ ਨੌਜਵਾਨ। ਇਹੋ ਜਿਹੇ ਹਜ਼ਾਰਾਂ ਹੀ ਨੌਜਵਾਨ ਬੜੀ ਘੱਟ ਉਮਰ ਵਿੱਚ ਨਸ਼ਿਆਂ ਦੀ ਦਲਦਲ ਵਿੱਚ ਧੱਸ ਕੇ ਜਵਾਨੀ ਤੇ ਜ਼ਿੰਦਗਾਨੀ ਖਤਮ ਕਰ ਦਿੰਦੇ ਹਨ। ਇਨ੍ਹਾਂ ਮੌਤਾਂ ਦਾ ਜਵਾਬਦੇਹ ਕੌਣ ਹੈ? ਭਾਵੇਂ ਹਰ ਕੋਈ ਇਸ ਦਾ ਉੱਤਰ ਇਹ ਹੀ ਦੇਵੇਗਾ ਕਿ ਪੰਜਾਬ ਸਰਕਾਰ, ਡੀਜੀਪੀ ਪੰਜਾਬ ਪੁਲਿਸ ਇਸ ਤੋਂ ਇਲਾਵਾ ਲੋਕ ਜਿਨ੍ਹਾਂ ਦੇ ਸਾਥ ਤੋਂ ਬਿਨਾਂ ਇਸ ਨਾਮੁਰਾਦ ਬਿਮਾਰੀ ਤੋਂ ਖਹਿੜਾ ਨਹੀਂ ਛੁੱਟਣਾ ਪਰ ਲੋਕ ਤਾਂ ਬੇਨਤੀਆਂ ਕਰਦੇ ਗਲੀ-ਗਲੀ ਹੌਕਾ ਦਿੰਦੇ ਸ਼ੋਸ਼ਲ ਮੀਡੀਆ ’ਤੇ ਆਮ ਹੀ ਵੇਖੇ ਜਾ ਸਕਦੇ ਹਨ। ਉਹ ਇਸ ਕੋਹੜ ਤੋਂ ਬਚਣ ਲਈ ਪੂਰੀ ਵਾਹ ਲਾਉਂਦੇ ਨੇ ਪਰ ਪਤਾ ਨਹੀਂ ਕਿਉਂ ਸਰਕਾਰ ਤੇ ਪੁਲਿਸ ਇਸ ਨੂੰ ਬੰਦ ਕਰਨ ਲਈ ਬੇਵੱਸ ਨਜ਼ਰੀਂ ਆਉਂਦੀਆਂ ਨੇ ਜਾਂ ਤਾਂ ਨਸ਼ੇ ਦੇ ਵਪਾਰੀ ਬਹੁਤੇ ਤਾਕਤਵਰ ਨੇ ਤੇ ਜਾਂ ਇਹ ਲੋਕ ਗਦਾਰ ਹਨ, ਪਿੰਡ ਡੈਨਵਿੰਡ ਜ਼ਿਲ੍ਹਾ ਕਪੂਰਥਲਾ ਤੋਂ ਹਨ। ਇਹ ਸੁਨੱਖਾ ਨੌਜਵਾਨ ਜਿਸਦਾ ਫਰਵਰੀ ਦੇ ਆਖਰੀ ਹਫਤੇ ਵਿੱਚ ਵਿਆਹ ਹੋਇਆ ਸੀ। ਉਹੋ ਰਾਤ ਨੂੰ ਘਰੋਂ ਕੁਝ ਸਮਾਨ ਲੈਣ ਗਿਆ। ਮੁੜਕੇ ਵਾਪਸ ਨਹੀਂ ਪਰਤਿਆ।ਪਿਤਾ ਤੇ ਹੋਰ ਰਿਸ਼ਤੇਦਾਰ ਨੌਜਵਾਨ ਸਾਰੀ ਰਾਤ ਲੱਭਦੇ ਰਹੇ।ਸੋ ਪੁਲਿਸ ਨੂੰ ਗੁੰਮਸ਼ੁਦਗੀ ਬਾਰੇ ਦੱਸਿਆ ਗਿਆ। ਸਵੇਰੇ ਤੜਕਸਾਰ ਪੁਲਿਸ ਵਾਲਿਆਂ ਨੇ ਫੋਨ ਕਰਕੇ ਦੱਸਿਆ ਕਿ ਕਪੂਰਥਲਾ ਸੜਕ ’ਤੇ ਇੱਕ ਅਣਪਛਾਤੇ ਨੌਜਵਾਨ ਦੀ ਲਾਸ਼ ਮਿਲੀ ਹੈ ਆ ਕੇ ਸ਼ਨਾਖਤ ਕਰਿਓ। ਸੋਚੋ ਕੀ ਬੀਤੀ ਹੋਵੇਗੀ, ਇਸਦੇ ਪਿਤਾ ਨੇ ਜਦੋਂ ਅਚਾਨਕ ਪੁੱਤਰ ਨੂੰ ਇਸ ਹਾਲ ਵਿੱਚ ਵੇਖਿਆ ਹੋਵੇਗਾ। ਵੈਸੇ ਤਾਂ ਹਰ ਪਿਤਾ, ਹਰ ਮਾਂ, ਹਰ ਭੈਣ, ਹਰ ਭਰਾ, ਹਰ ਓਸ ਪਤਨੀ ਨੂੰ ਇਨਸਾਫ ਚਾਹੀਦਾ ਹੈ, ਜਿਨ੍ਹਾਂ ਦੇ ਪਰਿਵਾਰ ਦਾ ਕੋਈ ਨਾ ਕੋਈ ਜੀਅ ਸਮੇਂ ਤੋਂ ਪਹਿਲਾਂ ਨਸ਼ਿਆਂ ਦੀ ਦਲਦਲ ਵਿੱਚ ਫਸ ਕੇ ਪਰਿਵਾਰ ਨੂੰ ਇਕੱਲੇ ਛੱਡ ਕੇ ਤੁਰ ਗਿਆ। ਉਨ੍ਹਾਂ ਬੱਚਿਆਂ ਨੂੰ ਜਿਨ੍ਹਾਂ ਨੂੰ ਹਾਲੇ ਪਿਉ ਦੀ ਬਹੁਤ ਜ਼ਰੂਰਤ ਹੁੰਦੀ ਹੈ, ਇਹ ਨਿੱਕੇ-ਨਿੱਕੇ ਬੱਚੇ ਦੇਖਦੇ ਹਨ ਕਿਵੇਂ ਮਕਾਣਾਂ ਆਉਂਦੀਆਂ ਹਨ, ਭਾਵੇਂ ਉਨ੍ਹਾਂ ਨੂੰ ਇਹ ਪਤਾ ਨਹੀਂ ਹੁੰਦਾ ਪਰ ਉਹ ਹੈਰਾਨੀ ਭਰੀਆਂ ਨਜ਼ਰਾਂ ਨਾਲ ਵੇਖਦੇ ਨੇ ਕਿ ਚਿੱਟੇ ਸੂਟ ਲੰਮੇ ਜਿਹੇ ਘੁੰਡ ਆਲੀਆਂ ਬੁੜੀਆਂ ਕਿਉਂ ਰੋ ਰਹੀਆਂ ਹਨ ਪਰ ਇਹ ਅਣਆਈਆਂ ਮੌਤਾਂ ਰੁਕਣ ਦਾ ਨਾਮ ਨਹੀਂ ਲੈ ਰਹੀਆਂ। ਉਸ ਮਾਂ ਦੇ ਦਿਲ ’ਤੇ ਕੀ ਬੀਤਦੀ ਹੋਵੇਗੀ, ਜਿਸਦੇ ਪੁੱਤਰ ਦੀ ਲਾਸ਼ ਸਸਕਾਰ ਲਈ ਮੋਰਚਰੀ ’ਚੋਂ ਬਾਹਰ ਆਵੇਗੀ। ਉਸ ਪਤਨੀ ਦਾ ਕੀ ਹਾਲ ਹੋ ਜਾਵੇਗਾ, ਜਿਸਦੇ ਹੱਥਾਂ ਵਿੱਚ ਅਜੇ ਤੱਕ ਵਿਆਹ ਦੀ ਮਹਿੰਦੀ ਤੇ ਚੂੜੇ ਦਾ ਰੰਗ ਵੀ ਫਿੱਕਾ ਨਹੀਂ ਪਿਆ। ਜਿਨ੍ਹਾਂ ਨੂੰ ਚਿੱਟੀਆਂ ਚੁੰਨੀਆਂ ਸਿਰ ’ਤੇ ਲੈਣੀਆਂ ਪੈ ਜਾਂਦੀਆਂ ਨੇ ਉਨ੍ਹਾਂ ਦੇ ਸੁਪਨੇ ਜੋ ਸਮੋਏ ਹੁੰਦੇ ਹਨ, ਉਹ ਦੁੱਖਾਂ ਦੇ ਪਹਾੜ ਵਾਂਗ ਲੱਗਣ ਲੱਗ ਪੈਂਦੇ ਹਨ, ਕਿਹਾ ਜਾਂਦਾ ਹੈ, ਕਿ ਅੱਜ ਦਾ ਪੰਜਾਬੀ ਨੌਜਵਾਨ ਅਭਿਲਾਸ਼ੀ, ਤਜਰਬੇਕਾਰ, ਜੋਸ਼ੀਲਾ ਤੇ ਕਾਬਲ ਹੈ। ਪਰ ਅਫ਼ਸੋਸ ਇਹ ਹੈ ਕਿ ਉਹ ਆਪਣੀ ਸਮਰੱਥਾ, ਆਪਣੀ ਊਰਜਾ ਅਤੇ ਆਪਣਾ ਭਵਿੱਖ ਬਾਹਰਲੇ ਮੁਲਕਾਂ ਦੀ ਧੁੰਦ ਵਿੱਚ ਲੱਭ ਰਿਹਾ ਹੈ। ਇਮੀਗ੍ਰੇਸ਼ਨ ਦੀ ਲਹਿਰ ਅਤੇ ਬਾਹਰਲੀ ਚਕਾਚੌਂਧ ਨੇ ਉਸਨੂੰ ਆਪਣੀ ਜਨਮ ਭੂਮੀ ਦੀ ਬਜਾਏ ਇਹ ਵਿਸ਼ਵਾਸ ਦਿਵਾ ਦਿੱਤਾ ਹੈ ਕਿ ਖੁਸ਼ਹਾਲੀ ਸਿਰਫ਼ ਵਿਦੇਸ਼ਾਂ ਵਿੱਚ ਹੀ ਹੈ, ਜਦ ਕਿ ਸੱਚ ਇਹ ਹੈ ਕਿ, ਕਿਤੇ ਵੀ ਜਾਵੋ ਪੰਜਾਬ ਜੋ ਗੁਰੂਆਂ ਦੀ ਧਰਤੀ ਹੈ ਪਰ ਅੱਜ ਜੋ ਹਲਾਤ ਹਨ ਉਸ ਮੁਤਾਬਕ ਇਹ ਪੰਜਾਬ ਦੇ ਗੱਭਰੂਆਂ ਨੂੰ ਅਵਾਜ਼ਾਂ ਮਾਰਦੀ ਤੇ ਹਾੜੇ ਕੱਢਦੀ ਹੀ ਨਜ਼ਰੀਂ ਆਉਂਦੀ ਹੈ। ਭਾਵੇਂ ਮੁੱਖ ਮੰਤਰੀ ਭਗਵੰਤ ਮਾਨ ਨੇ ਭਾਵੁਕ ਹੋ ਕੇ ਕਿਹਾ ਕਿ ਨਸ਼ਿਆਂ ਕਰਕੇ ਹਜ਼ਾਰਾਂ ਮਾਵਾਂ ਦੇ ਪੁੱਤ ਮਰ ਗਏ ਹਨ ਅਤੇ ਉਹ ਕਿਸੇ ਨੂੰ ਵੀ ਨਹੀਂ ਬਖ਼ਸ਼ਣਗੇ ਜੋ ਨਸ਼ਿਆਂ ਦੇ ਕਾਰੋਬਾਰ ਵਿੱਚ ਸ਼ਾਮਲ ਹਨ। ਉਨ੍ਹਾਂ ਨੇ ਇਸ਼ਾਰਾ ਕੀਤਾ ਕਿ ਕਈ ਵੱਡੇ ਚਿਹਰੇ ਅਤੇ ਸਿਆਸੀ ਨੇਤਾ ਇਸ ਮੰਦਕਰਮ ਦੇ ਪਿੱਛੇ ਹਨ। ਇਸ ਮੌਕੇ ’ਤੇ ਉਨ੍ਹਾਂ ਨੇ ਸਿਹਤ ਸੰਬੰਧੀ ਇੱਕ ਵੱਡੇ ਇਵੈਂਟ ਦੌਰਾਨ ਨਸ਼ੇ ਖਿਲਾਫ ਆਪਣੀ ਜ਼ੋਰਦਾਰ ਆਵਾਜ਼ ਉਠਾਈ। ਸਰਕਾਰ ਨੇ ਯੁੱਧ ਨਸ਼ਿਆਂ ਵਿਰੁੱਧ ਅਭਿਆਨ ਤਾਂ ਸ਼ੁਰੂ ਕੀਤਾ ਹੈ ਪਰ ਪੰਜਾਬ ਦੀ ਨੌਜਵਾਨੀ ਤੋਂ ਬਿਨਾਂ ਇਹ ਕਾਮਯਾਬ ਹੋਵੇ, ਇਸ ਲਈ ਕੁੱਝ ਨਹੀਂ ਕਿਹਾ ਜਾ ਸਕਦਾ ਪਰ ਜੇ ਕੋਸ਼ਿਸ਼ ਕਰੀਏ ਤਾਂ ਇਸ ਟਾਈਮ ਅੱਖਾਂ ਬੰਦ ਕਰਕੇ ਕਿਸੇ ਦੇ ਵਿਰੋਧ ’ਚ ਖੜੇ ਨਾ ਹੋਈਏ, ਜਿੱਥੇ ਉਹ ਸਹੀ ਆ ਉਸਦਾ ਉਥੇ ਵੀ ਮੂਰਖਾਂ ਵਾਂਗ ਵਿਰੋਧ ਕਰੀ ਜਾਣਾ। ਦੂਜੇ ਪਾਸੇ ਜੋ ਗਲਤ ਹੈ, ਇਸ ਦਾ ਪਤਾ ਹੁੰਦੇ ਹੋਏ ਵੀ ਹਮਾਇਤ ਕਰਨੀ ਤੇ ਅੱਖਾਂ ਬੰਦ ਕਰ ਲੈਣੀਆਂ ਕੋਈ ਪੰਜਾਬ ਵਾਸਤੇ ਚੰਗਾ ਨਹੀਂ। ਲੋਕ ਕਿਤੇ ਸਾਨੂੰ ਇਸ ਤਰ੍ਹਾਂ ਨਾ ਕਹਿਣ ਕੇ ਅੰਨ੍ਹੇ ਐਵੇਂ ਜੈਕਾਰਾ ਹੀ ਛੱਡੀ ਜਾਂਦੇ ਹਨ ਇਨ੍ਹਾਂ ਅੰਨ੍ਹੇ ਭਗਤਾਂ ਤੋਂ ਪਾਸਾ ਵੱਟ ਕੇ ਪੰਜਾਬ ਦੇ ਭਵਿੱਖ ਲਈ ਜੋ ਸਹੀ ਹੈ, ਉਸ ਨੂੰ ਸਹੀ ਕਹੀਏ ਤੇ ਜੋ ਗਲਤ ਹੈ, ਉਸ ਨੂੰ ਗਲਤ। ਇਹਨਾਂ ਲੋਕਾਂ ਦੇ ਕਰਕੇ ਅਸੀ ਆਪਣੀ ਹੀ ਅਗਲੀ ਪੀੜੀ ਦੇ ਭਵਿੱਖ ਦੀਆਂ ਜੜ੍ਹਾਂ ’ਚ ਹੋਰ ਤੇਲ ਚੌਣਾ ਸ਼ੁਰੂ ਕਰ ਦਿੱਤਾ ਹੋਇਆ ਹੈ। ਅਸੀ ਅਕਲ ਤੋਂ ਕੰਮ ਲੈਂਦੇ ਹੋਏ ਆਪਣੇ ਆਪ ਨੂੰ ਬਦਲੀਏ ਜੇ ਕੋਈ ਪੰਜਾਬੀਆਂ ਦੇ ਭਲੇ ਲ਼ਈ ਕੰਮ ਕਰੇ ਤਾਂ ਉਸਦੀ ਕੋਈ ਚੰਗਿਆਈ ਤੇ ਵਿਰੋਧ ਵਿੱਚ ਖੜੇ ਨਾ ਹੋਈਏ, ਉਸਦੀ ਬੁਰਾਈ ਜਦੋਂ ਤਕ ਆਪਣੇ ਹੱਥ ਨਾ ਆਵੇ, ਉਸ ਸਮੇ ਤੱਕ ਚੁੱਪ ਚਾਪ ਰਹੀਏ, ਹੋ ਸਕਦਾ ਹੈ ਚੁੱਪ ਕੰਮ ਆ ਜਾਵੇ। ਪੰਜਾਬ ਦੇ ਕੁਝ ਲੀਡਰਾਂ ਵੱਲੋਂ ਵੱਡੇ ਮਗਰਮੱਛਾਂ ਦੀ ਗ੍ਰਿਫਤਾਰੀ ਦਾ ਵਿਰੋਧ ਕੀਤਾ ਗਿਆ ਪਰ ਜਿਵੇਂ ਕਿਹਾ ਜਾਂਦਾ ਹੈ ਨਾ ਕਿ ਦਰਦਮੰਦਾਂ ਦੀਆਂ ਆਹੀਂ ਸੁਣ ਕੇ ਆਪ ਖ਼ੁਦਾਵੰਦ ਡਰਿਆ। ਲੋਕਾਂ ਦੇ ਗੁੱਸੇ ਤੋਂ ਡਰਦੇ ਇਹ ਕਹਿਣਾ ਪਿਆ ਕਿ ਲਫਜ਼ਾਂ ਦੀ ਹੇਰ-ਫੇਰ ਹੋਈ ਹੈ ਅਸੀ ਗ੍ਰਿਫਤਾਰੀਆਂ ਦੇ ਹੱਕ ਵਿੱਚ ਹਾਂ ਆਮ ਨਾਗਰਿਕਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਪੰਜਾਬੀਆਂ ਨੂੰ ਨਿਰੰਤਰ ਕਾਰਜਸ਼ੀਲ ਹੋਣਾ ਪੈਣਾ ਹੈ, ਇਕੱਠੇ ਹੋ ਕਿ ਸਾਰਿਆਂ ਨਾਲ ਸੁਚਾਰੂ ਤਾਲਮੇਲ ਬਣਾ ਕੇ ਨਸ਼ਿਆਂ, ਮਾਫੀਆ, ਗੈਂਗਸਟਰ ਅਤੇ ਹੋਰ ਮਾਮਲਿਆਂ ਬਾਰੇ ਹਰ ਮੁੱਦੇ ਉੱਤੇ ਸਾਂਝ ਪਾਕੇ ਅਤੇ ਮੋਹਤਬਰਾਂ ਤੇ ਆਮ ਲੋਕਾਂ ਤੋਂ ਸੁਝਾਅ ਲੈ ਕੇ ਜਿਨਾ ਜਲਦੀ ਹੋ ਸਕੇ ਸਰਕਾਰ ’ਤੇ ਦਬਾਅ ਬਣਾ ਕੇ ਇਨ੍ਹਾਂ ਗੈਰ ਸਮਾਜਿਕ ਤੱਤਾਂ ਨੂੰ ਪੁਲਿਸ ਦੀ ਗ੍ਰਿਫਤ ਵਿੱਚ ਲਿਆਂਦਾ ਜਾ ਸਕੇ।ਇਹ ਲੋਕਾਂ ਦੇ ਸਹਿਯੋਗ ਨਾਲ ਹੀ ਅਪਰਾਧਾਂ, ਨਸ਼ਿਆਂ ਨੂੰ ਕਾਬੂ ਕੀਤਾ ਜਾ ਸਕਦਾ ਹੈ। ਇਸ ਟੀਚੇ ਨੂੰ ਅਸੀਂ ਸਾਰੇ ਇਕੱਠੇ ਤੇ ਇਕਮਤ ਹੋ ਕੇ ਮਿਸਾਲ ਪੈਦਾ ਕਰਦੇ ਹੋਏ ਆਪਸੀ ਭਾਈਚਾਰੇ ਨੂੰ ਲੋਕਾਂ ਦੀ ਸੁਰੱਖਿਆ ਲਈ ਵਚਨਬੱਧ ਹੋਈਏ।

# ਮਾਝਾ-ਦੁਆਬਾ

ਆਸ ਪਾਸ

## 350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਸ਼੍ਰੋਮਣੀ ਕਮੇਟੀ ਵੱਲੋਂ ਬੈਂਗਲੁਰੂ ਵਿਖੇ ਗੁਰਮਤਿ ਸਮਾਗਮ

### ਬੈਂਗਲੂਰ ਵਿਖੇ ਬੱਚਿਆਂ ਨੂੰ ਪੰਜਾਬੀ ਤੇ ਗੁਰਬਾਣੀ ਦੀ ਜਾਣਕਾਰੀ ਦੇਣ ਲਈ ਭੇਜੇ ਜਾਣਗੇ ਪ੍ਰਚਾਰਕ



ਅੰਮ੍ਰਿਤਸਰ, 13 ਜੁਲਾਈ, (ਗੁਰਦਿਆਲ ਸਿੰਘ) : ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਦੀ 350ਸਾਲਾ ਸ਼ਹੀਦੀ ਸ਼ਤਾਬਦੀ ਦੇ ਸਬੰਧ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਦੇਸ਼ ਦੇ ਵੱਖ ਵੱਖ ਹਿੱਸਿਆਂ ਵਿੱਚ ਸ਼ੁਰੂ ਕੀਤੀ ਗੁਰਮਤਿ ਸਮਾਗਮਾਂ ਦੀ ਲੜੀ ਤਹਿਤ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਅਲਸੂਰ ਬੈਂਗਲੌਰ ਵਿਖੇ ਵਿਸ਼ੇਸ਼ ਤੌਰ 'ਤੇ ਸਮਾਗਮ ਕਰਵਾਇਆ ਗਿਆ। ਇਸ ਸਮਾਗਮ ਵਿੱਚ ਪੰਥ ਪ੍ਰਸਿਧ ਰਾਗੀ ਜਥਿਆਂ, ਕਥਾਵਾਚਕਾਂ ਸਮੇਤ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਅਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਉਚੇਚੇ ਤੌਰ 'ਤੇ ਸ਼ਮੂਲੀਅਤ ਕੀਤੀ।

ਇਸ ਮੌਕੇ ਸੰਗਤ ਨੂੰ ਸੰਬੋਧਨ ਕਰਦਿਆਂ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਨੌਵੇਂ ਪਾਤਸ਼ਾਹ ਦੀ ਸ਼ਹਾਦਤ ਇਸ ਲਈ ਵੱਡੇ ਮਹੱਤਵ ਵਾਲੀ ਹੈ ਕਿ ਗੁਰੂ ਸਾਹਿਬ ਨੇ ਮਨੁੱਖੀ ਅਧਿਕਾਰਾਂ, ਧਾਰਮਿਕ ਆਜ਼ਾਦੀ ਅਤੇ ਖਾਸਕਰ ਕਿਸੇ ਦੂਸਰੇ ਧਰਮ ਲਈ ਆਪਾ ਕੁਰਬਾਨ ਕੀਤਾ। ਅਜਿਹੀ ਮਿਸਾਲ ਦੁਨੀਆ ਦੇ ਧਰਮ ਇਤਿਹਾਸ ਅੰਦਰ ਹੋਰ ਕਿਧਰੇ ਨਹੀਂ ਮਿਲਦੀ।

ਐਡਵੋਕੇਟ ਧਾਮੀ ਨੇ ਕਿਹਾ ਕਿ ਇਸ 350ਸਾਲਾ ਸ਼ਹੀਦੀ ਸ਼ਤਾਬਦੀ ਮੌਕੇ ਸ਼੍ਰੋਮਣੀ ਕਮੇਟੀ ਦੀ ਪਹਿਲ ਦੇਸ਼ ਦੁਨੀਆਂ ਦੀਆਂ ਸੰਗਤਾਂ ਨੂੰ ਗੁਰੂ ਸਾਹਿਬ ਦੇ ਜੀਵਨ ਇਤਿਹਾਸ ਅਤੇ ਉਨ੍ਹਾਂ ਦੀਆਂ ਸਿੱਖਿਆਵਾਂ ਨਾਲ ਜੋੜਨਾ ਹੈ। ਇਸੇ ਦਿਸ਼ਾ ਵਿਚ ਕਰਨਾਟਕਾ ਦੀਆਂ ਸਿੱਖ ਸੰਗਤਾਂ ਲਈ ਨੌਵੇਂ ਪਾਤਸ਼ਾਹ ਜੀ ਬਾਰੇ ਕੰਨੜ ਭਾਸ਼ਾ ਵਿਚ ਕਿਤਾਬਚਾ ਸੰਗ੍ਰਹਿਤ ਕੀਤਾ ਜਾਵੇਗਾ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਸੂਬੇ ਅੰਦਰ ਸਿੱਖੀ ਪ੍ਰਚਾਰ ਅਤੇ ਵਿਸ਼ੇਸ਼ ਕਰਕੇ ਬੱਚਿਆਂ ਨੂੰ ਪੰਜਾਬੀ ਅਤੇ ਗੁਰਬਾਣੀ ਦੀ ਜਾਣਕਾਰੀ ਦੇਣ ਲਈ ਪ੍ਰਚਾਰਕ ਭੇਜਣ ਅਤੇ ਗੁਰੂ ਘਰ ਵਿਖੇ ਲਾਇਬ੍ਰੇਰੀ ਲਈ ਕਿਤਾਬਾਂ ਦੇਣ ਦਾ ਵੀ ਐਲਾਨ ਕੀਤਾ।

ਇਸ ਦੇ ਨਾਲ ਹੀ ਉਨ੍ਹਾਂ ਨੇ ਸਥਾਨਕ ਸਿੱਖ ਆਗੂਆਂ ਤੇ ਸੰਗਤ ਨੂੰ ਅਪੀਲ ਕੀਤੀ ਕਿ ਬੰਦੀ ਸਿੰਘਾਂ ਦੀ ਰਿਹਾਈ ਲਈ ਪੁਰਜ਼ੋਰ ਯਤਨ ਕੀਤੇ ਜਾਣ ਅਤੇ ਅਖਬਾਰਾਂ, ਈ-ਮੇਲਾਂ, ਅਤੇ ਹੋਰ ਮੀਡੀਆ ਸਾਧਨਾਂ ਰਾਹੀਂ ਸਰਕਾਰਾਂ ਤੱਕ ਗੱਲ ਰੱਖੀ ਜਾਵੇ, ਕਿ ਇਸ ਮਾਮਲੇ ਵਿਚ ਮਨੁੱਖੀ ਅਧਿਕਾਰਾਂ ਦਾ ਘਾਣ ਹੋ ਰਿਹਾ ਹੈ।

ਇਸ ਮੌਕੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਨੇ ਸੰਗਤ ਨਾਲ ਨੌਵੇਂ ਪਾਤਸ਼ਾਹ ਜੀ ਦੇ ਜੀਵਨ ਅਤੇ ਉਪਦੇਸ਼ਾਂ ਬਾਰੇ ਵਿਚਾਰ ਸਾਂਝੇ ਕੀਤੇ ਅਤੇ ਬਾਣੀ ਤੇ ਬਾਣੇ ਨਾਲ ਜੁੜਨ ਦੀ ਪ੍ਰੇਰਨਾ ਕੀਤੀ। ਉਨ੍ਹਾਂ ਕਰਨਾਟਕਾ ਅੰਦਰ ਸਮਾਗਮ ਕਰਨ ਲਈ ਸ਼੍ਰੋਮਣੀ ਕਮੇਟੀ ਦੇ ਯਤਨਾਂ ਦੀ ਪ੍ਰਸ਼ੰਸਾ ਕਰਦਿਆਂ ਅਜਿਹੇ ਸਮਾਗਮਾਂ ਦੀ ਲੜੀ ਪੂਰੇ ਦੇਸ਼ ਤੱਕ ਲੈ ਕੇ ਜਾਣ ਲਈ ਕਿਹਾ। ਇਸ ਤੋਂ ਇਲਾਵਾ ਧਰਮ ਪ੍ਰਚਾਰ ਕਮੇਟੀ ਦੇ ਹੈੱਡ ਪ੍ਰਚਾਰਕ ਭਾਈ ਜਗਦੇਵ ਸਿੰਘ ਨੇ ਵੀ ਕਥਾ ਵਿਚਾਰਾਂ ਕੀਤੀਆਂ।

ਸਮਾਗਮ ਮੌਕੇ ਗੁਰਦੁਆਰਾ ਪ੍ਰਬੰਧਕਾਂ ਵੱਲੋਂ ਗਿਆਨੀ ਰਘਬੀਰ ਸਿੰਘ, ਐਡਵੋਕੇਟ ਹਰਜਿੰਦਰ ਸਿੰਘ ਧਾਮੀ ਅਤੇ ਹੋਰ ਪ੍ਰਮੁੱਖ ਸ਼ਖ਼ਸੀਅਤਾਂ ਨੂੰ ਸਨਮਾਨਿਤ ਵੀ ਕੀਤਾ ਗਿਆ।

ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਓਐਸਡੀ ਸਤਬੀਰ ਸਿੰਘ, ਧਰਮ ਪ੍ਰਚਾਰ ਕਮੇਟੀ ਦੇ ਸਕੱਤਰ ਬਲਵਿੰਦਰ ਸਿੰਘ ਕਾਹਲਵਾਂ, ਮੀਤ ਸਕੱਤਰ ਹਰਭਜਨ ਸਿੰਘ ਵਕਤਾ, ਹੈੱਡ ਪ੍ਰਚਾਰਕ ਭਾਈ ਜਗਦੇਵ ਸਿੰਘ, ਸਿੱਖ ਮਿਸ਼ਨ ਗੁਜਰਾਤ ਤੇ ਕਰਨਾਟਕਾ ਦੇ ਆਨਰੇਰੀ ਇੰਚਾਰਜ ਰਾਮ ਸਿੰਘ ਰਾਠੌਰ ਮੁੰਬਈ, ਗੁਰਦੁਆਰਾ ਸਾਹਿਬ ਦੇ ਪ੍ਰਧਾਨ ਸ. ਜਸਬੀਰ ਸਿੰਘ ਢੋਡੀ, ਮੀਤ ਪ੍ਰਧਾਨ ਸ. ਸਵਰਨਜੀਤ ਸਿੰਘ, ਜਨਰਲ ਸਕੱਤਰ ਸ. ਜਰਨੈਲ ਸਿੰਘ, ਜੁਆਇੰਟ ਸਕੱਤਰ ਸ. ਜੋਗਿੰਦਰ ਸਿੰਘ, ਸ. ਜਸਪਾਲ ਸਿੰਘ, ਖਜਾਨਚੀ ਸ. ਹਰਮੀਤ ਸਿੰਘ, ਮੈਂਬਰ ਬੀਬੀ ਹਰਪ੍ਰੀਤ ਕੌਰ, ਬੀਬੀ ਪਰਬੀਨ ਕੌਰ, ਸ. ਅਜੀਤ ਸਿੰਘ ਛਾਬੜਾ, ਸ. ਬਚਿੱਤਰ ਸਿੰਘ, ਸ. ਮਨਦੀਪ ਸਿੰਘ, ਸ. ਹਰਮਨ ਸਿੰਘ, ਸ. ਜਸਪਾਲ ਸਿੰਘ ਮਹਿਤਾ, ਸ. ਮਨਪ੍ਰੀਤ ਸਿੰਘ, ਮੈਨੇਜਰ ਸ. ਰਿਸ਼ੀਪਾਲ ਸਿੰਘ, ਸ. ਦੀਪਕ ਸਿੰਘ ਸਮੇਤ ਸੰਗਤਾਂ ਹਾਜ਼ਰ ਸਨ।

## ਖੇਤੀਬਾੜੀ ਵਿਭਾਗ ਵੱਲੋਂ ਜ਼ਿਲ੍ਹਾ ਪੱਧਰੀ ਕਿਸਾਨ ਸਿਖਲਾਈ ਕੈਂਪ ਅਤੇ ਪ੍ਰਦਰਸ਼ਨੀਆਂ



ਅਜਨਾਲਾ/ਚੇਤਨਪੁਰਾ, 13 ਜੁਲਾਈ, (ਸੁਖਦੇਵ ਸਿੰਘ ਖ਼ਾਲਸਾ) : ਸਾਉਣੀ ਦੀਆ ਫਸਲਾਂ ਦੀ ਤਕਨੀਕੀ ਜਾਣਕਾਰੀ ਦੇਣ ਲਈ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਪੰਜਾਬ ਜ਼ਿਲ੍ਹਾ ਅੰਮ੍ਰਿਤਸਰ ਵੱਲੋਂ ਮਿਤੀ 13-07-2025 ਨੂੰ ਮਹਾਰਾਜਾ ਫਾਰਮ ਵੇਰਕਾ ਵਿਖੇ ਖੇਤੀਬਾੜੀ ਮੰਤਰੀ ਸ. ਗੁਰਮੀਤ ਸਿੰਘ ਖੁੱਡੀਆਂ ਦੇ ਦਿਸ਼ਾ ਨਿਰਦੇਸ਼ਾਂ ਅਤੇ ਡਾਇਰੈਕਟਰ ਖੇਤੀਬਾੜੀ, ਪੰਜਾਬ ਜਸਵੰਤ ਸਿੰਘ ਦੀ ਅਗਵਾਈ ਹੇਠ, ਜ਼ਿਲ੍ਹਾ ਪੱਧਰੀ ਕਿਸਾਨ ਸਿਖਲਾਈ ਕੈਂਪ ਅਤੇ ਖੇਤੀ ਪ੍ਰਦਰਸ਼ਨੀਆਂ ਲਗਾਈਆਂ ਗਈਆਂ।

ਇਸ ਕੈਂਪ ਦਾ ਉਦਘਾਟਨ ਕੁਲਦੀਪ ਸਿੰਘ ਧਾਰੀਵਾਲ, ਮਾਣਯੋਗ ਐਮ.ਐਲ.ਏ. ਹਲਕਾ ਅਜਨਾਲਾ ਵੱਲੋਂ ਕੀਤਾ ਗਿਆ ਅਤੇ ਜ਼ਿਲ੍ਹਾ ਪ੍ਰਸ਼ਾਸਨ ਤੋਂ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਅੰਮ੍ਰਿਤਸਰ ਸ਼੍ਰੀਮਤੀ ਪਰਮਜੀਤ ਕੌਰ ਨੇ ਇਸ ਸਮਾਗਮ ਦੀ ਪ੍ਰਧਾਨਗੀ ਕੀਤੀ। ਮੁੱਖ ਖੇਤੀਬਾੜੀ ਅਫਸਰ ਅੰਮ੍ਰਿਤਸਰ ਡਾ: ਬਲਜਿੰਦਰ ਸਿੰਘ ਭੁੱਲਰ ਨੇ ਵੱਖ ਵੱਖ ਵਿਭਾਗਾਂ ਤੋਂ ਆਏ ਅਧਿਕਾਰੀਆਂ/ਕਰਮਚਾਰੀਆਂ ਅਤੇ ਕਿਸਾਨਾਂ ਨੂੰ ਜੀ ਆਇਆ ਆਖਿਆ। ਉਹਨਾਂ ਜ਼ਿਲ੍ਹੇ ਵਿੱਚ ਚੱਲ ਰਹੀਆਂ ਵੱਖ ਵੱਖ ਰਾਜ ਅਤੇ ਕੇਂਦਰ ਪ੍ਰਯੋਜਿਤ ਸਕੀਮਾਂ ਸਬੰਧੀ ਜਾਣਕਾਰੀ ਦਿੱਤੀ ਅਤੇ ਕਿਹਾ ਕਿ ਜ਼ਿਲ੍ਹੇ ਵਿੱਚ 1.80 ਲੱਖ ਹੈਕਟੇਅਰ ਰਕਬੇ ਵਿੱਚ ਝੋਨੇ ਦੀ ਬਿਜਾਈ ਹੋਣ ਦਾ ਅਨੁਮਾਨ ਹੈ, ਜਿਸ ਵਿੱਚੋਂ 1.40 ਲੱਖ ਹੈਕਟੇਅਰ ਰਕਬਾ ਬਾਸਮਤੀ ਕਿਸਮਾਂ ਹੇਠ ਲਿਆਂਦਾ ਜਾਵੇਗਾ। ਉਹਨਾਂ ਕਿਹਾ ਕਿ ਸਾਉਣੀ ਸੀਜ਼ਨ ਦੌਰਾਨ ਕਿਸਾਨਾਂ ਨੂੰ ਮਿਆਰੀ ਖਾਦ, ਬੀਜ ਅਤੇ ਦਵਾਈਆ ਉਪਲੱਬਧ ਕਰਵਾਉਣ ਹਿੱਤ ਵਿਭਾਗ ਵੱਲੋਂ ਨਿਰੰਤਰ ਕੁਆਲਿਟੀ ਕੰਟਰੋਲ ਸੈਂਪਲਿੰਗ ਕੀਤੀ ਜਾ ਰਹੀ ਹੈ।

ਇਸ ਮੌਕੇ ਕੁਲਦੀਪ ਸਿੰਘ ਧਾਰੀਵਾਲ ਨੇ ਆਏ ਹੋਏ ਕਿਸਾਨਾਂ ਨੂੰ ਤਾਕੀਦ ਕਰਦਿਆਂ ਕਿਹਾ ਕਿ ਖਾਦ ਅਤੇ ਦਵਾਈਆਂ ਦੀ ਬੇਲੋੜੀ ਵਰਤੋਂ ਨਾ ਕੀਤੀ ਜਾਵੇ ਅਤੇ ਖੇਤੀ ਮਾਹਿਰਾਂ ਨਾਲ ਤਾਲਮੇਲ ਕਰਕੇ ਹੀ ਸਿਫਾਰਸ਼ਾਂ ਅਨੁਸਾਰ ਖਾਦ ਅਤੇ ਦਵਾਈਆਂ ਵਰਤੀਆਂ ਜਾਣ। ਉਹਨਾਂ ਨੇ ਆਏ ਹੋਏ ਕਿਸਾਨਾਂ ਨੂੰ ਖੇਤੀਬਾੜੀ ਵਿਭਾਗ ਵੱਲੋਂ ਲਗਾਏ ਜਾਂਦੇ ਕੈਂਪਾਂ ਵਿੱਚ ਸ਼ਮੂਲੀਅਤ ਕਰਕੇ ਖੇਤੀ ਨਾਲ ਸਬੰਧਤ ਨਵੀਨਤਮ ਤਕਨੀਕਾਂ ਬਾਰੇ ਜਾਣਕਾਰੀ ਇਕੱਤਰ ਕਰਨ ਲਈ ਕਿਹਾ ਤਾਂ ਜੋ ਕਿਸਾਨੀ ਨੂੰ ਹੋਰ ਵੀ ਲਾਹੇਵੰਦ ਕਿੱਤਾ ਬਣਾਇਆ ਜਾ ਸਕੇ। ਧਾਲੀਵਾਲ ਨੇ ਕਿਸਾਨਾਂ ਨੂੰ ਫਸਲੀ ਰਹਿੰਦ ਖੂੰਹਦ ਨੂੰ ਅੱਗ ਨਾ ਲੱਗਾ ਕੇ ਖੇਤ ਵਿੱਚ ਵਾਹੁਣ ਦੀ ਅਪੀਲ ਕੀਤੀ ਤਾਂ ਜੋ ਵਾਤਾਵਰਣ ਨੂੰ ਪ੍ਰਦੂਸ਼ਿਤ ਹੋਣ ਤੋਂ ਰੋਕਿਆ ਜਾ ਸਕੇ। ਉਹਨਾਂ ਨੇ ਖੇਤੀਬਾੜੀ ਵਿਭਾਗ ਦੇ ਅਧਿਕਾਰੀਆਂ/ ਕਰਮਚਾਰੀਆਂ ਨੂੰ ਕਿਸਾਨ ਹਿੱਤ ਵਿੱਚ ਪਹਿਲਾਂ ਤੋਂ ਵੀ ਵੱਧ ਤਨਦੇਹੀ ਨਾਲ ਕੰਮ ਕਰਨ ਲਈ ਪ੍ਰੇਰਿਤ ਕੀਤਾ। ਡਾ ਵਿਕਰਮਜੀਤ ਸਿੰਘ, ਸਹਿਯੋਗੀ ਡਾਇਰੈਕਟਰ ਕੇ.ਵੀ.ਕੇ, ਡਾ ਨਰਿੰਦਰ ਪਾਲ ਸਿੰਘ ਇੰਚਾਰਜ ਫਾਰਮ ਸਲਾਹਕਾਰ ਕੇਂਦਰ ਅੰਮ੍ਰਿਤਸਰ, ਡਾ: ਰਮਿੰਦਰ ਕੌਰ, ਡਾ: ਆਸਥਾ, ਡਾ. ਰਾਜਨ ਭੱਟ, ਡਾ.ਅਜੈ ਕੁਮਾਰ ਅਤੇ ਹੋਰਨਾਂ ਖੇਤੀ ਸਾਇੰਸਦਾਨਾਂ ਨੇ ਕਿਸਾਨਾਂ ਨੂੰ ਵੱਖ ਵੱਖ ਵਿਸ਼ਿਆਂ 'ਤੇ ਖੇਤੀ ਸਬੰਧੀ ਤਕਨੀਕੀ ਜਾਣਕਾਰੀ ਦਿੱਤੀ।

ਇਸ ਮੌਕੇ ਤਲਬੀਰ ਸਿੰਘ ਹਲਕਾ ਇੰਚਾਰਜ ਮਜੀਠਾ, ਬਲਦੇਵ ਸਿੰਘ ਬੱਬੂ ਚੇਅਰਮੈਨ ਮਾਰਕੀਟ ਕਮੇਟੀ ਅਜਨਾਲਾ, ਖੇਤੀਬਾੜੀ ਅਫਸਰ ਅਮਰਜੀਤ ਸਿੰਘ , ਹਰਜਿੰਦਰ ਸਿੰਘ, ਭੁਪਿੰਦਰ ਸਿੰਘ, ਗੁਰਮੀਤ ਸਿੰਘ, ਬਲਵਿੰਦਰ ਸਿੰਘ ਛੀਨਾਂ, ਰਮਨ ਕੁਮਾਰ, ਸਤਵਿੰਦਰ ਸਿੰਘ ਸੰਧੂ, ਦਿਲਬਾਗ ਸਿੰਘ ਭੱਟੀ, ਸ਼ੁਬਚੇਨ ਸਿੰਘ ਗਿੱਲਵਿੰਡ, ਹਰਪ੍ਰੀਤ ਸਿੰਘ, ਬਲਜਿੰਦਰ ਸਿੰਘ, ਹਰਦੀਪ ਕੌਰ, ਅਮਰੀਸ਼ ਸਿੰਘ, ਬਲਾਕ ਅਫ਼ਸਰ ਡਾ ਰਮਨ ਕੁਮਾਰ, ਵਿਸਥਾਰ ਅਫ਼ਸਰ ਸ ਪ੍ਰਭਦੀਪ ਸਿੰਘ ਗਿੱਲ ਚੇਤਨਪੁਰਾ ,ਸੁਖਚੈਨ ਸਿੰਘ ਪੀ ਡੀ ਆਤਮਾ, ਹਰਨੇਕ ਸਿੰਘ, ਜਗਦੀਪ ਕੌਰ ਡੀ ਪੀ ਡੀ ਅਤਮਾ ਅਤੇ ਸਮੂਹ ਖੇਤੀਬਾੜੀ ਵਿਕਾਸ ਅਫਸਰ, ਖੇਤੀਬਾੜੀ ਵਿਸਥਾਰ ਅਫਸਰ, ਖੇਤੀਬਾੜੀ ਉਪ ਨਿਰੀਖਕ, ਖੇਤੀਬਾੜੀ ਵਿਭਾਗ ਦਾ ਸਮੂਹ ਸਟਾਫ ਅਤੇ ਵੱਡੀ ਗਿਣਤੀ ਵਿਚ ਕਿਸਾਨ ਹਾਜਰ ਸਨ। ਇਸ ਮੌਕੇ ਪਿਛਲੇ ਸਾਲਾਂ ਦੌਰਾਨ ਫਸਲੀ ਰਹਿੰਦ ਖੂੰਹਦ ਨੂੰ ਅੱਗ ਲਗਾਏ ਬਿਨਾਂ ਪਰਾਲੀ/ ਨਾੜ ਦੀ ਸੁਚੱਜੇ ਸਾਂਭ ਸੰਭਾਲ ਕਰ ਰਹੇ ਕਿਸਾਨਾਂ ਨੂੰ ਮੁੱਖ ਮਹਿਮਾਨ ਵੱਲੋਂ ਵਾਤਾਵਰਣ ਦੇ ਰੱਖਵਾਲੇ ਵੱਜੋਂ ਸਨਮਾਨਿਤ ਕੀਤਾ ਗਿਆ।

## ਪੰਜਾਬ ਸਰਕਾਰ ਸਰਕਾਰੀ ਸਕੂਲਾਂ 'ਚ ਸਿਆਸੀ ਲੋਕਾਂ ਦੀ ਦਖ਼ਲ ਅੰਦਾਜ਼ੀ ਬੰਦ ਕਰੇ : ਪੁਆਰੀ



ਫਿਲੌਰ, 13 ਜੁਲਾਈ, (ਅਜੇ ਸਿੰਘ ਨਾਗੀ) : ਗੌਰਮਿੰਟ ਸਕੂਲ ਟੀਚਰਜ਼ ਯੂਨੀਅਨ ਪੰਜਾਬ ਦੇ ਸੂਬਾ ਪ੍ਰਧਾਨ ਸੁਰਿੰਦਰ ਕੁਮਾਰ ਪੁਆਰੀ,ਕਾਰਜਕਾਰੀ ਜਨਰਲ ਸਕੱਤਰ ਪਰਵੀਨ ਕੁਮਾਰ ਲੁਧਿਆਣਾ, ਜਿੰਦਰ ਪਾਇਲਟ,ਸੀਨੀਅਰ ਮੀਤ ਪ੍ਰਧਾਨ ਸੁਖਜਿੰਦਰ ਸਿੰਘ ਖਾਨਪੁਰ,ਐਡੀਸ਼ਨਲ ਜਨਰਲ ਸਕੱਤਰ ਬਾਜ ਸਿੰਘ ਭੁੱਲਰ,ਵਿੱਤ ਸਕੱਤਰ ਨਵੀਨ ਸਚਦੇਵਾ,ਮੀਡੀਆ ਸਕੱਤਰ ਗੁਰਪ੍ਰੀਤ ਮਾੜੀ ਮੇਘਾ,ਪ੍ਰੈਸ ਸਕੱਤਰ ਟਹਿਲ ਸਿੰਘ ਸਰਾਭਾ ਨੇ ਪ੍ਰੈਸ ਬਿਆਨ ਜਾਰੀ ਕਰਦਿਆਂ ਦੱਸਿਆ ਕਿ ਪੰਜਾਬ ਸਰਕਾਰ ਸਰਕਾਰੀ ਸਕੂਲਾਂ ਵਿੱਚ ਸਿੱਧਾ-ਸਿੱਧਾ ਰਾਜਨੀਤਕ ਲੋਕਾਂ ਦੀ ਦਖਲਅੰਦਾਜ਼ੀ ਕਰ ਰਹੀ ਹੈ।ਜਿਸ ਦਾ ਯੂਨੀਅਨ ਕਰੜੇ ਸ਼ਬਦਾਂ ਵਿੱਚ ਨਿੰਦਾ ਕਰਦੀ ਹੈ ਅਤੇ ਤਾੜਨਾ ਕਰਦੇ ਹਾਂ ਕਿ ਸਰਕਾਰ ਅਜਿਹੀ ਦਖਲਅੰਦਾਜ਼ੀ ਤੁਰੰਤ ਬੰਦ ਕਰੇ। ਆਗੂਆਂ ਨੇ ਦੱਸਿਆ ਕਿ ਪੰਜਾਬ ਭਰ ਦੇ ਲੱਗਭੱਗ 14000 ਸਰਕਾਰੀ ਸਕੂਲਾਂ ਵਿੱਚ ਭਾਰਤ ਸਰਕਾਰ ਤੇ ਪੰਜਾਬ ਸਰਕਾਰ ਵੱਲੋਂ ਭੇਜੀਆਂ ਜਾਂਦੀਆਂ ਗਰਾਂਟਾਂ ਨੂੰ ਸਹੀ ਢੰਗ ਨਾਲ ਖ਼ਰਚਣ ਲਈ 2 ਸਾਲਾਂ ਬਾਅਦ ਐੱਸ.ਐੱਮ.ਸੀ.ਕਮੇਟੀ (ਸਕੂਲ ਮੈਨੇਜਮੈਂਟ ਕਮੇਟੀ) ਦੀ ਚੋਣ ਕੀਤੀ ਜਾਂਦੀ ਹੈ।ਇਸ ਕਮੇਟੀ ਵਿੱਚ 12 ਮੈਂਬਰਾਂ ਸਕੂਲ ਵਿਚ ਪੜ੍ਹਦੇ ਬੱਚਿਆਂ ਦੇ ਮਾਤਾ ਪਿਤਾ, ਪਿੰਡ/ਸ਼ਹਿਰ ਵਿੱਚੋਂ ਗ੍ਰਾਮ ਪੰਚਾਇਤ/ਨਗਰ ਪਾਲਿਕਾ ਦਾ ਇੱਕ ਮੈਂਬਰ,ਇਕ-ਇਕ ਮੈਂਬਰ ਸਿੱਖਿਆ ਸ਼ਾਸਤਰੀ,ਸਮਾਜ ਸੇਵੀ, ਅਤੇ ਸਕੂਲ ਅਧਿਆਪਕਾਂ ਵਿਚੋਂ ਲਿਆ ਜਾਂਦਾ ਸੀ।ਚੇਅਰਮੈਨ ਅਤੇ ਉਪ-ਚੇਅਰਮੈਨ ਦੀ ਚੋਣ ਵੀ ਬੱਚਿਆਂ ਦੇ ਮਾਪਿਆਂ ਵਿਚੋਂ ਹੀ ਕੀਤੀ ਜਾਂਦੀ ਹੈ।ਸਕੂਲ ਮੁਖੀ ਇਸ ਕਮੇਟੀ ਦਾ ਸਕੱਤਰ ਚੁਣਿਆ ਜਾਂਦਾ ਹੈ।ਇਹ ਚੁਣੀ ਕਮੇਟੀ ਸਹੀ ਢੰਗ ਨਾਲ ਸਕੂਲ ਦੇ ਅਧਿਆਪਕਾਂ ਦੀ ਗਰਾਂਟ ਖ਼ਰਚ ਵਿਚ ਮਿਲ ਕੇ ਕੰਮ ਕਰਦੀ ਹੈ,ਪਰ ਹੁਣ ਅਖੌਤੀ ਬਦਲਾਅ ਵਾਲੀ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਸਕੂਲਾਂ ਦਾ ਰਾਜਨੀਤੀਕਰਨ ਸ਼ੁਰੂ ਕਰ ਦਿੱਤਾ ਹੈ।

ਸਕੂਲਾਂ ਨੂੰ ਰਾਜਨੀਤੀ ਦਾ ਅੱਡਾ ਬਣਾਉਣਾ ਸ਼ੁਰੂ ਕਰ ਦਿੱਤਾ ਹੈ। ਉਹਨਾਂ ਨੇ ਦੱਸਿਆ ਕਿ ਆਪ ਸਰਕਾਰ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਸਰਕਾਰ ਬਣਾਉਣ ਤੋਂ ਪਹਿਲਾਂ ਇਹ ਐਲਾਨ ਕੀਤਾ ਸੀ ਕਿ ਅਧਿਆਪਕ ਤੋਂ ਸਿਰਫ਼ ਪੜ੍ਹਾਉਣ ਦਾ ਕੰਮ ਹੀ ਲਿਆ ਜਾਵੇਗਾ। ਪਰ ਪਰਨਾਲਾ ਉੱਥੇ ਦਾ ਉੱਥੇ ਹੀ ਹੈ। ਕਿਸੇ ਵੀ ਗੈਰ ਵਿੱਦਿਅਕ ਕੰਮ ਤੋਂ ਅਧਿਆਪਕਾਂ ਦਾ ਛੁਟਕਾਰਾ ਨਹੀਂ ਹੋਇਆ। ਸਕੂਲਾਂ ਵਿੱਚ ਸੈਂਕੜੇ ਪੋਸਟਾਂ ਖਾਲੀ ਨੇ, ਕਈ ਸਕੂਲ ਅੱਜ ਵੀ ਟੀਚਰਲੈੱਸ ਹਨ ।ਸਰਕਾਰ ਵੱਲੋਂ ਇਨ੍ਹਾਂ ਐੱਸ.ਐੱਮ.ਸੀ ਕਮੇਟੀਆਂ ਵਿਚ ਰਾਜਨੀਤਿਕ ਲੀਡਰਾਂ ਦੇ ਕਹਿਣ ਤੇ ਆਪਣੀ ਹੀ ਪਾਰਟੀ ਦੇ ਵਰਕਰ ਮੈਂਬਰ ਬਣਾਉਣ ਲਈ ਸਕੂਲ ਦੇ ਮੁੱਖ ਅਧਿਆਪਕਾਂ, ਸਕੂਲ ਦੇ ਪ੍ਰਿੰਸੀਪਲਾਂ ਨੂੰ ਹੁਕਮ ਜਾਰੀ ਕਰ ਦਿੱਤੇ ਗਏ ਹਨ। ਆਗੂਆਂ ਨੇ ਕਿਹਾ ਕਿ ਇਹ ਕਿਸ ਤਰਾਂ ਸੰਭਵ ਹੋਵੇਗਾ ਕਿ ਇਕ ਮੈਂਬਰ ਇੱਕੋ ਦਿਨ ਵਿਚ ਦਸ ਸਕੂਲਾਂ ਦੀ ਮੀਟਿੰਗਾਂ ਵਿਚ ਕਿਵੇਂ ਹਾਜ਼ਰ ਹੋਵੇਗਾ।ਆਗੂਆਂ ਨੇ ਸਰਕਾਰ ਤੋਂ ਮੰਗ ਕੀਤੀ ਕਿ ਸਕੂਲਾਂ ਨੂੰ ਸਕੂਲ ਹੀ ਰਹਿਣ ਦਿੱਤਾ ਜਾਵੇ।

## ਗੌਰਵਦੀਪ ਸਿੰਘ ਵਲਟੋਹਾ ਨੂੰ ਵਰਕਿੰਗ ਕਮੇਟੀ ਮੈਂਬਰ ਬਣਨ ਤੇ ਕੀਤਾ ਗਿਆ ਸਨਮਾਨਿਤ



ਭਿੱਖੀਵਿੰਡ, 13 ਜੁਲਾਈ, (ਸਵਿੰਦਰ ਬਲੇਹਰ) : ਵਿਧਾਨ ਸਭਾ ਹਲਕਾ ਖੇਮਕਰਨ ਵਿੱਚ ਉਸ ਵਕਤ ਖ਼ੁਸ਼ੀ ਦੀ ਲਹਿਰ ਦੌੜ ਗਈ ਜਦੋਂ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਵਲਟੋਹਾ ਪਰਿਵਾਰ 'ਤੇ ਵਿਸ਼ਵਾਸ ਕਰਦਿਆਂ ਸਾਬਕਾ ਵਿਧਾਇਕ ਪ੍ਰੋਫੈਸਰ ਵਿਰਸਾ ਸਿੰਘ ਵਲਟੋਹਾ ਦੇ ਸਪੁੱਤਰ ਗੌਰਵਦੀਪ ਸਿੰਘ ਵਲਟੋਹਾ ਨੂੰ ਵਰਕਿੰਗ ਕਮੇਟੀ ਮੈਂਬਰ ਨਿਯੁਕਤ ਕਰਨ 'ਤੇ ਅਕਾਲੀ ਦਲ ਦੇ ਆਗੂਆਂ ਵੱਲੋਂ ਸਨਮਾਨਿਤ ਕੀਤਾ ਗਿਆ ਅਤੇ ਸਾਬਕਾ ਵਿਧਾਇਕ ਪ੍ਰੋਫੈਸਰ ਵਿਰਸਾ ਸਿੰਘ ਵਲਟੋਹਾ ਨੂੰ ਵੀ ਵਧਾਈਆਂ ਦਿੱਤੀਆਂ ਗਈਆਂ। ਇਸ ਮੌਕੇ ਨਵ ਨਿਯੁਕਤ ਵਰਕਿੰਗ ਕਮੇਟੀ ਮੈਂਬਰ ਗੌਰਵਦੀਪ ਸਿੰਘ ਵਲਟੋਹਾ ਨੂੰ ਸਨਮਾਨਿਤ ਕਰਦਿਆਂ ਸ਼੍ਰੋਮਣੀ ਅਕਾਲੀ ਦਲ ਦੇ ਯੂਥ ਆਗੂ ਗੁਰਜੰਟ ਸਿੰਘ ਰਾਜੋਕੇ ਨੇ ਕਿਹਾ ਕਿ ਹਲਕਾ ਖੇਮਕਰਨ ਦੇ ਵਾਸੀ ਸ਼੍ਰੋਮਣੀ ਅਕਾਲੀ ਦਲ ਨਾਲ ਚਟਾਨ ਵਾਂਗ ਖੜ੍ਹੇ ਹਨ। ਉਹਨਾਂ ਕਿਹਾ ਕਿ ਹਲਕਾ ਖੇਮਕਰਨ ਵਿੱਚ ਜੋ ਵਿਕਾਸ ਦੇ ਕੰਮ ਅਕਾਲੀ ਸਰਕਾਰ ਵਕਤ ਹੋਏ ਹਨ, ਉਹ ਕੋਈ ਵੀ ਸਰਕਾਰ ਨਹੀਂ ਕਰਵਾ ਸਕੀ। ਉਹਨਾਂ ਕਿਹਾ ਕਿ ਵਲਟੋਹਾ ਪਰਿਵਾਰ ਨੂੰ ਹਲਕਾ ਖੇਮਕਰਨ ਦੇ ਵਾਸੀ ਦਿਲੋਂ ਪਿਆਰ ਕਰਦੇ ਹਨ। ਗੁਰਜੰਟ ਸਿੰਘ ਰਾਜੋਕੇ ਨੇ ਕਿਹਾ ਕਿ ਲੋਕਾਂ ਦੀ ਦਿਲੀ ਇੱਛਾ ਹੈ ਕਿ 2027 ਵਿੱਚ ਗੌਰਵਦੀਪ ਸਿੰਘ ਵਲਟੋਹਾ ਵਿਧਾਇਕ ਬਣਨ ਤਾਂ ਜੋ ਹਲਕੇ ਖੇਮਕਰਨ ਦਾ ਰੁਕਿਆ ਵਿਕਾਸ ਦੁਬਾਰਾ ਸ਼ੁਰੂ ਹੋ ਸਕੇ।

## ਬਾਵਾ ਗੁਰਿੰਦਰ ਸਿੰਘ ਨੂੰ ਦੀਵਾਨ ਵੱਲੋ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਬੋਰਡ ਦਾ ਮੈਂਬਰ ਨਾਮਜ਼ਦ ਕਰਨ ਦਾ ਕੀਤਾ ਐਲਾਨ





ਅੰਮ੍ਰਿਤਸਰ, 13 ਜੁਲਾਈ, (ਬਬਲੂ ਮਹਾਜਨ) : ਚੀਫ ਖ਼ਾਲਸਾ ਦੀਵਾਨ ਦੇ ਪ੍ਰਧਾਨ ਡਾਕਅਰ ਇੰਦਰਬੀਰ ਸਿੰਘ ਨਿੱਜਰ ਨੇ ਮੁੰਬਈ ਦੇ ਸਿੱਖ ਆਗੂ , ਸ਼੍ਰੋਮਣੀ ਕਮੇਟੀ ਮੈਂਬਰ ਅਤੇ ਚੀਫ਼ ਖਾਲਸਾ ਦੀਵਾਨ ਮਹਾਰਾਸ਼ਟਰ ਦੇ ਪ੍ਰਧਾਨ ਬਾਵਾ ਗੁਰਿੰਦਰ ਸਿੰਘ ਨੂੰ ਦੀਵਾਨ ਵੱਲੋਂ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਬੋਰਡ ਦਾ ਮੈਂਬਰ ਨਾਮਜਦ ਕਰਨ ਦਾ ਐਲਾਨ ਕੀਤਾ ਹੈ।ਪੱਤਰਕਾਰਾਂ ਨਾਲ ਗੱਲ ਕਰਦਿਆਂ ਡਾਕਟਰ ਨਿੱਜਰ ਨੇ ਕਿਹਾ ਕਿ ਦੀਵਾਨ ਵੱਲੋਂ ਪਹਿਲਾਂ ਸੁਰਿੰਦਰ ਸਿੰਘ ਰੁਮਾਲੇ ਵਾਲੇ ਬਤੌਰ ਮੈਂਬਰ ਸੇਵਾ ਨਿਭਾਉਂਦੇ ਸਨ। ਉਨ੍ਹਾਂ ਦੇ ਅਕਾਲ ਚਲਾਣੇ ਤੋਂ ਬਾਅਦ ਖਾਲੀ ਪਈ ਇਸ ਸੀਟ ਲਈ ਬਾਵਾ ਗੁਰਿੰਦਰ ਸਿੰਘ ਦੀਆਂ ਸੇਵਾਵਾਂ ਲੈਣ ਦਾ ਫੈਸਲਾ ਲਿਆ ਗਿਆ ਹੈ। ਇਸ ਸੰਬਧੀ ਤਖ਼ਤ ਸਾਹਿਬ ਬੋਰਡ ਨੂੰ ਪੱਤਰ ਲਿਖ ਕੇ ਸੂਚਿਤ ਕਰ ਦਿੱਤਾ ਗਿਆ ਹੈ।ਉੱਧਰ ਬਾਵਾ ਗੁਰਿੰਦਰ ਸਿੰਘ ਨੇ ਚੀਫ ਖ਼ਾਲਸਾ ਦੀਵਾਨ ਦੇ ਪ੍ਰਧਾਨ ਡਾਕਟਰ ਇੰਦਰਬੀਰ ਸਿੰਘ ਨਿੱਜਰ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਹ ਬਤੌਰ ਮੈਂਬਰ ਆਪਣੇ ਜ਼ਿੰਮੇ ਲੱਗੀਆਂ ਸੇਵਾਵਾਂ ਪੂਰੀ ਤਨਦੇਹੀ ਨਾਲ ਨਿਭਾਉਣਗੇ। ਉਨ੍ਹਾਂ ਐਲਾਨ ਕੀਤਾ ਕਿ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਵਿਖੇ ਸ੍ਰੀ ਗੁਰੂ ਨਾਨਕ ਖ਼ਾਲਸਾ ਕਾਲਜ ਮਟੂੰਗਾ ਮੁੰਬਈ ਦੀ ਤਰਜ 'ਤੇ ਬਹੁਕਰੋੜੀ ਪ੍ਰੋਜੈਕਟ ਚਾਰ ਸਾਹਿਬਜਾਦੇ ਐਮ ਆਰ ਆਈ ਸੈਂਟਰ ਦਾ ਨਿਰਮਾਣ ਕੀਤਾ ਜਾਵੇਗਾ, ਤੇ ਲੋੜਵੰਦ ਮਰੀਜ਼ਾਂ ਨੂੰ ਸਸਤੇ ਇਲਾਜ ਦੀਆਂ ਸਹੂਲਤਾਂ ਮੁਹੱਈਆ ਕਰਵਾਈਆਂ ਜਾਣਗੀਆਂ।ਉਨ੍ਹਾਂ ਚੀਫ਼ ਖਾਲਸਾ ਦੀਵਾਨ ਦੇ ਪ੍ਰਧਾਨ ਡਾਕਟਰ ਇੰਦਰਬੀਰ ਸਿੰਘ ਨਿੱਜਰ ਬਾਰੇ ਗੱਲ ਕਰਦਿਆਂ ਕਿਹਾ, ਕਿ ਡਾਕਟਰ ਨਿੱਜਰ ਇਕ ਸੱਚੇ ਸੁੱਚੇ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਸਮਰਪਿਤ ਸਿੱਖ ਹਨ ਤੇ ਉਹ ਦੀਵਾਨ ਨੂੰ ਸਿੱਖੀ ਸਿਧਾਂਤਾਂ ਮੁਤਾਬਿਕ ਸੇਵਾ ਸਿਮਰਨ ਤੇ ਵਿੱਦਿਆ ਦਾਨ ਦੀ ਭਾਵਨਾ ਨਾਲ ਚਲਾ ਰਹੇ ਹਨ।ਦੀਵਾਨ ਨੂੰ ਲੰਮੇ ਸਮੇਂ ਬਾਅਦ ਇਕ ਸੂਝਵਾਨ, ਦੂਰ ਅੰਦੇਸ਼ ਤੇ ਪੜ੍ਹਿਆ ਲਿਖਿਆ ਪ੍ਰਧਾਨ ਮਿਲਿਆ ਹੈ।ਸਾਨੂੰ ਸਾਰਿਆਂ ਨੂੰ ਆਪਸੀ ਮੱਤਭੇਦ ਭੁਲਾ ਕੇ ਡਾਕਟਰ ਨਿੱਜਰ ਦੀ ਅਗਵਾਈ ਹੇਠ ਦੀਵਾਨ ਦੀ ਚੜ੍ਹਦੀਕਲਾ ਲਈ ਕੰਮ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਦੀਵਾਨ ਦੇ ਕਿਸੇ ਇਕ ਮੈਂਬਰ ਵਿਚ ਵੀ ਜੇਕਰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੁਕਮਾਂ ਮੁਤਾਬਿਕ ਕੋਈ ਕਮੀ ਹੈ ਤਾਂ ਉਹ ਪੰਜ ਪਿਆਰੇ ਸਿੰਘਾਂ ਪਾਸ ਪੇਸ਼ ਹੋ ਕੇ ਆਪਣੀ ਭੁੱਲ ਬਖ਼ਸ਼ਾ ਸਕਦਾ ਹੈ। ਬਾਵਾ ਨੇ ਕਿਹਾ ਕਿ ਡਾਕਟਰ ਨਿੱਜਰ ਦੀ ਦੂਰਅੰਦੇਸ਼ੀ ਦਾ ਪਤਾ ਇਸ ਗੱਲ ਤੋਂ ਹੀ ਲੱਗ ਜਾਂਦਾ ਹੈ, ਕਿ ਉਨ੍ਹਾਂ ਦੀਵਾਨ ਦੇ 63 ਮੈਂਬਰਾਂ ਦੀ ਮੁੜ ਬਹਾਲੀ ਕਰਕੇ ਪੰਥ ਤੇ ਦੀਵਾਨ ਦੀ ਏਕਤਾ ਨੂੰ ਕਾਇਮ ਰੱਖਿਆ।

## ਹੈਰੀਟੇਜ ਸਟਰੀਟ ਨੂੰ ਪਲਾਸਟਿਕ ਮੁਕਤ ਕਰਨ ਲਈ ਪ੍ਰਦੂਸ਼ਨ ਕੰਟਰੋਲ ਬੋਰਡ ਦੇ ਅਧਿਕਾਰੀਆਂ ਵੱਲੋਂ ਦੁਕਾਨਦਾਰਾਂ ਨਾਲ ਮੀਟਿੰਗਾਂ




ਅੰਮ੍ਰਿਤਸਰ, 13 ਜੁਲਾਈ, (ਬਬਲੂ ਮਹਾਜਨ) :ਡਿਪਟੀ ਕਮਿਸ਼ਨਰ ਅੰਮ੍ਰਿਤਸਰ ਸ੍ਰੀਮਤੀ ਸਾਕਸ਼ੀ ਸਾਹਨੀ ਵੱਲੋਂ ਸ੍ਰੀ ਦਰਬਾਰ ਸਾਹਿਬ ਨੂੰ ਜਾਂਦੇ ਮੁੱਖ ਰਸਤੇ ਹੈਰੀਟੇਜ ਸਟਰੀਟ ਨੂੰ ਪਲਾਸਟਿਕ ਮੁਕਤ ਕਰਨ ਲਈ ਬੀਤੇ ਕੱਲ੍ਹ ਦਿੱਤੀਆਂ ਗਈਆਂ ਹਦਾਇਤਾਂ ਦੇ ਮੱਦੇ ਨਜ਼ਰ ਅੱਜ ਐਤਵਾਰ ਦੀ ਛੁੱਟੀ ਦੇ ਬਾਵਜੂਦ, ਪ੍ਰਦੂਸ਼ਨ ਕੰਟਰੋਲ ਬੋਰਡ ਦੇ ਅਧਿਕਾਰੀਆਂ ਨੇ ਵਿਰਾਸਤੀ ਗਲੀ ਵਿੱਚ ਪੈਂਦੇ ਦੁਕਾਨਦਾਰਾਂ ਨਾਲ ਮੀਟਿੰਗਾਂ ਦਾ ਸਿਲਸਿਲਾ ਸ਼ੁਰੂ ਕਰ ਦਿੱਤਾ।

ਅੱਜ ਵਿਭਾਗ ਦੇ ਅਧਿਕਾਰੀਆਂ ਲਖਵਿੰਦਰ ਕੁਮਾਰ ਅਤੇ ਯੁੱਧਵੀਰ ਸਿੰਘ ਨੇ ਉਕਤ ਰਸਤੇ ਵਿੱਚ ਪੈਂਦੇ ਦੁਕਾਨਦਾਰਾਂ ਨੂੰ ਇਕੱਲੇ ਇਕੱਲੇ ਮਿਲ ਕੇ ਸਮਝਾਇਆ ਕਿ ਪਲਾਸਟਿਕ ਦੀ ਵਰਤੋਂ ਦੇ ਕੀ ਨੁਕਸਾਨ ਇਸ ਇਲਾਕੇ ਦੇ ਰਾਹਗੀਰਾਂ ਅਤੇ ਵਾਸੀਆਂ ਨੂੰ ਹੋ ਰਹੇ ਹਨ। ਉਹਨਾਂ ਨੇ ਪਲਾਸਟਿਕ ਦਾ ਬਦਲ ਦਿੰਦੇ ਹੋਏ ਕਿਹਾ ਕਿ ਇੱਕ ਹਫਤੇ ਦੇ ਅੰਦਰ ਅੰਦਰ ਤੁਸੀਂ ਪਾਬੰਦੀ ਸ਼ੁਦਾ ਪਲਾਸਟਿਕ ਦੀ ਵਰਤੋਂ ਬੰਦ ਕਰਕੇ ਦੂਸਰੇ ਉਤਪਾਦਾਂ ਦੀ ਵਰਤੋਂ ਸ਼ੁਰੂ ਕਰੋ । ਅਧਿਕਾਰੀਆਂ ਨੇ ਚੇਤਾਵਨੀ ਭਰੇ ਲਹਿਜੇ ਵਿੱਚ ਕਿਹਾ ਕਿ ਜੇਕਰ ਤੁਸੀਂ ਮਿੱਥੇ ਸਮੇਂ ਸੀਮਾ ਅੰਦਰ ਪਲਾਸਟਿਕ ਦੀ ਵਰਤੋਂ ਬੰਦ ਨੇ ਕੀਤੀ ਤਾਂ ਸਾਨੂੰ ਮਜ਼ਬੂਰਨ ਤੁਹਾਡੇ ਖਿਲਾਫ ਵਿਭਾਗੀ ਕਾਰਵਾਈ ਕਰਨੀ ਪਵੇਗੀ।

## ਸੇਵਾ ਕੇਂਦਰ ਹੁਣ ਹ਼ਫ਼ਤੇ ਦੇ 6 ਦਿਨ ਸਵੇਰੇ 8 ਵਜੇ ਤੋਂ ਸ਼ਾਮ 8 ਵਜੇ ਤੱਕ ਖੁੱਲ੍ਹਣਗੇ

ਜਲੰਧਰ, 13 ਜੁਲਾਈ, (ਸੰਦੀਪ ਕੌਲ) : ਪੰਜਾਬ ਸਰਕਾਰ ਦੇ ਨਿਰਦੇਸ਼ਾਂ 'ਤੇ ਮਾਡਲ ਟਾਊਨ ਦਾ ਸੇਵਾ ਕੇਂਦਰ ਹੁਣ 14 ਜੁਲਾਈ ਤੋਂ ਸਵੇਰੇ 8 ਤੋਂ ਸ਼ਾਮ 8 ਵਜੇ ਤੱਕ ਲਗਾਤਾਰ 12 ਘੰਟੇ ਖੁੱਲ੍ਹਾ ਰਹੇਗਾ। ਇਹ ਸੇਵਾ ਕੇਂਦਰ ਸੋਮਵਾਰ ਤੋਂ ਸ਼ਨੀਵਾਰ ਤੱਕ ਖੁੱਲ੍ਹਾ ਰਹੇਗਾ।

ਇਹ ਜਾਣਕਾਰੀ ਸਾਂਝੀ ਕਰਦਿਆਂ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਦੱਸਿਆ ਕਿ ਜਿੱਥੇ ਆਮ ਜਨਤਾ ਨੂੰ ਇਸਦਾ ਫਾਇਦਾ ਪਹੁੰਚੇਗਾ, ਉੱਥੇ ਨੌਕਰੀਆਂ ਜਾਂ ਹੋਰ ਕੰਮਕਾਰ ਕਰਨ ਵਾਲੇ ਵਿਅਕਤੀ ਵੀ ਇਸਦਾ ਲਾਹਾ ਲੈ ਸਕਣਗੇ। ਅਜਿਹੇ ਵਿਅਕਤੀ ਜਦੋਂ ਸ਼ਾਮ ਨੂੰ 5 ਵਜੇ ਤੱਕ ਆਪਣੇ ਕੰਮਕਾਰ ਤੋਂ ਵਿਹਲੇ ਹੁੰਦੇ ਸਨ, ਤਾਂ ਸੇਵਾ ਕੇਂਦਰ ਬੰਦ ਹੋ ਜਾਂਦੇ ਸਨ। ਹੁਣ ਉਹ ਰਾਤ ਦੇ 8 ਵਜੇ ਤੱਕ ਇਸ ਸੇਵਾ ਦਾ ਲਾਭ ਲੈ ਸਕਦੇ ਹਨ।

ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਜਿਨ੍ਹਾਂ ਲੋਕਾਂ ਨੂੰ ਦਿਨ ਦੌਰਾਨ ਆਪਣੇ ਕੰਮ ਕਾਰਨ ਜਾਂ ਕਿਸੇ ਹੋਰ ਕਾਰਨਾਂ ਕਰਕੇ ਸੇਵਾ ਕੇਂਦਰ ਆਉਣ ਵਿੱਚ ਮੁਸ਼ਕਿਲ ਹੁੰਦੀ ਸੀ, ਉਹ ਹੁਣ ਸਵੇਰੇ-ਸ਼ਾਮ ਆਪਣਾ ਕੰਮ ਕਰਵਾ ਸਕਣਗੇ। ਉਨ੍ਹਾਂ ਆਮ ਲੋਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਵਧੇ ਹੋਏ ਸਮੇਂ ਦਾ ਪੂਰਾ ਲਾਭ ਲੈਣ ਅਤੇ ਕਿਸੇ ਵੀ ਜਾਣਕਾਰੀ ਲਈ ਸੇਵਾ ਕੇਂਦਰ ਨਾਲ ਸਿੱਧਾ ਸੰਪਰਕ ਕੀਤਾ ਜਾ ਸਕਦਾ ਹੈ।

ਜ਼ਿਕਰਯੋਗ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਸੁਚਾਰੂ ਅਤੇ ਪਾਰਦਰਸ਼ੀ ਢੰਗ ਨਾਲ ਸੇਵਾ ਕੇਂਦਰਾਂ ਰਾਹੀਂ ਆਧਾਰ ਕਾਰਡ, ਜਨਮ-ਮੌਤ, ਜਾਤੀ, ਆਮਦਨ, ਰਿਹਾਇਸ਼ ਪ੍ਰਮਾਣ ਪੱਤਰ, ਮੈਰਿਜ ਸਰਟੀਫਿਕੇਟ, ਪੈਨਸ਼ਨ ਆਦਿ ਤੋਂ ਇਲਾਵਾ 400 ਤੋਂ ਵੱਧ ਸਹੂਲਤਾਂ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ।

## ਰਾਜ ਚੋਣ ਕਮਿਸ਼ਨ ਵੱਲੋਂ ਜ਼ਿਲ੍ਹੇ ਦੇ 11 ਬਲਾਕਾਂ 'ਚ ਸਰਪੰਚਾਂ ਤੇ ਪੰਚਾਂ ਦੀ ਉੱਪ ਚੋਣ ਲਈ ਪ੍ਰੋਗਰਾਮ ਜਾਰੀ : ਡਾ.ਹਿਮਾਂਸ਼ੂ ਅਗਰਵਾਲ

ਜਲੰਧਰ, 13 ਜੁਲਾਈ, (ਸੰਦੀਪ ਕੌਲ) : ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਚੋਣ ਅਫ਼ਸਰ ਡਾ.ਹਿਮਾਂਸ਼ੂ ਅਗਰਵਾਲ ਨੇ ਦੱਸਿਆ ਕਿ ਰਾਜ ਚੋਣ ਕਮਿਸ਼ਨ, ਪੰਜਾਬ ਵੱਲੋਂ ਗਰਾਮ ਪੰਚਾਇਤਾਂ ਦੇ ਸਰਪੰਚਾਂ ਅਤੇ ਪੰਚਾਂ ਦੀਆਂ ਉਪ ਚੋਣਾਂ ਕਰਵਾਉਣ ਵਾਸਤੇ ਪ੍ਰੋਗਰਾਮ ਜਾਰੀ ਕਰ ਦਿੱਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਜਾਰੀ ਪ੍ਰੋਗਰਾਮ ਅਨੁਸਾਰ ਜ਼ਿਲ੍ਹਾ ਜਲੰਧਰ ਦੇ 11 ਬਲਾਕਾਂ ਵਿੱਚ ਗਰਾਮ ਪੰਚਾਇਤ ਦੇ ਸਰਪੰਚਾਂ ਤੇ ਪੰਚਾਂ ਦੀਆਂ ਉਪ ਚੋਣਾਂ ਕਰਵਾਈਆਂ ਜਾ ਰਹੀਆਂ ਹਨ। ਉਨ੍ਹਾਂ ਦਸਿਆ ਕਿ ਚੋਣ ਲੜਨ ਵਾਲੇ ਉਮੀਦਵਾਰ ਮਿਤੀ 14.07.2025 ਤੋਂ ਮਿਤੀ 17.07.2025 ਤੱਕ ਆਪਣੇ ਨਾਮਜ਼ਦਗੀ ਕਾਗਜ਼ ਸਵੇਰੇ 11 ਵਜੇ ਤੋਂ ਬਾਦ ਦੁਪਹਿਰ 3 ਵਜੇ ਤੱਕ ਦਾਖਲ ਕਰਵਾ ਸਕਦੇ ਹਨ।

ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਚੋਣ ਅਫ਼ਸਰ ਡਾ.ਹਿਮਾਂਸ਼ੂ ਅਗਰਵਾਲ ਨੇ ਅੱਗੇ ਦੱਸਿਆ ਕਿ ਨਾਮਜ਼ਦਗੀ ਕਾਗਜ਼ਾਂ ਦੀ ਪੜਤਾਲ ਮਿਤੀ 18 ਜੁਲਾਈ ਨੂੰ ਹੋਵੇਗੀ ਅਤੇ ਉਮੀਦਵਾਰ ਆਪਣੇ ਨਾਮਜ਼ਦਗੀ ਕਾਗਜ਼ ਮਿਤੀ 19 ਜੁਲਾਈ ਨੂੰ ਬਾਅਦ ਦੁਪਹਿਰ 3 ਵਜੇ ਤੱਕ ਵਾਪਸ ਲੈ ਸਕਦੇ ਹਨ। ਉਨ੍ਹਾਂ ਦੱਸਿਆ ਕਿ ਨਾਮ ਵਾਪਸੀ ਤੋਂ ਬਾਅਦ ਸਬੰਧਿਤ ਰਿਟਰਨਿੰਗ ਅਫ਼ਸਰਾਂ ਵੱਲੋਂ ਚੋਣ ਲੜਨ ਵਾਲੇ ਉਮੀਦਵਾਰਾਂ ਨੂੰ ਚੋਣ ਨਿਸ਼ਾਨ ਅਲਾਟ ਕੀਤੇ ਜਾਣਗੇ। ਉਨ੍ਹਾਂ ਇਹ ਵੀ ਦੱਸਿਆ ਕਿ ਵੋਟਾਂ ਮਿਤੀ 27 ਜੁਲਾਈ ਨੂੰ ਸਵੇਰੇ 8 ਵਜੇ ਤੋਂ ਸ਼ਾਮ 4 ਵਜੇ ਤੱਕ ਪਾਈਆਂ ਜਾਣਗੀਆਂ ਅਤੇ ਵੋਟਾਂ ਪਾਉਣ ਦਾ ਕੰਮ ਖ਼ਤਮ ਹੋਣ ਤੋਂ ਬਾਅਦ ਵੋਟਾਂ ਦੀ ਗਿਣਤੀ ਪ੍ਰੀਜਾਇਡਿੰਗ ਅਫ਼ਸਰ ਵੱਲੋਂ ਪੋਲਿੰਗ ਸਟੇਸ਼ਨਾਂ 'ਤੇ ਹੀ ਕੀਤੀ ਜਾਵੇਗੀ ਅਤੇ ਚੋਣ ਨਤੀਜਿਆਂ ਦੀ ਘੋਸ਼ਣਾ ਕੀਤੀ ਜਾਵੇਗੀ।

ਇਸ ਸਬੰਧੀ ਵਧੇਰੇ ਜਾਣਕਾਰੀ ਦਿੰਦਿਆਂ ਵਧੀਕ ਡਿਪਟੀ ਕਮਿਸ਼ਨਰ (ਪੇਂਡੂ ਵਿਕਾਸ)-ਕਮ-ਵਧੀਕ ਜ਼ਿਲ੍ਹਾ ਚੋਣਕਾਰ ਅਫ਼ਸਰ, ਜਲੰਧਰ ਵਿਵੇਕ ਮੋਦੀ ਨੇ ਦੱਸਿਆ ਕਿ ਬਲਾਕ ਆਦਮਪੁਰ ਤੋਂ ਗਰਾਮ ਪੰਚਾਇਤ ਦੀ ਚੋਣ ਲੜ ਰਹੇ ਸਰਪੰਚ ਤੇ ਪੰਚ ਆਪਣੇ ਨਾਮਜ਼ਦਗੀ ਪੱਤਰ ਰਿਟਰਨਿੰਗ ਅਫ਼ਸਰ ਈ.ਓ.,ਐਮ.ਸੀ.ਆਦਮਪੁਰ, ਦਫ਼ਤਰ ਨਗਰ ਕੌਂਸਲ ਆਦਮਪੁਰ ਵਿਖੇ ਜਮ੍ਹਾਂ ਕਰਵਾ ਸਕਦੇ ਹਨ। ਉਨ੍ਹਾਂ ਦੱਸਿਆ ਕਿ ਇਸੇ ਤਰ੍ਹਾਂ ਬਲਾਕ ਭੋਗਪੁਰ ਦੇ ਉਮੀਦਵਾਰ ਰਿਟਰਨਿੰਗ ਅਫ਼ਸਰ ਈ.ਓ., ਐਮ.ਸੀ. ਭੋਗਪੁਰ, ਦਫ਼ਤਰ ਨਗਰ ਕੌਂਸਲ ਭੋਗਪੁਰ, ਬਲਾਕ ਜਲੰਧਰ ਪੂਰਬੀ ਦੇ ਉਮੀਦਵਾਰ ਰਿਟਰਨਿੰਗ ਅਫ਼ਸਰ ਏ.ਓ. ਦਫ਼ਤਰ ਚੀਫ ਐਗਰੀਕਲਚਰ ਅਫ਼ਸਰ, ਜਲੰਧਰ, ਦਫ਼ਤਰ ਮੁੱਖ ਖੇਤੀਬਾੜੀ ਅਫ਼ਸਰ, ਖੇਤੀ ਭਵਨ, ਲਾਡੋਵਾਲੀ ਰੋਡ, ਜਲੰਧਰ, ਬਲਾਕ ਜਲੰਧਰ ਪੱਛਮੀ ਦੇ ਉਮੀਦਵਾਰ ਰਿਟਰਨਿੰਗ ਅਫ਼ਸਰ ਨਾਇਬ ਤਹਿਸੀਲਦਾਰ ਜਲੰਧਰ-2, ਕੋਰਟ ਰੂਮ ਤਹਿਸੀਲਦਾਰ ਜਲੰਧਰ-2, ਕਮਰਾ ਨੰਬਰ 7 ਵਿਖੇ ਆਪਣੇ ਨਾਮਜ਼ਦਗੀ ਕਾਗਜ਼ ਦਾਖਲ ਕਰਵਾ ਸਕਦੇ ਹਨ।

ਉਨ੍ਹਾਂ ਅੱਗੇ ਦੱਸਿਆ ਕਿ ਬਲਾਕ ਨਕੋਦਰ ਦੇ ਉਮੀਦਵਾਰ ਰਿਟਰਨਿੰਗ ਅਫ਼ਸਰ ਈ.ਟੀ.ਓ. ਨਕੋਦਰ, ਦਫ਼ਤਰ ਬੀ.ਡੀ.ਪੀ.ਓ. ਨਕੋਦਰ, ਬਲਾਕ ਮਹਿਤਪੁਰ ਦੇ ਉਮੀਦਵਾਰ ਰਿਟਰਨਿੰਗ ਅਫ਼ਸਰ ਲੈਕਚਰਾਰ ਬਾਇਓਲੌਜੀ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮਹਿਤਪੁਰ ,ਦਫ਼ਤਰ ਬੀ.ਡੀ.ਪੀ.ਓ. ਮਹਿਤਪੁਰ ਪਾਸ ਦਾਖਲ ਕਰਵਾ ਸਕਦੇ ਹਨ।

## ਜ਼ਿਲ੍ਹਾ ਪ੍ਰਸ਼ਾਸਨ ਦਾ ਨਿਵੇਕਲਾ ਉਪਰਾਲਾ ; ਜ਼ਿਲ੍ਹਾ ਪਬਲਿਕ ਪਾਲਿਸੀ ਇੰਟਰਨਸ਼ਿਪ ਪ੍ਰੋਗਰਾਮ ਦਾ ਦੂਜਾ ਬੈਚ ਸ.ਫਲਤਾਪੂਰਵਕ ਮੁਕੰਮਲ




ਜਲੰਧਰ, 13 ਜੁਲਾਈ, (ਸੰਦੀਪ ਕੌਲ) : ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਵੱਲੋਂ ਜ਼ਿਲ੍ਹੇ ਵਿੱਚ ਚੱਲ ਰਹੇ ਜ਼ਿਲ੍ਹਾ ਪਬਲਿਕ ਪਾਲਿਸੀ ਇੰਟਰਨਸ਼ਿਪ ਪ੍ਰੋਗਰਾਮ ਦੇ ਦੂਜੇ ਬੈਚ ਦੇ ਮੁਕੰਮਲ ਹੋਣ 'ਤੇ ਇੰਟਰਨਸ ਨਾਲ ਮੀਟਿੰਗ ਕੀਤੀ ਗਈ।

ਮੀਟਿੰਗ ਦੌਰਾਨ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਕਿਹਾ ਕਿ ਜ਼ਿਲ੍ਹਾ ਪਬਲਿਕ ਪਾਲਿਸੀ ਇੰਟਰਨਸ਼ਿਪ ਪ੍ਰੋਗਰਾਮ ਤਹਿਤ ਜ਼ਿਲ੍ਹੇ ਵਿੱਚ ਸ਼ੁਰੂ ਕੀਤਾ ਗਿਆ ਦੂਜਾ ਬੈਚ ਸਫ਼ਲਤਾ ਪੂਰਵਕ ਮੁਕੰਮਲ ਹੋ ਗਿਆ ਹੈ। ਉਨ੍ਹਾਂ ਦੱਸਿਆ ਕਿ ਦੂਜੇ ਬੈਚ ਦੌਰਾਨ ਡੀ.ਏ.ਵੀ. ਯੂਨੀਵਰਸਿਟੀ, ਜਲੰਧਰ ਅਤੇ ਸਰਕਾਰੀ ਪੌਲੀਟੈਕਨਿਕ ਕਾਲਜ, ਜਲੰਧਰ ਦੇ ਵਿਦਿਆਰਥੀਆਂ ਨੂੰ ਜ਼ਿਲ੍ਹੇ ਦੇ ਵੱਖ-ਵੱਖ ਸਰਕਾਰੀ ਵਿਭਾਗਾਂ ਵਿਭਾਗਾਂ ਦੇ ਦਫ਼ਤਰਾਂ ਵਿੱਚ ਇਕ ਮਹੀਨੇ ਲਈ ਬਤੌਰ ਇੰਟਰਨ ਸ਼ਾਮਲ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਇਸ ਸਮੇਂ ਦੌਰਾਨ ਇੰਟਰਨਸ ਨੂੰ ਵੱਖ-ਵੱਖ ਪ੍ਰਾਜੈਕਟ ਅਲਾਟ ਕੀਤੇ ਗਏ, ਤਾਂ ਜੋ ਇਹ ਵਿਦਿਆਰਥੀ ਸਰਕਾਰ ਦੀਆਂ ਲੋਕ ਭਲਾਈ ਸਕੀਮਾਂ ਨੂੰ ਹੋਰ ਵੀ ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਕਰ ਸਕਣ।

ਉਨ੍ਹਾਂ ਕਿਹਾ ਕਿ ਇਸ ਇਕ ਮਹੀਨੇ ਦੇ ਇੰਟਰਨਸ਼ਿਪ ਪ੍ਰੋਗਰਾਮ ਦਾ ਮੁੱਖ ਮੰਤਵ ਆਮ ਲੋਕਾਂ ਤੱਕ ਲੋਕ ਭਲਾਈ ਸਕੀਮਾਂ ਦਾ ਵੱਧ ਤੋਂ ਵੱਧ ਲਾਭ ਪਹੁੰਚਾਉਣ ਤੋਂ ਇਲਾਵਾ ਵਿਦਿਆਰਥੀਆਂ ਦੇ ਮਾਨਸਿਕ ਪੱਧਰ ਦਾ ਵਿਕਾਸ ਕਰਨਾ ਵੀ ਹੈ, ਤਾਂ ਜੋ ਉਹ ਭਵਿੱਖ ਵਿੱਚ ਸਰਕਾਰੀ ਖੇਤਰ ਵਿੱਚ ਨੌਕਰੀ ਕਰਨ ਤਾਂ ਨੌਕਰੀ ਦੌਰਾਨ ਪੇਸ਼ ਆਉਣ ਵਾਲੀਆਂ ਚੁਣੌਤੀਆਂ ਨੂੰ ਸਹਿਜਤਾ ਨਾਲ ਹੱਲ ਕਰਨ ਦੇ ਯੋਗ ਹੋ ਸਕਣ।

ਇਸ ਮੌਕੇ ਡਿਪਟੀ ਕਮਿਸ਼ਨਰ ਵਲੋਂ ਵੱਖ-ਵੱਖ ਇੰਟਰਨਸ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਵੱਲੋਂ ਹਾਸਲ ਕੀਤੀ ਜਾਣਕਾਰੀ ਅਤੇ ਤਜੁਰਬੇ ਦਾ ਜਾਇਜ਼ਾ ਵੀ ਲਿਆ ਗਿਆ। ਮੀਟਿੰਗ ਦੌਰਾਨ ਇੰਟਰਨਸ ਵੱਲੋਂ ਆਪੋ-ਆਪਣੀ ਰਿਪੋਰਟ ਪੇਸ਼ ਕੀਤੀ ਗਈ।

ਡਿਪਟੀ ਕਮਿਸ਼ਨਰ ਨੇ ਵੱਖ-ਵੱਖ ਇੰਟਰਨਸ ਦੀ ਕਾਰਗੁਜ਼ਾਰੀ ਦੀ ਸ਼ਲਾਘਾ ਕਰਦਿਆਂ ਉਨ੍ਹਾਂ ਦੇ ਰੌਸ਼ਨ ਭਵਿੱਖ ਦੀ ਕਾਮਨਾ ਕੀਤੀ ਅਤੇ ਸ਼ੁੱਭ ਇੱਛਾਵਾਂ ਦਿੱਤੀਆਂ ਗਈਆਂ।

ਇਸ ਮੌਕੇ ਡਿਪਟੀ ਡਾਇਰੈਕਟਰ ਜ਼ਿਲ੍ਹਾ ਬਿਊਰੋ ਆਫ਼ ਰੋਜ਼ਗਾਰ ਉੱਤਪਤੀ, ਹੁਨਰ ਵਿਕਾਸ ਤੇ ਸਿਖਲਾਈ ਨੀਲਮ ਮਹੇ ਨੇ ਦੱਸਿਆ ਕਿ ਡਿਪਟੀ ਕਮਿਸ਼ਨਰ ਡਾ.ਹਿਮਾਂਸ਼ੂ ਅਗਰਵਾਲ ਦੀਆਂ ਹਦਾਇਤਾਂ 'ਤੇ ਜ਼ਿਲ੍ਹੇ ਵਿੱਚ ਸ਼ੁਰੂ ਕੀਤੇ ਗਏ ਜ਼ਿਲ੍ਹਾ ਪਬਲਿਕ ਪਾਲਿਸੀ ਇੰਟਰਨਸ਼ਿਪ ਪ੍ਰੋਗਰਾਮ ਦੇ ਦੋ ਬੈਚ ਸਫ਼ਲਤਾ ਪੂਰਵਕ ਮੁਕੰਮਲ ਹੋ ਚੁੱਕੇ ਹਨ ਅਤੇ ਸਿਖ਼ਲਾਈ ਦੌਰਾਨ ਵੱਖ-ਵੱਖ ਵਿਭਾਗਾਂ ਵੱਲੋਂ ਇੰਟਰਨਸ ਨੂੰ ਪੂਰਾ ਸਹਿਯੋਗ ਦਿੱਤਾ ਗਿਆ।

## ਮੌਤ ਤੋਂ 20 ਦਿਨਾਂ ਬਾਅਦ ਦੁਬਈ ਤੋਂ ਭਾਰਤ ਪੁੱਜੀ ਸਤਨਾਮ ਸਿੰਘ ਦੀ ਮ੍ਰਿਤਕ ਦੇਹ

### ਸਰਬੱਤ ਦਾ ਭਲਾ ਟਰੱਸਟ ਦੀ ਮੁਫਤ ਐਂਬੂਲੈਂਸ ਸੇਵਾ ਰਾਹੀਂ ਹਵਾਈ ਅੱਡੇ ਤੋਂ ਘਰ ਭੇਜਿਆ ਗਿਆ ਮ੍ਰਿਤਕ ਸਰੀਰ



ਅੰਮ੍ਰਿਤਸਰ, 13 ਜੁਲਾਈ (ਗੁਰਦਿਆਲ ਸਿੰਘ) : ਬਿਨ੍ਹਾਂ ਕਿਸੇ ਕੋਲੋਂ ਇੱਕ ਵੀ ਰੁਪਈਆ ਇਕੱਠਾ ਕੀਤਿਆਂ ਆਪਣੀ ਨੇਕ ਕਮਾਈ ਵਿੱਚੋਂ ਹਰ ਸਾਲ ਕਰੋੜਾਂ ਰੁਪਏ ਦਾਨ ਵਜੋਂ ਖਰਚ ਕਰਨ ਵਾਲੇ ਦੁਬਈ ਦੇ ਉੱਘੇ ਕਾਰੋਬਾਰੀ ਅਤੇ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਸਰਪ੍ਰਸਤ ਡਾ.ਐਸ.ਪੀ.ਸਿੰਘ ਓਬਰਾਏ ਦੇ ਸਹਿਯੋਗ ਸਦਕਾ ਲੁਧਿਆਣਾ ਜ਼ਿਲ੍ਹੇ ਦੇ ਸਮਰਾਲਾ ਨਾਲ ਸਬੰਧਿਤ 51 ਸਾਲਾ ਵਿਅਕਤੀ ਸਤਨਾਮ ਸਿੰਘ ਪੁੱਤਰ ਅਮਰਜੀਤ ਸਿੰਘ ਦਾ ਮ੍ਰਿਤਕ ਸਰੀਰ ਬੀਤੀ ਦੇਰ ਰਾਤ ਦੁਬਈ ਤੋਂ ਸ੍ਰੀ ਗੁਰੂ ਰਾਮਦਾਸ ਅੰਤਰਰਾਸ਼ਟਰੀ ਹਵਾਈ ਅੱਡਾ ਅੰਮ੍ਰਿਤਸਰ ਵਿਖੇ ਪਹੁੰਚਿਆ।

ਇਸ ਸਬੰਧੀ ਜਾਣਕਾਰੀ ਸਾਂਝੀ ਕਰਦਿਆਂ ਡਾ.ਐੱਸ.ਪੀ. ਸਿੰਘ ਓਬਰਾਏ ਨੇ ਦੱਸਿਆ ਸਤਨਾਮ ਸਿੰਘ ਵੀ ਹੋਰਨਾਂ ਨੌਜਵਾਨਾਂ ਵਾਂਗ ਆਪਣੇ ਪਰਿਵਾਰ ਦੇ ਬਿਹਤਰ ਭਵਿੱਖ ਲਈ ਲੱਗਭਗ ਪਿਛਲੇ 11 ਸਾਲਾਂ ਤੋਂ ਦੁਬਈ ਵਿਖੇ ਮਿਹਨਤ ਮਜ਼ਦੂਰੀ ਕਰ ਰਿਹਾ ਸੀ। ਉਨ੍ਹਾਂ ਦੱਸਿਆ ਕਿ ਪਰਿਵਾਰ ਵੱਲੋਂ ਦੱਸਣ ਮੁਤਾਬਿਕ ਬੀਤੀ 22 ਜੂਨ ਨੂੰ ਕੰਮ ਦੌਰਾਨ ਸਤਨਾਮ ਸਿੰਘ ਪੌੜੀ ਤੋਂ ਹੇਠਾਂ ਡਿੱਗ ਪਿਆ ਅਤੇ ਕੁਝ ਸਮੇਂ ਬਾਅਦ ਹੀ ਦਿਲ ਦਾ ਦੌਰਾ ਪੈਣ ਕਾਰਨ ਉਸਦੀ ਮੌਤ ਹੋ ਗਈ ਸੀ। ਇਸ ਮੰਦਭਾਗੀ ਘਟਨਾ ਉਪਰੰਤ ਪੀੜ੍ਹਤ ਪਰਿਵਾਰ ਨੇ ਟਰੱਸਟ ਦੇ ਸਿਹਤ ਸੇਵਾਵਾਂ ਡਾਇਰੈਕਟਰ ਡਾ. ਦਲਜੀਤ ਸਿੰਘ ਗਿੱਲ ਰਾਹੀਂ ਸੰਪਰਕ ਕਰਕੇ ਸਤਨਾਮ ਦਾ ਮਿਤ੍ਰਕ ਸਰੀਰ ਭਾਰਤ ਭੇਜਣ ਲਈ ਕਿਹਾ ਸੀ। ਜਿਸ 'ਤੇ ਉਨ੍ਹਾਂ ਆਪਣੀ ਟੀਮ ਰਾਹੀਂ ਲੋੜੀਂਦੀ ਕਾਗਜ਼ੀ ਕਾਰਵਾਈ ਮੁਕੰਮਲ ਕਰਵਾਉਣ 'ਚ ਮੱਦਦ ਕਰ ਕੇ ਜਿੱਥੇ ਸਤਨਾਮ ਦਾ ਮਿਤ੍ਰਕ ਸਰੀਰ ਭਾਰਤ ਭੇਜਿਆ, ਉੱਥੇ ਹੀ ਬੀਤੀ ਰਾਤ ਅੰਮ੍ਰਿਤਸਰ ਹਵਾਈ ਅੱਡੇ ਤੋਂ ਮ੍ਰਿਤਕ ਸਰੀਰ ਪੀੜਤ ਪਰਿਵਾਰ ਦੀ ਹਾਜ਼ਰੀ 'ਚ ਟਰੱਸਟ ਦੇ ਪੰਜਾਬ ਪ੍ਰਧਾਨ ਸੁਖਜਿੰਦਰ ਸਿੰਘ ਹੇਰ, ਜ਼ਿਲ੍ਹਾ ਪ੍ਰਧਾਨ ਸ਼ਿਸ਼ਪਾਲ ਸਿੰਘ ਲਾਡੀ, ਜਨਰਲ ਸਕੱਤਰ ਮਨਪ੍ਰੀਤ ਸੰਧੂ ਚਮਿਆਰੀ ਵੱਲੋਂ ਪ੍ਰਾਪਤ ਕਰਕੇ ਟਰੱਸਟ ਦੀ ਹੀ ਮੁਫ਼ਤ ਐਂਬੂਲੈਂਸ ਸੇਵਾ ਰਾਹੀਂ ਉਸ ਦੇ ਘਰ ਤੱਕ ਪੁੱਜਦਾ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਸਤਨਾਮ ਦਾ ਮ੍ਰਿਤਕ ਸਰੀਰ ਭੇਜਣ 'ਤੇ ਆਇਆ ਖਰਚ ਉਸ ਦੀ ਕੰਮ ਵਾਲੀ ਕੰਪਨੀ ਵੱਲੋਂ ਕੀਤਾ ਗਿਆ ਹੈ। ਜਦੋਂ ਕਿ ਟਰੱਸਟ ਵੱਲੋਂ ਜਲਦ ਹੀ ਪਰਿਵਾਰ ਦੀ ਆਰਥਿਕ ਹਾਲਤ ਅਨੁਸਾਰ ਸਤਨਾਮ ਦੀ ਪਤਨੀ ਨੂੰ ਮਹੀਨਾਵਾਰ ਪੈਨਸ਼ਨ ਦਿੱਤੀ ਜਾਵੇਗੀ।

ਜ਼ਿਕਰਯੋਗ ਹੈ ਕਿ ਡਾ.ਉਬਰਾਏ ਦੀ ਸਰਪ੍ਰਸਤੀ ਹੇਠ ਹੁਣ ਤੱਕ 417 ਦੇ ਕਰੀਬ ਬਦਨਸੀਬ ਨੌਜਵਾਨਾਂ ਦੇ ਮ੍ਰਿਤਕ ਸਰੀਰ ਉਨ੍ਹਾਂ ਦੇ ਵਾਰਸਾਂ ਤੱਕ ਪਹੁੰਚਾਏ ਜਾ ਚੁੱਕੇ ਹਨ ਅਤੇ ਪਿਛਲੇ ਕੁਝ ਅਰਸੇ ਤੋਂ ਹਵਾਈ ਅੱਡਾ ਅੰਮ੍ਰਿਤਸਰ ਤੋਂ ਮਿਤ੍ਰਕ ਸਰੀਰ ਘਰਾਂ ਤੱਕ ਪਹੁੰਚਣ ਲਈ ਮੁਫ਼ਤ ਐਂਬੂਲੈਂਸ ਸੇਵਾ ਵੀ ਸ਼ੁਰੂ ਕੀਤੀ ਗਈ ਹੈ।

ਇਸ ਦੌਰਾਨ ਹਵਾਈ ਅੱਡੇ 'ਤੇ ਮੌਜੂਦ ਸਤਨਾਮ ਦੇ ਬਜ਼ੁਰਗ ਪਿਤਾ ਅਮਰਜੀਤ ਸਿੰਘ,ਪਤਨੀ ਰਾਜਦੀਪ ਕੌਰ, ਮਾਸੜ ਮਨਜੀਤ ਸਿੰਘ, ਭਾਣਜੇ ਸਿਮਰਜੀਤ ਸਿੰਘ ਤੇ ਭਾਣਜੀ ਸਪਿੰਦਰ ਕੌਰ ਆਦਿ ਨੇ ਡਾ.ਐੱਸ.ਪੀ. ਸਿੰਘ ਓਬਰਾਏ ਦਾ ਇਸ ਔਖੀ ਘੜੀ ਵੇਲੇ ਵੱਡੀ ਮਦਦ ਕਰਨ ਲਈ ਤਹਿ ਦਿਲੋਂ ਧੰਨਵਾਦ ਕੀਤਾ।

## ਪੁਲਿਸ ਵੱਲੋਂ ਹੈਰੋਇਨ ਸਮੇਤ ਵਿਅਕਤੀ ਕਾਬੂ



ਜਗਰਾਉਂ, 13 ਜੁਲਾਈ (ਵਿਸ਼ਾਲ ਅੱਤਰੇ /ਆਰੀਅਨ ਅੱਤਰੇ/ ਅੰਕੁਸ਼ ਸਹਿਜਪਾਲ)-ਪੁਲਿਸ ਜ਼ਿਲ੍ਹਾ ਲੁਧਿਆਣਾ ਦਿਹਾਤੀ ਦੇ ਐਸਐਸਪੀ ਡਾਕਟਰ ਅੰਕੁਰ ਗੁਪਤਾ ਵੱਲੋਂ ਨਸ਼ਾ ਸਮੱਗਲਰਾਂ ਖਿਲਾਫ ਚਲਾਈ ਗਈ ਮੁਹਿੰਮ ਦੇ ਤਹਿਤ ਡੀਐਸਪੀ ਜਸਜੋਤ ਸਿੰਘ ਦੀ ਦਿਸ਼ਾ ਨਿਰਦੇਸ਼ ਹੇਠ ਥਾਣਾ ਸਿੱਧਵਾਂ ਬੇਟ ਦੇ ਇੰਚਾਰਜ ਇੰਸਪੈਕਟਰ ਹੀਰਾ ਸਿੰਘ ਦੀ ਅਗਵਾਈ ਹੇਠ ਚੌਂਕੀ ਗਿੱਦੜਵਿੰਡੀ ਦੇ ਇੰਚਾਰਜ ਐਸਆਈ ਸੁਖਮੰਦਰ ਸਿੰਘ ਤੇ ਉਹਨਾਂ ਦੀ ਪੁਲਿਸ ਪਾਰਟੀ ਸ਼ੱਕੀ ਪੁਰਸ਼ਾਂ ਦੀ ਚੈਕਿੰਗ ਦੇ ਸਬੰਧ ਵਿੱਚ ਬੱਸ ਅੱਡਾ ਗਿੱਦੜਵਿੰਡੀ ਮੌਜੂਦ ਸੀ, ਤਾਂ ਮੁੱਖਬਰ ਨੇ ਇਤਲਾਹ ਦਿੱਤੀ ਕਿ ਲਵਪ੍ਰੀਤ ਸਿੰਘ ਜੋ ਕਿ ਹੈਰੋਇਨ ਵੇਚਣ ਦਾ ਆਦੀ ਹੈ। ਜੋ ਅੱਜ ਵੀ ਸੇਮ ਪੁਲ ਅੱਬੂਪੁਰਾ 'ਤੇ ਖੜ੍ਹਾ ਗਾਹਕਾਂ ਦੀ ਉਡੀਕ ਕਰ ਰਿਹਾ ਹੈ। ਜੇਕਰ ਹੁਣ ਹੀ ਸੇਮ ਪੁਲ ਅੱਬੂਪੁਰਾ 'ਤੇ ਰੇਡ ਕੀਤੀ ਜਾਵੇ ਤਾਂ ਲਵਪ੍ਰੀਤ ਸਿੰਘ ਨੂੰ ਭਾਰੀ ਮਾਤਰਾ ਵਿੱਚ ਹੈਰੋਇਨ ਸਮੇਤ ਕਾਬੂ ਕੀਤਾ ਜਾ ਸਕਦਾ ਹੈ। ਐਸਆਈ ਸੁਖਮੰਦਰ ਸਿੰਘ ਵੱਲੋਂ ਮੁੱਖਬਰ ਦੀ ਭਰੋਸੇਯੋਗ ਇਤਲਾਹ 'ਤੇ ਸੇਮ ਪੁਲ ਅੱਬੂਪੁਰਾ ਰੇਡ ਕਰਕੇ ਲਵਪ੍ਰੀਤ ਸਿੰਘ ਨੂੰ ਕਾਬੂ ਕੀਤਾ ਗਿਆ। ਐਸਆਈ ਵੱਲੋਂ ਸਾਥੀ ਕਰਮਚਾਰੀਆਂ ਦੀ ਮਦਦ ਨਾਲ ਲਵਪ੍ਰੀਤ ਸਿੰਘ ਦੀ ਚੈਕਿੰਗ ਕਰਨ 'ਤੇ ਉਸ ਪਾਸੋਂ 7 ਗ੍ਰਾਮ ਹੈਰੋਇਨ ਸਮੇਤ ਗ੍ਰਿਫਤਾਰ ਕੀਤਾ ਗਿਆ।

# ਸੌਂਦ ਨੇ ਹਲਕਾ ਖੰਨਾ ਦੇ ਵੱਖ-ਵੱਖ ਪਿੰਡਾਂ ਵਿੱਚ ਵਿਕਾਸ ਕਾਰਜਾਂ ਲਈ 48.90 ਲੱਖ ਰੁਪਏ ਦੇ ਚੈੱਕ ਵੰਡੇ

## ਪਿੰਡ ਬੀਜਾ ਨੂੰ ਗੰਦੇ ਪਾਣੀ ਦੀ ਨਿਕਾਸੀ ਲਈ 20 ਲੱਖ ਰੁਪਏ ਦੀ ਗ੍ਰਾਂਟ ਦਿੱਤੀ



ਖੰਨਾ, 13 ਜੁਲਾਈ (ਅਰਵਿੰਦਰ ਸਿੰਘ ਸਵੈਚ): ਹਲਕਾ ਖੰਨਾ ਵਿੱਚ ਵਿਕਾਸ ਕਾਰਜਾਂ ਸਬੰਧੀ ਕੋਈ ਕਮੀ ਨਹੀਂ ਰਹਿਣ ਦਿੱਤੀ ਜਾ ਰਹੀ ਤੇ ਵਿਕਾਸ ਕਾਰਜਾਂ ਲਈ ਫੰਡ ਬੇਰੋਕ ਦਿੱਤੇ ਜਾ ਰਹੇ ਹਨ ਤਾਂ ਜੋ ਇਹ ਹਲਕਾ ਇੱਕ ਮਿਸਾਲੀ ਹਲਕੇ ਵਜੋਂ ਉੱਭਰ ਕੇ ਸਾਹਮਣੇ ਆਵੇ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਪੇਂਡੂ ਵਿਕਾਸ ਤੇ ਪੰਚਾਇਤ, ਸੈਰ ਸਪਾਟਾ ਤੇ ਸੱਭਿਆਚਾਰਕ ਮਾਮਲੇ, ਕਿਰਤ ਅਤੇ ਪ੍ਰਾਹੁਣਚਾਰੀ ਮੰਤਰੀ ਪੰਜਾਬ ਸ੍ਰੀ ਤਰੁਨਪ੍ਰੀਤ ਸਿੰਘ ਸੌਂਦ ਨੇ ਹਲਕਾ ਖੰਨਾ ਦੇ ਪਿੰਡ ਬੀਜਾ, ਤੁਰਮਰੀ, ਕਿਸ਼ਨਗੜ੍ਹ, ਇਸਮੈਲਪੁਰ, ਬੀਜਾਪੁਰ ਕੌਂਠੇ, ਇਕੋਲਾਹਾ, ਈਸੜੂ, ਗੰਢੂਆਂ, ਕੌਂੜੀ, ਅਸਗਰੀਪੁਰ, ਮਲਕਪੁਰ ਖੰਨਾ ਅਤੇ ਮਹੌਣ ਦੀਆਂ ਪੰਚਾਇਤਾਂ ਨੂੰ ਲੋਕ ਨਿਰਮਾਣ ਵਿਭਾਗ ਦੇ ਰੈਸਟ ਹਾਊਸ ਖੰਨਾ ਵਿਖੇ ਵਿਕਾਸ ਕਾਰਜਾਂ ਲਈ 48.90 ਲੱਖ ਰੁਪਏ ਦੇ ਚੈੱਕ ਵੰਡਣ ਲਈ ਰੱਖੇ ਪ੍ਰਭਾਵਸ਼ਾਲੀ ਸਮਾਗਮ ਵਿੱਚ ਸ਼ਿਰਕਤ ਕਰਦਿਆਂ ਕੀਤਾ। ਕੈਬਨਿਟ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਨੇ ਦੱਸਿਆ ਕਿ ਪਿੰਡ ਬੀਜਾ ਵਿਖੇ 20 ਲੱਖ ਰੁਪਏ ਦਾ ਚੈੱਕ ਗੰਦੇ ਪਾਣੀ ਦੀ ਨਿਕਾਸੀ ਲਈ ਦਿੱਤਾ ਗਿਆ, ਜਿਸ ਤਹਿਤ ਨਾਲੀਆਂ, ਗਟਰਾਂ ਅਤੇ ਸੀਵਰੇਜ ਲਈ ਕਰੀਬ 02 ਕਿਲੋਮੀਟਰ ਲੰਬੀ ਪਾਈਪ ਲਾਈਨ ਵੀ ਪਾਈ ਜਾਣੀ ਹੈ। ਇਸੇ ਤਰ੍ਹਾਂ ਪਿੰਡ ਤੁਰਮਰੀ ਵਿਖੇ ਫੁੱਟਪਾਥ ਅਤੇ ਰਸਤਿਆਂ ਦੇ ਨਿਰਮਾਣ ਲਈ 2.50 ਲੱਖ ਰੁਪਏ, ਪਿੰਡ ਕਿਸ਼ਨਗੜ੍ਹ ਦੇ ਖੇਡ ਮੈਦਾਨ ਲਈ 2.40 ਲੱਖ ਰੁਪਏ, ਪਿੰਡ ਇਸਮੈਲਪੁਰ ਨੂੰ ਫੁੱਟਪਾਥ ਅਤੇ ਰਸਤਿਆਂ ਦੇ ਨਿਰਮਾਣ ਲਈ 2 ਲੱਖ ਰੁਪਏ, ਪਿੰਡ ਬੀਜਾਪੁਰ ਕੌਂਠੇ ਨੂੰ ਫੁੱਟਪਾਥ ਅਤੇ ਰਸਤਿਆਂ ਦੇ ਨਿਰਮਾਣ ਕਾਰਜਾਂ ਲਈ 1 ਲੱਖ ਰੁਪਏ, ਪਿੰਡ ਇਕੋਲਾਹਾ ਦੇ ਐਸ.ਸੀ. ਧਰਮਸ਼ਾਲਾ ਦੇ ਬੁਨਿਆਦੀ ਢਾਂਚੇ ਲਈ 2 ਲੱਖ ਰੁਪਏ ਅਤੇ ਫੁੱਟਪਾਥਾਂ ਤੇ ਪੈਦਲ ਚੱਲਣ ਵਾਲੇ ਰਸਤਿਆਂ ਦੇ ਨਿਰਮਾਣ ਲਈ 4 ਲੱਖ ਰੁਪਏ, ਪਿੰਡ ਈਸੜੂ ਨੂੰ ਐਸ.ਸੀ ਧਰਮਸ਼ਾਲਾ ਦੇ ਬੁਨਿਆਦੀ ਢਾਂਚੇ ਲਈ 1 ਲੱਖ ਰੁਪਏ, ਪਿੰਡ ਗੰਢੂਆਂ ਨੂੰ ਰਾਮਦਾਸੀਆ ਧਰਮਸ਼ਾਲਾ ਦੇ ਬੁਨਿਆਦੀ ਢਾਂਚੇ ਲਈ 5 ਲੱਖ ਰੁਪਏ, ਪਿੰਡ ਕੌਂੜੀ ਨੂੰ ਫੁੱਟਪਾਥਾਂ ਅਤੇ ਪੈਦਲ ਚੱਲਣ ਵਾਲੇ ਰਸਤਿਆਂ ਦਾ ਨਿਰਮਾਣ ਕਰਨ ਲਈ 5 ਲੱਖ ਰੁਪਏ, ਪਿੰਡ ਅਸਗਰੀਪੁਰ ਨੂੰ ਫੁੱਟਪਾਥ ਅਤੇ ਰਸਤਿਆਂ ਦਾ ਨਿਰਮਾਣ ਕਰਨ ਲਈ 1 ਲੱਖ ਰੁਪਏ, ਪਿੰਡ ਮਲਕਪੁਰ ਖੰਨਾ ਨੂੰ ਜਨਤਕ ਨਿਕਾਸੀ ਲਈ ਗਟਰਾਂ ਦਾ ਪ੍ਰਬੰਧ ਕਰਨ ਵਾਸਤੇ 1 ਲੱਖ ਰੁਪਏ ਅਤੇ ਪਿੰਡ ਮਹੌਣ ਨੂੰ ਫੁੱਟਪਾਥਾਂ ਅਤੇ ਰਸਤਿਆਂ ਦਾ ਨਿਰਮਾਣ ਕਰਨ ਲਈ 2 ਲੱਖ ਰੁਪਏ ਦੀ ਗ੍ਰਾਂਟ ਦੇ ਚੈੱਕ ਦਿੱਤੇ ਗਏ ਹਨ। ਪੰਚਾਇਤ ਮੰਤਰੀ ਸੌਂਦ ਨੇ ਦੱਸਿਆ ਕਿ ਉਨ੍ਹਾਂ ਨੇ ਆਪਣੇ ਅਖਤਿਆਰੀ ਕੋਟੇ ਵਿਚੋਂ ਕਰੀਬ 50 ਲੱਖ ਰੁਪਏ ਦੀਆਂ ਗ੍ਰਾਂਟਾਂ 12 ਪਿੰਡਾਂ ਨੂੰ ਦਿੱਤੀਆਂ ਹਨ। ਉਹਨਾਂ ਕਿਹਾ ਕਿ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਵੱਖ-ਵੱਖ ਪਿੰਡਾਂ ਦਾ ਦੌਰਾ ਕਰਦਿਆਂ ਸਬੰਧਤ ਪਿੰਡਾਂ ਵਿੱਚ ਹੋਣ ਵਾਲੇ ਵਿਕਾਸ ਕਾਰਜਾਂ ਲਈ ਗ੍ਰਾਂਟ ਦੇਣ ਦਾ ਐਲਾਨ ਕੀਤਾ ਸੀ। ਜੋ ਅੱਜ ਇਹਨਾਂ ਪਿੰਡਾਂ ਦੀਆਂ ਪੰਚਾਇਤਾਂ ਨੂੰ ਬੁਲਾ ਕੇ ਗ੍ਰਾਂਟ ਦਿੱਤੀਆਂ ਗਈਆਂ ਹਨ। ਉਨ੍ਹਾਂ ਕਿਹਾ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਯੋਗ ਅਗਵਾਈ ਹੇਠ ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਚੱਲ ਰਹੀ ਹੈ ਜਿਸ ਦੇ ਕੰਮਾਂ ਤੋਂ ਲੋਕ ਬੇਹੱਦ ਖੁਸ਼ ਹਨ। ਇਸ ਕਰਕੇ ਹੀ ਪੰਜਾਬ ਵਿੱਚ ਹੋਣ ਵਾਲੀ ਹਰ ਚੋਣ ਵਿੱਚ ਆਮ ਆਦਮੀ ਪਾਰਟੀ ਦੀ ਜਿੱਤ ਹੁੰਦੀ ਹੈ। ਉਨ੍ਹਾਂ ਕਿਹਾ ਕਿ ਆਉਣ ਵਾਲੇ ਸਮੇਂ ਵਿੱਚ ਜਿਹੜੀਆਂ ਚੋਣਾਂ ਪੰਜਾਬ ਵਿੱਚ ਹੋਣਗੀਆਂ, ਉਹ ਵੀ ਵੱਡੀ ਲੀਡ ਨਾਲ ਆਮ ਆਦਮੀ ਪਾਰਟੀ ਹੀ ਜਿੱਤੇਗੀ। ਕੈਬਨਿਟ ਮੰਤਰੀ ਨੇ ਕਿਹਾ ਕਿ ਉਹਨਾਂ ਦੀ ਸਦਾ ਇਹ ਕੋਸ਼ਿਸ਼ ਹੁੰਦੀ ਹੈ ਕਿ ਵਿਕਾਸ ਦਾ ਹਰ ਕੰਮ ਸਿਰੇ ਚੜ੍ਹਦਾ ਕੀਤਾ ਜਾਵੇ। ਲੋਕਾਂ ਦੀ ਮੰਗ ਤੋਂ ਲੈ ਕੇ ਪ੍ਰੋਜੈਕਟ ਪਾਸ ਕਰਵਾਉਣ ਲਈ ਦਿਨ-ਰਾਤ ਇੱਕ ਕਰ ਕੇ ਕੰਮ ਕੀਤਾ ਜਾਂਦਾ ਹੈ, ਉਸ ਉਪਰੰਤ ਫੰਡ ਜਾਰੀ ਹੁੰਦੇ ਹਨ। ਉਹਨਾਂ ਨੇ ਪਿੰਡਾਂ ਦੀਆਂ ਪੰਚਾਇਤਾਂ ਨੂੰ ਕਿਹਾ ਕਿ ਇਹ ਲੋਕਾਂ ਦਾ ਪੈਸਾ ਹੈ ਤੇ ਪੂਰਨ ਇਮਾਨਦਾਰੀ ਨਾਲ ਲੋਕਾਂ ਦੇ ਕਾਰਜਾਂ 'ਤੇ ਹੀ ਲੱਗਣਾ ਚਾਹੀਦਾ ਹੈ। ਇਸ ਮੌਕੇ ਮਾਰਕੀਟ ਕਮੇਟੀ ਖੰਨਾ ਦੇ ਚੇਅਰਮੈਨ ਜਗਤਾਰ ਸਿੰਘ ਗਿੱਲ ਰਤਨਹੇੜੀ, ਬਲਾਕ ਪ੍ਰਧਾਨ ਦਿਹਾਤੀ ਅਤੇ ਹਲਕਾ ਖੰਨਾ ਦੇ ਸਿੱਖਿਆ ਕੋਆਰਡੀਨੇਟਰ ਮਾਸਟਰ ਅਵਤਾਰ ਸਿੰਘ, ਬਲਾਕ ਪ੍ਰਧਾਨ ਮਲਕੀਤ ਸਿੰਘ ਸਵੈਚ, ਬੀ.ਡੀ.ਪੀ.ਓ. ਗੁਰਪ੍ਰੀਤ ਸਿੰਘ, ਪੰਚਾਇਤ ਅਫ਼ਸਰ ਕੁਲਦੀਪ ਸਿੰਘ ਤੋਂ ਇਲਾਵਾ ਵੱਖ-ਵੱਖ ਪਿੰਡਾਂ ਦੇ ਸਰਪੰਚ ਅਤੇ ਪੰਚਾਇਤ ਮੈਂਬਰ ਹਾਜ਼ਰ ਸਨ।

## ਬਲੌਜ਼ਮਜ਼ ਕਾਨਵੈਂਟ ਵਿਖੇ "ਭਵਿੱਖ ਲਈ ਮਨ ਨੂੰ ਜਗਾਉਣ" ਸਬੰਧੀ ਵਰਕਸ਼ਾਪ



ਜਗਰਾਉਂ, 13 ਜੁਲਾਈ (ਵਿਸ਼ਾਲ ਅੱਤਰੇ /ਆਰੀਅਨ ਅੱਤਰੇ)- ਬਲੌਜ਼ਮਜ਼ ਕਾਨਵੈਂਟ ਸਕੂਲ ਵਿਖੇ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਨੂੰ ਮੁੱਖ ਰੱਖਦੇ ਹੋਏ ਅਧਿਆਪਕਾਂ ਨੂੰ ਸਮੇਂ ਦੇ ਹਾਣੀ ਬਣਾਉਣ ਲਈ ਸਮੇਂ-ਸਮੇਂ ਦੌਰਾਨ ਵਰਕਸ਼ਾਪ ਆਯੋਜਿਤ ਕੀਤੀਆਂ ਜਾਂਦੀਆਂ ਹਨ। ਉਸੇ ਲੜੀ ਤਹਿਤ ਮਿ. ਸੌਰਵ ਬੈਨੀਵਾਲ ਵੱਲੋਂ ਅਧਿਆਪਕ ਸਾਹਿਬਾਨ ਲਈ "ਭਵਿੱਖ ਲਈ ਮਨ ਨੂੰ ਜਗਾਉਣ" ਸਬੰਧੀ ਚਾਰ ਘੰਟੇ ਦੀ ਇੱਕ ਵਰਕਸ਼ਾਪ ਲਗਾਈ ਗਈ। ਜਿਸ ਵਿੱਚ ਉਹਨਾਂ ਨੇ ਬਹੁਤ ਸਾਰੀਆਂ ਤਕਨੀਕਾਂ ਰਾਹੀਂ ਮਨ ਨੂੰ ਜਗਾ ਕੇ ਵਿਦਿਆਰਥੀ-ਵਰਗ ਨੂੰ ਸਮਝ ਕੇ ਪੜ੍ਹਾਉਣ ਦੇ ਸੌਖੇ ਤਰੀਕਿਆਂ ਦੀ ਜਾਣਕਾਰੀ ਦੱਸੀ। ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਡਾ. ਨਵਨੀਤ ਕੌਰ ਨੇ ਗੱਲਬਾਤ ਦੌਰਾਨ ਦੱਸਿਆ ਕਿ ਅਜਿਹੀਆਂ ਵਰਕਸ਼ਾਪਾਂ ਲਗਾਉਣਾ ਅਧਿਆਪਕ ਵਰਗ ਨੂੰ ਮੁਹਰਲੀ ਕਤਾਰ ਵਿੱਚ ਸ਼ਾਮਲ ਕਰਦੇ ਹੋਏ ਹਨੇਰਿਆਂ ਨੂੰ ਕੱਟ ਕੇ ਰੌਸ਼ਨੀ ਦੀ ਉਹ ਚਿਰਾਗ ਬਣਾਇਆ ਜਾਂਦਾ ਜੋ ਦੁਨੀਆਂ ਨੂੰ ਰੌਸ਼ਨਾਅ ਸਕਣ। ਸਾਡੀ ਟੀਮ ਪਹਿਲਾਂ ਤੋਂ ਹੀ ਆਪਣੇ ਟੀਚੇ ਮਿਥ ਕੇ ਵਿਦਿਆਰਥੀ ਵਰਗ ਨੂੰ ਮੰਜ਼ਿਲਾਂ ਵੱਲ ਲੈ ਕੇ ਚੱਲਦੇ ਹਨ। ਮਾਪਿਆਂ ਦੇ ਸਾਡੇ 'ਤੇ ਕੀਤੇ ਵਿਸ਼ਵਾਸ ਦੀ ਅਸੀਂ ਹਮੇਸ਼ਾਂ ਕਦਰ ਕਰਦੇ ਹਾਂ ਤਾਂ ਜੋ ਉਹਨਾਂ ਦੇ ਸੁਪਨੇ ਪੂਰੇ ਹੋ ਸਕਣ। ਅੱਜ ਦੀ ਵਰਕਸ਼ਾਪ ਸਾਡੇ ਮਨ ਨੂੰ ਭਵਿੱਖ ਪ੍ਰਤੀ ਸੁਚੇਤ ਕਰੇਗੀ ਤੇ ਇਕ ਨਵਾਂ ਉਤਸ਼ਾਹ ਪੈਦਾ ਕਰਦੀ ਹੋਈ ਅਧਿਆਪਕਾਂ ਨੂੰ ਨਵੀਂ ਦਿਸ਼ਾ ਦੇਵੇਗੀ। ਇਸ ਮੌਕੇ ਸਕੂਲ ਦੇ ਪ੍ਰੈਜ਼ੀਡੈਂਟ ਸ. ਮਨਪ੍ਰੀਤ ਸਿੰਘ ਬਰਾੜ ਨੇ ਵੀ ਕਿਹਾ ਕਿ ਵਿਦਿਆਰਥੀ ਵਰਗ ਨੂੰ ਸੇਧ ਦੇਣ ਲਈ ਅਜਿਹੀਆਂ ਗਤੀਵਿਧੀਆਂ ਦੀ ਲੋੜ ਹੈ।

## ਗੀਤਕਾਰ ਵਿਰਦੀ ਦੀ ਯਾਦ ਵਿੱਚ ਸਾਲਾਨਾ ਸਮਾਗਮ ਕਰਵਾਇਆ



ਲੁਧਿਆਣਾ 13 ਜੁਲਾਈ (ਰਵਿੰਦਰ ਸਿੰਘ ਨਿੱਝਰ ) :ਪੰਜਾਬੀ ਭਵਨ ਵਿਖੇ ਸਵ: ਸਰਬਜੀਤ ਸਿੰਘ ਵਿਰਦੀ ਦੀ ਯਾਦ ਵਿੱਚ ਪਹਿਲਾ ਸਾਲਾਨਾ ਸਮਾਗਮ ਕਰਵਾਇਆ ਗਿਆ ਅਤੇ ਚਿੰਤਨਸ਼ੀਲ ਸਾਹਿਤਧਾਰਾ ਦੇ ਡਾਇਰੈਕਟਰ ਮਨਦੀਪ ਕੌਰ ਭੰਮਰਾ, ਡਾ. ਗੁਰਚਰਨ ਕੌਰ ਕੋਚਰ ਅਤੇ ਉੱਘੇ ਗਾਇਕ ਅਤੇ ਗੀਤਕਾਰ ਅਮਰਜੀਤ ਸ਼ੇਰਪੁਰੀ ਵਲੋਂ ਕੀਤੇ ਸਾਂਝੇ ਉਪਰਾਲੇ ਨਾਲ ਉਲੀਕਿਆ ਗਿਆ। ਇਸ ਪ੍ਰੋਗਰਾਮ ਦੇ ਮੁੱਖ ਮਹਿਮਾਨ ਉੱਘੇ ਉਸਤਾਦ ਗਾਇਕ ਜਨਾਬ ਮੁਹੰਮਦ ਸਦੀਕ ਅਤੇ ਪੰਜਾਬ ਆਰਟਸ ਕੌਂਸਲ ਦੇ ਚੇਅਰਮੈਨ ਸਵਰਨਜੀਤ ਸਵੀ ਸਨ। ਪ੍ਰਧਾਨਗੀ ਮੰਡਲ ਵਿੱਚ ਪ੍ਰੋ. ਰਵਿੰਦਰ ਸਿੰਘ ਭੱਠਲ, ਡਾ. ਗੁਲਜ਼ਾਰ ਸਿੰਘ ਪੰਧੇਰ, ਡਾ. ਗੁਰਇਕਬਾਲ ਸਿੰਘ, ਸ਼੍ਰੋਮਣੀ ਲੋਕ ਗਾਇਕ ਪਾਲੀ ਦੇਤਵਾਲੀਆ, ਅਮਰਜੀਤ ਸਿੰਘ ਟਿੱਕਾ ਅਤੇ ਗੁਰਸੇਵਕ ਸਿੰਘ ਢਿੱਲੋਂ ਸ਼ਾਮਲ ਸਨ। ਮੁੱਖ ਬੁਲਾਰਿਆਂ ਵਿੱਚ ਜਨਮੇਜਾ ਜੌਹਲ, ਡਾ. ਨਿਰਮਲ ਜੌੜਾ, ਡਾ ਫ਼ਕੀਰ ਚੰਦ ਸ਼ੁਕਲਾ, ਡਾ. ਨਿਰਮਲ ਜੌੜਾ, ਡਾ. ਹਰੀ ਸਿੰਘ ਜਾਚਕ, ਅਮਰੀਕ ਸਿੰਘ ਤਲਵੰਡੀ, ਪ੍ਰਭਕਿਰਨ ਸਿੰਘ ਤੂਫ਼ਾਨ, ਰਿਟਾਇਰ ਡੀ ਪੀ ਆਰ ਓ ਗਿਆਨ ਸਿੰਘ ਸ਼ਾਮਲ ਸਨ। ਮੁਹੰਮਦ ਸਦੀਕ ਨੇ ਵਿਰਦੀ ਵੱਲੋਂ ਕੀਤੇ ਗਏ ਸਾਹਿਤਕ ਖੇਤਰ ਦੇ ਕੰਮਾਂ ਦੀ ਬਹੁਤ ਤਰੀਫ ਕੀਤੀ। ਪੰਜਾਬ ਆਰਟ ਕੌਂਸਲ ਚੰਡੀਗੜ੍ਹ ਦੇ ਚੇਅਰਮੈਨ ਸਵਰਨਜੀਤ ਸਵੀ ਨੇ ਬੋਲਦੇ ਹੋਏ ਕਿਹਾ ਕਿ ਵਿਰਦੀ ਵਰਗਾ ਇਨਸਾਨ ਬਣਨਾ ਬਹੁਤ ਮੁਸ਼ਕਲ ਹੈ, ਵੱਡੇ ਤੋਂ ਵੱਡੇ ਸਾਹਿਤਕ ਕੰਮ ਨੂੰ ਵੀ ਕਰਨ ਤੋਂ ਕਦੇ ਨਹੀਂ ਸੀ ਝਿਜਕਦਾ। ਵਿਰਦੀ ਦੀ ਪਤਨੀ ਗੁਰਜੀਤ ਕੌਰ ਵਿਰਦੀ, ਪੁੱਤਰ ਤਜਿੰਦਰ ਸਿੰਘ, ਜਸ਼ਨਪਾਲ ਸਿੰਘ ਅਤੇ ਪੁੱਤਰੀ ਹਰਸਿਮਰਨ ਕੌਰ, ਭਰਾ, ਭਰਜਾਈ ਅਮਰਜੀਤ ਕੌਰ ਵੀ ਇਸ ਮੌਕੇ ਹਾਜ਼ਰ ਸਨ। ਉਪਰੰਤ ਵਿਰਦੀ ਦੀ ਯਾਦ ਵਿੱਚ ਕਵੀ ਦਰਬਾਰ ਵੀ ਹੋਇਆ, ਜਿਸ ਵਿੱਚ ਹਾਜ਼ਰ ਸ਼ਾਇਰਾਂ ਨੇ ਆਪਣੀਆਂ ਨਵੀਆਂ ਰਚਨਾਵਾਂ ਨਾਲ ਭਰਪੂਰ ਹਾਜ਼ਰੀ ਲਗਵਾਈ। ਇਸ ਮੌਕੇ 'ਤੇ ਡਾ. ਸੋਮਾ ਸਬਲੋਕ, ਕੌਂਸਲਰ ਨਰਿੰਦਰ ਸਿੰਘ ਚੌਧਰੀ, ਰਣਜੀਤ ਹਠੂਰ, ਬਲਬੀਰ ਮਾਨ, ਬਲਜੀਤ ਸਿੰਘ ਬਾਗ਼ੀ, ਸੰਧੇ ਸੁਖਵੀਰ, ਚਰਨਜੀਤ ਸਿੰਘ, ਸਤਨਾਮ ਸਿੰਘ ਕੋਮਲ, ਬਾਪੂ ਬਲਕੌਰ ਸਿੰਘ ਗਿੱਲ, ਕੇ ਸਾਧੂ ਸਿੰਘ, ਬੁੱਧ ਸਿੰਘ ਨੀਲੋਂ, ਗੋਲੂ ਕਲੇਕੇ, ਜਗਪਾਲ ਜੱਗਾ, ਬਲਵਿੰਦਰ ਸਿੰਘ ਸੇਖੋਂ, ਰਵਿੰਦਰ ਰਵੀ, ਰਾਜਦੀਪ ਤੂਰ, ਐਡਵੋਕੇਟ ਇੰਦਰਜੀਤ ਸਿੰਘ, ਸੁਰਿੰਦਰ ਕੌਰ ਬਾੜਾ, ਗੁਰਮੀਤ ਕੌਰ, ਸੁਰਿੰਦਰ ਕੌਰ ਬਾੜਾ, ਕੁਲਵਿੰਦਰ ਕੌਰ ਕਿਰਨ, ਜਸਵਿੰਦਰ ਕੌਰ ਜੱਸੀ, ਜਸਪ੍ਰੀਤ ਅਮਲਤਾਸ, ਮਨਜੀਤ ਕੌਰ ਧੀਮਾਨ, ਚਰਨਜੀਤ ਸਿੰਘ ਚੰਨ, ਮੀਤ ਸਕਰੌਦੀ, ਜਗਦੇਵ ਮਕਸੂਦੜਾ ਆਦਿ ਵੀ ਹਾਜ਼ਰ ਸਨ ।

# ਕਲੇਰ ਨੇ ਧਰਨੇ ਨੂੰ ਸ.ਫਲ ਬਣਾਉਣ ਲਈ ਕਾਂਗਰਸੀਆਂ ਦੀਆਂ ਲਗਾਈਆਂ ਡਿਊਟੀਆਂ



ਲੁਧਿਆਣਾ, 13 ਜੁਲਾਈ (ਰਵਿੰਦਰ ਸਿੰਘ ਨਿੱਝਰ): ਪੰਜਾਬ ਪ੍ਰਦੇਸ਼ ਕਾਂਗਰਸ ਵੱਲੋਂ ਪੰਜਾਬ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਦੀ ਅਗਵਾਈ ਹੇਠ ਗਲਾਡਾ ਦਫਤਰ ਦੇ ਬਾਹਰ ਲੱਗ ਰਹੇ ਵਿਸ਼ਾਲ ਰੋਸ ਧਰਨੇ ਨੂੰ ਸਫਲ ਬਣਾਉਣ ਲਈ ਵਿਧਾਨ ਸਭਾ ਹਲਕਾ ਆਤਮ ਨਗਰ ਦੇ ਬਲਾਕ ਪ੍ਰਧਾਨ ਹਰਵਿੰਦਰ ਸਿੰਘ ਕਲੇਰ ਨੇ ਹਲਕੇ ਦੇ ਅਹੁਦੇਦਾਰਾਂ ਅਤੇ ਕਾਂਗਰਸੀ ਵਰਕਰਾਂ ਦੀ ਇੱਕ ਮੀਟਿੰਗ ਬੁਲਾਈ। ਜਿਸ ਵਿੱਚ ਸਰਦਾਰ ਕਲੇਰ ਨੇ ਸੰਬੋਧਨ ਕਰਦੇ ਹੋਏ ਕਿਹਾ ਕਿ ਲਗਭਗ ਸਾਢੇ ਤਿੰਨ ਸਾਲ ਪਹਿਲਾਂ ਬਦਲਾਓ ਦੇ ਨਾਂ 'ਤੇ ਸੱਤਾ ਵਿੱਚ ਆਈ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਕਿਸਾਨੀ ਦਾ ਉਜਾੜਾ ਕਰਦੇ ਹੋਏ ਧੱਕੇ ਨਾਲ ਜ਼ਿਲ੍ਹਾ ਲੁਧਿਆਣਾ ਦੇ ਕਿਸਾਨਾਂ ਦੀ 24311 ਏਕੜ ਉਪਜਾਊ ਜ਼ਮੀਨ ਖੋਹਣ ਦੇ ਉਪਰਾਲੇ ਕੀਤੇ ਜਾ ਰਹੇ ਹਨ। ਜਿਸ ਦੇ ਅਨੁਸਾਰ ਕਿਸਾਨਾਂ ਨੂੰ ਪ੍ਰਤੀ ਏਕੜ ਹਜ਼ਾਰ ਗਜ ਦਾ ਪਲਾਟ ਅਤੇ ਇੱਕ ਦੁਕਾਨ ਦਿੱਤੀ ਜਾਵੇਗੀ, ਪ੍ਰੰਤੂ ਕੋਈ ਪੈਸਾ ਨਹੀਂ ਦਿੱਤਾ ਜਾਵੇਗਾ। ਸਾਰੇ ਦੇਸ਼ ਦਾ ਢਿੱਡ ਭਰਨ ਵਾਲੇ ਪੰਜਾਬ ਦੇ ਕਿਸਾਨਾਂ ਨੂੰ ਬੇਰੁਜ਼ਗਾਰ ਕਰ ਦਿੱਤਾ ਜਾਵੇਗਾ, ਜਿਸ ਦਾ ਖਮਿਆਜ਼ਾ ਇਕੱਲਿਆਂ ਕਿਸਾਨਾਂ ਨੂੰ ਹੀ ਨਹੀਂ ਸਗੋਂ ਸਮੁੱਚੇ ਪੰਜਾਬ ਵਾਸੀਆਂ ਨੂੰ ਭੁਗਤਣਾ ਪਵੇਗਾ, ਜਿਸ ਦੇ ਸਿੱਟੇ ਵਜੋਂ ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਵੱਲੋਂ ਉਲੀਕੇ ਗਏ ਪ੍ਰੋਗਰਾਮ ਅਨੁਸਾਰ ਪੰਜਾਬ ਸਰਕਾਰ ਦਾ ਵੱਡੇ ਪੱਧਰ 'ਤੇ ਵਿਰੋਧ ਕਰਦੇ ਹੋਏ ਗਲਾਡਾ ਦਫਤਰ ਸਾਹਮਣੇ ਸਵੇਰੇ 10 ਵਜੇ ਤੋਂ ਲੈ ਕੇ 12 ਵਜੇ ਤੱਕ ਧਰਨਾ ਦਿੱਤਾ ਜਾ ਰਿਹਾ ਹੈ ਤਾਂ ਜੋ ਸੁੱਤੀ ਪਈ ਪੰਜਾਬ ਸਰਕਾਰ ਦੀਆਂ ਅੱਖਾਂ ਅਤੇ ਕੰਨ ਖੋਲੇ ਜਾ ਸਕਣ। ਉਹਨਾਂ ਕਿਹਾ ਕਿ ਮੈਂ ਜਾਣਦਾ ਹਾਂ ਕਿ ਇਸ ਮੀਟਿੰਗ ਵਿੱਚ ਵਿਧਾਨ ਸਭਾ ਹਲਕਾ ਆਤਮ ਨਗਰ ਦੀ ਕਰੀਮ ਸ਼ਾਮਿਲ ਹੋਈ ਹੈ। ਇਸ ਲਈ ਮੈਂ ਬੇਨਤੀ ਕਰਦਾ ਹਾਂ ਕਿ ਹਰੇਕ ਅਹੁਦੇਦਾਰ ਅਤੇ ਕਾਂਗਰਸੀ ਵਰਕਰ ਆਪਣੇ ਨਾਲ ਵੱਡੀ ਗਿਣਤੀ ਵਿੱਚ ਲੋਕਾਂ ਨੂੰ ਲੈ ਕੇ ਧਰਨੇ ਵਿੱਚ ਸ਼ਮੂਲੀਅਤ ਕਰੇ। ਕਲੇਰ ਨੇ ਕਿਹਾ ਕਿ ਸਾਨੂੰ ਆਸ ਹੈ ਕਿ ਸਾਬਕਾ ਵਿਧਾਇਕ ਸਿਮਰਜੀਤ ਸਿੰਘ ਬੈਂਸ ਅਤੇ ਜੱਥੇਦਾਰ ਬਲਵਿੰਦਰ ਸਿੰਘ ਬੈਂਸ (ਬੈਂਸ ਭਰਾਵਾਂ) ਦੀ ਅਗਵਾਈ ਹੇਠ ਵਿਧਾਨ ਸਭਾ ਹਲਕਾ ਆਤਮ ਨਗਰ ਅਤੇ ਦੱਖਣੀ ਦਾ ਇਕੱਠ ਸਭ ਤੋਂ ਵੱਡਾ ਇਕੱਠ ਹੋਵੇਗਾ । ਮੀਟਿੰਗ ਵਿੱਚ ਲਖਬੀਰ ਸਿੰਘ ਸੰਧੂ, ਬਲਦੇਵ ਸਿੰਘ ਪ੍ਰਧਾਨ, ਗੁਰਦੀਪ ਸਿੰਘ, ਵਿਜੇ ਕੁਮਾਰ, ਇੰਦਰਜੀਤ ਸਿੰਘ, ਠੇਕੇਦਾਰ ਮਨਜੀਤ ਸਿੰਘ, ਗੁਰਮੀਤ ਸਿੰਘ, ਹਿਮਾਂਸ਼ੂ ਪਾਂਡੇ, ਗੌਲੂ ਮਿੱਤਲ,ਪਰਮਿੰਦਰ ਸਿੰਘ, ਕ੍ਰਿਸ਼ਨ ਕੁਮਾਰ, ਨੀਟਾ, ਪੀਟਾ, ਮਨੀ, ਸਰਬਜੀਤ ਸਿੰਘ, ਸੁਖਵਿੰਦਰ ਸਿੰਘ, ਪਲਵਿੰਦਰ ਸਿੰਘ, ਦਾਨਿਸ਼ ਸੋਧੀ, ਦਲਜੀਤ ਸਿੰਘ, ਚਮਕੌਰ ਸਿੰਘ, ਮਹਿੰਗੁ ਰਾਮ, ਗੁਰਮੀਤ ਸਿੰਘ, ਸੁਰਜੀਤ ਸਿੰਘ ਕਲਸੀ, ਹਰਜੀਤ ਸਿੰਘ, ਜਸਵੰਤ ਸਿੰਘ, ਅਮਨ ਪਨੇਸਰ, ਬੂਟਾ ਸਿੰਘ, ਕੁਲਵਿੰਦਰ ਸਿੰਘ, ਜਸਪ੍ਰੀਤ ਸਿੰਘ ਆਦਿ ਹਾਜ਼ਰ ਸਨ।

## 3 ਸਰਪੰਚਾਂ ਅਤੇ 97 ਪੰਚਾਂ ਦੀ ਚੋਣ ਲਈ ਨਾਮਜ਼ਦਗੀਆਂ ਅੱਜ ਤੋਂ, ਵੋਟਾਂ 27 ਨੂੰ

ਲੁਧਿਆਣਾ, 13 ਜੁਲਾਈ: ( ਰਵਿੰਦਰ ਸਿੰਘ ਨਿੱਝਰ): ਤਿੰਨ ਸਰਪੰਚਾਂ ਅਤੇ 97 ਪੰਚਾਂ ਦੇ ਖਾਲੀ ਅਹੁਦਿਆਂ ਨੂੰ ਭਰਨ ਲਈ ਪੰਜਾਬ ਰਾਜ ਚੋਣ ਕਮਿਸ਼ਨ ਵੱਲੋਂ ਜਾਰੀ ਨੋਟੀਫਿਕੇਸ਼ਨ ਅਨੁਸਾਰ ਨਾਮਜ਼ਦਗੀ ਪ੍ਰਕਿਰਿਆ 14 ਜੁਲਾਈ (ਸੋਮਵਾਰ) ਤੋਂ ਸ਼ੁਰੂ ਹੋਵੇਗੀ ਅਤੇ 17 ਜੁਲਾਈ (ਵੀਰਵਾਰ) ਤੱਕ ਸਵੇਰੇ 11 ਵਜੇ ਤੋਂ ਦੁਪਹਿਰ 3 ਵਜੇ ਤੱਕ ਜਾਰੀ ਰਹੇਗੀ। ਨਾਮਜ਼ਦਗੀਆਂ ਸਬੰਧਤ ਬੀ.ਡੀ.ਪੀ.ਓਜ਼ ਦੇ ਦਫ਼ਤਰਾਂ ਵਿੱਚ ਦਾਇਰ ਕੀਤੀਆਂ ਜਾ ਸਕਦੀਆਂ ਹਨ। ਨਾਮਜ਼ਦਗੀ ਪੱਤਰਾਂ ਦੀ ਪੜਤਾਲ ਸ਼ੁੱਕਰਵਾਰ, 18 ਜੁਲਾਈ, 2025 ਨੂੰ ਨਿਰਧਾਰਤ ਕੀਤੀ ਗਈ ਹੈ। ਨਾਮਜ਼ਦਗੀਆਂ ਵਾਪਸ ਲੈਣ ਦੀ ਆਖਰੀ ਮਿਤੀ ਸ਼ਨੀਵਾਰ, 19 ਜੁਲਾਈ, 2025 ਨਿਰਧਾਰਤ ਕੀਤੀ ਗਈ ਹੈ। ਵੋਟਿੰਗ ਐਤਵਾਰ, 27 ਜੁਲਾਈ, 2025 ਨੂੰ ਸਵੇਰੇ 8 ਵਜੇ ਤੋਂ ਸ਼ਾਮ 4 ਵਜੇ ਤੱਕ ਹੋਵੇਗੀ, ਜਿਸ ਤੋਂ ਬਾਅਦ ਪੋਲਿੰਗ ਸਟੇਸ਼ਨਾਂ 'ਤੇ ਵੋਟਾਂ ਦੀ ਤੁਰੰਤ ਗਿਣਤੀ ਹੋਵੇਗੀ। ਸਾਰੀ ਚੋਣ ਪ੍ਰਕਿਰਿਆ ਸੋਮਵਾਰ, 28 ਜੁਲਾਈ, 2025 ਤੱਕ ਪੂਰੀ ਹੋ ਜਾਵੇਗੀ।

## ਬਾਬਾ ਬੰਦਾ ਸਿੰਘ ਬਹਾਦਰ ਨੇ ਮੁਜਾਰਿਆਂ ਨੂੰ ਜ਼ਮੀਨਾਂ ਦੇ ਮਾਲਕ ਬਣਾਇਆ: ਬਾਜਵਾ



ਲੁਧਿਆਣਾ, 13 ਜੁਲਾਈ (ਕਰਨੈਲ ਸਿੰਘ ਐਮ.ਏ): ਬਾਬਾ ਬੰਦਾ ਸਿੰਘ ਬਹਾਦਰ ਅੰਤਰਰਾਸ਼ਟਰੀ ਫਾਊਂਡੇਸ਼ਨ ਵੱਲੋਂ ਫਾਊਂਡੇਸ਼ਨ ਦੇ ਅੰਤਰਰਾਸ਼ਟਰੀ ਪ੍ਰਧਾਨ ਕ੍ਰਿਸ਼ਨ ਕੁਮਾਰ ਬਾਵਾ, ਸਰਪ੍ਰਸਤ ਮਲਕੀਤ ਸਿੰਘ ਦਾਖਾ ਅਤੇ ਕਾਂਗਰਸੀ ਆਗੂ ਪਰਮਜੀਤ ਸਿੰਘ ਘਵੱਦੀ ਨੇ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਨੂੰ ਬਾਬਾ ਬੰਦਾ ਸਿੰਘ ਬਹਾਦਰ ਯਾਦਗਾਰੀ ਪੁਰਸਕਾਰ ਨਾਲ ਸਨਮਾਨਿਤ ਕੀਤਾ। ਇਹ ਸਨਮਾਨ ਉਨ੍ਹਾਂ ਨੂੰ 14 ਮਈ ਨੂੰ ਚੱਪੜਚਿੜੀ ਦੇ ਇਤਿਹਾਸਿਕ ਮੈਦਾਨ ਵਿੱਚ ਦਿੱਤਾ ਜਾਣਾ ਸੀ ਪਰ ਉਹ ਬਾਹਰ ਹੋਣ ਕਾਰਨ ਲੈ ਨਹੀਂ ਸਕੇ ਸਨ। ਇਸ ਸਮੇਂ ਸ. ਬਾਜਵਾ ਨੇ ਕਿਹਾ ਕਿ ਬਾਬਾ ਬੰਦਾ ਸਿੰਘ ਬਹਾਦਰ ਜੀ ਦੇ ਦਰਸਾਏ ਰਸਤੇ 'ਤੇ ਚੱਲ ਕੇ ਸਾਨੂੰ ਅੱਜ ਦੀ ਕਿਸਾਨੀ ਨੂੰ ਖੁਸ਼ਹਾਲ ਕਰਨ ਲਈ ਉਸਾਰੂ ਰੋਲ ਅਦਾ ਕਰਨਾ ਚਾਹੀਦਾ ਹੈ। ਉਹਨਾਂ ਕਿਹਾ ਕਿ ਬਾਬਾ ਬੰਦਾ ਸਿੰਘ ਬਹਾਦਰ ਨੇ ਕਿਰਤੀ ਕਿਸਾਨਾਂ ਨੂੰ ਮੁਜਾਰਿਆਂ ਤੋਂ ਜ਼ਮੀਨਾਂ ਦੇ ਮਾਲਕ ਬਣਾਇਆ ਅਤੇ ਪਹਿਲੇ ਸਿੱਖ ਲੋਕ ਰਾਜ ਦੀ ਸਥਾਪਨਾ ਕਰਕੇ 14 ਮਈ 1710 ਨੂੰ ਸਰਹਿੰਦ 'ਤੇ ਫਤਿਹ ਦਾ ਝੰਡਾ ਲਹਿਰਾਇਆ। ਸ਼੍ਰੀ ਗੁਰੂ ਨਾਨਕ ਦੇਵ ਜੀ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਨਾਮ 'ਤੇ ਸਿੱਕਾ ਅਤੇ ਮੋਹਰ ਜਾਰੀ ਕੀਤੀ। ਉਹਨਾਂ ਕਿਹਾ ਕਿ 740 ਸਿੰਘਾਂ (ਸਾਥੀਆਂ) ਸਮੇਤ ਦਿੱਲੀ ਮਹਿਰੌਲੀ ਵਿਖੇ 9 ਜੂਨ 1716 ਨੂੰ ਹੋਈ ਸ਼ਹਾਦਤ ਲਾ-ਮਿਸਾਲ ਹੈ। ਉਹਨਾਂ ਕਿਹਾ ਕਿ ਸ਼੍ਰੀ ਬਾਵਾ ਅਤੇ ਉਹਨਾਂ ਦੇ ਸਾਥੀਆਂ ਵੱਲੋਂ ਦੇਸ਼ ਵਿਦੇਸ਼ ਦੀ ਧਰਤੀ 'ਤੇ ਮਹਾਨ ਯੋਧੇ ਜਰਨੈਲ ਬਾਬਾ ਬੰਦਾ ਸਿੰਘ ਬਹਾਦਰ ਜੀ ਦੇ ਜੀਵਨ ਨਾਲ ਸਬੰਧਤ ਦਿਹਾੜੇ ਮਨਾ ਕੇ ਸਾਡੇ ਗੌਰਵਮਈ ਇਤਿਹਾਸ ਨੂੰ ਵਿਦੇਸ਼ਾਂ ਤੱਕ ਪਹੁੰਚਾਇਆ ਹੈ, ਜਿਸ ਲਈ ਉਹ ਵਧਾਈ ਦੇ ਪਾਤਰ ਹਨ। ਉਹਨਾਂ ਕਿਹਾ ਕਿ ਬਾਵਾ ਨੇ 40 ਸਾਲ ਤੋਂ ਸਮਾਜਸੇਵਾ ਦਾ ਝੰਡਾ ਚੁੱਕਿਆ ਹੈ ਅਤੇ ਦੇਸ਼ ਦੀ ਏਕਤਾ ਅਤੇ ਅਖੰਡਤਾ ਲਈ ਲੜਾਈ ਲੜੀ ਹੈ।

## 15 ਜੁਲਾਈ ਨੂੰ ਭੋਗ 'ਤੇ ਵਿਸ਼ੇਸ਼

## ਸਵ: ਸੂਬੇਦਾਰ ਮਹਿੰਦਰ ਸਿੰਘ ਵੜੈਚ ਨਮਿਤ ਅੰਤਿਮ ਅਰਦਾਸ ਭਲਕੇ



ਲੁਧਿਆਣਾ, 13 ਜੁਲਾਈ (ਕਰਨੈਲ ਸਿੰਘ ਐਮ.ਏ.) : ਜੋ ਵੀ ਪ੍ਰਾਣੀ ਇਸ ਸੰਸਾਰ ਵਿੱਚ ਆਇਆ ਹੈ ਉਸ ਨੇ ਆਪਣੇ ਸਵਾਸਾਂ ਦੀ ਪੂੰਜੀ ਪੂਰੀ ਕਰਦੇ ਹੋਏ ਇਸ ਫਾਨੀ ਸੰਸਾਰ ਨੂੰ ਇੱਕ-ਨਾ-ਇੱਕ ਦਿਨ ਅਲਵਿਦਾ ਕਹਿ ਜਾਣਾ ਹੈ। ਪਰ ਕੁਝ ਪ੍ਰਾਣੀ ਅਜਿਹੇ ਵੀ ਹੁੰਦੇ ਹਨ ਜਿਨ੍ਹਾਂ ਦੇ ਜਾਣ ਤੋਂ ਬਾਅਦ ਉਹਨਾਂ ਦੀਆਂ ਅਮਿਟ ਯਾਦਾਂ ਲੋਕਾਂ ਦੇ ਮਨਾਂ ਵਿੱਚ ਹਮੇਸ਼ਾਂ ਯਾਦ ਰਹਿੰਦੀਆਂ ਹਨ । ਸਵ: ਸੂਬੇਦਾਰ ਮਹਿੰਦਰ ਸਿੰਘ ਵੜੈਚ ਵੀ ਕੁਝ ਅਜਿਹੀ ਹੀ ਸ਼ਖ਼ਸੀਅਤ ਦੇ ਮਾਲਕ ਸਨ। ਉਹ ਹਮੇਸ਼ਾਂ ਹੀ ਦੂਸਰਿਆਂ ਦੇ ਦੁੱਖ-ਸੁੱਖ ਵਿੱਚ ਕੰਮ ਆਉਣ ਲਈ ਤਿਆਰ-ਬਰ-ਤਿਆਰ ਰਹਿੰਦੇ ਸਨ ਅਤੇ ਸਮਾਜ ਭਲਾਈ ਦੇ ਕੰਮਾਂ ਵਿੱਚ ਵੀ ਵੱਧ ਚੜ੍ਹ ਕੇ ਹਿੱਸਾ ਲੈਂਦੇ ਸਨ। ਮਿੱਠਬੋਲੜੇ ਅਤੇ ਧਾਰਮਿਕ ਬਿਰਤੀ ਦੇ ਮਾਲਕ ਸਵ: ਸੂਬੇਦਾਰ ਮਹਿੰਦਰ ਸਿੰਘ ਵੜੈਚ ਪਿਛਲੇ ਦਿਨੀਂ ਅਚਾਨਕ ਹੀ ਆਪਣੀ ਸੰਸਾਰਿਕ ਯਾਤਰਾ ਪੂਰੀ ਕਰਦੇ ਹੋਏ ਗੁਰੂ ਚਰਨਾਂ ਵਿੱਚ ਜਾ ਬਿਰਾਜੇ। ਉਹਨਾਂ ਦੀ ਆਤਮਿਕ ਸ਼ਾਂਤੀ ਲਈ ਰੱਖੇ ਗਏ ਸ਼੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਉਪਰੰਤ ਕੀਰਤਨ ਅਤੇ ਅੰਤਿਮ ਅਰਦਾਸ ਮਿਤੀ 15 ਜੁਲਾਈ ਦਿਨ ਮੰਗਲਵਾਰ ਨੂੰ ਪਿੰਡ ਗੜ੍ਹਾ ਫਿਲੌਰ ਵਿਖੇ ਦੁਪਹਿਰ 1 ਤੋਂ 2 ਵਜੇ ਤੱਕ ਹੋਵੇਗੀ ।

## ਸੀਜੀਐਸਟੀ ਵੱਲੋਂ 180 ਕਰੋੜ ਰੁਪਏ ਦੀ ਜੀਐਸਟੀ ਧੋਖਾਧੜੀ ਦਾ ਪਰਦਾਫਾਸ਼

ਲੁਧਿਆਣਾ,13 (ਵਿਸ਼ਾਲ ਸ਼ਰਮਾ): ਜਾਅਲੀ ਜੀਐਸਟੀ ਚਲਾਨ ਜਾਰੀ ਕਰਨ ਅਤੇ ਧੋਖਾਧੜੀ ਨਾਲ ਰਿਫੰਡ ਦਾ ਦਾਅਵਾ ਕਰਨ ਵਾਲੇ ਨੈੱਟਵਰਕ ਦੇ ਸਬੰਧ ਵਿੱਚ 08.07.2025 ਨੂੰ ਕੀਤੀ ਗਈ ਗ੍ਰਿਫਤਾਰੀ ਦੇ ਸਬੰਧ ਵਿੱਚ, ਸੀਜੀਐਸਟੀ ਲੁਧਿਆਣਾ ਦੀ ਐਂਟੀ ਇਵੇਸ਼ਨ ਸ਼ਾਖਾ ਨੇ 11.07.2025 ਨੂੰ ਇੱਕ ਹੋਰ ਵਿਅਕਤੀ ਨੂੰ ਗ੍ਰਿਫਤਾਰ ਕੀਤਾ ਹੈ। ਦੋ ਜਾਅਲੀ ਫਰਮਾਂ ਦੇ ਕੰਟਰੋਲਰ ਅਤੇ ਆਪਰੇਟਰ ਹੋਣ ਦੇ ਨਾਤੇ, ਉਹ ਜਾਅਲੀ ਜੀਐਸਟੀ ਚਲਾਨ ਜਾਰੀ ਕਰਨ ਅਤੇ ਗਲਤ ਰਿਫੰਡ ਦੀ ਸਹੂਲਤ ਦੇਣ ਵਿੱਚ ਸ਼ਾਮਲ ਇਸ ਗਠਜੋੜ ਵਿੱਚ ਇੱਕ ਪ੍ਰਮੁੱਖ ਖਿਡਾਰੀ ਵਜੋਂ ਪਾਇਆ ਗਿਆ, ਜਿਸ ਨਾਲ ਸਰਕਾਰ ਨੂੰ ਭਾਰੀ ਨੁਕਸਾਨ ਹੋਇਆ। ਹੁਣ ਤੱਕ ਦੀ ਜਾਂਚ ਤੋਂ ਪਤਾ ਲੱਗਾ ਹੈ ਕਿ ਇਹ ਸਿੰਡੀਕੇਟ ਕਈ ਫਰਜ਼ੀ ਫਰਮਾਂ ਦਾ ਸੰਚਾਲਨ ਕਰ ਰਿਹਾ ਸੀ, ਜਿਨ੍ਹਾਂ ਨੇ 1786 ਕਰੋੜ ਰੁਪਏ ਦੇ ਟੈਕਸਯੋਗ ਮੁੱਲ ਦੇ ਜਾਅਲੀ ਜੀਐਸਟੀ ਚਲਾਨ ਜਾਰੀ ਕੀਤੇ ਸਨ ਅਤੇ ਮਾਲ ਜਾਂ ਸੇਵਾਵਾਂ ਦੀ ਅਸਲ ਸਪਲਾਈ ਤੋਂ ਬਿਨਾਂ 180 ਕਰੋੜ ਰੁਪਏ ਦੇ ਜਾਅਲੀ ਇਨਪੁਟ ਟੈਕਸ ਕ੍ਰੈਡਿਟ (ਆਈਟੀਸੀ) ਪਾਸ ਕੀਤੇ ਸਨ। ਇਨ੍ਹਾਂ ITCs ਦੀ ਵਰਤੋਂ ਇਨਵਰਟਿਡ ਡਿਊਟੀ ਢਾਂਚੇ 'ਤੇ GST ਰਿਫੰਡ ਪ੍ਰਾਪਤ ਕਰਨ ਲਈ ਕੀਤੀ ਜਾਂਦੀ ਹੈ। ਇਸ ਨੈੱਟਵਰਕ ਦੀ ਇੱਕ ਫਰਮ ਨੇ ਧੋਖੇ ਨਾਲ ਗੈਰ-ਮੌਜੂਦ ਸਪਲਾਇਰਾਂ ਤੋਂ ਆਈਟੀਸੀ ਦੇ ਆਧਾਰ 'ਤੇ 8.74 ਕਰੋੜ ਰੁਪਏ ਦਾ GST ਰਿਫੰਡ ਹਾਸਲ ਕੀਤਾ ਸੀ। ਉਸ ਨੂੰ ਪਹਿਲਾਂ 08.07.2025 ਨੂੰ ਗ੍ਰਿਫਤਾਰ ਕੀਤਾ ਗਿਆ ਸੀ। ਇਸ ਮਾਮਲੇ ਵਿੱਚ ਹੁਣ ਤੱਕ ਦੋ ਗ੍ਰਿਫਤਾਰੀਆਂ ਹੋਣ ਦੇ ਨਾਲ, ਨੈੱਟਵਰਕ ਦੀ ਪੂਰੀ ਹੱਦ ਦਾ ਪਤਾ ਲਗਾਉਣ ਅਤੇ ਇਸ ਵਿੱਚ ਸ਼ਾਮਲ ਹੋਰ ਇਕਾਈਆਂ ਦੀ ਪਛਾਣ ਕਰਨ ਲਈ ਜਾਂਚ ਕੀਤੀ ਜਾ ਰਹੀ ਹੈ। CGST ਲੁਧਿਆਣਾ ਕਮਿਸ਼ਨਰੇਟ ਨੇ ਟੈਕਸ ਧੋਖਾਧੜੀ ਦਾ ਪਤਾ ਲਗਾਉਣ ਅਤੇ ਸਰਕਾਰੀ ਮਾਲੀਏ ਦੀ ਸੁਰੱਖਿਆ ਲਈ ਆਪਣੀ ਵਚਨਬੱਧਤਾ ਦੀ ਪੁਸ਼ਟੀ ਕਰਦਾ ਹੈ।

## ਬਾਲ ਭਿੱਖਿਆ ਦੀ ਰੋਕਥਾਮ ਲਈ ਵਿਸ਼ੇਸ਼ ਅਭਿਆਨ ਚਲਾਇਆ ਗਿਆ





ਲੁਧਿਆਣਾ,13 ਜੁਲਾਈ (ਵਿਸ਼ਾਲ ਸ਼ਰਮਾ): ਡਾਇਰੈਕਟਰ ਇਸਤਰੀ ਤੇ ਬਾਲ ਵਿਕਾਸ ਵਿਭਾਗ ਪੰਜਾਬ ਅਤੇ ਡਿਪਟੀ ਕਮਿਸ਼ਨਰ ਹਿਮਾਂਸ਼ੂ ਜੈਨ ਵੱਲੋਂ ਜਾਰੀ ਦਿਸ਼ਾ-ਨਿਰਦੇਸ਼ਾਂ ਤਹਿਤ ਬਾਲ ਭਿੱਖਿਆ ਦੀ ਸਮੱਸਿਆ ਨੂੰ ਜੜ੍ਹੋਂ ਮਿਟਾਉਣ ਲਈ ਜ਼ਿਲ੍ਹੇ ਵਿੱਚ 7 ਤੋਂ 11 ਜੁਲਾਈ ਤੱਕ ਵੱਖ-ਵੱਖ ਗਤੀਵਿਧੀਆਂ ਉਲੀਕੀਆਂ ਗਈਆਂ। ਪ੍ਰੋਜੈਕਟ 'ਜੀਵਨਜੋਤ-ਬਚਪਨ ਬਚਾਓ' ਤਹਿਤ ਜ਼ਿਲ੍ਹਾ ਬਾਲ ਸੁਰੱਖਿਆ ਅ.ਫਸਰ ਰਸ਼ਮੀ ਦੇ ਅਗਵਾਈ ਹੇਠ ਜ਼ਿਲ੍ਹਾ ਬਾਲ ਸੁਰੱਖਿਆ ਯੂਨਿਟ, ਲੁਧਿਆਣਾ ਪੁਲਿਸ ਵਿਭਾਗ ਅਤੇ ਸਿੱਖਿਆ ਵਿਭਾਗ ਵੱਲੋਂ ਸਾਂਝੇ ਤੋਰ 'ਤੇ ਵੱਖ-ਵੱਖ ਇਲਾਕਿਆਂ ਵਿੱਚ ਬਾਲ ਭਿਖਾਰੀਆਂ ਨੂੰ ਭੀਖ ਮੰਗਣ ਤੋਂ ਰੋਕਣ ਲਈ ਵਿਸ਼ੇਸ਼ ਅਭਿਆਨ ਚਲਾਇਆ ਗਿਆ। ਇਸ ਵਿਸ਼ੇਸ਼ ਅਭਿਆਨ ਦੌਰਾਨ 17 ਬੱਚਿਆਂ ਨੂੰ ਰੈਸਕਿਊ ਕਰਦਿਆਂ ਦਫ਼ਤਰ ਬਾਲ ਭਲਾਈ ਕਮੇਟੀ ਲਿਆਂਦਾ ਗਿਆ, ਜਿੱਥੇ ਉਨ੍ਹਾਂ ਦੀ ਕਾਊਂਸਲਿੰਗ ਕੀਤੀ ਗਈ। ਬਾਲ ਸੁਰੱਖਿਆ ਯੂਨਿਟ ਵੱਲੋਂ ਬੱਸ ਸਟੈਂਡ, ਰੇਲਵੇ ਸਟੇਸ਼ਨ ਅਤੇ ਹੋਰ ਨੇੜਲੇ ਇਲਾਕਿਆਂ ਵਿੱਚ ਦੁਕਾਨਦਾਰਾਂ ਨੂੰ ਛੋਟੇ ਬੱਚਿਆਂ ਨੂੰ ਭੀਖ ਨਾ ਦੇਣ ਸਬੰਧੀ ਅਪੀਲ ਕੀਤੀ ਅਤੇ ਬੱਚਿਆਂ ਨੂੰ ਭੀਖ ਦੇਣ ਦੀ ਬਜਾਏ ਉਨ੍ਹਾਂ ਨੂੰ ਸਿੱਖਿਆ ਨਾਲ ਜੋੜਨ ਦੀ ਗੱਲ ਕੀਤੀ ਗਈ। । ਜ਼ਿਲ੍ਹਾ ਬਾਲ ਸੁਰੱਖਿਆ ਅਫਸਰ ਰਸ਼ਮੀ ਨੇ ਕਿਹਾ ਕਿ ਭਵਿੱਖ ਵਿੱਚ ਵੀ ਅਜਿਹੀਆਂ ਅਚਨਚੇਤ ਚੈਕਿੰਗ ਜਾਰੀ ਰਹਿਣਗੀਆਂ

## ਸੰਵਿਧਾਨ 'ਚੋਂ ਧਰਮ ਨਿਰਪੱਖਤਾ ਤੇ ਸਮਾਜਵਾਦ ਸ਼ਬਦ ਕੱਢਣ ਦੀ ਸਾਜਿਸ਼ ਦਾ ਵਿਰੋਧ

ਲੁਧਿਆਣਾ, 13 ਜੁਲਾਈ (ਰਵਿੰਦਰ ਸਿੰਘ ਨਿੱਝਰ): ਤਰਕਸ਼ੀਲ ਸੁਸਾਇਟੀ ਪੰਜਾਬ ਨੇ ਬੀਤੇ ਦਿਨੀਂ ਆਰਐਸਐਸ ਦੇ ਜਨਰਲ ਸਕੱਤਰ ਦੱਤਾਤਰੇ ਹੋਸਾਬਲੇ ਵੱਲੋਂ ਭਾਰਤੀ ਸੰਵਿਧਾਨ ਦੀ ਪ੍ਰਸਤਾਵਨਾ ਵਿੱਚੋਂ 'ਧਰਮ ਨਿਰਪੱਖਤਾ' ਅਤੇ 'ਸਮਾਜਵਾਦ' ਸ਼ਬਦ ਬਾਹਰ ਕੱਢਣ ਦੀ ਮੰਗ ਦਾ ਸਖ਼ਤ ਵਿਰੋਧ ਕਰਦਿਆਂ ਇਸਨੂੰ ਭਾਜਪਾ ਸੰਘ ਦੇ ਹਿੰਦੂ ਰਾਸ਼ਟਰ ਦੇ ਏਜੰਡੇ ਹੇਠ ਦੇਸ਼ ਵਿਰੋਧੀ ਸਾਜਿਸ਼ ਕਰਾਰ ਦਿੱਤਾ ਹੈ । ਤਰਕਸ਼ੀਲ ਸੁਸਾਇਟੀ ਪੰਜਾਬ (ਜ਼ੋਨ ਲੁਧਿਆਣਾ) ਦੇ ਅਗਜ਼ੈਕਟਿਵ ਆਗੂਆਂ ਜਸਵੰਤ ਜ਼ੀਰਖ ,ਧਰਮਪਾਲ ਸਿੰਘ, ਸਮਸ਼ੇਰ ਨੂਰਪੁਰੀ, ਹਰਚੰਦ ਭਿੰਡਰ, ਕਮਲਜੀਤ ਬੁਜਰਕ, ਵੱਲੋਂ ਮੰਨੂ ਸਿਮਰਤੀ ਅਧਾਰਤ ਇਸ ਫ਼ਿਰਕੂ ਰਾਜਨੀਤੀ ਦਾ ਡੱਟਵਾਂ ਵਿਰੋਧ ਕਰਨ ਦੀ ਜ਼ੋਰਦਾਰ ਨਿਖੇਧੀ ਕੀਤੀ ਹੈ। ਉਹਨਾਂ ਜਮਹੂਰੀਅਤ ਪਸੰਦ ਜੱਥੇਬੰਦੀਆਂ ਅਤੇ ਲੋਕਾਂ ਨੂੰ ਵੀ ਫਿਰਕੂ ਨ.ਫਰਤ ਖਿਲਾਫ ਇੱਕ ਜੁੱਟ ਆਵਾਜ਼ ਉਠਾਉਣ ਦਾ ਸੱਦਾ ਦਿੱਤਾ। ਉਹਨਾਂ ਕਿਹਾ ਕਿ ਭਾਰਤੀ ਸੰਵਿਧਾਨ ਅਨੁਸਾਰ ਭਾਰਤ ਇਕ ਧਰਮ ਨਿਰਪੱਖ ਦੇਸ਼ ਹੈ, ਜਿਸ ਵਿੱਚ ਵੱਖ ਵੱਖ ਧਰਮਾਂ, ਫ਼ਿਰਕਿਆਂ, ਜਾਤਾਂ ਦੇ ਲੋਕਾਂ ਨੂੰ ਸਮਾਜਵਾਦੀ ਵਿਵਸਥਾ ਤਹਿਤ, ਬਿਨਾਂ ਕਿਸੇ ਵਿਤਕਰੇ ਦੇ ਆਜ਼ਾਦੀ, ਬਰਾਬਰੀ, ਨਿਆਂ, ਵਿਕਾਸ, ਸੁਰੱਖਿਆ, ਸਨਮਾਨ ਅਤੇ ਜਮਹੂਰੀ ਹੱਕਾਂ ਲਈ ਬਰਾਬਰੀ ਦੇ ਅਧਿਕਾਰ ਹਾਸਲ ਹਨ । ਸਰਕਾਰ ਨੂੰ ਕਿਸੇ ਵੀ ਧਰਮ ਵੱਲ ਵਿਸ਼ੇਸ਼ ਉਲਾਰ ਹੋਣ ਦਾ ਕੋਈ ਸੰਵਿਧਾਨਿਕ ਅਧਿਕਾਰ ਨਹੀਂ ਹੈ , ਪਰ ਮੋਦੀ ਹਕੂਮਤ ਹਿੰਦੂ ਰਾਸ਼ਟਰ ਦੇ ਏਜੰਡੇ ਹੇਠ ਸਿਰਫ ਹਿੰਦੂ ਧਰਮ ਅਤੇ ਉਸਦੇ ਧਾਰਮਿਕ ਸਥਾਨਾਂ ਦੇ ਵਿਕਾਸ ਲਈ ਕਰੋੜਾਂ ਰੁਪਏ ਸਾਲਾਨਾ ਖਰਚ ਕਰਕੇ ਸੰਵਿਧਾਨ ਦੀਆਂ ਧੱਜੀਆਂ ਉਡਾ ਰਹੀ ਹੈ। ਇਹ ਭਾਰਤੀ ਸੰਵਿਧਾਨ 'ਚੋਂ ਧਰਮ ਨਿਰਪੱਖ ਅਤੇ ਸਮਾਜਵਾਦ ਸ਼ਬਦ ਕੱਢ ਕੇ ਦੇਸ਼ ਨੂੰ ਹਿੰਦੂ ਰਾਸ਼ਟਰ ਐਲਾਨਣਾ ਚਾਹੁੰਦੀ ਹੈ। ਤਰਕਸ਼ੀਲ ਆਗੂਆਂ ਨੇ ਉਪ ਰਾਸ਼ਟਰਪਤੀ ਜਗਦੀਪ ਧਨਖੜ ਵੱਲੋਂ 1975 ਦੀ ਐਮਰਜੈਂਸੀ ਦੇ ਵਿਰੋਧ ਕਰਦਿਆਂ ਕਿਹਾ ਕਿ ਇਕ ਉੱਚ ਸੰਵਿਧਾਨਿਕ ਅਹੁਦੇ ਤੇ ਬੈਠੇ ਵਿਅਕਤੀ ਵੱਲੋਂ ਸੰਵਿਧਾਨ ਨੂੰ ਤੋੜਨ ਜਾਂ ਬਦਲਣ ਦੀ ਦੇਸ਼ ਵਿਰੋਧੀ ਸਾਜਿਸ਼ ਦੀ ਹਮਾਇਤ ਕਰਨੀ ਆਮ ਨਾਗਰਿਕਾਂ ਅਤੇ ਖਾਸ ਕਰਕੇ ਦਲਿਤਾਂ,ਆਦਿਵਾਸੀਆਂ,ਔਰਤਾਂ ਅਤੇ ਘੱਟ ਗਿਣਤੀਆਂ ਦੇ ਬੁਨਿਆਦੀ ਜਮਹੂਰੀ ਹੱਕਾਂ ਉੱਤੇ ਸਿੱਧਾ ਹਮਲਾ ਹੈ ।

## ਸਾਂਝ ਸੇਵਾ ਸੁਸਾਇਟੀ ਦੇ ਖ਼ੂਨਦਾਨ ਕੈਂਪ 'ਚ 46 ਯੂਨਿਟ ਖ਼ੂਨ ਇਕੱਤਰ



ਮੁੱਲਾਂਪੁਰ ਦਾਖਾ , 13 ਜੁਲਾਈ (ਦਵਿੰਦਰ ਸਿੰਘ ਲੰਮੇਂ): ਸਥਾਨਕ ਇਲਾਕੇ ਦੀ ਸਮਾਜ ਸੇਵੀ ਸੰਸਥਾ ਸਾਂਝ ਸੇਵਾ ਸੁਸਾਇਟੀ ਵੱਲੋਂ ਪ੍ਰੈਸ ਕਲੱਬ ਮੁੱਲਾਂਪੁਰ ਦੇ ਸਹਿਯੋਗ ਨਾਲ 6ਵਾਂ ਖ਼ੂਨਦਾਨ ਕੈਂਪ ਡਾ: ਬੀ.ਆਰ ਅੰਬੇਡਕਰ ਭਵਨ ਵਿਖੇ ਲਗਾਇਆ ਗਿਆ। ਜਿਸਦਾ ਉਦਘਾਟਨ ਮੈਟਰੋ ਡਿਵੈਲਪਰਜ਼ ਐਂਡ ਬਿਲਡਰਜ਼ ਦੇ ਐੱਮ.ਡੀ ਬਾਂਸਲ ਬ੍ਰਦਰਜ਼ ਸੁਰਿੰਦਰ ਬਾਂਸਲ, ਪੰਕਜ ਬਾਂਸਲ ਅਤੇ ਸ਼ੰਮੀ ਬਾਂਸਲ ਵੱਲੋਂ ਰਿਬਨ ਕੱਟ ਕੇ ਕੀਤਾ ਗਿਆ। ਇਸ ਮੌਕੇ ਉਹਨਾਂ ਕਿਹਾ ਕਿ ਖ਼ੂਨਦਾਨ ਮਹਾਂਦਾਨ ਹੈ, ਜਿਸ ਨਾਲ ਕਿਸੇ ਲੋੜਵੰਦ ਮਰੀਜ਼ ਦੀ ਜਾਨ ਬਚਾਈ ਜਾ ਸਕਦੀ ਹੈ ਅਤੇ ਅਜਿਹੇ ਕੈਂਪ ਮਨੁੱਖਤਾ ਦੀ ਸੇਵਾ ਲਈ ਵਰਦਾਨ ਸਿੱਧ ਹੁੰਦੇ ਹਨ। ਉਹਨਾਂ ਸਾਂਝ ਸੇਵਾ ਸੁਸਾਇਟੀ ਦੇ ਇਸ ਉੱਦਮ ਦੀ ਭਰਪੂਰ ਸ਼ਲਾਘਾ ਕਰਦਿਆਂ ਕਿਹਾ ਕਿ ਲਗਾਤਾਰ 6 ਸਾਲਾਂ ਤੋਂ ਅਜਿਹੇ ਕੈਂਪਾਂ ਦਾ ਆਯੋਜਨ ਕਰਨਾ ਸੰਸਥਾ ਦਾ ਵੱਡਾ ਉਪਰਾਲਾ ਹੈ ਅਤੇ ਇਸਦੇ ਸਹਿਯੋਗੀ ਪ੍ਰੈਸ ਕਲੱਬ ਮੁੱਲਾਂਪੁਰ ਦਾਖਾ ਵੀ ਵਧਾਈ ਦੀ ਪਾਤਰ ਹੈ, ਜਿਸ ਨਾਲ ਜੁੜੇ ਸਮੂਹ ਪੱਤਰਕਾਰ ਇਸ ਕਾਰਜ ਲਈ ਆਪਣਾ ਵੱਡਮੁਲਾ ਯੋਗਦਾਨ ਪਾਉਂਦੇ ਹਨ । ਇਸ ਮੌਕੇ ਸੁਆਮੀ ਓਮਾਨੰਦ, ਅਮਰੇਸ਼ਵਰਾ ਨੰਦ, ਸਮਾਜਸੇਵੀ ਵਜੋਂ ਜਾਣੇ ਜਾਂਦੇ ਉੱਘੇ ਕਾਰੋਬਾਰੀ ਮਨਪ੍ਰੀਤ ਈਸੇਵਾਲ ਅਤੇ ਜਸਕਰਨ ਸਿੰਘ ਦਿਉਲ ਨੇ ਵੀ ਇਸ ਕੈਂਪ ਵਿੱਚ ਵਿਸ਼ੇਸ਼ ਤੌਰ 'ਤੇ ਸ਼ਮੂਲੀਅਤ ਕੀਤੀ ਅਤੇ ਖ਼ੂਨਦਾਨ ਕਰਨ ਵਾਲੇ ਸਮੂਹ ਦਾਨੀਆਂ ਦਾ ਵਿਸ਼ੇਸ਼ ਧੰਨਵਾਦ ਵੀ ਕੀਤਾ, ਜਿਹਨਾਂ ਵੱਲੋਂ ਮਾਨਵਤਾ ਦੀ ਸੇਵਾ ਲਈ ਆਪਣਾ ਖ਼ੂਨ ਦਾਨ ਕੀਤਾ ਗਿਆ ਹੈ। ਇਸ ਮੌਕੇ ਰੈੱਡ ਕਰਾਸ ਸੁਸਾਇਟੀ ਅਤੇ ਬਲੱਡ ਸੇਵਾ ਐਂਡ ਵੈੱਲਫੇਅਰ ਸੁਸਾਇਟੀ ਲੁਧਿਆਣਾ ਦੀ ਟੀਮ ਦੇ ਸਟਾਫ ਨਰਸ ਗੁਰਪ੍ਰੀਤ ਕੌਰ, ਸੰਦੀਪ ਕੁਮਾਰ ਅਤੇ ਸੁਰੇਸ਼ ਕੁਮਾਰ ਟੈਕਨੀਸ਼ੀਅਨ ਵੱਲੋਂ ਪਵਨ ਕੁਮਾਰ, ਅਮਨ ਕੁਮਾਰ ਅਤੇ ਗੁਰਬਚਨ ਸਿੰਘ ਦੇ ਸਹਿਯੋਗ ਨਾਲ 46 ਯੂਨਿਟ ਖ਼ੂਨ ਇਕੱਤਰ ਕੀਤਾ ਗਿਆ। ਇਸ ਮੌਕੇ ਰਾਜ ਜੋਸ਼ੀ, ਵਿਨੋਦ ਕਾਲੀਆ, ਦਵਿੰਦਰ ਸਿੰਘ ਲੰਮੇ, ਚਰਨਜੀਤ ਸਿੰਘ ਖਾਲਸਾ, ਰਾਹੁਲ ਗਰੋਵਰ, ਮਲਕੀਤ ਸਿੰਘ, ਸੰਨੀ ਸੇਠੀ, ਉਪਦੇਸ਼ ਸਰਾਂ (ਸਮੂਹ ਪੱਤਰਕਾਰ), ਰਾਜੀਵ ਮਲਹੋਤਰਾ, ਮਾ. ਮੇਜਰ ਸਿੰਘ, ਸੋਨੂੰ ਭੱਠਾ ਧੂਆ, ਸੁਖਦੀਪ ਸਿੰਘ ਥਿੰਦ ਮੋਹੀ, ਹੈਪੀ ਬਾਂਸਲ, ਜੈਕਿਸ਼ਨ ਭੂਸ਼ਣ, ਸੁਸ਼ੀਲ ਕੁਮਾਰ, ਕ੍ਰਿਸ਼ਨ ਕੁਮਾਰ ਬੰਟੀ, ਬਲਰਾਮ ਸਿੰਘ, ਰਵੀ ਨਾਗਵੰਸੀ, ਰਿੰਕੂ ਰਾਵਣ, ਈਸ਼ਵਰ ਕਾਲਾ, ਸ਼ਿੰਦਾ ਅਤੇ ਰਤਨ ਆਦਿ ਹਾਜ਼ਰ ਸਨ।



ਡਾ: ਅੰਮ੍ਰਿਤਪਾਲ ਸਿੰਘ ਪ੍ਰਧਾਨ ਸਿੱਖ ਸੇਵਾ ਮਿਸ਼ਨ ਨੇ ਆਪਣੀ ਧਾਰਮਿਕ ਯਾਤਰਾ ਨੂੰ ਸੰਪੂਰਨ ਕਰਦਿਆਂ ਹੋਇਆਂ ਗੁਰਦੁਆਰਾ ਮੌਕਟਨ ਸਾਹਿਬ ਕਨੇਡਾ ਵਿਖੇ ਅਰਦਾਸ ਕਰਵਾਈ ਕਿ ਪ੍ਰਮਾਤਮਾ ਅੰਗ-ਸੰਗ ਹੋ ਕੇ ਯਾਤਰਾ ਸਫਲ ਕਰੇ ਗੁਰਦੁਆਰਾ ਸਾਹਿਬ ਦੇ ਮੁੱਖ ਗ੍ਰੰਥੀ ਭਾਈ ਗਗਨਦੀਪ ਸਿੰਘ ਨੇ ਡਾ: ਅੰਮ੍ਰਿਤਪਾਲ ਸਿੰਘ ਅਤੇ ਉਹਨਾਂ ਦੀ ਪਤਨੀ ਪਰਵਿੰਦਰ ਕੌਰ ਨੂੰ ਸਿਰੋਪਾਓ ਪਾ ਕੇ ਸਨਮਾਨਿਤ

## ਸ਼ਿਵਾਲਿਕ ਸਕੂਲ ਵਿੱਚ ਵਿਦਿਆਰਥੀਆਂ ਵੱਲੋਂ ਪ੍ਰਦਰਸ਼ਨੀ



ਜਗਰਾਉਂ, 13 ਜੁਲਾਈ (ਵਿਸ਼ਾਲ ਅੱਤਰੇ /ਆਰੀਅਨ ਅੱਤਰੇ)-ਸ਼ਿਵਾਲਿਕ ਮਾਡਲ ਸਕੂਲ ਵਿੱਚ ਪ੍ਰਿੰਸੀਪਲ ਮੈਡਮ ਨੀਲਮ ਸ਼ਰਮਾ, ਡਾਇਰੈਕਟਰ ਡੀ ਕੇ ਸ਼ਰਮਾ ਜੀ ਤੇ ਉਪ-ਪ੍ਰਧਾਨ ਮੈਡਮ ਈਸ਼ਿਤਾ ਸ਼ਰਮਾ ਜੀ ਦੀ ਅਗਵਾਈ ਹੇਠ ਸਿੱਖਿਆ ਦੇ ਨਾਲ-ਨਾਲ ਇੱਕ ਸ਼ਾਨਦਾਰ ਪ੍ਰਦਰਸ਼ਨੀ ਦਾ ਆਯੋਜਨ ਕੀਤਾ ਗਿਆ। ਇਸ ਪ੍ਰਦਰਸ਼ਨੀ ਵਿੱਚ ਪਹਿਲੀ ਤੋਂ ਲੈ ਕੇ ਪੰਜਵੀਂ ਤੱਕ ਦੇ ਵਿਦਿਆਰਥੀਆਂ ਨੇ ਆਪਣੀ ਕਲਾ ਅਤੇ ਸਾਹਿਤ ਦਾ ਪ੍ਰਦਰਸ਼ਨ ਕੀਤਾ। ਛੇਵੀਂ ਤੋਂ ਦਸਵੀਂ ਕਲਾਸ ਤੱਕ ਦੇ ਵਿਦਿਆਰਥੀਆਂ ਨੇ ਵਿਗਿਆਨ, ਸਮਾਜਿਕ ਸਿੱਖਿਆ, ਗਣਿਤ, ਅੰਗਰੇਜ਼ੀ, ਸਰੀਰਕ ਸਿੱਖਿਆ, ਖੇਡਾਂ, ਕੰਪਿਊਟਰ ਅਤੇ ਪੰਜਾਬੀ ਵਿਰਾਸਤ ਨਾਲ ਸਬੰਧਤ ਮਾਡਲ ਪੇਸ਼ ਕੀਤੇ। ਅਧਿਆਪਕਾਂ ਅਤੇ ਮਾਪਿਆਂ ਨੇ ਵੀ ਬੱਚਿਆਂ ਦੇ ਉਤਸ਼ਾਹ ਨੂੰ ਹੋਰ ਵਧਾਉਣ ਲਈ ਪੂਰਾ ਸਹਿਯੋਗ ਦਿੱਤਾ। ਵਿਦਿਆਰਥੀਆਂ ਵਿੱਚ ਇਸ ਪ੍ਰਦਰਸ਼ਨੀ ਨੂੰ ਲੈ ਕੇ ਭਾਰੀ ਉਤਸ਼ਾਹ ਦਿਖਾਈ ਦਿੱਤਾ।

ਗਣਿਤ ਵਿੱਚ ਪਾਈਥਾਗੋਰਸ ਥਿਊਰਮ, 34 ਆਕਾਰ, ਗੋਲ ਦੇ ਖੇਤਰਫਲ ਆਦਿ ਕਾਰਗਰ ਮਾਡਲ ਆਪਣਾ ਉਦੇਸ਼ ਸਾਫ਼ ਤੌਰ 'ਤੇ ਦਰਸਾ ਰਹੇ ਸਨ। ਇਸੇ ਤਰ੍ਹਾਂ ਵਿਗਿਆਨ ਵਿੱਚ ਸਾਸ ਲੈਣ ਦੀ ਪ੍ਰਕਿਰਿਆ, ਫੇਫੜੇ ਆਦਿ ਦੇ ਮਾਡਲ ਵੀ ਹਕੀਕਤ ਨੂੰ ਦਰਸਾਉਂਦੇ ਹੋਏ ਨਜ਼ਰ ਆਏ। ਪ੍ਰਦਰਸ਼ਨੀ ਵਿੱਚ ਆਏ ਮਾਪਿਆਂ ਨੇ ਬੱਚਿਆਂ ਦੀ ਅਥਾਹ ਮਿਹਨਤ ਅਤੇ ਲਗਨ ਨੂੰ ਦੇਖਦਿਆਂ ਸਕੂਲ ਪ੍ਰਬੰਧਕਾਂ ਪ੍ਰਤੀ ਧੰਨਵਾਦ ਪ੍ਰਗਟਾਇਆ। ਸ਼੍ਰੀਮਤੀ ਸੁਧਾ ਗੋਯਲ, ਡਾ. ਚੰਦਰ ਮੋਹਨ ਓਰੀ, ਅਪਾਰ ਸਿੰਘ , ਬੀ.ਕੇ. ਸਿਆਲ ਨੇ ਪ੍ਰਦਰਸ਼ਨੀ ਵਿੱਚ ਭਾਗ ਲੈਣ ਵਾਲੇ ਵਿਦਿਆਰਥੀਆਂ ਨੂੰ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ।

ਆਖ਼ਰ ਵਿੱਚ ਪ੍ਰਿੰਸੀਪਲ ਨੀਲਮ ਸ਼ਰਮਾ ਜੀ ਨੇ ਆਏ ਹੋਏ ਮਾਪਿਆਂ ਦਾ ਦਿਲੋਂ ਧੰਨਵਾਦ ਕੀਤਾ ਅਤੇ ਬੱਚਿਆਂ ਨੂੰ ਹੋਰ ਮਿਹਨਤ ਕਰਨ ਲਈ ਪ੍ਰੇਰਿਤ ਕੀਤਾ ਤਾਂ ਜੋ ਭਵਿੱਖ ਵਿੱਚ ਵੀ ਉਹ ਆਪਣੀ ਸਿੱਖਿਆ ਦੇ ਨਾਲ-ਨਾਲ ਕਲਾ ਵਿੱਚ ਵੀ ਆਪਣੀ ਪਛਾਣ ਬਣਾਉਣ। ਇਸ ਮੌਕੇ ਸਮੂਹ ਸਟਾਫ਼ ਮੌਜੂਦ ਸੀ।

# ਭਾਰਤ ਸਰਕਾਰ ਨੇ ਅਰਬਾਂ ਰੁਪਏ ਦੀ ਲਾਗਤ ਨਾਲ ਅਜੂਬੇ ਵਰਗਾ ਤਿਆਰ ਕੀਤਾ ਸ੍ਰੀ ਕਰਤਾਰਪੁਰ ਪੈਸੰਜਰ ਟਰਮੀਨਲ

ਡੇਰਾ ਬਾਬਾ ਨਾਨਕ, 13 ਜੁਲਾਈ (ਚ.ਨ.ਸ.): ਡੇਰਾ ਬਾਬਾ ਨਾਨਕ ਦੀ ਕੌਮਾਂਤਰੀ ਸਰਹੱਦ 'ਤੇ ਭਾਰਤ ਸਰਕਾਰ ਵੱਲੋਂ ਅਰਬਾਂ ਰੁਪਏ ਦੀ ਲਾਗਤ ਨਾਲ ਅਜੂਬੇ ਵਰਗੇ ਤਿਆਰ ਕੀਤਾ ਸ੍ਰੀ ਕਰਤਾਰਪੁਰ ਪੈਸੰਜਰ ਟਰਮੀਨਲ। ਦੁਨੀਆ ਭਰ ਦੇ ਵੱਖ-ਵੱਖ ਦੇਸ਼ਾਂ ਦੇ ਫੁੱਲਾਂ ਦੀ ਮਹਿਕ ਬਿਖੇਰਨ ਤੋਂ ਇਲਾਵਾ ਟਰਮੀਨਲ ਦਾ ਕੋਨਾ-ਕੋਨਾ ਸਜਾਵਟੀ ਬੂਟਿਆਂ ਨਾਲ ਹਰਿਆ ਭਰਿਆ ਹੋਣ ਨਾਲ ਵਾਤਾਵਰਨ ਨੂੰ ਸ਼ੁੱਧ ਕਰ ਰਿਹਾ ਹੈ। ਇੱਥੇ ਦੱਸਣਯੋਗ ਹੈ ਕਿ ਭਾਰਤ ਪਾਕਿਸਤਾਨ ਦੀ ਕੌਮਾਂਤਰੀ ਸਰਹੱਦ ਦੇ ਕੰਢੇ ਲੈਂਡ ਪੋਰਟ ਅਥਾਰਟੀ ਆਫ ਇੰਡੀਆ ਵੱਲੋਂ 54 ਏਕੜ ਜ਼ਮੀਨ ਐਕਵਾਇਰ ਕੀਤੀ ਗਈ ਸੀ। ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਦਿਹਾੜੇ ਮੌਕੇ 9 ਨਵੰਬਰ 2019 ਨੂੰ ਡੇਰਾ ਬਾਬਾ ਨਾਨਕ ਦੀ ਕੌਮਾਂਤਰੀ ਸਰਹੱਦ 'ਤੇ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਪਾਕਿਸਤਾਨ ਦੇ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖਾਨ ਦੀ ਸਰਕਾਰ ਵੱਲੋਂ ਸਰਹੱਦ 'ਤੇ ਪਾਕਿਸਤਾਨ ਸਥਿਤ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਜੀ ਦੇ ਦਰਸ਼ਨਾਂ ਲਈ ਖੋਲ੍ਹੇ ਗਏ ਲਾਂਘੇ ਦੌਰਾਨ 16 ਏਕੜ



ਜ਼ਮੀਨ 'ਚ ਕਰੀਬ ਪੰਜ ਤਿੰਨ ਅਰਬ ਰੁਪਏ ਦੀ ਲਾਗਤ ਨਾਲ ਸ੍ਰੀ ਕਰਤਾਰਪੁਰ ਪੈਸੰਜਰ ਟਰਮੀਨਲ ਦਾ ਨਿਰਮਾਣ ਕੀਤਾ ਗਿਆ ਹੈ। ਇਸ ਟਰਮੀਨਲ 'ਚ ਲਗਾਏ ਗਏ 100 ਤੋਂ ਵੱਧ ਕਿਸਮਾਂ ਦੇ ਫੁੱਲ ਤੇ ਸਜਾਵਟੀ ਬੂਟੇ ਸ਼ਰਧਾਲੂਆਂ ਲਈ ਖਿੱਚ ਦਾ ਕੇਂਦਰ ਬਣੇ ਹੋਏ ਹਨ। **35 ਹਜ਼ਾਰ ਦੇ ਕਰੀਬ ਬੂਟੇ ਲਗਾਏ ਗਏ:** ਐੱਲਪੀਏਆਈ ਦੇ ਅਧਿਕਾਰੀਆਂ ਅਨੁਸਾਰ ਕਰਤਾਰਪੁਰ ਪੈਸੰਜਰ ਟਰਮੀਨਲ 'ਚ 35 ਹਜ਼ਾਰ ਦੇ ਕਰੀਬ ਵੱਖ-ਵੱਖ ਕਿਸਮਾਂ ਦੇ ਬੂਟੇ ਲੱਗੇ ਹੋਏ ਹਨ। ਐੱਲਪੀਏਆਈ ਦੇ ਜੀਐੱਮ ਸੰਦੀਪ ਮਹਾਜਨ ਨੇ ਦੱਸਿਆ ਕਿ ਟਰਮੀਨਲ ਵਿੱਚ ਬੁੱਧਵਾਰ ਤੋਂ 2 ਹਜ਼ਾਰ ਬੂਟੇ ਲਗਾਉਣ ਦਾ ਕੰਮ ਸ਼ੁਰੂ ਕੀਤਾ ਜਾਵੇਗਾ ਜਿਸ ਸਬੰਧੀ ਕੰਨੀਡੋਰ ਦੇ ਮਾਲੀ ਅਤੇ ਕਰਮਚਾਰੀਆਂ ਵੱਲੋਂ ਟੋਇਆਂ ਦੀ ਪੁਟਾਈ ਸ਼ੁਰੂ ਕਰ ਦਿੱਤੀ ਹੈ। ਇਸ ਮੌਕੇ 'ਤੇ ਕਰਤਾਰਪੁਰ ਪੈਸੰਜਰ ਟਰਮੀਨਲ ਦੇ ਮਾਲੀ ਦਾ ਕਹਿਣਾ ਹੈ ਕਿ ਲੈਂਡ ਪੋਰਟ ਅਥਾਰਟੀ ਆਫ ਇੰਡੀਆ ਦੇ ਅਧਿਕਾਰੀਆਂ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਸਰਦੀ ਤੇ ਗਰਮੀ ਦੇ ਮੌਸਮ ਦੀਆਂ ਵੱਖ-ਵੱਖ ਫੁੱਲਾਂ ਦੀਆਂ ਕਿਸਮਾਂ ਦੀਆਂ ਪਨੀਰੀਆਂ ਦੀ ਨਰਸਰੀ 'ਚ ਆਉਣ ਵਾਲੇ ਮੌਸਮ ਲਈ ਵੱਖ-ਵੱਖ ਕਿਸਮਾਂ ਦੇ ਦੋ ਦਰਜਨ ਦੇ ਕਰੀਬ ਫੁੱਲਾਂ ਦੀਆਂ ਪਨੀਰੀਆਂ ਤਿਆਰ ਕੀਤੀਆਂ ਜਾ ਰਹੀਆਂ ਹਨ।

# ਕਲਯੁੱਗੀ ਪਿਉ ਨੇ ਦੂਜਾ ਵਿਆਹ ਕਰਵਾਉਣ ਲਈ ਨਾਬਾਲਗ ਧੀ ਨੂੰ ਤਿੱਗਣੀ ਉਮਰ ਦੇ ਵਿਅਕਤੀ ਨਾਲ ਤੋਰਿਆ

ਹੁਸ਼ਿਆਰਪੁਰ, 13 ਜੁਲਾਈ (ਚ.ਨ.ਸ.): ਕਲਯੁੱਗੀ ਪਿਉ ਨੇ ਪਤਨੀ ਦੀ ਮੌਤ ਤੋਂ ਬਾਅਦ ਦੂਜਾ ਵਿਆਹ ਕਰਵਾਉਣ ਲਈ ਆਪਣੀ ਨਾਬਾਲਗ



ਧੀ ਨੂੰ ਬਿਨਾਂ ਵਿਆਹ ਦੇ ਹੀ ਤੋਂ ਤਿੱਗਣੀ ਉਮਰ ਦੇ ਵਿਅਕਤੀ ਨਾਲ ਤੋਰ ਦਿੱਤਾ। ਨਾਬਾਲਗਾ ਨੂੰ ਬਿਨਾਂ ਵਿਆਹ ਦੇ ਰੱਖਣ ਵਾਲੇ ਵਿਅਕਤੀ ਵੱਲੋਂ ਕੀਤੇ ਜਾ ਰਹੇ ਜ਼ੁਲਮਾਂ ਤੇ ਸ਼ਬਰ-ਜਨਾਹ ਤੋਂ ਦੁਖੀ 16 ਸਾਲਾ ਮੁਟਿਆਰ ਦੁਖੀ ਹੋ ਕੇ ਉਸ ਵਿਅਕਤੀ ਦੇ ਚੁੰਗਲ ਵਿੱਚੋਂ ਛੁੱਟ ਆਪਣੇ ਪਿੰਡ ਆ ਗਈ ਅਤੇ ਉਸ ਨੇ ਆਪਣੇ ਨਾਲ ਬੀਤੀ ਸਾਰੀ ਕਹਾਣੀ ਪਿੰਡ ਦੀ ਪੰਚਾਇਤ ਨੂੰ ਸੁਣਾਈ, ਜਿਨ੍ਹਾਂ ਪੁਲਿਸ ਕੋਲ ਸ਼ਿਕਾਇਤ ਕੀਤੀ। ਚੱਬੇਵਾਲ ਪੁਲਿਸ ਨੇ ਧੀ ਦੀ ਪੱਤ ਆਪਣੇ ਹੱਥੀਂ ਰੋਲਣ ਵਾਲੇ ਪਿਤਾ ਸਮੇਤ ਪੰਜ ਵਿਅਕਤੀਆਂ ਵਿਰੁੱਧ ਮਾਮਲਾ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਉਸ ਨੇ ਦੱਸਿਆ ਕਿ 20 ਜਨਵਰੀ 2025 ਨੂੰ ਉਸ ਦੇ ਪਿਤਾ, ਤਾਇਆ ਤੇ ਤਿੰਨ ਹੋਰ ਰਿਸ਼ਤੇਦਾਰਾਂ ਨੇ ਉਸ ਨੂੰ ਰਮਨਦੀਪ ਸਿੰਘ ਉਰਫ਼ ਰਵੀ ਵਾਸੀ ਬਘੌਰਾ ਨੇੜੇ ਮਾਹਿਲਪੁਰ ਨਾਲ ਬਿਨਾਂ ਕੋਈ ਧਾਰਮਿਕ ਰਸਮਾਂ ਦੇ ਵਿਆਹ ਕੀਤੇ, ਉਸ ਦੀ ਮਰਜ਼ੀ ਤੋਂ ਖ਼ਿਲਾਫ਼ ਤੋਰ ਦਿੱਤਾ। ਉਸ ਨੇ ਦੱਸਿਆ ਕਿ ਉਸ ਨੇ ਕਈ ਵਾਰ ਆਪਣੇ ਪਿਤਾ, ਤਾਇਆ ਅਤੇ ਹੋਰ ਰਿਸ਼ਤੇਦਾਰਾਂ ਨੂੰ ਦੱਸਿਆ ਪ੍ਰੰਤੂ ਉਸ ਦੀ ਕਿਸੇ ਨੇ ਵੀ ਸੁਣਵਾਈ ਨਾ ਕੀਤੀ ਬਲਕਿ ਉਹ ਵੀ ਉਸ ਦੀ ਕੁੱਟਮਾਰ ਕਰਕੇ ਉਸ ਨੂੰ ਬਘੌਰਾ ਪਿੰਡ ਛੱਡ ਆਉਂਦੇ। ਉਸ ਨੇ ਦੱਸਿਆ ਕਿ 9 ਤੋਂ 10 ਜੁਲਾਈ ਦੀ ਦਰਮਿਆਨੀ ਰਾਤ ਨੂੰ ਵੀ ਰਮਨਦੀਪ ਸਿੰਘ ਨੇ ਉਸ ਨਾਲ ਜ਼ਬਰਦਸਤੀ ਸਰੀਰਕ ਸਬੰਧ ਬਣਾਏ ਤੇ ਉਸ ਨੂੰ ਘਰੋਂ ਕੱਢ ਦਿੱਤਾ। ਚੱਬੇਵਾਲ ਪੁਲਿਸ ਨੇ ਪੀੜਤ ਲੜਕੀ ਦਾ ਮੈਡੀਕਲ ਕਰਵਾ ਕੇ ਲਖਵੀਰ ਸਿੰਘ ਸੋਢੀ ਵਾਸੀ ਬਾਹੋਵਾਲ, ਗੁਰਬਖ਼ਸ਼ ਸਿੰਘ ਪੱਪੂ ਵਾਸੀ ਬਾਹੋਵਾਲ, ਮਨਜੀਤ ਕੌਰ ਵਾਸੀ ਰਾਵਲਪਿੰਡੀ ਥਾਣਾ ਗੜ੍ਹਸ਼ੰਕਰ, ਉਸ ਦੇ ਪਤੀ ਨਾਜਰ ਸਿੰਘ ਵਾਸੀ ਰਾਵਲਪਿੰਡੀ ਅਤੇ ਰਮਨਦੀਪ ਸਿੰਘ ਰਵੀ ਵਾਸੀ ਬਘੌਰਾ ਵਿਰੁੱਧ ਮਾਮਲਾ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

# ਸੂਬੇ 'ਚ 18 ਸਾਲਾਂ ਦੌਰਾਨ ਦਰੱਖਤਾਂ ਹੇਠ ਰਕਬੇ 'ਚ 19 ਫ਼ੀਸਦੀ ਦੇ ਕਰੀਬ ਗਿਰਾਵਟ ਦਰਜ ਕੀਤੀ

ਚੰਡੀਗੜ੍ਹ, 13 ਜੁਲਾਈ (ਚ.ਨ.ਸ.): ਪੰਜਾਬ ਵਿੱਚ ਭਾਵੇਂ ਹਰ ਸਾਲ ਵੱਡੀ ਪੱਧਰ 'ਤੇ ਵਣ ਮਹਾਂਉਤਸਵ ਮਨਾਇਆ ਜਾਂਦਾ ਹੈ ਪਰ ਇਸ ਦੇ ਬਾਵਜੂਦ ਰਾਜ ਵਿੱਚ ਦਰੱਖਤਾਂ ਹੇਠ ਰਕਬਾ ਘੱਟਦਾ ਜਾ ਰਿਹਾ ਹੈ। ਸੂਬੇ ਵਿੱਚ 18 ਸਾਲਾਂ ਦੌਰਾਨ ਦਰੱਖਤਾਂ ਹੇਠ ਰਕਬੇ 'ਚ 19 ਫ਼ੀਸਦੀ ਦੇ ਕਰੀਬ ਗਿਰਾਵਟ ਦਰਜ ਕੀਤੀ ਗਈ ਹੈ, ਜਦਕਿ ਪਿਛਲੇ 6 ਸਾਲਾਂ ਵਿੱਚ ਇਹ ਗਿਰਾਵਟ 9 ਫ਼ੀਸਦ ਰਹੀ। ਇਸ ਗੱਲ ਦਾ ਖੁਲਾਸਾ ਪੰਜਾਬ ਦੇ ਜੰਗਲਾਤ ਵਿਭਾਗ ਵੱਲੋਂ ਨੈਸ਼ਨਲ ਗ੍ਰੀਨ ਟ੍ਰਿਬਿਊਨਲ (ਐੱਨਜੀਟੀ) ਨੂੰ ਸੌਂਪੀ ਗਈ ਇੱਕ ਰਿਪੋਰਟ ਵਿੱਚ ਹੋਇਆ ਹੈ। ਜੰਗਲਾਤ ਵਿਭਾਗ ਨੇ ਇਹ ਰਿਪੋਰਟ ਕੇਂਦਰ ਸਰਕਾਰ ਵੱਲੋਂ ਕੀਤੇ ਫੋਰੈਸਟ ਸਰਵੇਅ ਆਫ ਇੰਡੀਆ ਦੀ ਰਿਪੋਰਟ ਦੇ ਆਧਾਰ 'ਤੇ ਤਿਆਰ ਕੀਤੀ ਹੈ। ਇਸ ਰਿਪੋਰਟ ਅਨੁਸਾਰ ਪੰਜਾਬ ਵਿੱਚ ਸਾਲ 2005 ਵਿੱਚ ਦਰੱਖਤਾਂ ਹੇਠ ਰਕਬਾ 1823 ਵਰਗ ਕਿਲੋਮੀਟਰ ਸੀ, ਜੋ ਸਾਲ 2023 ਵਿੱਚ ਘੱਟ ਕੇ 1475.15 ਵਰਗ ਕਿਲੋਮੀਟਰ ਰਹਿ ਗਿਆ। ਇਸ ਤਰ੍ਹਾਂ ਦਰੱਖਤਾਂ ਹੇਠ ਰਕਬੇ 'ਚ 19 ਫ਼ੀਸਦ ਦੇ ਕਰੀਬ ਗਿਰਾਵਟ ਆਈ ਹੈ।



ਸਾਲ 2007 ਤੋਂ 2011 ਤੱਕ ਦਰੱਖਤਾਂ ਹੇਠ ਰਕਬਾ 1699 ਵਰਗ ਕਿਲੋਮੀਟਰ ਸੀ, ਜੋ ਸਾਲ 2013 ਵਿੱਚ ਘੱਟ ਕੇ 1499 ਵਰਗ ਕਿਲੋਮੀਟਰ ਰਹਿ ਗਿਆ ਸੀ। ਉਸ ਤੋਂ ਬਾਅਦ ਸਾਲ 2015 ਵਿੱਚ 1544 ਤੇ 2017 ਵਿੱਚ ਹੋਰ ਵੱਧ ਕੇ 1622 ਵਰਗ ਕਿਲੋਮੀਟਰ ਹੋ ਗਿਆ ਸੀ। ਇਸ ਤੋਂ ਬਾਅਦ ਸਾਲ 2019 ਵਿੱਚ ਦਰੱਖਤਾਂ ਹੇਠਾਂ ਰਕਬਾ ਘੱਟ ਕੇ 1592, 2021 'ਚ 1138 ਤੇ ਸਾਲ 2023 'ਚ 1475.15 ਵਰਗ ਕਿਲੋਮੀਟਰ ਦਰਜ ਕੀਤਾ ਗਿਆ। ਪੰਜਾਬ ਸਰਕਾਰ ਵੱਲੋਂ ਸੂਬੇ ਵਿੱਚ ਦਰੱਖਤਾਂ ਹੇਠ ਰਕਬਾ ਵਧਾਉਣ ਲਈ ਪੌਦੇ ਲਾਉਣ ਵਾਸਤੇ ਵਿਸ਼ੇਸ਼ ਮੁਹਿੰਮ ਚਲਾਈ ਜਾ ਰਹੀ ਹੈ। ਇਸ ਮੁਹਿੰਮ ਤਹਿਤ ਪੰਜਾਬ ਵਿੱਚ ਸਾਲ 2023 'ਚ 1.2 ਕਰੋੜ ਪੌਦੇ ਲਾਏ ਗਏ ਸਨ, ਜਿਨ੍ਹਾਂ ਦੀ ਗਿਣਤੀ 2024 ਵਿੱਚ ਵੱਧ ਕੇ 3 ਕਰੋੜ ਦੇ ਕਰੀਬ ਪਹੁੰਚ ਗਈ ਸੀ। ਇੰਨੇ ਬੂਟੇ ਲਾਉਣ ਦੇ ਬਾਵਜੂਦ ਪੰਜਾਬ ਵਿੱਚ ਦਰੱਖਤਾਂ ਹੇਠ ਰਕਬੇ ਵਿੱਚ ਵਾਧਾ ਨਹੀਂ ਹੋ ਰਿਹਾ। ਦਰੱਖਤਾਂ ਹੇਠ ਰਕਬੇ ਵਿੱਚ ਸਿਰਫ਼ ਦਰੱਖਤਾਂ ਹੇਠਾਂ ਆਉਣ ਵਾਲੇ ਏਰੀਏ ਨੂੰ ਮਾਪਿਆ ਜਾਂਦਾ ਹੈ, ਜਦਕਿ ਜੰਗਲਾਤ ਅਧੀਨ ਖੇਤਰ ਵਿੱਚ ਦਰੱਖਤਾਂ ਦੇ ਨਾਲ-ਨਾਲ ਹੋਰ ਜੰਗਲੀ ਝਾੜੀਆਂ ਆਦਿ ਨੂੰ ਵੀ ਸ਼ਾਮਲ ਕੀਤਾ ਜਾਂਦਾ ਹੈ।

# ਪੰਜਾਬੀ ਸਾਹਿਤ ਸਭਾ ਦੀ ਮਹੀਨਾਵਾਰ ਮੀਟਿੰਗ



ਅਮਲੋਹ, 13 ਜੁਲਾਈ (ਜਸਵੰਤ ਸਿੰਘ): ਪੰਜਾਬੀ ਸਾਹਿਤ ਸਭਾ ਅਮਲੋਹ ਦੀ ਮਹੀਨਾਵਾਰ ਮੀਟਿੰਗ ਪਰਮਜੀਤ ਬਿੱਟੂ ਦੀ ਪ੍ਰਧਾਨਗੀ ਹੇਠ ਪਿੰਕ ਰੋਜ਼ ਪਬਲਿਕ ਸਕੂਲ ਵਿਖੇ ਹੋਈ, ਜਿਸ ਵਿੱਚ ਸਾਹਿਤਕਾਰਾਂ ਨੇ ਆਪਣੀਆਂ ਰਚਨਾਵਾਂ ਪੇਸ਼ ਕੀਤੀਆਂ ਅਤੇ ਸਾਲਾਨਾ ਸਮਾਗਮ ਬਾਰੇ ਵਿਚਾਰ ਕੀਤੀ ਗਈ। ਉਪਰੰਤ ਰਚਨਾਵਾਂ ਦੇ ਦੌਰ ਵਿੱਚ ਮੇਹਰ ਸਿੰਘ ਰਾਈਏਵਾਲ ਨੇ ਗੀਤ 'ਸੱਜਣਾ ਹੱਸ ਕੇ ਵਕਤ ਲੰਘਾਂ', ਜੋਗਾ ਸਿੰਘ ਗਰੇਵਾਲ ਨੇ ਕਹਾਣੀ 'ਫਰਿਸ਼ਤੇ', ਗੁਰਵਿੰਦਰ ਸਿੰਘ ਨੇ ਕਵਿਤਾ 'ਕਾਫ਼ਿਲਾ ਵਿਚਾਰਾਂ ਦਾ', ਬਲਬੀਰ ਸਿੰਘ ਮੁੱਲਾਂਪੁਰੀ ਨੇ ਗੀਤ 'ਵਿਰਸਾ ਭੁੱਲਿਆ ਜਾਂਦਾ', ਰਾਜਿੰਦਰ ਲੱਲ ਨੇ ਗ਼ਜ਼ਲ 'ਸੱਚੀਆਂ ਨੀ ਨੀਤਾਂ ਅੱਜ ਕੱਲ੍ਹ', ਗੁਰਪ੍ਰੀਤ ਵੜੈਚ ਨੇ ਗੀਤ 'ਨੀ ਜ਼ਿੰਦੇ ਮੇਰੀ ਜ਼ਿੰਦੇ' ਪੇਸ਼ ਕੀਤਾ ਅਤੇ ਅਵਤਾਰ ਬੰਟੀ ਨੇ ਕਬਿਤ ਛੰਦ ਵਿੱਚ 'ਬੋਲ' 'ਚ ਮਿਠਾਸ ਚੰਗੀ', ਪੁਸ਼ਵਿੰਦਰ ਰਾਣਾ ਨੇ ਗ਼ਜ਼ਲ 'ਦੇਸ਼ ਤੋਂ ਜਾਣਾ ਚਾਹਨ ਵਾਲੇ ਓਧਰ ਵੀ ਨੇ ਅੰਧਰ ਵੀ ਨੇ', ਉਪਕਾਰ ਦਿਆਲਪੁਰੀ ਨੇ ਗੀਤ 'ਜ਼ਿੰਦਗੀ ਥੋੜੀ ਐ', ਪ੍ਰਗਟ ਚੰਨ ਨੇ ਗੀਤ 'ਭੁੱਲ ਗਿਆ ਤੂੰ ਮਾਂ ਬਾਪ ਨੂੰ', ਰਾਮ ਸਿੰਘ ਅਲਬੇਲਾ ਨੇ ਗੀਤ 'ਦਾਜ ਦੀ ਲਾਹਨਤ', ਭੁਪਿੰਦਰ ਭੁਰੀ ਨੇ ਗੀਤ 'ਜ਼ੁਲਮਾਂ ਦੀ ਹੱਦ ਕਰਤੀ', ਕਰਮ ਸਿੰਘ ਰਾਣਾ ਨੇ ਟੱਪੇ ਅਤੇ ਧਰਮ ਸਿੰਘ ਰਾਈਏਵਾਲ ਨੇ ਕਹਾਣੀ 'ਚਿੱਟੀ ਚਾਦਰ' ਪੇਸ਼ ਕੀਤੀ। ਆਖਰ ਵਿੱਚ ਸਭਾ ਦੇ ਪ੍ਰਧਾਨ ਪਰਮਜੀਤ ਬਿੱਟੂ ਨੇ ਆਪਣਾ ਗੀਤ 'ਹੁਣ ਕਿਹੜਾ ਕਹਿੰਦਾ ਸਾਂ ਨੂੰ ਬੇਬੇ ਬਾਪੂ ਨੂੰ ਬਾਣੀ' ਸੁਣਾ ਕੇ ਧੰਨਵਾਦ ਕੀਤਾ, ਸਟੇਜ ਸਕੱਤਰ ਦੀ ਭੂਮਿਕਾ ਮੇਹਰ ਸਿੰਘ ਰਾਈਏਵਾਲ ਨੇ ਬਾਖ਼ੂਬੀ ਨਿਭਾਈ।

# ਡੇਰਾ ਸਿਰਸਾ ਮੁਖੀ 'ਤੇ ਨਪੁੰਸਕ ਬਣਾਉਣ ਸਬੰਧੀ ਕੇਸ 'ਚ ਪੀੜਤ ਤੇ ਮੁੱਖ ਗਵਾਹ ਨੇ ਖੁਦ ਨੂੰ ਤੇ ਆਪਣੇ ਪਰਿਵਾਰ ਨੂੰ ਧਮਕੀਆਂ ਮਿਲਨ ਦਾ ਲਗਾਇਆ ਦੋਸ਼

ਚੰਡੀਗੜ੍ਹ, 13 ਜੁਲਾਈ (ਚ.ਨ.ਸ.): ਡੇਰਾ ਸਿਰਸਾ ਮੁਖੀ ਗੁਰਮੀਤ ਰਾਮ ਰਹੀਮ ਸਿੰਘ ਖ਼ਿਲਾਫ਼ ਨਪੁੰਸਕ ਬਣਾਉਣ ਸਬੰਧੀ ਕੇਸ ਵਿੱਚ ਪੀੜਤ ਤੇ ਮੁੱਖ ਗਵਾਹ ਨੇ ਖੁਦ ਨੂੰ ਅਤੇ ਆਪਣੇ ਪਰਿਵਾਰ ਨੂੰ ਧਮਕੀਆਂ ਮਿਲਨ ਦਾ ਦੋਸ਼ ਲਗਾਇਆ ਹੈ ਅਤੇ ਅਮਰੀਕਾ ਵਿੱਚ ਪਨਾਹ ਲਈ ਅਰਜ਼ੀ ਦਿੱਤੀ ਹੈ। ਉਹ ਚਾਹੁੰਦਾ ਹੈ ਕਿ ਧਮਕੀਆਂ ਕਾਰਨ ਕੇਸ ਵਿੱਚ ਉਸ ਦੀ ਜਿਰ੍ਹਾ ਵੀਡੀਓ ਕਾਨਫਰੰਸਿੰਗ ਰਾਹੀਂ ਕਰਵਾਈ ਜਾਵੇ ਪਰ ਰਾਮ ਰਹੀਮ ਇਸ ਦਾ ਵਿਰੋਧ ਕਰ ਰਿਹਾ ਹੈ। ਇਹ ਪਟੀਸ਼ਨ ਉਸ ਵੱਲੋਂ ਦਾਇਰ ਕੀਤੀ ਗਈ ਸੀ, ਜਿਸ ਦੀ ਪਟੀਸ਼ਨ 'ਤੇ 2015 ਵਿੱਚ ਸੀਬੀਆਈ ਵੱਲੋਂ ਡੇਰਾ ਮੁਖੀ ਖ਼ਿਲਾਫ਼ ਕੇਸ ਦਰਜ ਕੀਤਾ ਗਿਆ ਸੀ ਅਤੇ ਫਿਰ 2018 ਵਿੱਚ ਡਾਕਟਰਾਂ ਦੀ ਮਿਲੀਭੁਗਤ ਨਾਲ ਪੈਰੋਕਾਰਾਂ ਨੂੰ ਨਪੁੰਸਕ ਬਣਾਏ ਜਾਣ ਸਬੰਧੀ ਚਾਰਜਸ਼ੀਟ ਦਾਖ਼ਲ ਕੀਤੀ ਗਈ ਸੀ। ਪੰਚਕੂਲਾ ਦੀ ਹੇਠਲੀ ਅਦਾਲਤ ਦੇ ਸਾਹਮਣੇ ਪੀੜਤ ਨੇ ਆਪਣੇ ਵਕੀਲ ਨਵਕਿਰਨ ਸਿੰਘ ਰਾਹੀਂ ਦੱਸਿਆ ਕਿ ਉਹ ਜੂਨ 2024 'ਚ ਆਪਣੀ ਪਤਨੀ ਤੇ ਤਿੰਨ ਬੱਚਿਆਂ ਨਾਲ ਅਮਰੀਕਾ ਚਲਾ ਗਿਆ ਸੀ ਕਿਉਂਕਿ ਉਨ੍ਹਾਂ ਨੂੰ ਆਪਣੀ ਜਾਨ ਦਾ ਖ਼ਤਰਾ ਸੀ। ਉਸ ਨੇ ਕਿਹਾ ਕਿ ਉਹ ਭਾਰਤ ਵਾਪਸ ਆਉਣ ਦਾ ਇੱਛੁਕ ਨਹੀਂ ਹੈ ਪਰ ਮਾਮਲੇ 'ਚ ਵੀਡੀਓ ਕਾਨਫਰੰਸ ਰਾਹੀਂ ਜਿਰ੍ਹਾ ਕਰਾਉਣ ਲਈ ਤਿਆਰ ਹੈ। ਉਸ ਨੇ ਅਦਾਲਤ ਨੂੰ ਇਹ ਵੀ ਦੱਸਿਆ ਕਿ ਆਰਥਿਕ ਤੰਗੀ ਕਾਰਨ ਉਸ ਦੀ ਪਤਨੀ ਤੇ ਬੱਚੇ ਭਾਰਤ ਵਾਪਸ ਆ ਗਏ ਹਨ ਤੇ ਟੋਹਾਣਾ (ਹਰਿਆਣਾ) 'ਚ ਰਹਿ ਰਹੇ ਹਨ। ਉਸ ਨੇ ਦੱਸਿਆ ਕਿ ਰਾਮ ਰਹੀਮ ਦੇ ਪੈਰੋਕਾਰਾਂ ਵੱਲੋਂ ਜਾਨੋਂ ਮਾਰਨ ਦੀਆਂ ਮਿਲ ਰਹੀਆਂ ਧਮਕੀਆਂ ਦੇ ਆਧਾਰ 'ਤੇ ਉਸ ਨੇ ਅਮਰੀਕਾ 'ਚ ਪਨਾਹ ਲਈ ਅਰਜ਼ੀ ਦਿੱਤੀ ਹੈ। ਗਵਾਹ ਨੇ ਕਿਹਾ ਕਿ ਉਸ ਨੇ ਹਾਲਾਂਕਿ 25 ਮਾਰਚ ਤੇ 8 ਅਪ੍ਰੈਲ ਨੂੰ ਸੀਬੀਆਈ ਨੂੰ ਪੱਤਰ ਲਿਖ ਕੇ ਆਪਣੇ ਪਰਿਵਾਰਕ ਮੈਂਬਰਾਂ ਲਈ ਸੁਰੱਖਿਆ ਮੰਗੀ ਸੀ ਤੇ ਡੇਰਾ ਮੁਖੀ ਦੇ ਪੈਰੋਕਾਰਾਂ ਵੱਲੋਂ ਉਸ ਨੂੰ ਜਾਨੋਂ ਮਾਰਨ ਦੀ ਧਮਕੀ ਮਿਲਣ ਬਾਰੇ ਜਾਣਕਾਰੀ ਦਿੱਤੀ ਸੀ। ਉਸ ਨੇ ਸ਼ਿਕਾਇਤ ਕੀਤੀ ਕਿ ਸੀਬੀਆਈ ਨੇ ਵੀਡੀਓ ਕਾਨਫਰੰਸ ਰਾਹੀਂ ਗਵਾਹੀ ਦਰਜ ਕਰਾਉਣ ਦੀ ਇਜਾਜ਼ਤ ਮੰਗਣ ਲਈ ਇਸ ਅਦਾਲਤ 'ਚ ਰਸਮੀ ਅਰਜ਼ੀ ਨਹੀਂ ਦਿੱਤੀ। ਉਸ ਨੇ 11 ਜੁਲਾਈ ਨੂੰ ਅਦਾਲਤ ਨੂੰ ਦੱਸਿਆ ਕਿ 24 ਮਈ ਨੂੰ ਉਸ ਦੇ ਪਰਿਵਾਰ ਦੀ ਸੁਰੱਖਿਆ ਵਾਪਸ ਲੈ ਲਈ ਗਈ ਅਤੇ ਡੇਰਾ ਪੈਰੋਕਾਰਾਂ ਵੱਲੋਂ ਧਮਕੀਆਂ ਦਿੱਤੇ ਜਾਣ ਮਗਰੋਂ ਉਸ ਦੀ ਪਤਨੀ ਨੇ 26 ਮਈ ਨੂੰ ਫ਼ਤਿਹਾਬਾਦ ਦੇ ਐੱਸਪੀ, ਸੀਬੀਆਈ ਤੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਚੀਫ਼ ਜਸਟਿਸ ਨੂੰ ਇਸ ਬਾਰੇ ਪੱਤਰ ਲਿਖਿਆ ਸੀ। ਦੂਜੇ ਪਾਸੇ ਰਾਮ ਰਹੀਮ ਨੇ 11 ਜੁਲਾਈ ਆਪਣੇ ਵਕੀਲ ਅਮਰ ਡੀ. ਕਾਮਰਾ ਰਾਹੀਂ ਵੀਡੀਓ ਕਾਨਫਰੰਸਿੰਗ ਰਾਹੀਂ ਸੁਣਵਾਈ ਦਾ ਵਿਰੋਧ ਕਰਦਿਆਂ ਦਲੀਲ ਦਿੱਤੀ ਕਿ ਉਹ ਮੌਜੂਦਾ ਸਮੇਂ ਅਹਿਮ ਗਵਾਹ ਹੈ ਕਿਉਂਕਿ ਉਹ ਸ਼ਿਕਾਇਤਕਰਤਾ ਹੈ, ਜਿਸ ਕਾਰਨ ਉਸ ਦਾ ਕੇਸ ਦਰਜ ਕੀਤਾ ਗਿਆ। ਉਸ ਨੇ ਧਮਕੀਆਂ ਦਿੱਤੇ ਜਾਣ ਦੇ ਦੋਸ਼ਾਂ ਨੂੰ ਵੀ ਝੂਠਾ ਕਰਾਰ ਦਿੱਤਾ। ਇਸ ਦੌਰਾਨ ਸੀਬੀਆਈ ਨੇ ਪੀੜਤ ਦੇ ਪਰਿਵਾਰ ਨੂੰ ਸੁਰੱਖਿਆ ਬਾਰੇ ਅਰਜ਼ੀ 'ਤੇ ਜਵਾਬ ਦੇਣ ਲਈ ਸਮਾਂ ਮੰਗਿਆ ਹੈ।

# ਡੱਬਿਆਂ 'ਚ ਪੈਕ ਕੀਤਾ ਗਊ ਮਾਸ ਫੈਕਟਰੀ 'ਚੋਂ ਬ੍ਰਾਮਦ

ਅੰਮ੍ਰਿਤਸਰ, 13 ਜੁਲਾਈ (ਚ.ਨ.ਸ.): ਛਾਟੀਵਿੰਡ ਇਲਾਕੇ 'ਚ ਗਊ ਮਾਸ ਦੀ ਫੈਕਟਰੀ 'ਚੋਂ ਹਿੰਦੂ ਆਗੂਆਂ ਨੇ ਸੈਂਕੜੇ ਕਿੱਲੋ ਗਊ ਮਾਸ ਬਰਾਮਦ ਕੀਤਾ ਹੈ। ਉਨ੍ਹਾਂ ਦੀ ਟੀਮ ਸ਼ਨਿੱਚਰਵਾਰ ਨੂੰ ਉਕਤ ਫੈਕਟਰੀ 'ਚ ਪੁੱਜੀ। ਉਨ੍ਹਾਂ ਦੇਖਿਆ ਕਿ ਉੱਥੇ ਗਊਆਂ ਦੇ ਪਿੰਜਰ ਤੇ ਹੱਡੀਆਂ ਪਈਆਂ ਸਨ। ਇਸ ਤੋਂ ਇਲਾਵਾ ਪੰਜ ਮੁਲਜ਼ਮਾਂ ਨੇ ਇਹ ਮਾਸ ਡੱਬਿਆਂ 'ਚ ਪੈਕ ਕੀਤਾ ਹੋਇਆ ਸੀ। ਦੋਸ਼ ਹੈ ਕਿ ਇਸ ਫੈਕਟਰੀ 'ਚ ਗਊ ਹੱਤਿਆ ਵੀ ਕੀਤੀ ਜਾ ਰਹੀ ਸੀ। ਫਿਲਹਾਲ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ। ਘਟਨਾ ਦਾ ਪਤਾ ਲੱਗਦੇ ਹੀ ਹਿੰਦੂ ਸੰਗਠਨ ਮੌਕੇ 'ਤੇ ਪੁੱਜ ਗਏ ਅਤੇ ਸਰਕਾਰ ਵਿਰੁੱਧ ਨਾਅਰੇਬਾਜ਼ੀ ਕਰਦਿਆਂ ਇਨਸਾਫ਼ ਦੀ ਮੰਗ ਕੀਤੀ। ਹਿੰਦੂ ਆਗੂਆਂ ਨੇ ਦੋਸ਼ ਲਗਾਇਆ ਕਿ ਪ੍ਰਸ਼ਾਸਨ ਦੀ ਨੱਕ ਹੇਠ ਖੁੱਲ੍ਹੇਆਮ ਗਊ ਹੱਤਿਆ ਕੀਤੀ ਜਾ ਰਹੀ ਹੈ ਪਰ ਕਿਸੇ ਨੂੰ ਇਸ ਬਾਰੇ ਕੋਈ ਜਾਣਕਾਰੀ ਨਹੀਂ ਸੀ। ਰਾਜਪੁਰਾ ਦੇ ਰਹਿਣ ਵਾਲੇ ਗਊ ਰਕਸ਼ਾ ਦਲ ਦੇ ਰਾਸ਼ਟਰੀ ਪ੍ਰਧਾਨ ਤੇ ਸ੍ਰੀ ਹਿੰਦੂ ਤਖ਼ਤ ਦੇ ਰਾਸ਼ਟਰੀ ਸੰਗਠਨ ਮੰਤਰੀ ਸਤੀਸ਼ ਕੁਮਾਰ ਨੇ ਕਿਹਾ ਕਿ ਉਨ੍ਹਾਂ ਨੂੰ ਸੂਚਨਾ ਮਿਲੀ ਸੀ ਕਿ ਅੰਮ੍ਰਿਤਸਰ ਦੇ ਛਾਟੀਵਿੰਡ ਇਲਾਕੇ 'ਚ ਪਿੰਡ ਗਿਰਵਾਲੀ ਨੇੜੇ ਇਕ ਗੋਦਾਮ 'ਚ ਗਊ ਹੱਤਿਆ ਕੀਤੀ ਜਾ ਰਹੀ ਹੈ।



ਕੁਇੰਟਲ ਤੋਂ ਵੱਧ ਗਊ ਮਾਸ ਵੀ ਖੁੱਲ੍ਹੇ 'ਚ ਪਿਆ ਸੀ ਤੇ ਇਲਾਕੇ ਵਿਚ ਬਹੁਤ ਬਦਬੂ ਆ ਰਹੀ ਸੀ। ਉੱਥੇ ਲਗਭਗ 165 ਡੱਬੇ ਸਨ ਤੇ ਹਰੇਕ ਡੱਬੇ ਦਾ ਭਾਰ 10 ਕਿੱਲੋ ਸੀ, ਜਿਨ੍ਹਾਂ ਦਾ ਕੁੱਲ ਭਾਰ ਲਗਭਗ 16 ਕੁਇੰਟਲ ਗਊ ਮਾਸ ਸੀ। ਇਸ ਤੋਂ ਇਲਾਵਾ ਉੱਥੋਂ ਇਕ ਬਕਸਾ ਤੇ ਗਊ ਹੱਤਿਆ ਦਾ ਸਾਰਾ ਸਮਾਨ ਵੀ ਬਰਾਮਦ ਕੀਤਾ ਗਿਆ। ਘਟਨਾ ਤੋਂ ਤੁਰੰਤ ਬਾਅਦ ਪੁਲਿਸ ਨੂੰ ਸੂਚਿਤ ਕੀਤਾ ਗਿਆ। ਜਾਂਚ ਤੋਂ ਬਾਅਦ ਪੁਲਿਸ ਨੇ ਯੂਪੀ ਦੇ ਕੁਸ਼ੀਨਗਰ ਦੇ ਰਹਿਣ ਵਾਲੇ ਨਸੀਮ ਅੰਸਾਰੀ, ਲਖਨਊ ਦੇ ਸਲਾਹਗੰਜ ਪਿੰਡ ਦੇ ਰਹਿਣ ਵਾਲੇ ਸ਼ਾਨੂ, ਮੇਰਠ ਦੇ ਸ਼ਿਆਮ ਨਗਰ ਦੇ ਰਹਿਣ ਵਾਲੇ ਇਮਰਾਨ, ਮੇਰਠ ਦੇ ਇਸਲਾਮ ਨਗਰ ਦੇ ਗੋਕੁਲਪੁਰ ਦੇ ਰਹਿਣ ਵਾਲੇ ਹਸੀਨ ਮੁਰੱਦ ਅਤੇ ਸ਼ਿਆਮ ਨਗਰ ਦੇ ਰਹਿਣ ਵਾਲੇ ਮੁਰੀਦ ਇਮਰਾਨ ਵਿਰੁੱਧ ਮਾਮਲਾ ਦਰਜ ਕੀਤਾ ਹੈ। ਇਨ੍ਹਾਂ 'ਚੋਂ ਮੁਰੀਦ ਇਮਰਾਨ ਕਾਰ ਵਿਚ ਸਵਾਰ ਹੋ ਕੇ ਭੱਜ ਗਿਆ। ਲੋਕਾਂ ਨੇ ਦੱਸਿਆ ਕਿ ਮੁਲਜ਼ਮ ਨਾਲ ਕਾਰ 'ਚ ਪੰਜ ਔਰਤਾਂ ਵੀ ਸਵਾਰ ਸਨ। ਛਾਟੀਵਿੰਡ ਪੁਲਿਸ ਸਟੇਸ਼ਨ ਦੀ ਇੰਚਾਰਜ ਹਰਸਿਮਰਨਪ੍ਰੀਤ ਕੌਰ ਨੇ ਦੱਸਿਆ ਕਿ ਫਿਲਹਾਲ ਫੈਕਟਰੀ ਨੂੰ ਸੀਲ ਕਰ ਦਿੱਤਾ ਗਿਆ ਹੈ। ਮਾਸ ਦੇ ਨਮੂਨੇ ਇਕੱਠੇ ਕੀਤੇ ਗਏ ਹਨ ਤੇ ਜਾਂਚ ਜਾਰੀ ਹੈ। ਗਊ ਰਕਸ਼ਾ ਦਲ ਪੰਜਾਬ ਦੇ ਮੁਖੀ ਨਿਕਸਨ ਕੁਮਾਰ ਵਾਸੀ ਰੋਪੜ ਤੇ ਸੇਵਾ ਕਮਿਸ਼ਨ ਪੰਜਾਬ ਸਰਕਾਰ ਦੇ ਸਾਬਕਾ ਚੇਅਰਮੈਨ ਕੀਮਤੀ ਭਗਤ ਹਿੰਦੂ ਆਗੂ ਜੇ ਗੋਪਾਲ ਲਾਲੀ, ਸੰਦੀਪ ਸ਼ਰਮਾ, ਪੁਸ਼ਵਿੰਦਰ ਧੀਮਾਨ, ਦੀਪਕ ਸ਼ਰਮਾ, ਵਿਸ਼ਾਲ ਠਾਕੁਰ ਨਾਲ ਫੈਕਟਰੀ ਦੇ ਬਾਹਰ ਪੁੱਜੇ ਤੇ ਸਰਕਾਰ ਵਿਰੁੱਧ ਇਨਸਾਫ਼ ਦੀ ਮੰਗ ਕਰਦੇ ਹੋਏ ਨਾਅਰੇਬਾਜ਼ੀ ਕੀਤੀ। ਉਨ੍ਹਾਂ ਮੰਗ ਕੀਤੀ ਕਿ ਦੋਸ਼ੀਆਂ ਵਿਰੁੱਧ ਕਤਲ ਦਾ ਮਾਮਲਾ ਦਰਜ ਕੀਤਾ ਜਾਵੇ।

# ਸ੍ਰੀ ਬਾਵਾ ਲਾਲ ਦਿਆਲ ਮੰਦਰ 'ਚ ਪੂਜਾ ਤੇ ਸੰਕੀਰਤਨ ਨਾਲ ਮਨਾਇਆ ਗੁਰੂ ਪੂਰਨਿਮਾ ਦਿਵਸ



ਮੰਡੀ ਗੋਬਿੰਦਗੜ੍ਹ, 13 ਜੁਲਾਈ (ਸੂਦ): ਸ਼੍ਰੀ ਬਾਵਾ ਲਾਲ ਦਿਆਲ ਟਰੱਸਟ ਦੁਆਰਾ ਲਾਲ ਦਵਾਰਾ ਸਤਿਸੰਗ ਭਵਨ ਅਤੇ ਧਰਮਸ਼ਾਲਾ ਗੁਰੂ ਨਾਨਕ ਕਲੋਨੀ ਵਿੱਚ ਗੁਰੂ ਪੂਰਨਿਮਾ ਦਿਵਸ (ਵਿਆਸ ਪੂਜਾ) ਮੰਦਰ ਦੇ ਪੁਜਾਰੀ ਪੰਡਿਤ ਬਦਰੀ ਪ੍ਰਸਾਦ ਨੇ ਯੋਗੀਰਾਜ ਸਤਿਗੁਰੂ ਸ਼੍ਰੀ 1008 ਸ਼੍ਰੀ ਬਾਵਾ ਲਾਲ ਦਿਆਲ ਜੀ ਮਹਾਰਾਜ ਦੀ ਪੂਜਾ ਕਰਵਾ ਕੇ ਮਨਾਈ ਅਤੇ ਉਨ੍ਹਾਂ ਨੂੰ ਹਾਰ ਪਹਿਨਾਏ ਅਤੇ ਤਿਲਕ ਲਗਾਇਆ। ਇਸ ਮੌਕੇ ਮੁੱਖ ਮੇਜ਼ਬਾਨ ਦਰਸ਼ਨ ਲਾਲ ਭਾਟੀਆ ਨੇ ਵਿਧੀਵਤ ਤੌਰ 'ਤੇ ਗਣੇਸ਼ ਪੂਜਾ, ਸ਼੍ਰੀ ਲਕਸ਼ਮੀ ਪੂਜਾ ਅਤੇ ਨਵਗ੍ਰਹਿ ਪੂਜਾ ਕੀਤੀ। ਸੰਗਤਾਂ ਨੇ ਹਨੂੰਮਾਨ ਚਾਲੀਸਾ ਦਾ ਪਾਠ ਵੀ ਕੀਤਾ ਗਿਆ। ਇਸ ਮੌਕੇ ਪੰਡਿਤ ਬਦਰੀ ਪ੍ਰਸਾਦ ਨੇ ਗੁਰੂ ਪੂਰਨਿਮਾ ਦੀ ਮਹੱਤਤਾ ਬਾਰੇ ਬੋਲਦਿਆਂ ਕਿਹਾ ਕਿ ਸਭ ਤੋਂ ਪਹਿਲਾਂ ਸਾਡੇ ਮਾਤਾ-ਪਿਤਾ ਸਾਡੇ ਗੁਰੂ ਹਨ ਜੋ ਸਾਨੂੰ ਇਹ ਸੰਸਾਰ ਦਿਖਾਉਂਦੇ ਹਨ, ਦੂਜੇ ਗੁਰੂ ਜਿਨ੍ਹਾਂ ਸਾਨੂੰ ਗਿਆਨ ਦਿੱਤਾ, ਪਰਮ ਪਿਤਾ ਪਰਮ ਆਤਮਾ ਦੇ ਦਰਸ਼ਨ ਕਰਵਾਏ ਅਤੇ ਸਾਨੂੰ ਚੰਗੇ ਅਤੇ ਮਾੜੇ ਦਾ ਗਿਆਨ ਦਿੰਦਿਆਂ ਸੰਸਾਰ ਦੇ ਜੀਵਾਂ ਦਾ ਭਲਾ ਕਰਨ ਦਾ ਮਾਰਗ ਦਿਖਾਇਆ। ਉਨ੍ਹਾਂ ਕਿਹਾ ਕਿ ਹਰ ਮਨੁੱਖ ਦੇ ਜੀਵਨ ਵਿੱਚ ਇੱਕ ਗੁਰੂ ਹੋਣਾ ਚਾਹੀਦਾ ਹੈ ਕਿਉਂਕਿ ਗੁਰੂ ਤੋਂ ਬਿਨਾਂ ਮੁਕਤੀ ਨਹੀਂ। ਸ਼੍ਰੀ ਬਾਵਾ ਲਾਲ ਦਿਆਲ ਸੰਕੀਰਤਨ ਮੰਡਲ ਵੱਲੋਂ ਸੰਕੀਰਤਨ ਕੀਤਾ ਗਿਆ, ਜਿਸ ਵਿੱਚ ਵਿਸ਼ੇਸ਼ ਭਜਨ 'ਗੁਰੂ ਹੁੰਦੇ ਰੂਪ ਰੱਬ ਦਾ', 'ਮੁੱਖ ਦੁਨੀਆ ਮੋੜੇਗੀ ਦਾਤਾ ਤੂੰ ਮੁਖੜਾ ਨਾ ਮੋੜੀ', 'ਮੈਂ ਰਾਮ ਦਾ ਨਾਮ ਪਾਇਆ', 'ਹਾਥੀ ਘੋੜਾ ਪਾਲਕੀ ਜੈ ਜੈ ਬਾਵਾ ਲਾਲ ਦੀ' ਅਤੇ 'ਸਾਰੇ ਤੀਰਥ ਧਾਮ ਆਪ ਕੇ ਚਰਨੋ ਮੇਂ, ਹੇ ਗੁਰੂਦੇਵ ਪ੍ਰਣਾਮ ਆਪਕੇ ਚਰਨੋ ਮੇਂ' ਆਦਿ ਪੇਸ਼ ਕੀਤੇ। ਇਸ ਮੌਕੇ ਮਠਿਆਈ, ਫ਼ਲ, ਬਿਸਕੁਟ ਅਤੇ ਦੇਸੀ ਘਿਓ ਦਾ ਹਲਵਾ ਵੰਡਿਆ ਗਿਆ ਅਤੇ ਛੋਲੇ ਕੁਲਚੇ ਦਾ ਲੰਗਰ ਲਗਾਇਆ ਗਿਆ। ਇਸ ਮੌਕੇ ਟਰੱਸਟ ਦੇ ਚੇਅਰਮੈਨ ਦਰਸ਼ਨ ਲਾਲ ਭਾਟੀਆ, ਸੀਨੀਅਰ ਮੀਤ ਪ੍ਰਧਾਨ ਰਮੇਸ਼ ਮਿੱਤਲ, ਖਜ਼ਾਨਚੀ ਵਿਜੇ ਭਾਰਤੀ, ਸਕੱਤਰ ਨਰਿੰਦਰ ਭਾਟੀਆ, ਸੁਰਿੰਦਰ ਕਵਾਤਰਾ, ਸੁਭਾਸ਼ ਭਾਰਤੀ, ਸੋਨੂੰ ਗੋਬਿੰਦਗੜ੍ਹੀਆ, ਪ੍ਰਦੀਪ ਭਾਰਤੀ, ਰਾਜੇਸ਼ ਭਾਰਤੀ, ਦਵਿੰਦਰ ਸਚਦੇਵਾ, ਵਿਕਾਸ ਅਰੋੜਾ ਬਾਵਾ, ਅਮਿਤ ਕਵਾਤਰਾ, ਮਹਿੰਦਰ ਕਾਵਾਤਰਾ, ਜਵਾਈ.ਲਾਲ ਭਾਰਤੀ, ਸੁਨੀਲ ਤਲਵਾਰ ਸੋਨੂੰ, ਨਮਨ ਭਾਟੀਆ, ਅਭਿਸ਼ੇਕ ਬਾਂਸਲ, ਵਿਕਾਸ ਕੁਮਾਰ, ਰਾਕੇਸ਼ ਕੁਮਾਰ, ਸੰਜੇ ਗਰਗ, ਊਸ਼ਾ ਕਵਾਤਰਾ, ਰੇਖਾ ਭਾਰਤੀ, ਨੀਲਮ ਭਾਟੀਆ, ਸਾਵਿਤਰੀ ਮਿੱਤਲ, ਸੰਤੋਸ਼ ਰਾਣੀ ਕੁਮਾਰ, ਅੰਜਲੀ ਭਾਰਤੀ, ਪੂਨਮ ਭਾਰਤੀ, ਮੀਨੂੰ ਵੀਏ ਅਰੋੜਾ, ਸੁਮੇਧਾ ਅਰੋੜਾ, ਪ੍ਰੀਆ ਕੁਮਾਰ, ਕਨਿਕਾ ਘਾਵਰੀ, ਰਾਜ ਰਾਣੀ ਭਾਰਤੀ, ਦਰਸ਼ਨਾ ਰਾਣੀ ਭਾਟੀਆ, ਵੀਨਾ ਅਰੋੜਾ, ਵੰਦਨਾ ਭਾਰਤੀ, ਨਿਸ਼ਾ ਭਾਟੀਆ, ਕਾਮਨੀ ਭਾਰਤੀ, ਮੀਨੂੰ ਭਾਟੀਆ, ਪੂਨਮ ਭਾਰਤੀ, ਸੁਨੀਤਾ ਭਾਟੀਆ, ਮੋਨਿਕਾ ਭਾਟੀਆ, ਕਾਂਤਾ, ਸੰਤੋਸ਼ ਮਦਾਨ, ਵੀਨਾ ਟੰਡਨ, ਮੀਨੂੰ ਅਰੋੜਾ, ਪ੍ਰਿਆ, ਕਿਰਨ ਕਵਾਤਰਾ, ਰੀਆ ਭਾਰਤੀ, ਜਸਬੀਰ ਕੌਰ, ਸ਼ੀਲੂ ਮਿਸ਼ਰਾ ਅਤੇ ਸਾਨਵੀ ਭਾਰਤੀ ਆਦਿ ਹਾਜ਼ਰ ਸਨ।

# ਦੇਸ਼ ਭਗਤ ਯੂਨੀਵਰਸਿਟੀ ਨੇ ਸਮਝੌਤਾ ਪੱਤਰ 'ਤੇ ਹਸਤਾਖ਼ਰ ਕਰਕੇ ਪੀਆਈ-ਰਾਹੀਂ ਕੀਤੀ ਰਣਨੀਤਕ ਭਾਈਵਾਲੀ



ਮੰਡੀ ਗੋਬਿੰਦਗੜ੍ਹ, 13 ਜੁਲਾਈ (ਅੰਮ੍ਰਿਤਪਾਲ ਸਿੰਘ/ਸੂਦ): ਦੇਸ਼ ਭਗਤ ਯੂਨੀਵਰਸਿਟੀ ਮੰਡੀ ਗੋਬਿੰਦਗੜ੍ਹ ਨੇ ਇੱਕ ਸਮਝੌਤਾ ਪੱਤਰ 'ਤੇ ਹਸਤਾਖਰ ਕਰਕੇ ਪੀਆਈ-ਰਾਹੀ ਇੱਕ ਰਣਨੀਤਕ ਭਾਈਵਾਲੀ ਕੀਤੀ ਹੈ। ਇਸ ਸਮਝੌਤੇ 'ਤੇ ਪੀਆਈ-ਰਾਹੀ ਦੇ ਡਾਇਰੈਕਟਰ ਡਾ. ਰਜਤ ਸੰਧੀਰ ਤੇ ਡੀਨ ਆਫ਼ ਰਿਸਰਚ ਐਂਡ ਡਿਵੈਲਪਮੈਂਟ ਦੇਸ਼ ਭਗਤ ਯੂਨੀਵਰਸਿਟੀ ਡਾ. ਪਰਵੀਨ ਬਾਂਸਲ ਨੇ ਰਸਮੀ ਤੌਰ 'ਤੇ ਦਸਤਖਤ ਕੀਤੇ। ਇਹ ਸਮਝੌਤਾ ਹਾਲ ਹੀ ਵਿੱਚ ਕਰਵਾਏ ਪ੍ਰੋਗਰਾਮ 'ਸਿਨ-ਫਾਰਮਾ' ਦਾ ਇੱਕ ਮਹੱਤਵਪੂਰਨ ਨਤੀਜਾ ਹੈ ਅਤੇ ਇਸਨੂੰ ਵਿਗਿਆਨ ਅਤੇ ਤਕਨਾਲੋਜੀ ਰਾਹੀਂ ਮਹਿਲਾ ਸਸ਼ਕਤੀਕਰਨ ਵਿੱਚ ਆਪਣੇ ਮਹੱਤਵਪੂਰਨ ਯੋਗਦਾਨ ਲਈ ਜਾਣੀ ਜਾਂਦੀ ਰਾਸ਼ਟਰੀ ਪੁਰਸਕਾਰ ਜੇਤੂ ਡਾ. ਜਤਿੰਦਰ ਕੌਰ ਅਰੋੜਾ ਦੀ ਦੂਰਦਰਸ਼ੀ ਅਗਵਾਈ ਹੇਠ ਸੰਕਲਪਿਤ ਕੀਤਾ ਗਿਆ। ਇਸ ਪਹਿਲਕਦਮੀ ਦੀ ਚਾਂਸਲਰ ਡਾ. ਜ਼ੋਰਾ ਸਿੰਘ ਨੇ ਵੀ ਸ਼ਲਾਘਾ ਕੀਤੀ। ਇਹ ਸਮਝੌਤਾ ਖੋਜ, ਨਵੀਨਤਾ ਤੇ ਵਿਸ਼ਵਵਿਆਪੀ ਸਮਰੱਥਾ-ਨਿਰਮਾਣ ਵਿੱਚ ਸਹਿਯੋਗੀ ਯਤਨਾਂ ਦੀ ਰੂਪ-ਰੇਖਾ ਦਿੰਦਾ ਹੈ। ਯੂਨੀਵਰਸਿਟੀ ਦੇ ਡਾਇਰੈਕਟਰ ਆਫ਼ ਇੰਟਰਨੈਸ਼ਨਲ ਰਿਲੇਸ਼ਨਜ਼ ਅਰੁਣ ਮਲਿਕ ਅਤੇ ਚੀਫ਼ ਓਪਰੇਟਿੰਗ ਅਫ਼ਸਰ ਪੀਆਈ-ਰਾਹੀ ਨੇਹਾ ਵਰਗੀਆਂ ਸ਼ਖਸੀਅਤਾਂ ਨੇ ਇਸ ਸਹਿਯੋਗ ਦੇ ਅੰਤਰਰਾਸ਼ਟਰੀ ਪਹਿਲੂਆਂ 'ਤੇ ਜ਼ੋਰ ਦੇ ਕੇ ਮਹੱਤਵਪੂਰਨ ਭੂਮਿਕਾਵਾਂ ਨਿਭਾਈਆਂ। ਮੀਟਿੰਗ ਦੌਰਾਨ ਡਾ. ਜਤਿੰਦਰ ਕੌਰ ਅਰੋੜਾ ਨੇ ਟੀਮਾਂ ਨੂੰ ਨਾਮੀਬੀਆ, ਘਾਨਾ, ਕੀਨੀਆ ਤੇ ਤਨਜ਼ਾਨੀਆ ਵਰਗੇ ਪਛੜੇ ਦੇਸ਼ਾਂ ਵਿੱਚ ਸਮਰੱਥਾ-ਨਿਰਮਾਣ ਪ੍ਰੋਗਰਾਮਾਂ ਰਾਹੀਂ ਆਪਣੀ ਸਹਿਯੋਗੀ ਪਹੁੰਚ ਨੂੰ ਵਧਾਉਣ ਦੀ ਗੱਲ ਆਖੀ, ਜਿਸ ਨਾਲ ਵਿਸ਼ਵਵਿਆਪੀ ਅਕਾਦਮਿਕ ਅਤੇ ਵਿਗਿਆਨਕ ਸਹਿਯੋਗ ਨੂੰ ਮਜ਼ਬੂਤੀ ਮਿਲੇਗੀ। ਵਾਈਸ ਚਾਂਸਲਰ ਡਾ. ਹਰਸ਼ ਸਦਾਵਰਤੀ ਨੇ ਸਾਂਝੇ ਉਪਰਾਲੇ ਦੀ ਸ਼ਲਾਘਾ ਕੀਤੀ। ਸਾਂਝੇਦਾਰੀ ਦੇ ਅਗਲੇ ਕਦਮ ਵਜੋਂ ਦੇਸ਼ ਭਗਤ ਯੂਨੀਵਰਸਿਟੀ ਅਤੇ ਪੀਆਈ-ਰਾਹੀ ਆਯੂਸ਼ ਉਦਯੋਗ 'ਤੇ ਕੇਂਦ੍ਰਿਤ ਮੀਟਿੰਗ ਦੀ ਸਹਿ-ਮੇਜ਼ਬਾਨੀ ਕਰਨ ਲਈ ਤਿਆਰ ਹਨ, ਮੌਜੂਦਾ ਚੁਣੌਤੀਆਂ ਨੂੰ ਸੰਬੋਧਤ ਕਰਦੇ ਹਨ ਅਤੇ ਸਹਿਯੋਗੀ ਹੱਲਾਂ ਦੀ ਖੋਜ ਕਰਦੇ ਹਨ ਜੋ ਅਕਾਦਮਿਕ, ਉਦਯੋਗ ਤੇ ਖਪਤਕਾਰਾਂ ਵਿਚਕਾਰ ਪਾੜੇ ਨੂੰ ਪੂਰਾ ਕਰਦੇ ਹਨ। ਇਹ ਸਮਝੌਤਾ ਨਵੀਨਤਾ ਨੂੰ ਉਤਸ਼ਾਹਿਤ ਕਰਨ, ਅਕਾਦਮਿਕ-ਉਦਯੋਗ ਸਬੰਧਾਂ ਨੂੰ ਮਜ਼ਬੂਤ ਕਰਨ, ਸਾਂਝੇ ਦ੍ਰਿਸ਼ਟੀਕੋਣ ਤੇ ਮੁਹਾਰਤ ਰਾਹੀਂ ਵਿਸ਼ਵਵਿਆਪੀ ਪਹੁੰਚ ਨੂੰ ਵਧਾਉਣ ਵੱਲ ਇੱਕ ਮਹੱਤਵਪੂਰਨ ਕਦਮ ਹੈ।

# ਗਊ ਮਾਤਾ ਦੀ ਸੇਵਾ ਇੱਕ ਉੱਤਮ ਸੇਵਾ: ਲਾਇਨ ਰਾਕੇਸ਼ ਰੋਮਾਣਾ



ਜੈਤੋ, 13 ਜੁਲਾਈ (ਸੰਜੀਵ ਗੋਇਲ/ਵਿਪਨ ਗੋਇਲ): ਪ੍ਰਸਿੱਧ ਸਮਾਜ ਸੇਵੀ ਸੰਸਥਾ ਲਾਇਨ ਕਲੱਬ ਜੈਤੋ ਗੰਗਸਰ ਨੇ ਆਪਣੀ ਸਮਾਜ ਸੇਵਾ ਨੂੰ ਜਾਰੀ ਰੱਖਦੇ ਹੋਏ ਪ੍ਰਧਾਨ ਲਾਇਨ ਕੁਲਭੂਸ਼ਣ ਮਹੇਸ਼ਵਰੀ ਦੀ ਯੋਗ ਅਗਵਾਈ ਹੇਠ ਪੰਚਾਇਤ ਗਊਸ਼ਾਲਾ ਵਿੱਚ ਗਊਆਂ ਨੂੰ ਹਰਾ ਚਾਰਾ ਖੁਆਇਆ। ਇਸ ਮੌਕੇ ਲਾਇਨ ਆਈ ਕੇਅਰ ਸੈਂਟਰ ਜੈਤੋ ਦੇ ਚੇਅਰਮੈਨ ਲਾਇਨ ਰਾਕੇਸ਼ ਰੋਮਾਣਾ ਨੇ ਕਿਹਾ ਕਿ ਸਾਡੀ ਸੰਸਥਾ ਹਮੇਸ਼ਾ ਗਰੀਬ ਲੋਕਾਂ ਦੀ ਸੇਵਾ ਲਈ ਸਮਰਪਿਤ ਹੈ ਅਤੇ ਭਵਿੱਖ ਵਿੱਚ ਵੀ ਅਜਿਹਾ ਕਰਦੀ ਰਹੇਗੀ। ਇਸ ਦੇ ਨਾਲ ਹੀ ਹੋਰ ਸਮਾਜ ਭਲਾਈ ਦੇ ਕੰਮ ਵੀ ਇਸੇ ਤਰ੍ਹਾਂ ਜਾਰੀ ਰਹਿਣਗੇ। ਇਸ ਮੌਕੇ ਸਕੱਤਰ ਲਾਇਨ ਮੰਨੂ ਗੋਇਲ, ਖਜ਼ਾਨਚੀ ਲਾਇਨ ਆਸ਼ੂ ਮਿੱਤਲ, ਪੀਆਰਓ ਲਾਇਨ ਨਰੇਸ਼ ਮਿੱਤਲ, ਲਾਇਨ ਨਰੇਸ਼ ਗਰਗ, ਲਾਇਨ ਪ੍ਰਵੀਨ ਜੈਨ, ਲਾਇਨ ਪੁਰਸ਼ੋਤਮ ਸਿੰਗਲਾ, ਲਾਇਨ ਰਤਨ ਭੂਸ਼ਣ ਅਤੇ ਜ਼ੋਨ ਚੇਅਰਪਰਸਨ ਜ਼ੋਨ 3 ਲਾਇਨ ਭੂਸ਼ਣ ਰੋਮਾਣਾ ਮੌਜੂਦ ਸਨ।

# ਨਗਰ ਪੰਚਾਇਤ ਨੇ ਅਵਾਰਾ ਕੁੱਤਿਆਂ ਦੀ ਨਸਬੰਦੀ ਸਬੰਧੀ ਚਲਾਈ ਮੁਹਿੰਮ

### ☛ ਸ਼ਹਿਰ ਵਾਸੀ ਆਪਣੇ ਪਾਲਤੂ ਜਾਨਵਰਾਂ ਨੂੰ ਆਪਣੇ ਘਰਾਂ ਵਿੱਚ ਹੀ ਰੱਖਣ: ਸੈਨਟਰੀ ਇੰਸਪੈਕਟਰ

ਕੋਟ ਈਸੇ ਖਾਂ, 13 ਜੁਲਾਈ (ਗਾਂਧੀ/ਖੁਰਾਣਾ): ਪੰਜਾਬ ਸਰਕਾਰ ਵੱਲੋਂ ਚਲਾਈ ਗਈ ਮੁਹਿੰਮ ਏ ਬੀ ਸੀ ਤਹਿਤ ਅਵਾਰਾ ਕੁੱਤਿਆਂ ਦੀ ਨਸਬੰਦੀ ਪ੍ਰੋਗਰਾਮ ਚੱਲ ਰਿਹਾ ਹੈ, ਜਿਹਦੇ ਤਹਿਤ ਨਗਰ ਪੰਚਾਇਤ ਕੋਟ ਈਸੇ ਖਾਂ ਵੱਲੋਂ ਵੀ ਕਸਬੇ ਅੰਦਰ ਅਵਾਰਾ ਕੁੱਤਿਆਂ ਨੂੰ ਫੜ ਕੇ ਉਹਨਾਂ ਦੀ ਨਸਬੰਦੀ ਕੀਤੀ ਜਾ ਰਹੀ ਹੈ। ਇਸ ਸਬੰਧੀ ਹੋਰ ਜਾਣਕਾਰੀ ਦਿੰਦੇ ਹੋਏ ਨਗਰ ਪੰਚਾਇਤ ਦੇ ਸੈਨਟਰੀ ਇੰਸਪੈਕਟਰ ਅਨਿਲ ਕੁਮਾਰ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਚਲਾਈ ਗਈ ਮੁਹਿੰਮ ਤਹਿਤ ਕਾਰਜ ਸਾਧਕ ਅਫਸਰ ਕੋਟ ਈਸੇ ਖਾਂ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਇਸ ਪ੍ਰੋਗਰਾਮ ਤਹਿਤ ਕੁੱਤਿਆਂ ਨੂੰ ਫੜ ਕੇ ਦੋ ਦਿਨ ਉਹਨਾਂ ਦੀ ਨਿਗਰਾਨੀ ਕੀਤੀ ਜਾਂਦੀ ਹੈ, ਉਪਰੰਤ ਉਹਨਾਂ ਦਾ ਆਪਰੇਸ਼ਨ ਕਰਕੇ ਉਹਨਾਂ ਨੂੰ ਤਿੰਨ ਚਾਰ ਦਿਨ ਨਿਗਰਾਨੀ ਅਧੀਨ ਰੱਖਿਆ ਜਾਂਦਾ ਹੈ ਅਤੇ ਇਸ ਤੋਂ ਬਾਅਦ ਉਹਨਾਂ ਅਵਾਰਾ ਕੁੱਤਿਆਂ ਨੂੰ ਵਾਪਸ ਜਿੱਥੋਂ ਲਿਆਂਦਾ ਗਿਆ ਸੀ ਉਸੇ ਜਗ੍ਹਾ ਉੱਪਰ ਛੱਡ ਦਿੱਤਾ ਜਾਂਦਾ ਹੈ। ਉਹਨਾਂ ਅੱਗੇ ਕਿਹਾ ਕਿ ਜਿਨਾਂ ਲੋਕਾਂ ਨੇ ਆਪਣੇ ਘਰਾਂ ਵਿੱਚ ਪਾਲਤੂ ਕੁੱਤੇ ਪਾਲੇ ਹੋਏ ਹਨ, ਉਹ ਉਹਨਾਂ ਨੂੰ ਆਪਣੇ ਘਰਾਂ ਦੇ ਅੰਦਰ ਹੀ ਰੱਖਣ ਅਤੇ ਉਹ ਨਗਰ ਪੰਚਾਇਤ 'ਚ ਉਹਨਾਂ ਦੀ ਰਜਿਸਟਰੇਸ਼ਨ ਕਰਵਾ ਲੈਣ ਤਾਂ ਜੋ ਕੱਲ ਨੂੰ ਕਿਸੇ ਵੀ ਨਾਗਰਿਕ ਨੂੰ ਇਸ ਸਬੰਧੀ ਕੋਈ ਪਰੇਸ਼ਾਨੀ ਨਾ ਆਵੇ। ਉਹਨਾਂ ਅੱਗੇ ਕਿਹਾ ਕਿ ਇਹ ਮੁਹਿੰਮ ਸਿਰਫ ਅਵਾਰਾ ਕੁੱਤਿਆ ਨੂੰ ਫੜਨ ਲਈ ਚਲਾਈ ਗਈ ਹੈ। ਉਹਨਾਂ ਅੱਗੇ ਕਿਹਾ ਕਿ ਜੇਕਰ ਕਿਸੇ ਨਾਗਰਿਕ ਦਾ ਕੋਈ ਪਾਲਤੂ ਕੁੱਤਾ ਬਿਨਾਂ ਪਟੇ ਤੋਂ ਬਾਹਰ ਘੁੰਮਦਾ ਫੜਿਆ ਗਿਆ ਤਾਂ ਉਸ ਸਬੰਧੀ ਨਗਰ ਪੰਚਾਇਤ ਕੋਈ ਜ਼ਿੰਮੇਵਾਰ ਨਹੀਂ ਹੋਵੇਗੀ। ਉਨਾਂ ਸ਼ਹਿਰ ਵਾਸੀਆਂ ਨੂੰ ਅਪੀਲ ਕੀਤੀ ਹੈ ਕਿ ਉਹ ਆਪਣੇ ਪਾਲਤੂ ਜਾਨਵਰਾਂ ਨੂੰ ਆਪਣੇ ਘਰਾਂ ਵਿੱਚ ਹੀ ਰੱਖਣ।



# ਬਾਬਾ ਬੰਦਾ ਸਿੰਘ ਬਹਾਦਰ ਸੁਸਾਇਟੀ ਦੇ ਸੁਖਵਿੰਦਰ ਸਿੰਘ ਕਾਲਾ ਅਰੋੜਾ ਸਰਬਸੰਮਤੀ ਨਾਲ ਕਾਰਜਕਾਰੀ ਪ੍ਰਧਾਨ ਬਣੇ



ਅਮਲੋਹ, 13 ਜੁਲਾਈ (ਜਸਵੰਤ ਸਿੰਘ): ਬਾਬਾ ਬੰਦਾ ਸਿੰਘ ਬਹਾਦਰ ਵੈਲਫੇਅਰ ਸੋਸਾਇਟੀ ਰਜਿ. ਅਮਲੋਹ ਦੀ ਮੀਟਿੰਗ ਪ੍ਰਧਾਨ ਜਸਵੰਤ ਸਿੰਘ ਦੀ ਪ੍ਰਧਾਨਗੀ ਹੇਠ ਨਿਰਵਾਲ ਰੈਸਟੋਰੈਂਟ ਵਿਖੇ ਹੋਈ, ਜਿਸ ਵਿੱਚ 50 ਦੇ ਕਰੀਬ ਮੈਂਬਰਾਂ ਨੇ ਸ਼ਿਰਕਤ ਕੀਤੀ। ਮੀਟਿੰਗ ਵਿੱਚ ਪ੍ਰਧਾਨ ਡਾ. ਜਸਵੰਤ ਸਿੰਘ ਨੇ ਘਰੇਲੂ ਰੁਝੇਵਿਆਂ ਕਾਰਣ ਮੈਂਬਰਾਂ ਦੀ ਸਹਿਮਤੀ ਨਾਲ ਸੁਖਵਿੰਦਰ ਸਿੰਘ ਕਾਲਾ ਅਰੋੜਾ ਨੂੰ ਸੁਸਾਇਟੀ ਦਾ ਕਾਰਜਕਾਰੀ ਪ੍ਰਧਾਨ ਅਤੇ ਡਾ. ਅਰਜਨ ਸਿੰਘ ਨੂੰ ਜਨਰਲ ਸਕੱਤਰ ਬਣਾਇਆ ਗਿਆ। ਇਹ ਫੈਸਲਾ ਮੈਂਬਰਾਂ ਦੀ ਸਹਿਮਤੀ ਨਾਲ ਲਿਆ ਗਿਆ। ਇਸ ਮੌਕੇ 6 ਅਰਜ਼ੀਆਂ ਮੈਡੀਕਲ ਸਹਾਇਤਾ ਅਤੇ ਪੜ੍ਹਾਈ ਲਈ ਮਦਦ ਲਈ ਆਈਆਂ ਸਨ, ਉਹ ਵੀ ਸਰਬ ਸੰਮਤੀ ਨਾਲ ਪਾਸ ਕੀਤੀਆਂ ਗਈਆਂ। ਸੁਸਾਇਟੀ ਵਿਚ 4 ਨਵੇਂ ਮੈਂਬਰ ਅਮਰੀਕ ਸਿੰਘ ਮੇਜੀ, ਕੈਲੀਫੋਰਨੀਆ ਕੋਲਡ ਸਟੋਰ ਦੇ ਮਾਲਕ ਲੱਖੀ ਬਰੀਮਾ, ਕੁਲਦੀਪ ਧੀਮਾਨ ਮਾਜਰੀ ਅਤੇ ਸਰਪੰਚ ਹਰਵਿੰਦਰ ਸਿੰਘ ਬਿੰਦਾ ਨੂੰ ਲਿਆ ਗਿਆ। ਮੀਟਿੰਗ ਵਿਚ ਅਮਰਜੀਤ ਸਿੰਘ ਮੁਢੜੀਆਂ, ਬਲਦੇਵ ਸਿੰਘ ਘਟੀਂਡ, ਰੋਸ਼ਨ ਲਾਲ ਸੂਦ, ਸਰਪੰਚ ਹਰਿੰਦਰ ਸਿੰਘ, ਕੁਲਜਿੰਦਰ ਸਿੰਘ ਨਿਰਵਾਲ, ਸਰਪੰਚ ਗੁਰਦੀਪ ਸਿੰਘ ਜੰਜੂਆ, ਪਵਨਦੀਪ ਸਿੰਘ, ਕੇਸਰ ਸਿੰਘ, ਜਗਤਾਰ ਸਿੰਘ ਗਿੱਲ, ਵੀਰਦਵਿੰਦਰ ਸਿੰਘ, ਪੰਚਾਇਤ ਅਫ਼ਸਰ ਬਲਪਿੰਦਰ ਸਿੰਘ, ਹੈਪੀ ਗਰੇਵਾਲ, ਬਲਵਿੰਦਰ ਸਿੰਘ ਸਿੱਧੂ, ਪਰਮਿੰਦਰ ਸਿੰਘ, ਬੇਅੰਤ ਸਿੰਘ ਬੈਣਾ, ਸਿੰਦਰਪਾਲ ਸਿੰਘ, ਕੁਲਦੀਪ ਸਿੰਘ ਮਛਰਾਈ, ਹੈਪੀ ਟਿੱਬੀ, ਹਰਬੰਸ ਸਿੰਘ ਬਡਾਲੀ, ਸਰਬਜੀਤ ਸਿੰਘ, ਗਗਨ ਖੁੱਲਰ, ਹਰਪ੍ਰੀਤ ਸਿੰਘ ਸੋਨੂੰ, ਜਸਪਾਲ ਸਿੰਘ ਸੋਢੀ, ਕੌਂਸਲਰ ਰਕੇਸ਼ ਕੁਮਾਰ ਸ਼ਾਹੀ, ਡਾ. ਹਰਿੰਦਰ ਸਿੰਘ ਸ਼ਾਹੀ, ਨੀਰਜ ਜਿੰਦਲ, ਤਰਸੇਮ ਸਿੰਘ ਸਿੱਧੂ, ਗੁਰਨਾਮ ਸਿੰਘ ਪੁਰੀ, ਰਾਜੂ ਬਰੀਮਾ, ਨਾਹਰ ਸਿੰਘ ਝੰਬਾਲਾ, ਹਰਮੀਤ ਸਿੰਘ, ਮੋਹਨ ਸਿੰਘ, ਰੇਸ਼ਮ ਸਿੰਘ ਵਿਰਕ, ਅਮਨ ਧੀਮਾਨ, ਦਿਲਬਾਗ ਸਿੰਘ, ਬਿੱਟੂ ਕੈਂਥ, ਤਰਲੋਕ ਸਿੰਘ, ਗੁਰਦਰਸ਼ਨ ਸਿੰਘ ਗੈਰੀ, ਖਜ਼ਾਨਚੀ ਮਾਸਟਰ ਗਗਨ ਗੁਪਤਾ ਅਤੇ ਪਵਿੱਤਰ ਸਿੰਘ ਆਦਿ ਹਾਜ਼ਰ ਸਨ।

# ਅਮਰੀਕਾ 'ਚ ਸੜਕੀ ਹਾਦਸੇ 'ਚ ਗਲੋਟੀ ਦੇ ਨੌਜਵਾਨ ਦੀ ਹੋਈ ਮੌਤ

ਕੋਟ ਈਸੇ ਖਾਂ, 13 ਜੁਲਾਈ (ਗਾਂਧੀ/ਖੁਰਾਣਾ): ਕਸਬਾ ਕੋਟ ਈਸੇ ਖਾਂ ਦੇ ਨਾਲ ਲੱਗਦੇ ਪਿੰਡ ਗਲੋਟੀ ਦਾ ਨੌਜਵਾਨ ਗੁਰਜੰਟ ਸਿੰਘ, ਜੋ ਅਮਰੀਕਾ ਵਿੱਚ ਜੋ ਆਪਣੇ ਚੰਗੇ ਭਵਿੱਖ ਲਈ ਕੁਝ ਸਾਲਾਂ ਤੋਂ ਗਿਆ ਸੀ, ਉਸ ਦੀ ਇੱਕ ਸੜਕੀ ਹਾਦਸੇ ਵਿੱਚ ਮੌਤ ਹੋ ਜਾਣ ਨਾਲ ਇਲਾਕੇ ਅੰਦਰ ਸੋਗ ਦੀ ਲਹਿਰ ਦੌੜ ਗਈ। ਪ੍ਰਾਪਤ ਜਾਣਕਾਰੀ ਅਨੁਸਾਰ ਮ੍ਰਿਤਕ ਨੌਜਵਾਨ ਵਿਰਸਾ ਸਿੰਘ ਦਾ ਬੇਟਾ, ਕਾਂਗਰਸੀ ਆਗੂ ਗੁਰਮੁੱਖ ਸਿੰਘ ਦਾ ਭਰਾ ਸੀ ਅਤੇ ਸਾਬਕਾ ਵਿਧਾਇਕ ਸੁਖਜੀਤ ਸਿੰਘ ਲੋਹਗੜ ਦੇ ਬਹੁਤ ਕਰੀਬੀਆਂ ਵਿੱਚੋਂ ਸੀ, ਉਹ ਅਮਰੀਕਾ ਦੇ ਇੱਕ ਸ਼ਹਿਰ ਵਿੱਚ ਕੰਮ ਕਰਦਾ ਸੀ। ਕੰਮ ਤੋਂ ਵਾਪਸ ਪਰਤਿਆ ਸੜਕ 'ਤੇ ਜਾਂਦੇ ਸਮੇਂ ਗੱਡੀ ਦਾ ਸੰਤੁਲਨ ਵਿਗੜਨ ਕਾਰਨ ਇਹ ਭਿਆਨਕ ਹਾਦਸਾ ਵਾਪਰਿਆ ਅਤੇ ਉਸ ਨੌਜਵਾਨ ਗੁਰਜੰਟ ਸਿੰਘ ਦੀ ਮੌਤ ਹੋ ਗਈ। ਇਸ ਬੇਵਕਤੀ ਹੋਈ ਮੌਤ ਦੀ ਖਬਰ ਸੁਣਦਿਆਂ ਹੀ ਬਹੁਤ ਵੱਡੀ ਗਿਣਤੀ 'ਚ ਧਾਰਮਿਕ, ਸਮਾਜਿਕ ਅਤੇ ਰਾਜਨੀਤਿਕ ਪਾਰਟੀਆਂ ਦੇ ਆਗੂਆਂ ਅਤੇ ਹੋਰਨਾਂ ਵੱਲੋਂ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ ਗਿਆ। ਮ੍ਰਿਤਕ ਨੌਜਵਾਨ ਗੁਰਜੰਟ ਸਿੰਘ ਦੀ ਮ੍ਰਿਤਕ ਦੇਹ ਪੰਜਾਬ ਪੁੱਜਣ ਤੋਂ ਬਾਅਦ ਅੰਤਿਮ ਸਸਕਾਰ ਕੀਤਾ ਜਾਵੇਗਾ।



# ਉਦਯੋਗ ਮੰਤਰੀ ਸੰਜੀਵ ਅਰੋੜਾ ਨੇ ਅਬੋਹਰ ਪਹੁੰਚ ਕੇ ਕੱਪੜਾ ਵਪਾਰੀ ਸੰਜੇ ਵਰਮਾ ਨੂੰ ਸ਼ਰਧਾਂਜਲੀ ਭੇਟ ਕੀਤੀ

ਅਬੋਹਰ (ਫਾਜ਼ਿਲਕਾ), 13 ਜੁਲਾਈ (ਬਖਸ਼ੀਸ਼ ਸਿੰਘ/ਜਸਪ੍ਰੀਤ ਸਿੰਘ): ਪੰਜਾਬ ਦੇ ਉਦਯੋਗ ਮੰਤਰੀ ਸੰਜੀਵ ਅਰੋੜਾ ਨੇ ਅੱਜ ਇੱਥੇ ਸ਼ਹਿਰ ਦੇ ਪ੍ਰਸਿੱਧ ਵਪਾਰੀ ਸੰਜੇ ਵਰਮਾ ਦੇ ਸ਼ਰਧਾਂਜਲੀ ਸਮਾਗਮ ਵਿੱਚ ਸ਼ਿਰਕਤ ਕਰਦਿਆਂ ਉਹਨਾਂ ਨੂੰ ਆਪਣੇ ਸ਼ਰਧਾ ਦੇ ਫੁੱਲ ਭੇਟ ਕੀਤੇ। ਇਸ ਮੌਕੇ ਉਨ੍ਹਾਂ ਨੇ ਆਖਿਆ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਇਸ ਦੁੱਖ ਦੀ ਘੜੀ ਵਿੱਚ ਪਰਿਵਾਰ ਦੇ ਨਾਲ ਖੜ੍ਹੀ ਹੈ ਅਤੇ ਹਮੇਸ਼ਾ ਪਰਿਵਾਰ ਦੇ ਨਾਲ ਖੜ੍ਹੀ ਰਹੇਗੀ। ਉਹਨਾਂ ਆਖਿਆ ਕਿ ਲੋਕਾਂ ਦਾ ਇਹ ਇਕੱਠ ਦੱਸਦਾ ਹੈ ਕਿ ਪਰਿਵਾਰ ਨੇ ਸਮਾਜ ਵਿੱਚ ਵਿਚਰਦਿਆਂ ਕੀ ਕਮਾਈ ਕੀਤੀ ਹੈ। ਸੰਜੀਵ ਅਰੋੜਾ ਨੇ ਵਿਸ਼ਵਾਸ ਦਿਵਾਇਆ ਕਿ ਇਸ ਘਿਨੌਣੇ ਅਪਰਾਧ ਵਿੱਚ ਜੋ ਕੋਈ ਵੀ ਸ਼ਾਮਿਲ ਹੋਵੇਗਾ, ਉਸ ਖਿਲਾਫ ਸਖਤ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਪੁਲਿਸ ਵਿਭਾਗ ਦੀਆਂ ਵੱਖ ਵੱਖ ਟੀਮਾਂ ਲਗਾਤਾਰ ਜਾਂਚ ਕਰ ਰਹੀਆਂ ਹਨ ਅਤੇ ਸਰਕਾਰ ਵੱਲੋਂ ਸਖਤ ਹਦਾਇਤ ਕੀਤੀ ਗਈ ਹੈ ਕਿ ਦੋਸ਼ੀਆਂ ਨੂੰ ਜਲਦ ਤੋਂ ਜਲਦ ਕਾਨੂੰਨ ਦੇ ਕਟਹਿਰੇ ਵਿੱਚ ਲਿਆਂਦਾ ਜਾਵੇ। ਉਹਨਾਂ ਕਿਹਾ ਕਿ ਜਲਦ ਹੀ ਸਾਰੇ ਦੋਸ਼ੀ ਕਾਬੂ ਕਰਕੇ ਸਲਾਖਾਂ ਪਿੱਛੇ ਭੇਜੇ ਜਾਣਗੇ ਅਤੇ ਸਖਤ ਤੋਂ ਸਖਤ ਸਜ਼ਾ ਦਿਵਾਈ ਜਾਵੇਗੀ। ਉਹਨਾਂ ਕਿਹਾ ਕਿ ਗੈਂਗਸਟਰਵਾਦ ਦੇ ਖਿਲਾਫ ਪੰਜਾਬ ਸਰਕਾਰ ਦੀ ਜ਼ੀਰੋ ਟੋਲਰੈਂਸ ਨੀਤੀ ਹੈ। ਇਸ ਮੌਕੇ ਉਨ੍ਹਾਂ ਨੇ ਪਰਿਵਾਰ ਨਾਲ ਹਮਦਰਦੀ ਪ੍ਰਗਟ ਕਰਦਿਆਂ ਕਿਹਾ ਕਿ ਇਹ ਮੌਕਾ ਕਿਸੇ ਪ੍ਰਕਾਰ ਦੀ ਸਿਆਸਤ ਕਰਨ ਦਾ ਨਹੀਂ ਹੈ ਸਗੋਂ ਇਸ ਦੁੱਖ ਦੀ ਘੜੀ ਵਿੱਚ ਸਾਨੂੰ ਸਾਰਿਆਂ ਨੂੰ ਪਰਿਵਾਰ ਦੇ ਦੁੱਖ ਵਿੱਚ ਸ਼ਰੀਕ ਹੋਣਾ ਚਾਹੀਦਾ ਹੈ। ਇਸ ਮੌਕੇ ਬੱਲੂਆਣਾ ਦੇ ਵਿਧਾਇਕ ਅਮਨਦੀਪ ਸਿੰਘ ਗੋਲਡੀ ਮੁਸਾਫਿਰ, ਸਾਬਕਾ ਵਿਧਾਇਕ ਅਰੁਣ ਨਾਰੰਗ, ਡਿਪਟੀ ਕਮਿਸ਼ਨਰ ਅਮਰਪ੍ਰੀਤ ਕੌਰ ਸੰਧੂ, ਐਸਐਸਪੀ ਗੁਰਮੀਤ ਸਿੰਘ, ਟ੍ਰੇਡਰਜ਼ ਕਮਿਸ਼ਨ ਦੇ ਮੈਂਬਰ ਅਤੁਲ ਨਾਗਪਾਲ ਵੀ ਹਾਜ਼ਰ ਸਨ।



# ਡਾ. ਬੀ.ਡੀ. ਸਚਦੇਵਾ ਮੈਮੋਰੀਅਲ ਵੈਲਫੇਅਰ ਸੁਸਾਇਟੀ ਵੱਲੋਂ 'ਈ-ਕੇ.ਵਾਈ.ਸੀ' ਕੈਂਪ ਦਾ ਆਯੋਜਨ

ਫਾਜ਼ਿਲਕਾ, 13 ਜੁਲਾਈ (ਬਖਸ਼ੀਸ਼ ਸਿੰਘ/ਜਸਪ੍ਰੀਤ ਸਿੰਘ) : ਸਲੇਮਸ਼ਾਹ ਰੋਡ ਸਥਿਤ ਡਾ. ਬੀ. ਸਚਦੇਵਾ ਮੈਮੋਰੀਅਲ ਵੈਲਫੇਅਰ ਸੋਸਾਇਟੀ ਦੇ ਦਫਤਰ ਵਿਖੇ ਸੋਸਾਇਟੀ ਵੱਲੋਂ ਇੱਕ ਰਾਸ਼ਨ ਈ-ਕੇ.ਵਾਈ.ਸੀ ਕੈਂਪ ਦਾ ਆਯੋਜਨ ਕੀਤਾ ਗਿਆ। ਇਸ ਕੈਂਪ ਦਾ ਮੁੱਖ ਉਦੇਸ਼ ਈ-ਕੇ ਵਾਈਸੀ ਪ੍ਰਕਿਰਿਆ ਨੂੰ ਪੂਰਾ ਕਰਨ ਵਿੱਚ ਮਦਦ ਕਰਨਾ ਸੀ, ਤਾਂ ਜੋ ਸਰਕਾਰੀ ਯੋਜਨਾਵਾਂ ਦਾ ਲਾਭ ਸਿੱਧੇ ਅਤੇ ਪਾਰਦਰਸ਼ੀ ਢੰਗ ਨਾਲ ਲੋਕਾਂ ਤੱਕ ਪਹੁੰਚ ਸਕੇ। ਸੋਸਾਇਟੀ ਦੇ ਚੇਅਰਮੈਨ ਅਜੈ ਸਚਦੇਵਾ ਅਤੇ ਜਨਰਲ ਸਕੱਤਰ ਪੂਜਾ ਲੂਥਰਾ ਸਚਦੇਵਾ ਨੇ ਕੈਂਪ ਸਬੰਧੀ ਵਿਸਥਾਰਪੂਰਵਕ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਇਸ ਪਹਿਲਕਦਮੀ ਦਾ ਮਕਸਦ ਸਮਾਜ ਦੇ ਕਮਜ਼ੋਰ ਵਰਗਾਂ ਦੀਆਂ ਮੁਸ਼ਕਲਾਂ ਨੂੰ ਘਟਾਉਣਾ ਹੈ। ਇਸ ਮੌਕੇ ਸੋਸਾਇਟੀ ਦੇ ਚੇਅਰਮੈਨ ਅਜੈ ਸਚਦੇਵਾ ਨੇ ਦੱਸਿਆ ਕਿ ਸੋਸਾਇਟੀ ਲੰਮੇ ਸਮੇਂ ਤੋਂ ਸਮਾਜ ਸੇਵਾ ਦੇ ਖੇਤਰ ਵਿੱਚ ਕੰਮ ਕਰ ਰਹੀ ਹੈ ਅਤੇ ਸਮੇਂ-ਸਮੇਂ 'ਤੇ ਅਜਿਹੇ ਕੈਂਪ ਲਗਾ ਕੇ ਲੋਕਾਂ ਦੀਆਂ ਮੁਸ਼ਕਲਾਂ ਨੂੰ ਹੱਲ ਕਰਨ ਦੀ ਕੋਸ਼ਿਸ਼ ਕਰਦੀ ਹੈ। ਉਨ੍ਹਾਂ ਨੇ ਕਿਹਾ ਕਿ ਸਰਕਾਰੀ ਯੋਜਨਾਵਾਂ ਦਾ ਲਾਭ ਲੈਣ ਲਈ ਈ-ਕੇਵਾਈਸੀ ਪ੍ਰਕਿਰਿਆ ਨੂੰ ਪੂਰਾ ਕਰਨਾ ਬਹੁਤ ਜ਼ਰੂਰੀ ਹੈ, ਪਰ ਬਹੁਤ ਸਾਰੇ ਲੋਕ ਜਾਗਰੂਕਤਾ ਦੀ ਕਮੀ ਕਾਰਨ ਇਸ ਪ੍ਰਕਿਰਿਆ ਨੂੰ ਪੂਰਾ ਨਹੀਂ ਕਰ ਪਾਉਂਦੇ। ਇਸ ਲਈ ਸੋਸਾਇਟੀ ਨੇ ਇਸ ਕੈਂਪ ਦਾ ਆਯੋਜਨ ਕੀਤਾ, ਜਿਸ ਵਿੱਚ ਲੋਕਾਂ ਨੂੰ ਮੁਫਤ ਸਹਾਇਤਾ ਪ੍ਰਦਾਨ ਕੀਤੀ ਗਈ। ਜਨਰਲ ਸਕੱਤਰ ਪੂਜਾ ਲੂਥਰਾ ਸਚਦੇਵਾ ਨੇ ਦੱਸਿਆ ਕਿ ਕੈਂਪ ਵਿੱਚ ਈ-ਕੇਵਾਈਸੀ ਪ੍ਰਕਿਰਿਆ ਨੂੰ ਪੂਰਾ ਕਰਨ ਲਈ ਵਿਸ਼ੇਸ਼ ਵਿਵਸਥਾ ਕੀਤੀ ਗਈ ਸੀ।



# ਸਿੱਖ ਕੌਮ ਦੇ ਬਹੁਤ ਮਸਲੇ ਨੇ ਜਿਨ੍ਹਾਂ ਬਾਰੇ ਸਿਰ ਜੋੜ ਕੇ ਗੱਲ ਕਰਨ ਦੀ ਲੋੜ ਹੈ: ਲਾਲਪੁਰਾ

ਅੰਮ੍ਰਿਤਸਰ, 13 ਜੁਲਾਈ (ਚ.ਨ.ਸ.): ਕੇਂਦਰੀ ਘੱਟ ਗਿਣਤੀ ਕਮਿਸ਼ਨ ਦੇ ਚੇਅਰਮੈਨ ਇਕਬਾਲ ਸਿੰਘ ਲਾਲਪੁਰਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਸਿੱਖ ਕੌਮ ਦੇ ਬਹੁਤ ਮਸਲੇ ਹਨ, ਜਿਨ੍ਹਾਂ ਬਾਰੇ ਸਿਰ ਜੋੜ ਕੇ ਗੱਲ ਕਰਨ ਦੀ ਲੋੜ ਹੈ। ਚੀਫ ਖ਼ਾਲਸਾ ਦੀਵਾਨ ਦੀ ਜਨਰਲ ਕਮੇਟੀ ਦੀ ਇਕੱਤਰਤਾ ਵਿਚ ਭਾਗ ਲੈਣ ਆਏ ਲਾਲਪੁਰਾ ਨੇ ਕਿਹਾ ਕਿ ਅਹਿਮ ਇਤਿਹਾਸਕ ਸਥਾਨਾ ਗੁਰਦੁਆਰਾ ਗਿਆਨ ਗੋਦੜੀ ਸਾਹਿਬ ਤੇ ਗੁਰਦੁਆਰਾ ਡਾਂਗਮਾਰ ਸਾਹਿਬ ਦਾ ਮਾਮਲਾ ਅਦਾਲਤਾਂ ਵਿਚ ਹੈ ਤੇ ਬਤੌਰ ਘੱਟ ਗਿਣਤੀ ਕਮਿਸ਼ਨ ਦੇ ਮੁਖੀ ਉਹ ਵੀ ਇਨ੍ਹਾਂ ਮਾਮਲਿਆਂ ਦੇ ਹੱਲ ਲਈ ਅਦਾਲਤ ਵਿੱਚ ਗਏ ਹਨ। ਉਨ੍ਹਾਂ ਕਿਹਾ ਕਿ ਸਿੱਖਾਂ ਨੇ ਸੰਵਾਦ ਦਾ ਰਾਹ ਬੰਦ ਕੀਤਾ ਹੋਇਆ ਹੈ। ਜਦ ਤੱਕ ਅਸੀਂ ਸੰਵਾਦ ਨਹੀਂ ਕਰਾਂਗੇ ਸਿੱਖ ਮਸਲੇ ਹੱਲ ਨਹੀਂ ਹੋਣਗੇ। ਹਰ ਮਸਲੇ ਦਾ ਹੱਲ ਕੇਵਲ ਤੇ ਕੇਵਲ ਮਿਲ-ਬੈਠ ਕੇ ਵਿਚਾਰ ਕਰਨ ਨਾਲ ਹੁੰਦਾ ਹੈ। ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ



ਸਾਹਿਬ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਵਿਚ ਚੱਲ ਰਹੇ ਤਕਰਾਰ ਨੂੰ ਮੰਦਭਾਗਾ ਦੱਸਦਿਆਂ ਲਾਲਪੁਰਾ ਨੇ ਆਖਿਆ ਕਿ ਤਖ਼ਤ ਸਾਰੇ ਹੀ ਸਨਮਾਨਯੋਗ ਹਨ। ਪੰਜ ਪਿਆਰਿਆਂ ਦੀ ਸੰਸਥਾ ਗੁਰੂ ਸਾਹਿਬ ਨੇ ਆਪ ਬਣਾਈ ਹੈ, ਸਿੱਖ ਘੱਟ ਗਿਣਤੀ ਕੌਮ ਹੈ। ਉਨ੍ਹਾਂ ਆਖਿਆ ਕਿ ਮੈਂ ਸਾਰੇ ਜਥੇਦਾਰ ਸਾਹਿਬਾਨ, ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ, ਹਰਿਆਣਾ ਕਮੇਟੀ ਦੇ ਪ੍ਰਧਾਨ ਜਗਦੀਸ਼ ਸਿੰਘ ਝੀਂਡਾ, ਦਿੱਲੀ ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ ਤੇ ਚੀਫ ਖ਼ਾਲਸਾ ਦੀਵਾਨ ਦੇ ਪ੍ਰਧਾਨ ਡਾ. ਇੰਦਰਬੀਰ ਸਿੰਘ ਨਿੱਝਰ ਸਮੇਤ ਸਾਰੀਆਂ ਸਿੱਖ ਸੰਸਥਾਵਾਂ ਦੇ ਮੁਖੀਆਂ ਨੂੰ ਅਪੀਲ ਕਰਦਾ ਹਾਂ ਕਿ ਆਓ ਗੱਲਬਾਤ ਰਾਹੀਂ ਆਪਣੇ ਮਸਲੇ ਹੱਲ ਕਰੀਏ ਤੇ ਤਖ਼ਤ ਸਾਹਿਬਾਨ ਨੂੰ ਵਿਵਾਦਾਂ ਤੋਂ ਪਰ੍ਹਾਂ ਰੱਖੀਏ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਬਾਰੇ ਕੀਤੀ ਟਿੱਪਣੀ 'ਤੇ ਲਾਲਪੁਰਾ ਨੇ ਕਿਹਾ ਕਿ ਜਦੋਂ ਵਿਅਕਤੀ ਕੋਲ ਸ਼ਬਦ ਖ਼ਤਮ ਹੋ ਜਾਣ ਤਾਂ ਫਿਰ ਇਸ ਤਰ੍ਹਾਂ ਦੇ ਸ਼ਬਦਾਂ ਦੀ ਵਰਤੋਂ ਸ਼ੁਰੂ ਕਰਦਾ ਹੈ। ਪਾਰਲੀਮੈਂਟ ਤੇ ਵਿਧਾਨ ਸਭਾ ਵਿਚ ਜਾਣ ਵਾਲਿਆਂ ਨੂੰ ਸੰਵਿਧਾਨ ਅਨੁਸਾਰ ਭਾਸ਼ਾ ਦੀ ਵਰਤੋਂ ਕਰਨੀ ਚਾਹੀਦੀ ਹੈ, ਸਭਿਅਕ ਭਾਸ਼ਾ ਹਮੇਸ਼ਾ ਸੋਭਦੀ ਹੈ। ਬਿਕਰਮ ਸਿੰਘ ਮਜੀਠੀਆ 'ਤੇ ਡਰੱਗ ਮਾਮਲੇ ਸਬੰਧੀ ਲਾਲਪੁਰਾ ਨੇ ਕਿਹਾ ਕਿ ਬਤੌਰ ਮੁਲਾਜ਼ਮ ਹੁੰਦਿਆਂ ਉਨ੍ਹਾਂ ਨੇ ਕਦੀ ਵੀ ਕਿਸੇ ਸਮੱਗਲਰ ਨਾਲ ਮੀਟਿੰਗ ਨਹੀਂ ਕੀਤੀ, ਜੇਕਰ ਜਾਂਚ ਅਧਿਕਾਰੀ ਉਨ੍ਹਾਂ ਪਾਸੋਂ ਕੋਈ ਵੀ ਜਾਣਕਾਰੀ ਹਾਸਲ ਕਰਨਾ ਚਾਹੁੰਣਗੇ ਤਾਂ ਉਹ ਜਾਂਚ ਦਾ ਹਿੱਸਾ ਬਣਨਗੇ।

# ਬਲਾਤਕਾਰ ਮਾਮਲੇ 'ਚ ਵਿਦਿਆਰਥੀ ਗ੍ਰਿਫ਼ਤਾਰ, ਪਿਤਾ ਵੱਲੋਂ ਧੀ ਦੇ ਦਾਅਵਿਆਂ ਦਾ ਖੰਡਨ

ਕੋਲਕਾਤਾ, 13 ਜੁਲਾਈ (ਚ.ਨ.ਸ): ਕੋਲਕਾਤਾ ਦੇ ਵੱਕਾਰੀ ਇੰਡੀਅਨ ਇੰਸਟੀਚਿਊਟ ਆਫ਼ ਮੈਨੇਜਮੈਂਟ ਦੇ ਇੱਕ ਵਿਦਿਆਰਥੀ ਨੂੰ ਪੁਲਿਸ ਨੇ ਕੈਂਪਸ ਵਿੱਚ ਇੱਕ 24 ਸਾਲਾ ਮਨੋਵਿਗਿਆਨੀ ਨਾਲ ਕਥਿਤ ਤੌਰ 'ਤੇ ਨਸ਼ੀਲਾ ਪਦਾਰਥ ਦੇ ਕੇ ਬਲਾਤਕਾਰ ਕਰਨ ਦੇ ਦੋਸ਼ ਵਿੱਚ ਗ੍ਰਿਫ਼ਤਾਰ ਕੀਤਾ ਹੈ। ਪੀੜਤ ਔਰਤ ਅਨੁਸਾਰ ਦੋਸ਼ੀ ਵਿਦਿਆਰਥੀ ਨੇ ਉਸਨੂੰ 'ਕਾਊਂਸਲਿੰਗ ਸੈਸ਼ਨ' ਦੇ ਬਹਾਨੇ ਆਪਣੇ ਹੋਸਟਲ ਦੇ ਕਮਰੇ ਵਿੱਚ ਬੁਲਾਇਆ, ਜਿੱਥੇ ਉਸਨੂੰ ਕੁਝ ਖਾਣ-ਪੀਣ ਨੂੰ ਦਿੱਤਾ ਗਿਆ, ਜਿਸ ਤੋਂ ਬਾਅਦ ਉਹ ਬੇਹੋਸ਼ ਹੋ ਗਈ ਤੇ ਉਸ ਨਾਲ ਜਿਨਸੀ ਸ਼ੋਸ਼ਣ ਕੀਤਾ ਗਿਆ। **ਪਿਤਾ ਦਾ ਇਨਕਾਰ:** ਇਸ ਮਾਮਲੇ ਵਿੱਚ ਸਭ ਤੋਂ ਵੱਡਾ ਪੇਚ ਇਹ ਹੈ ਕਿ ਔਰਤ ਦੇ ਪਿਤਾ ਨੇ ਬਲਾਤਕਾਰ ਦੇ ਦਾਅਵੇ ਨੂੰ ਰੱਦ ਕਰ ਦਿੱਤਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਧੀ ਨੇ ਉਨ੍ਹਾਂ ਨੂੰ ਫੋਨ 'ਤੇ ਦੱਸਿਆ ਸੀ ਕਿ ਉਹ ਇੱਕ ਗੱਡੀ ਤੋਂ ਡਿੱਗ ਕੇ ਬੇਹੋਸ਼ ਹੋ ਗਈ ਸੀ ਤੇ ਉਸ 'ਤੇ ਸ਼ਿਕਾਇਤ ਦਰਜ ਕਰਵਾਉਣ ਲਈ ਦਬਾਅ ਪਾਇਆ ਗਿਆ ਸੀ। **ਪੁਲਿਸ ਤੇ ਮੈਡੀਕਲ ਰਿਪੋਰਟ:** ਪੁਲਿਸ ਨੇ ਔਰਤ ਦੇ ਬਿਆਨ 'ਤੇ ਕਾਰਵਾਈ ਕਰਦਿਆਂ ਬਲਾਤਕਾਰ, ਨਸ਼ੀਲਾ ਪਦਾਰਥ ਦੇਣ ਤੇ ਹੋਰ ਧਾਰਾਵਾਂ ਤਹਿਤ ਮਾਮਲਾ ਦਰਜ ਕਰਕੇ ਦੋਸ਼ੀ ਨੂੰ 19 ਜੁਲਾਈ ਤੱਕ ਹਿਰਾਸਤ ਵਿੱਚ ਲੈ ਲਿਆ ਹੈ। ਸਰਕਾਰੀ ਵਕੀਲ ਮੁਤਾਬਿਕ ਮੈਡੀਕਲ ਜਾਂਚ ਵਿੱਚ ਔਰਤ ਨਾਲ ਜਿਨਸੀ ਸ਼ੋਸ਼ਣ ਦੀ ਪੁਸ਼ਟੀ ਹੋਈ ਹੈ। **ਸੰਸਥਾ ਤੇ ਸਿਆਸੀ ਪ੍ਰਤੀਕਿਰਿਆ:** ਕਲਕੱਤਾ ਨੇ ਇਸ ਘਟਨਾ 'ਤੇ 'ਜ਼ੀਰੋ ਟਾਲਰੈਂਸ' ਦੀ ਨੀਤੀ ਅਪਣਾਉਣ ਦੀ ਗੱਲ ਕਹੀ ਹੈ। ਇਸ ਘਟਨਾ ਨੂੰ ਲੈ ਕੇ ਸਿਆਸਤ ਵੀ ਸ਼ੁਰੂ ਹੋ ਗਈ ਹੈ ਤੇ ਵਿਰੋਧੀ ਪਾਰਟੀਆਂ ਨੇ ਸੂਬੇ ਦੀ ਕਾਨੂੰਨ ਵਿਵਸਥਾ 'ਤੇ ਸਵਾਲ ਖੜ੍ਹੇ ਕੀਤੇ ਹਨ। ਪੁਲਿਸ ਇਸ ਗੁੰਝਲਦਾਰ ਮਾਮਲੇ ਨੂੰ ਸੁਲਝਾਉਣ ਲਈ ਪੀੜਤ ਦੇ ਬਿਆਨ, ਮੈਡੀਕਲ ਰਿਪੋਰਟ, ਸੀਸੀਟੀਵੀ ਫੁਟੇਜ ਤੇ ਹੋਰ ਸਬੂਤਾਂ ਦੀ ਜਾਂਚ ਕਰ ਰਹੀ ਹੈ ਤਾਂ ਜੋ ਸੱਚਾਈ ਸਾਹਮਣੇ ਆ ਸਕੇ।

# ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਦੋਵਾਂ ਸੂਬਿਆਂ 'ਚ ਜੱਜਾਂ ਲਈ ਰਿਹਾਇਸ਼ਾਂ ਦੀ ਘਾਟ 'ਤੇ ਸਖ਼ਤ ਨੋਟਿਸ ਲਿਆ

ਚੰਡੀਗੜ੍ਹ, 13 ਜੁਲਾਈ (ਚ.ਨ.ਸ): ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਦੋਵਾਂ ਸੂਬਿਆਂ ਵਿੱਚ ਜੱਜਾਂ ਲਈ ਰਿਹਾਇਸ਼ਾਂ ਦੀ ਘਾਟ 'ਤੇ ਸਖ਼ਤ ਨੋਟਿਸ ਲੈਂਦਿਆਂ ਪੰਜਾਬ ਤੇ ਹਰਿਆਣਾ ਸਰਕਾਰਾਂ ਨੂੰ ਤੁਰੰਤ ਢੁਕਵੇਂ ਪ੍ਰਬੰਧ ਕਰਨ ਦੇ ਨਿਰਦੇਸ਼ ਦਿੱਤੇ ਹਨ। ਅਦਾਲਤ ਨੇ ਸਪੱਸ਼ਟ ਕੀਤਾ ਹੈ ਕਿ ਜਦੋਂ ਤੱਕ ਸਥਾਈ ਸਰਕਾਰੀ ਰਿਹਾਇਸ਼ਾਂ ਦਾ ਨਿਰਮਾਣ ਨਹੀਂ ਹੋ ਜਾਂਦਾ, ਉਦੋਂ ਤੱਕ ਜੱਜਾਂ ਲਈ ਕਿਰਾਏ 'ਤੇ ਫਲੈਟ ਲੈ ਕੇ ਦਿੱਤੇ ਜਾਣ ਤਾਂ ਜੋ ਨਿਆਂਇਕ ਕਾਰਜ ਪ੍ਰਭਾਵਿਤ ਨਾ ਹੋਵੇ। ਇਹ ਮਾਮਲਾ ਕਈ ਜ਼ਿਲ੍ਹਾ ਬਾਰ ਐਸੋਸੀਏਸ਼ਨਾਂ ਵੱਲੋਂ ਦਾਇਰ ਇੱਕ ਜਨਹਿਤ ਪਟੀਸ਼ਨ 'ਤੇ ਸੁਣਵਾਈ ਦੌਰਾਨ ਸਾਹਮਣੇ ਆਇਆ। ਪਟੀਸ਼ਨ ਵਿੱਚ ਮੁੱਖ ਤੌਰ 'ਤੇ ਨਵੇਂ ਬਣੇ ਜ਼ਿਲ੍ਹੇ ਮਾਲੇਰਕੋਟਲਾ ਵਿੱਚ ਨਿਆਂਇਕ ਢਾਂਚੇ ਦੀ ਅਣਹੋਂਦ ਦਾ ਮੁੱਦਾ ਚੁੱਕਿਆ ਗਿਆ ਸੀ। ਅਦਾਲਤ ਨੂੰ ਦੱਸਿਆ ਗਿਆ ਕਿ ਮਾਲੇਰਕੋਟਲਾ ਨੂੰ ਜ਼ਿਲ੍ਹਾ ਤਾਂ ਬਣਾ ਦਿੱਤਾ ਗਿਆ ਹੈ, ਪਰ ਇੱਥੇ ਨਾ ਤਾਂ ਕੋਈ ਪੱਕਾ ਕੋਰਟ ਕੰਪਲੈਕਸ ਹੈ ਤੇ ਨਾ ਹੀ ਜੱਜਾਂ ਦੇ ਰਹਿਣ ਲਈ ਕੋਈ ਸਰਕਾਰੀ ਰਿਹਾਇਸ਼ ਦਾ ਪ੍ਰਬੰਧ ਹੈ। ਇਸ




ਕਾਰਨ ਇੱਥੇ ਨਿਯੁਕਤ ਜੱਜਾਂ ਨੂੰ ਭਾਰੀ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਮਾਮਲੇ ਦੀ ਗੰਭੀਰਤਾ ਨੂੰ ਦੇਖਦਿਆਂ ਹਾਈ ਕੋਰਟ ਨੇ ਪਟੀਸ਼ਨ ਦਾ ਦਾਇਰਾ ਵਧਾਉਂਦੇ ਹੋਏ ਇਸ ਵਿੱਚ ਪੰਜਾਬ ਤੋਂ ਇਲਾਵਾ ਹਰਿਆਣਾ ਸਰਕਾਰ ਤੇ ਚੰਡੀਗੜ੍ਹ ਪ੍ਰਸ਼ਾਸਨ ਨੂੰ ਵੀ ਧਿਰ ਬਣਾ ਲਿਆ ਹੈ। ਅਦਾਲਤ ਨੇ ਕਿਹਾ ਕਿ ਨਿਆਂਇਕ ਅਧਿਕਾਰੀਆਂ ਲਈ ਢੁਕਵੀਂ ਰਿਹਾਇਸ਼ ਤੇ ਕੰਮ ਕਰਨ ਲਈ ਸਹੀ ਮਾਹੌਲ ਯਕੀਨੀ ਬਣਾਉਣਾ ਸਰਕਾਰਾਂ ਦੀ ਜ਼ਿੰਮੇਵਾਰੀ ਹੈ। ਸੁਣਵਾਈ ਦੌਰਾਨ ਪੰਜਾਬ ਸਰਕਾਰ ਨੂੰ ਖਾਸ ਤੌਰ 'ਤੇ ਹਦਾਇਤ ਕੀਤੀ ਗਈ ਕਿ ਉਹ ਸਥਾਈ ਅਦਾਲਤਾਂ ਦੇ ਨਿਰਮਾਣ ਤੱਕ ਕੀਤੇ ਜਾਣ ਵਾਲੇ ਬਦਲਵੇਂ ਪ੍ਰਬੰਧਾਂ 'ਤੇ ਆਪਣਾ ਜਵਾਬ ਦਾਖ਼ਲ ਕਰੇ। ਹਾਈ ਕੋਰਟ ਨੇ ਸਖ਼ਤੀ ਨਾਲ ਕਿਹਾ ਕਿ ਜੱਜਾਂ ਨੂੰ ਤੁਰੰਤ ਰਿਹਾਇਸ਼ ਮੁਹੱਈਆ ਕਰਵਾਈ ਜਾਵੇ, ਭਾਵੇਂ ਇਸ ਲਈ ਪ੍ਰਾਈਵੇਟ ਫਲੈਟ ਹੀ ਕਿਉਂ ਨਾ ਕਿਰਾਏ 'ਤੇ ਲੈਣੇ ਪੈਣ। ਇਸੇ ਤਰ੍ਹਾਂ ਹਰਿਆਣਾ ਵਿੱਚ ਵੀ ਕਈ ਜ਼ਿਲ੍ਹਿਆਂ ਅੰਦਰ ਜੱਜਾਂ ਲਈ ਟਰਾਂਜ਼ਿਟ ਰਿਹਾਇਸ਼ ਘਾਟ ਦਾ ਮਾਮਲਾ ਵੀ ਅਦਾਲਤ ਦੇ ਧਿਆਨ ਵਿੱਚ ਲਿਆਂਦਾ ਗਿਆ। ਹਾਈ ਕੋਰਟ ਨੇ ਦੋਵਾਂ ਸਰਕਾਰਾਂ ਨੂੰ ਇਸ ਮਸਲੇ ਨੂੰ ਗੰਭੀਰਤਾ ਨਾਲ ਲੈਣ ਤੇ ਜਲਦ ਤੋਂ ਜਲਦ ਹੱਲ ਕਰਨ ਲਈ ਕਿਹਾ ਹੈ। ਮਾਮਲੇ ਦੀ ਅਗਲੀ ਸੁਣਵਾਈ 'ਤੇ ਸਰਕਾਰਾਂ ਨੂੰ ਇਸ ਸਬੰਧੀ ਚੁੱਕੇ ਗਏ ਕਦਮਾਂ ਬਾਰੇ ਸਥਿਤੀ ਰਿਪੋਰਟ ਦਾਖ਼ਲ ਕਰਨ ਲਈ ਕਿਹਾ ਗਿਆ ਹੈ।

# 3 ਜੰਗਲੀ ਸਾਂਬਰ ਨਹਿਰ 'ਚ ਡਿੱਗੇ

## ☛ ਮੌਕੇ 'ਤੇ ਪਹੁੰਚੇ ਜੰਗਲੀ ਜੀਵ ਵਿਭਾਗ ਦੀ ਟੀਮ ਨੇ ਪਾਣੀ 'ਚੋਂ ਕੱਢ ਕੇ ਸੁਰੱਖਿਅਤ ਥਾਂ 'ਤੇ ਛੱਡਿਆ



ਡੇਰਾ ਬਾਬਾ ਨਾਨਕ, 13 ਜੁਲਾਈ (ਹੈਪੀ ਕੋਟਲੀ): ਸਰਹੱਦੀ ਹਲਕਾ ਡੇਰਾ ਬਾਬਾ ਨਾਨਕ ਅਧੀਨ ਪੈਂਦੇ ਰਜਬਾਹਾ ਉਦੋਵਾਲੀ ਕਲਾ ਦੇ ਨਜ਼ਦੀਕੀ ਪਿੰਡ ਪੱਡਾ ਤੇ ਪਿੰਡ ਰਾਏਮਲ ਵਿੱਚ ਬੀਤੀ ਰਾਤ ਤਿੰਨ ਜੰਗਲੀ ਸਾਂਬਰਾਂ ਦਾ ਨਹਿਰ ਵਿੱਚ ਡਿੱਗਣ ਦਾ ਮਾਮਲਾ ਪ੍ਰਾਪਤ ਹੋਇਆ ਹੈ। ਇਸ ਮਾਮਲੇ ਸਬੰਧੀ ਪਿੰਡ ਵਾਸੀਆਂ ਵੱਲੋਂ ਜੰਗਲੀ ਜੀਵ ਵਿਭਾਗ ਨੂੰ ਸੂਚਨਾ ਦਿੱਤੀ ਗਈ। ਜਿਨ੍ਹਾਂ ਵੱਲੋਂ ਮੌਕੇ 'ਤੇ ਪਹੁੰਚ ਕੇ ਸਥਾਨਕ ਲੋਕਾਂ ਦੀ ਮਦਦ ਨਾਲ ਦੋ ਜੰਗਲੀ ਸਾਂਬਰਾਂ ਨੂੰ ਨਹਿਰ 'ਚੋਂ ਕਰਕੇ ਸੁਰੱਖਿਅਤ ਥਾਂ ਉੱਪਰ ਛੱਡ ਦਿੱਤਾ ਗਿਆ, ਜਦਕਿ ਤੀਸਰੇ ਨੂੰ ਵੀ ਕਾਫੀ ਜਦੋ-ਜਹਿਦ ਕਰਨ ਤੋਂ ਬਾਅਦ ਨਹਿਰ ਵਿੱਚੋਂ ਬਾਹਰ ਕੱਢਿਆ ਗਿਆ। ਪਰ ਉਹ ਗੰਭੀਰ ਰੂਪ 'ਚ ਜ਼ਖ਼ਮੀ ਹੋਣ 'ਤੇ ਇੱਕ ਸਿੰਗ ਟੁੱਟਣ ਕਰਕੇ ਬਹੁਤ ਸਾਰਾ ਖ਼ੂਨ ਨਿਕਲ ਰਿਹਾ ਸੀ, ਜਿਸ ਕਰਕੇ ਜ਼ਖ਼ਮੀ ਹਾਲਤ ਸਾਂਬਰ ਨੂੰ ਇਲਾਜ ਲਈ ਜੰਗਲੀ ਜੀਵ ਵਿਭਾਗ ਦੀ ਟੀਮ ਵੱਲੋਂ ਗੁਰਦਾਸਪੁਰ ਪਹੁੰਚਾਇਆ ਜਾਵੇਗਾ। ਜਾਣਕਾਰੀ ਦਿੰਦੇ ਹੋਏ ਜੰਗਲੀ ਜੀਵ ਵਿਭਾਗ ਦੇ ਅਧਿਕਾਰੀਆਂ ਕਿਹਾ ਕਿ ਟੀਮ ਵੱਲੋਂ ਆਪਣੇ ਉੱਚ ਅਧਿਕਾਰੀਆਂ ਦੇ ਧਿਆਨ 'ਚ ਲਿਆਂਦਾ ਗਿਆ ਹੈ।

# 328 ਪਾਵਨ ਸਰੂਪਾਂ ਦੇ ਇਨਸਾਫ਼ ਲਈ ਸਰਕਾਰ ਨੂੰ ਦਿੱਤਾ 15 ਦਿਨ ਅਲਟੀਮੇਟਮ: ਡੱਲੇਵਾਲ

ਸ੍ਰੀ ਅੰਮ੍ਰਿਤਸਰ ਸਾਹਿਬ, 13 ਜੁਲਾਈ (ਗੁਰਦਿਆਲ ਸਿੰਘ): 328 ਪਾਵਨ ਸਰੂਪਾਂ ਦੇ ਇਨਸਾਫ਼ ਲਈ ਭਾਈ ਬਲਦੇਵ ਸਿੰਘ ਵਡਾਲਾ ਦੀ ਅਗਵਾਈ ਵਿੱਚ ਸਿੱਖ ਸਦਭਾਵਨਾ ਦਲ ਵੱਲੋਂ ਦਿੱਤੇ ਜਾ ਰਹੇ ਪੰਥਕ ਹੋਕੇ ਤੋਂ ਅੱਜ ਸੰਯੁਕਤ ਕਿਸਾਨ-ਮਜ਼ਦੂਰ ਗ਼ੈਰ ਰਾਜਨੀਤਿਕ ਮੋਰਚੇ ਦੇ ਭਾਈ ਜਗਜੀਤ ਸਿੰਘ ਡੱਲੇਵਾਲ ਵੱਲੋਂ ਇਕ ਵਿਸ਼ੇਸ਼ ਪ੍ਰੈੱਸ ਕਾਨਫਰੰਸ ਕਰਕੇ ਸਰਕਾਰ ਨੂੰ 15 ਦਿਨ ਦਾ ਅਲਟੀਮੇਟਮ ਦਿੱਤਾ ਗਿਆ। ਉਨ੍ਹਾਂ ਕਿਹਾ ਕਿ 328 ਪਾਵਨ ਸਰੂਪਾਂ ਦੇ ਇਨਸਾਫ਼ ਲਈ ਪੰਜਾਬ ਸਰਕਾਰ ਦੋਸ਼ੀਆਂ ਵਿਰੁੱਧ ਤੁਰੰਤ ਕਾਰਵਾਈ ਕਰਕੇ ਇਨਸਾਫ਼ ਦੇਵੇ। ਜੇਕਰ ਸਰਕਾਰ ਨੇ ਕੋਈ ਢਿੱਲ-ਮਠ ਵਰਤੀ ਤਾਂ 15 ਦਿਨਾਂ ਬਾਅਦ ਸਿੱਖ ਸੰਗਤਾਂ, ਆਗੂਆਂ ਤੇ ਸੇਵਾਦਾਰਾਂ ਦੀ ਸਲਾਹ ਨਾਲ ਅਗਲਾ ਠੋਸ ਕਦਮ ਚੁੱਕਿਆ ਜਾਵੇਗਾ। ਉਸ ਵਿਚ ਲਾਅ ਐਂਡ ਆਰਡਰ ਦੀ ਜ਼ਿੰਮੇਵਾਰ ਸਰਕਾਰ ਜਾਂ ਪ੍ਰਸ਼ਾਸਨ ਹੋਵੇਗਾ ਕਿਉਂਕਿ ਅਸੀਂ



ਸ਼ਾਂਤੀਪੂਰਵਕ ਜਿਥੇ ਹੋਰ ਅੰਦੋਲਨ ਲੜੇ ਇਥੇ ਵੀ ਪਿਛਲੇ ਪੰਜ ਸਾਲ ਤੋਂ ਲੜ ਰਹੇ ਹਾਂ। ਉਨ੍ਹਾਂ ਕਿਹਾ ਕਿ ਅਸੀਂ ਕਿਸਾਨੀ ਮੋਰਚੇ ਦੌਰਾਨ ਭਾਈ ਬਲਦੇਵ ਸਿੰਘ ਵਡਾਲਾ ਨਾਲ ਕੀਤੇ ਵਾਅਦੇ ਅਨੁਸਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਦਬ ਲਈ ਭਾਈਚਾਰਕ ਸਾਂਝ, ਅਮਨ, ਸ਼ਾਂਤੀ ਤੇ ਦੇਸ਼ ਦੀ ਏਕਤਾ ਲਈ ਇਸ ਅੰਦੋਲਨ ਨੂੰ ਅਪਨਾ ਹੀ ਨਹੀਂ ਸਗੋਂ ਹਰੇਕ ਵਰਗ ਦਾ ਅੰਦੋਲਨ ਸਮਝ ਕੇ ਨਾਲ ਖੜ੍ਹੇ ਹਾਂ ਜੋ ਕਿ ਸਾਡਾ ਸੱਭ ਦਾ ਫ਼ਰਜ਼ ਹੈ। ਉਨ੍ਹਾਂ ਕਿਹਾ ਕਿ ਧਾਰਮਕ ਤੌਰ 'ਤੇ ਕਿਸੇ ਵੀ ਧਰਮ ਜਾਂ ਸ੍ਰੀ ਗੁਰੂ ਗ੍ਰੰਥ ਸਾਹਿਬ 'ਤੇ ਕੋਈ ਹਮਲਾ ਕਰਦਾ ਹੈ ਤਾਂ ਸਜ਼ਾ-ਏ-ਮੌਤ ਹੋਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਾਂ ਜ਼ਿੰਮੇਵਾਰ ਲੋਕ ਇਸ ਸਭ ਲਈ ਬਰਾਬਰ ਦੇ ਦੋਸ਼ੀ ਹਨ, ਜਿਨ੍ਹਾਂ ਨੇ ਇਸ ਕੇਸ ਨੂੰ ਲਮਕਾਇਆ ਹੀ ਨਹੀਂ ਸਗੋਂ ਗੁੰਮਰਾਹ ਵੀ ਕੀਤਾ ਹੈ। ਉਨ੍ਹਾਂ ਨਾਲ ਬਲਦੇਵ ਸਿੰਘ ਸਿਰਸਾ, ਸੁਖਦੇਵ ਸਿੰਘ ਭੋਜਰਾਜ, ਅਮਰਜੀਤ ਸਿੰਘ ਰਵੀ, ਸਤਨਾਮ ਸਿੰਘ ਬਾਗੜੀਆ ਤੇ ਹੋਰ ਕਿਸਾਨ ਜਥੇਬੰਦੀਆਂ ਵੀ ਹਾਜ਼ਰ ਸਨ। ਸਿੱਖ ਸਦਭਾਵਨਾ ਦਲ ਤੋਂ ਭਾਈ ਗੁਰਵਤਨ ਸਿੰਘ ਮੁਕੇਰੀਆਂ ਪੰਜਾਬ ਪ੍ਰਧਾਨ, ਭਾਈ ਨਿਰਮਲ ਸਿੰਘ ਸਹਿ ਸਕੱਤਰ ਤੇ ਹੋਰ ਸਮੂਹ ਸੇਵਾਦਾਰ ਹਾਜ਼ਰ ਸਨ।

# ਪੰਥਕ ਮਸਲਿਆਂ ਦੇ ਹੱਲ ਲਈ ਸ਼੍ਰੋਮਣੀ ਕਮੇਟੀ ਦਾ ਵਿਸ਼ੇਸ਼ ਇਜਲਾਸ ਬੁਲਾਇਆ ਜਾਵੇ: ਬੀਬੀ ਜਗੀਰ ਕੌਰ

ਜਲੰਧਰ, 13 ਜੁਲਾਈ (ਚ.ਨ.ਸ): ਸ਼੍ਰੋਮਣੀ ਕਮੇਟੀ ਦੀ ਸਾਬਕਾ ਪ੍ਰਧਾਨ ਬੀਬੀ ਜਗੀਰ ਕੌਰ ਨੇ ਸਿੱਖ ਸੰਸਥਾਵਾਂ 'ਚ ਸਿਆਸੀ ਦਖ਼ਲ-ਅੰਦਾਜ਼ੀ ਤੇ ਸਿੱਖੀ ਸਿਧਾਂਤਾਂ ਤੇ ਮਰਿਆਦਾ



ਦੀ ਹੋ ਰਹੀ ਉਲੰਘਣਾ ਦਾ ਮੁੱਦਾ ਚੁੱਕਦੇ ਹੋਏ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਵਿਸ਼ੇਸ਼ ਇਜਲਾਸ ਬੁਲਾਏ ਜਾਣ ਦੀ ਮੰਗ ਕੀਤੀ ਹੈ। ਉਨ੍ਹਾਂ ਅੱਜ ਇੱਥੇ 12 ਸ਼੍ਰੋਮਣੀ ਕਮੇਟੀ ਮੈਂਬਰਾਂ ਦੀ ਇਕ ਅਹਿਮ ਇਕੱਤਰਤਾ ਤੋਂ ਬਾਅਦ ਪੱਤਰਕਾਰ ਸੰਮੇਲਨੇ ਨੂੰ ਸੰਬੋਧਨ ਕਰਦੇ ਹੋਏ ਇਜਲਾਸ ਬੁਲਾਏ ਜਾਣ ਲਈ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੂੰ ਦੋ ਹਫਤਿਆਂ ਦਾ ਅਲਟੀਮੇਟਮ ਦਿੱਤਾ ਹੈ। ਉਨ੍ਹਾਂ ਕਿਹਾ ਕਿ ਜੇਕਰ ਇਸ ਸਮੇਂ ਦੌਰਾਨ ਪ੍ਰਧਾਨ ਵੱਲੋਂ ਇਜਲਾਸ ਨਹੀਂ ਸੱਦਿਆ ਜਾਂਦਾ ਤਾਂ ਸ਼੍ਰੋਮਣੀ ਕਮੇਟੀ ਮੈਂਬਰ ਆਪਣੇ ਪੱਧਰ 'ਤੇ ਇਜਲਾਸ ਬੁਲਾਉਣ ਲਈ ਮਜਬੂਰ ਹੋਣਗੇ। ਬੀਬੀ ਜਗੀਰ ਕੌਰ ਨੇ ਕਿਹਾ ਕਿ ਅੱਜ ਸਿੱਖ ਕੌਮ ਦੀ ਸਰਬਉੱਚ ਸੰਸਥਾ-ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਰਬਉੱਚਤਾ ਨੂੰ ਚੁਣੌਤੀ ਦਿੱਤੀ ਜਾ ਰਹੀ ਹੈ ਤੇ ਤਖ਼ਤ ਸਾਹਿਬਾਨਾਂ ਦੇ ਜਥੇਦਾਰਾਂ ਵਿਚਕਾਰ ਬੇਲੋੜਾ ਟਕਰਾਅ ਪੈਦਾ ਕੀਤਾ ਜਾ ਰਿਹਾ ਹੈ ਤੇ ਸਿਆਸੀ ਦਖ਼ਲ-ਅੰਦਾਜ਼ੀ ਚੱਲਦਿਆਂ ਜਥੇਦਾਰਾਂ ਨੂੰ ਉਨ੍ਹਾਂ ਦੇ ਅਹੁਦਿਆਂ ਤੋਂ ਧੱਕੇ ਨਾਲ ਲਾਹਿਆ ਜਾ ਰਿਹਾ ਹੈ। ਜਿਸ ਨਾਲ ਨਾ ਕੇਵਲ ਸਿੱਖ ਸੰਸਥਾਵਾਂ ਦੀ ਮਾਣ-ਮਰਿਆਦਾ ਤੇ ਪਰੰਪਰਾ ਨੂੰ ਹੀ ਵੱਡੀ ਪੱਧਰ 'ਤੇ ਢਾਅ ਲੱਗ ਰਹੀ ਹੈ, ਬਲਕਿ ਸਿੱਖ ਕੌਮ ਅੰਦਰ ਵੀ ਵੱਡੀ ਦੁਬਿਧਾ ਪੈਦਾ ਹੋ ਰਹੀ ਹੈ। ਅਜਿਹੇ ਹਾਲਾਤ 'ਚ ਕੌਮ ਨੂੰ ਇਕਸੁਰਤਾ ਦੇ ਧਾਗੇ 'ਚ ਪਰੋਣ ਤੇ ਸਿੱਖੀ ਸਿਧਾਂਤਾਂ ਨੂੰ ਮਜ਼ਬੂਤ ਕਰਨ ਲਈ ਗੰਭੀਰ ਵਿਚਾਰ ਚਰਚਾ ਕੀਤੇ ਜਾਣ ਦੀ ਲੋੜ ਹੈ। ਉਨ੍ਹਾਂ ਦੱਸਿਆ ਕਿ ਇਸ ਤੋਂ ਪਹਿਲਾਂ ਵੀ ਪਿਛਲੇ ਸਾਲ 2 ਦਸੰਬਰ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਫਸੀਲ ਤੋਂ ਹੋਏ ਹੁਕਮਨਾਮੇ ਤੋਂ ਬਾਅਦ ਜਿਸ ਤਰ੍ਹਾਂ ਜਥੇਦਾਰਾਂ ਸਾਹਿਬਾਨ ਦੇ ਖ਼ਿਲਾਫ਼ ਕਾਰਵਾਈ ਕੀਤੀ ਗਈ, ਉਸ ਦੇ ਖ਼ਿਲਾਫ਼ ਵੀ 42 ਦੇ ਕਰੀਬ ਸ਼੍ਰੋਮਣੀ ਕਮੇਟੀ ਮੈਂਬਰਾਂ ਵੱਲੋਂ 31 ਮਾਰਚ ਨੂੰ ਬਜਟ ਇਜਲਾਸ ਦੌਰਾਨ ਵੀ ਵਿਸ਼ੇਸ਼ ਇਜਲਾਸ ਬੁਲਾਏ ਜਾਣ ਦੀ ਮੰਗ ਕੀਤੀ ਸੀ ਪਰ ਹੁਣ ਤਿੰਨ ਮਹੀਨੇ ਬੀਤ ਗਏ ਹਨ ਤਾਂ ਸ਼੍ਰੋਮਣੀ ਕਮੇਟੀ ਦਾ ਵਿਸ਼ੇਸ਼ ਇਜਲਾਸ ਬੁਲਾਇਆ ਜਾਣਾ ਚਾਹੀਦਾ ਹੈ। ਇਸ ਮੌਕੇ ਉਨ੍ਹਾਂ ਦੇ ਨਾਲ ਬੀਬੀ ਕਿਰਨਜੋਤ ਕੌਰ, ਬੀਬੀ ਕੁਲਦੀਪ ਕੌਰ ਟੌਹੜਾ, ਬੀਬੀ ਸੁਰਿੰਦਰ ਕੌਰ ਦਿਆਲ ਲੁਧਿਆਣਾ, ਕਰਨੈਲ ਸਿੰਘ ਪੰਜੋਲੀ, ਸੁਰਿੰਦਰ ਸਿੰਘ ਭੁੱਲੇਵਾਲ ਰਾਠਾਂ, ਮਿੱਠੂ ਸਿੰਘ ਕਾਹਨੇਕੇ, ਜਰਨੈਲ ਸਿੰਘ ਕਰਤਾਰਪੁਰ, ਤੇਜਾ ਸਿੰਘ ਕਮਾਲਪੁਰ, ਮਲਕੀਤ ਸਿੰਘ ਚੰਗਾਲ, ਅਮਰੀਕ ਸਿੰਘ ਸ਼ਾਹਪੁਰ, ਬੀਬੀ ਪਰਮਜੀਤ ਕੌਰ ਲਾਂਡਰਾਂ ਤੇ ਜਥੇਦਾਰ ਪਰਮਜੀਤ ਸਿੰਘ ਰਾਏਪੁਰ (ਸਾਰੇ ਸ਼੍ਰੋਮਣੀ ਕਮੇਟੀ ਮੈਂਬਰ) ਵੀ ਮੌਜੂਦ ਸਨ।

# ਬਲਬੀਰ ਸਿੰਘ ਪੰਨੂੰ ਵੱਲੋਂ ਪਿੰਡ ਬੁੱਲੋਵਾਲ ਵਿਖੇ ਪਾਣੀ ਦੇ ਨਿਕਾਸ ਸਬੰਧੀ ਕਾਰਜਾਂ ਦੀ ਸਮੀਖਿਆ



ਫਤਹਿਗੜ੍ਹ ਚੂੜੀਆਂ, 13 ਜੁਲਾਈ (ਰਾਜਨ ਸ਼ਰਮਾ): ਫਤਹਿਗੜ੍ਹ ਚੂੜੀਆਂ ਦੇ ਹਲਕਾ ਇੰਚਾਰਜ ਬਲਬੀਰ ਸਿੰਘ ਪੰਨੂੰ ਵੱਲੋਂ ਪਿੰਡ ਬੁੱਲੋਵਾਲ ਵਿਖੇ ਵਿਕਾਸ ਕਾਰਜਾਂ ਨੂੰ ਮੁੱਖ ਰੱਖਦਿਆਂ ਪਿੰਡ ਵਾਸੀਆਂ ਨਾਲ ਮੁਲਕਾਤ ਕੀਤੀ ਗਈ ਤੇ ਪਾਣੀ ਦੇ ਨਿਕਾਸ ਸਬੰਧੀ ਕਾਰਜਾਂ ਦੀ ਸਮੀਖਿਆ ਕਰਦਿਆਂ ਪਿੰਡ ਵਾਸੀਆਂ ਦੀਆਂ ਮੁਸ਼ਕਿਲਾਂ ਸੁਣੀਆਂ। ਇਸ ਮੌਕੇ ਪਿੰਡ ਵਾਸੀਆਂ ਨਾਲ ਗੱਲ ਕਰਦਿਆਂ ਚੇਅਰਮੈਨ ਬਲਬੀਰ ਸਿੰਘ ਪੰਨੂੰ ਨੇ ਕਿਹਾ ਕਿ ਉਹ ਹਲਕੇ ਦੇ ਚਹੁੰਪੱਖੀ ਵਿਕਾਸ ਲਈ ਵਚਨਬੱਧ ਹਨ ਤੇ ਆਉਣ ਵਾਲੇ ਦਿਨਾਂ ਵਿੱਚ ਵਿਕਾਸ ਦੇ ਕੰਮਾਂ ਨੂੰ ਹੋਰ ਤੇਜ਼ੀ ਨਾਲ ਕਰਕੇ ਪਿੰਡ ਵਾਸੀਆਂ ਦੀਆਂ ਸਮੱਸਿਆਵਾਂ ਦੂਰ ਕੀਤੀਆਂ ਜਾਣਗੀਆਂ। ਉਨ੍ਹਾਂ ਅੱਗੇ ਕਿਹਾ ਕਿ ਹਲਕੇ ਅੰਦਰ ਲੋਕਹਿਤ ਲਈ ਵਿਕਾਸ ਕਾਜ ਪਾਰਦਰਸ਼ੀ ਢੰਗ ਨਾਲ ਕਰਵਾਏ ਜਾ ਰਹੇ ਹਨ ਤੇ ਲੋਕਾਂ ਤੱਕ ਪਹੁੰਚ ਕਰਕੇ ਮੁਸ਼ਕਿਲਾਂ ਹੱਲ ਕੀਤੀਆਂ ਜਾ ਰਹੀਆਂ ਹਨ। ਇਸ ਮੌਕੇ 'ਤੇ ਸਰਪੰਚ ਹਰਪਾਲ ਸਿੰਘ, ਪੰਚ ਸਾਹਿਬ ਸਿੰਘ, ਪੰਚ ਪਰਮਜੀਤ ਸਿੰਘ, ਸੁਖਵੰਤ ਸਿੰਘ ਬਾਠ, ਗੁਰਵੰਤ ਸਿੰਘ, ਬਚਿੱਤਰ ਸਿੰਘ ਬਾਠ, ਹਰਦੀਪ ਸਿੰਘ, ਦਲਬੀਰ ਸਿੰਘ ਬਾਠ, ਹਰਭਜਨ ਸਿੰਘ ਫੌਜੀ, ਹਰਜਿੰਦਰ ਸਿੰਘ, ਜਗਤਾਰ ਸਿੰਘ ਫੌਜੀ, ਕਸ਼ਮੀਰ ਸਿੰਘ, ਬਲਾਕ ਪ੍ਰਧਾਨ ਸ਼ਮਸ਼ੇਰ ਸਿੰਘ, ਬਲਾਕ ਪ੍ਰਧਾਨ ਮਲਜਿੰਦਰ ਸਿੰਘ, ਬਲਾਕ ਪ੍ਰਧਾਨ ਜਗਜੀਤ ਸਿੰਘ, ਬਲਾਕ ਪ੍ਰਧਾਨ ਹਰਦੀਪ ਸਿੰਘ, ਸਰਪੰਚ ਕਰਮਜੀਤ ਸਿੰਘ, ਸਰਪੰਚ ਗੁਰਬਿੰਦਰ ਸਿੰਘ, ਗਗਨਦੀਪ ਸਿੰਘ ਕੋਟਲਾ ਬਾਮਾ, ਰਘਬੀਰ ਸਿੰਘ ਅਠਵਾਲ ਤੇ ਸਰਪੰਚ ਕਰਨ ਬਾਠ ਆਦਿ ਹਾਜ਼ਰ ਸਨ।

# 'ਆਪ' ਸਰਕਾਰ ਦੀਆਂ ਕ੍ਰਾਂਤੀਕਾਰੀ ਯੋਜਨਾਵਾਂ ਨੇ ਲੋਕਾਂ ਦਾ ਦਿਲ ਜਿੱਤਿਆ: ਹਲਕਾ ਵਿਧਾਇਕ



ਬਟਾਲਾ, 13 ਜੁਲਾਈ (ਬਲਵਿੰਦਰ ਸਿੰਘ ਪੰਜਗਰਾਈਂ/ਧੈਂਪਾਲ ਸਿੰਘ ਕਲਸੀ): ਆਮ ਆਦਮੀ ਪਾਰਟੀ ਦੀ ਭਗਵੰਤ ਮਾਨ ਸਰਕਾਰ ਵੱਲੋਂ ਲੋਕ ਹਿੱਤਾਂ ਲਈ ਉਲੀਕੀਆਂ ਕ੍ਰਾਂਤੀਕਾਰੀ ਯੋਜਨਾਵਾਂ ਨੇ ਪੰਜਾਬ ਦੇ ਲੋਕਾਂ ਦਾ ਦਿਲ ਜਿੱਤ ਲਿਆ ਹੈ। ਜਿੱਥੇ ਹਲਕਾ ਵਿਧਾਇਕ ਐਡਵੋਕੇਟ ਅਮਰਪਾਲ ਸਿੰਘ ਕਿਸ਼ਨਕੋਟ, ਲੋਕ ਭਲਾਈ ਦੀਆਂ ਸਕੀਮਾਂ ਲੋਕਾਂ ਦੇ ਘਰ ਘਰ ਤੱਕ ਪਹੁੰਚਦੀਆਂ ਕਰ ਰਹੇ ਹਨ, ਉਥੇ ਹਲਕੇ ਦੇ ਲੋਕ ਵੀ ਐਮ.ਐਲ.ਏ. ਦੀ ਵਾਹ-ਵਾਹ ਕਰ ਰਹੇ ਹਨ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਨਗਰ ਪੰਜਗਰਾਈਆਂ ਦੇ ਸਰਪੰਚ ਗੁਰਦੀਪ ਸਿੰਘ ਹੇਅਰ ਨੇ ਸਰਕਾਰ ਵੱਲੋਂ ਪੰਜਗਰਾਈਆਂ ਵਿਖੇ ਲਗਾਏ ਗਏ ਮੁਫ਼ਤ ਕੈਂਪ ਦੌਰਾਨ ਪੱਤਰਕਾਰਾਂ ਨਾਲ ਕੀਤਾ। ਉਨ੍ਹਾਂ ਕਿਹਾ ਕਿ ਹਲਕਾ ਵਿਧਾਇਕ ਦੇ ਸੁਹਿਰਦ ਯਤਨਾਂ ਸਦਕਾ ਪਿਛਲੇ ਕਈ ਦਿਨਾਂ ਤੋਂ ਉਨ੍ਹਾਂ ਵੱਲੋਂ ਭੇਜੀ ਗਈ ਟੀਮ ਦੁਆਰਾ ਮੇਰੇ ਪਿੰਡ ਦੇ ਲੋਕਾਂ ਦੇ ਹੈਲਥ ਕਾਰਡ, ਈ-ਸ਼ਰਮ-ਕਾਰਡ ਲੇਬਰ ਕਾਰਡ, ਪੈਨ ਕਾਰਡ, ਅਟਲ ਪੈਨਸ਼ਨ ਯੋਜਨਾ, ਆਭਾ ਕਾਰਡ, ਜ਼ੀਰੋ ਬੈਲੈਂਸ ਖਾਤਾ, ਸਟੂਡੈਂਟ ਕਾਰਡ ਆਦਿ ਬਿਲਕੁਲ ਮੁਫ਼ਤ ਬਣਾਏ ਜਾ ਰਹੇ ਹਨ। ਸਰਪੰਚ ਗੁਰਦੀਪ ਸਿੰਘ ਨੇ ਕਿਹਾ ਕਿ ਸੱਚਮੁੱਚ ਹੀ ਲੋਕਾਂ ਦੀ ਸਰਕਾਰ ਲੋਕਾਂ ਦੇ ਦੁਆਰ 'ਤੇ ਪਹੁੰਚ ਕੇ ਉਨ੍ਹਾਂ ਦੇ ਜ਼ਰੂਰੀ ਦਸਤਾਵੇਜ਼ ਬਣਾ ਰਹੀ ਹੈ ਤਾਂ ਕਿ ਸਰਕਾਰ ਵੱਲੋਂ ਮਿਲਣੀਆਂ ਸਹੂਲਤਾਂ ਤੋਂ ਕੋਈ ਵੀ ਵਿਅਕਤੀ ਵਾਂਝਾ ਨਾ ਰਹਿ ਜਾਵੇ। ਇਸ ਮੌਕੇ ਕਾਰਡ ਬਣਾਉਣ ਵਾਲੀ ਟੀਮ ਦੇ ਮੈਂਬਰਜ਼ ਕਰਮਵਰਨ ਚੀਦਾ, ਅਜੇ ਮਸੀਹ, ਆਸ਼ੀਸ਼, ਜਗਜੀਵਨ ਸਿੰਘ, ਆਨੂਸ਼ ਸਹੋਤਾ ਤੋਂ ਇਲਾਵਾ ਪੰਚ ਸਤਨਾਮ ਸਿੰਘ ਫੌਜੀ, ਪੰਚ ਕਰਮਜੀਤ ਸਿੰਘ, ਪੰਚ ਸੁਖਦੀਪ ਸਿੰਘ, ਪੰਚ ਗੁਰਦੇਵ ਸਿੰਘ, ਕੁਲਦੀਪ ਸਿੰਘ ਪਡਾ, ਸਾਬਕਾ ਪੰਚ ਹਰਭਜਨ ਸਿੰਘ, ਲਖਬੀਰ ਸਿੰਘ ਲਾਲੀ, ਪੰਚ ਮਿੱਠੂ ਸਿੰਘ ਬਾਜ਼ੀਗਰ ਸੈੱਲ ਤੇ ਹੋਰ ਅਨੇਕਾਂ ਮੋਹਤਬਰ ਮੌਜੂਦ ਸਨ।

# 10 ਲੱਖ ਰੁਪਏ ਮੁਫ਼ਤ ਇਲਾਜ ਸਿਹਤ ਬੀਮਾ ਦੀ ਸਕੀਮ ਲੋਕ ਪੱਖੀ ਫ਼ੈਸਲਾ: ਬੋਹਜਾ

ਸ੍ਰੀ ਹਰਗੋਬਿੰਦਪੁਰ ਸਾਹਿਬ/ਘੁਮਾਣ, 13 ਜੁਲਾਈ (ਡਾ. ਨਰਿੰਦਰ ਸਿੰਘ ਘੁਮਾਣ/ਜਗੀਰ ਸਿੰਘ ਮੰਡ): ਭਗਵੰਤ ਮਾਨ ਸਰਕਾਰ ਨੇ ਹਮੇਸ਼ਾ ਪੰਜਾਬ ਦੇ ਲੋਕਾਂ ਲਈ ਲੋਕ ਪੱਖੀ ਫੈਸਲੇ ਲਏ ਹਨ, ਜਿਨ੍ਹਾਂ ਦਾ ਪ੍ਰਗਟਾਵਾ ਚੋਣਵੇਂ ਪੱਤਰਕਾਰਾਂ ਨਾਲ ਕਰਦਿਆਂ ਸੋਸ਼ਲ ਮੀਡੀਆ ਇੰਚਾਰਜ ਮੁਖਤਾਰ ਸਿੰਘ ਬੋਹਜਾ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ



ਸਰਕਾਰ ਵੱਲੋਂ ਪੰਜਾਬ ਦੇ ਲੋਕਾਂ ਦੀ ਸਿਹਤ ਸਹੂਲਤਾਂ ਨੂੰ ਦੇਖਦੇ ਹੋਏ ਪੰਜਾਬ ਵਿੱਚ ਸਾਰਿਆਂ ਵਰਗ ਦੇ ਲੋਕਾਂ ਦਾ 10 ਲੱਖ ਰੁਪਏ ਦਾ ਇਲਾਜ ਸਰਕਾਰੀ ਤੇ ਪ੍ਰਾਈਵੇਟ ਹਸਪਤਾਲਾਂ 'ਚ ਕਰਨ ਲਈ ਸਰਕਾਰ ਵੱਲੋਂ ਸਿਹਤ ਬੀਮੇ ਦੀ ਸਕੀਮ ਐਲਾਨ ਕਰ ਦਿੱਤਾ ਗਿਆ ਹੈ। ਇਹ ਰਸਮੀ ਸਕੀਮ 2 ਅਕਤੂਬਰ ਤੋਂ ਸ਼ੁਰੂ ਹੋਵੇਗੀ। ਹਰੇਕ ਵਰਗ ਦੇ ਲੋਕਾਂ ਲਈ ਸਹੂਲਤ ਬਣਾਈ ਹੈ ਕੋਈ ਵੀ ਆਪਣਾ ਇਲਾਜ ਸਰਕਾਰੀ ਪ੍ਰਾਈਵੇਟ ਹਸਪਤਾਲਾਂ ਕਰਵਾ ਸਕਦੇ ਹਨ। ਪੰਜਾਬ ਸਰਕਾਰ ਨੇ ਇਹ ਇਤਿਹਾਸਕ ਫੈਸਲਾ ਲਿਆ ਹੈ ਹਰ ਵਰਗ ਦੇ ਲੋਕਾਂ ਨੂੰ ਫਾਇਦਾ ਮਿਲੇਗਾ ਤੇ ਵਿਧਾਨ ਸਭਾ ਵਿਚ ਵਿਰਾਸਤੀ ਖੇਤਾਂ ਦਾ ਲਿਆ ਗਿਆ ਫੈਸਲਾ ਵੀ ਬਹੁਤ ਸ਼ਲਾਘਾਯੋਗ ਕਦਮ ਹੈ। ਲੋਕਾਂ ਨੂੰ ਇਸ ਸਕੀਮ ਦਾ ਲਾਭ ਉਠਾਉਣ ਦੀ ਅਪੀਲ ਕੀਤੀ। ਉਨ੍ਹਾਂ ਇਸ ਫੈਸਲੇ ਮੁੱਖ ਮੰਤਰੀ ਭਗਵੰਤ ਮਾਨ, ਅਰਵਿੰਦ ਕੇਜਰੀਵਾਲ, ਸਿਹਤ ਮੰਤਰੀ ਡਾ.ਬਲਬੀਰ ਸਿੰਘ ਤੇ ਪੰਜਾਬ ਸਰਕਾਰ ਨੂੰ ਵਧਾਈ ਦਿੱਤੀ ਤੇ ਭਗਵੰਤ ਮਾਨ ਸਰਕਾਰ ਨੇ ਜੋ ਵਾਅਦੇ ਲੋਕਾਂ ਨਾਲ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਕੀਤੇ ਸੀ। ਉਹ ਸਰਕਾਰ ਬਣਨ 'ਤੇ ਹੁਣ ਪੂਰੇ ਕੀਤੇ ਜਾ ਰਹੇ ਹਨ।

# ਝੋਨੇ ਦੀ ਸੁਪਰੀਮ 110 ਕਿਸਮ ਦੇ ਪੱਤਿਆਂ ਦਾ ਰੰਗ ਵੇਖ ਕੇ ਵੱਧ ਯੂਰੀਆ ਨਾ ਵਰਤੀ ਜਾਵੇ: ਮੁੱਖ ਖੇਤੀਬਾੜੀ ਅਫ਼ਸਰ

ਗੁਰਦਾਸਪੁਰ, 13 ਜੁਲਾਈ (ਜਗੀਰ ਸਿੰਘ ਮੰਡ/ਦਲਜਿੰਦਰ ਸੰਧੂ): ਝੋਨੇ ਤੇ ਬਾਸਮਤੀ ਦੀ ਲਵਾਈ ਦਾ ਕੰਮ ਤਕਰੀਬਨ ਮੁਕੰਮਲ ਹੋ ਚੁੱਕਾ ਹੈ ਤੇ ਹੁਣ ਇੱਕ ਲੱਖ ਬਹੱਤਰ ਹਜ਼ਾਰ ਹੈਕਟੇਅਰ ਰਕਬੇ ਵਿੱਚ ਲਵਾਈ ਹੋਈ ਹੈ। ਇਸ ਬਾਰੇ ਜਾਣਕਾਰੀ ਦਿੰਦਿਆਂ ਮੁੱਖ ਖੇਤੀਬਾੜੀ ਅਫ਼ਸਰ ਡਾ. ਅਮਰੀਕ ਸਿੰਘ ਨੇ ਦੱਸਿਆ ਕਿ ਕਿਸਾਨਾਂ ਵੱਲੋਂ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਵੱਲੋਂ ਸਿਫਾਰਸ਼ਸ਼ੁਦਾ ਕਿਸਮਾਂ ਜਿਵੇਂ ਪੀ.ਆਰ. 128,132,126 ਦੀ ਲਵਾਈ ਕੀਤੀ ਹੈ, ਇਸ ਤੋਂ ਇਲਾਵਾ ਬਾਸਮਤੀ ਦੀ ਕਾਸ਼ਤ ਵੀ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਪਾਬੰਦੀਸ਼ੁਦਾ ਕਿਸਮਾਂ ਪੂਸਾ 44 ਤੇ ਹਾਈਬ੍ਰਿਡ ਕਿਸਮਾਂ ਦੀ ਲਵਾਈ ਕਿਸਾਨਾਂ ਵੱਲੋਂ ਨਹੀਂ ਕੀਤੀ ਗਈ ਹੈ।



ਇਸ ਤੋਂ ਇਲਾਵਾ ਕਿਸਾਨਾਂ ਵੱਲੋਂ ਸੁਪਰੀਮ 110 ਕਿਸਮ ਦੀ ਲਵਾਈ ਵੱਡੇ ਪੱਧਰ 'ਤੇ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ ਝੋਨੇ ਦੀ ਇਸ ਕਿਸਮ ਦੇ ਬੂਟਿਆਂ ਦੇ ਪੱਤੇ ਕੁਝ ਪੀਲੇ ਦਿਖਾਈ ਦੇ ਰਹੇ ਹਨ ਕਿਉਂਕਿ ਝੋਨੇ ਦੀ 110 ਕਿਸਮ ਦਾ ਸੁਭਾਅ ਹੈ ਕਿ ਉਸ ਦੇ ਪੱਤੇ ਲਵਾਈ ਤੋਂ 45-50 ਦਿਨਾਂ ਤੱਕ ਪਲੱਤਣ ਵਿਚ ਰਹਿੰਦੇ ਹਨ ਜੋਂ ਜ਼ਿੰਕ ਦੀ ਘਾਟ ਦਾ ਭੁਲੇਖਾ ਪਾਉਂਦੇ ਹਨ। ਉਨ੍ਹਾਂ ਦੱਸਿਆ ਕਿਸਾਨ ਆਮ ਕਰਕੇ ਚਾਹੁੰਦੇ ਹਨ ਕਿ ਝੋਨੇ ਦੀ ਫ਼ਸਲ ਦਾ ਰੰਗ ਗੂੜ੍ਹਾ ਹਰਾ ਦਿਖਾਈ ਦੇਵੇ ਤੇ ਸੁਪਰੀਮ 110 ਕਿਸਮ ਪੱਤਿਆਂ ਦੇ ਪੀਲੇ ਰਹਿਣ ਕਾਰਨ ਕਿਸਾਨ ਆਮ ਕਰਕੇ 3-5 ਬੋਰੀਆਂ ਪ੍ਰਤੀ ਏਕੜ ਵਰਤ ਰਹੇ ਹਨ, ਜਿਸ ਨਾਲ ਖੇਤੀ ਲਾਗਤ ਖਰਚੇ ਵਧਣ ਦੇ ਨਾਲ ਨਾਲ-ਨਾਲ ਫ਼ਸਲ ਉੱਪਰ ਕੀੜਿਆਂ ਦੇ ਹਮਲੇ ਦਾ ਕਾਰਨ ਵੀ ਬਣਦਾ ਹੈ। ਉਨ੍ਹਾਂ ਦੱਸਿਆ ਕਿ ਵੱਧ ਯੂਰੀਆ ਖਾਦ ਦੀ ਵਰਤੋਂ ਨਾਲ ਫ਼ਸਲ ਦਾ ਫ਼ਾਲ ਵੱਧਦਾ ਹੈ ਤੇ ਝਾੜ ਵੀ ਘਟਦਾ ਹੈ। ਉਨ੍ਹਾਂ ਦੱਸਿਆ ਕਿ ਯੂਰੀਆ ਦੀ ਸਿਫਾਰਸ਼ ਤੋਂ ਵੱਧ ਵਰਤੋਂ ਕਈ ਮੁਸ਼ਕਿਲਾਂ ਪੈਦਾ ਕਰਦੀ ਹੈ। ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਗੁਰਦਾਸਪੁਰ ਵਿਚ ਜ਼ਰੂਰਤ ਅਨੁਸਾਰ ਯੂਰੀਆ ਖਾਦ ਆ ਰਹੀ ਹੈ ਪ੍ਰੰਤੂ ਕਿਸਾਨਾਂ ਵੱਲੋਂ ਸਿਫਾਰਸ਼ ਤੋਂ ਵੱਧ ਵਰਤੋਂ ਕਰਨ ਨਾਲ ਛੋਟੇ ਕਿਸਾਨਾਂ ਨੂੰ ਯੂਰੀਆ ਖਾਦ ਦੀ ਉਪਲਬਧਤਾ ਵਿਚ ਕੁਝ ਮੁਸ਼ਕਿਲ ਆ ਰਹੀ ਹੈ, ਜਿਸ ਨੂੰ ਛੇਤੀ ਹੀ ਦੂਰ ਕਰ ਦਿੱਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਝੋਨੇ ਦੀ ਫ਼ਸਲ ਨੂੰ ਕੋਈ ਗੈਰ ਸਿਫਾਰਸ਼ਸ਼ੁਦਾ ਖੇਤੀ ਸਮੱਗਰੀ ਪਾਉਣ ਦੀ ਜ਼ਰੂਰਤ ਨਹੀਂ।

# ਵਾਤਾਵਰਨ ਨੂੰ ਸ਼ੁੱਧ ਰੱਖਣ ਲਈ ਲੋਕ ਭਲਾਈ ਸੇਵਾ ਨੇ 105 ਛਾਂਦਾਰ, ਫਲਦਾਰ ਬੂਟੇ ਲਗਾਏ

ਨਵਾਂਸ਼ਹਿਰ, 13 ਜੁਲਾਈ (ਸੁਖਦੇਵ ਸਿੰਘ ਉੜਾਪੜ): ਮਨੁੱਖਤਾ ਦੇ ਭਲੇ ਲਈ ਵਾਤਾਵਰਨ ਨੂੰ ਸ਼ੁੱਧ ਰੱਖਣ ਵਾਸਤੇ ਹਰ ਸਾਲ ਵੱਖ-ਵੱਖ ਪਿੰਡਾਂ ਦੀਆਂ ਸੜਕਾਂ ਤੋਂ ਇਲਾਵਾ ਗੁਰੁਘਰਾਂ ਤੇ ਸ਼ਮਸ਼ਾਨਘਾਟ 'ਚ ਬੂਟੇ ਲਗਾਏ ਜਾ ਰਹੇ ਹਨ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਲੋਕ ਭਲਾਈ ਸੇਵਾ ਸੁਸਾਇਟੀ ਦੇ ਸੰਚਾਲਕ ਕੁਲਵਿੰਦਰ ਸਿੰਘ ਭਾਰਟਾ ਨਾਲ ਐੱਸ.ਐੱਚ.ਓ. ਵਰਿੰਦਰ ਕੁਮਾਰ ਬੰਗਾ, ਸੀਨੀਅਰ ਕੌਂਸਲ ਚੇਤ ਰਾਮ ਰਤਨ ਨੈਸ਼ਨਲ ਚੇਅਰਮੈਨ ਆਲ ਇੰਡੀਆ ਹਿਊਮਨ ਰਾਈਟਸ ਭਾਰਤ ਦੇ ਸਹਿਯੋਗ ਨਾਲ ਬਾਈਪਾਸ ਮਹਾਲੋ-ਨਵਾਂਸ਼ਹਿਰ ਚੌਕ ਤੋਂ ਪਿੰਡ ਕਾਹਮਾ ਓਵਰਬ੍ਰਿਜ ਤੱਕ 105 ਛਾਂਦਾਰ ਤੇ ਫਲਦਾਰ ਬੂਟੇ ਲਗਾਉਣ ਸਮੇਂ ਕੀਤਾ। ਉਨ੍ਹਾਂ ਕਿਹਾ ਕਿ ਲੋਕਾਂ ਵੱਲੋਂ ਬੂਟੇ ਲਗਾਉਣ ਦੀ ਬਜਾਏ ਦਰੱਖਤਾਂ ਨੂੰ ਕੱਟ ਕੇ ਕੁਦਰਤ ਨਾਲ ਖਿਲਵਾੜ ਕੀਤਾ ਜਾ ਰਿਹਾ ਹੈ ਜੋ ਮਨੁੱਖ ਦੇ ਲਈ ਹੀ ਭਾਰੂ ਪੈ ਰਿਹਾ ਹੈ। ਪ੍ਰਧਾਨ ਭਾਰਟਾ ਨੇ ਕਿਹਾ ਕਿ ਲੋਕਾਂ ਵੱਲੋਂ ਰੁੱਖਾਂ ਦੀ ਕਟਾਈ ਤੇ ਬੇਲੋੜੀ ਲਗਾਈ ਅੱਗ ਦੇ ਨਾਲ ਆਲੇ ਦੁਆਲੇ ਦੇ ਵਾਤਾਵਰਨ ਨੂੰ ਗੰਦਲਾ ਕਰਕੇ ਤਾਪਮਾਨ ਵਿੱਚ ਵਾਧਾ ਕਰਨ ਲਈ ਜ਼ਿੰਮੇਵਾਰ ਹਨ। ਉਨ੍ਹਾਂ ਕਿਹਾ ਕਿ ਹੁਣ ਮਨੁੱਖ ਨੂੰ ਕੁਦਰਤ ਦੀ ਕਰੋਪੀ ਝੱਲਣ ਕਰਕੇ ਤਾਪਮਾਨ ਵਧਣ ਦੇ ਨਾਲ ਗਰਮੀ ਦੀ ਤਪਸ਼ ਤੇ ਹੀਟਵੇ 'ਚ ਵੀ ਭਾਰੀ ਵਾਧਾ ਹੋ ਰਿਹਾ ਹੈ। ਉੱਥੇ ਹੀ ਜਾਨਵਰਾਂ ਤੇ ਪੰਛੀਆਂ ਦਾ ਰਹਿਣਾ ਤੇ ਜਿਉਣਾ ਮੁਸ਼ਕਿਲ ਹੋਇਆ ਜਾਪ ਰਿਹਾ ਹੈ। ਹਰ ਇੱਕ ਇਨਸਾਨ ਨੂੰ ਵਿਆਹ ਸ਼ਾਦੀ ਜਨਮ ਦਿਨ ਮੌਕੇ ਇੱਕ ਬੂਟਾ ਲਗਾਉਣ ਦੀ ਅਪੀਲ ਕੀਤੀ। ਇਸ ਮੌਕੇ ਅਲਦਾਰ ਖਾਨ ਸਬ-ਇੰਚਪੈਕਟਰ, ਦੀਪਕ ਰਾਣਾ ਐੱਸ.ਆਈ., ਬੰਗਾ, ਗੀਤਕਾਰ ਡਾ. ਸੰਤੋਖ ਸਿੰਘ ਤਾਜਪੁਰ, ਗਗਨਦੀਪ ਗਰਚਾ ਬੰਗਾ, ਰਾਮ ਸਲੋਹ, ਹਰਮਿੰਦਰ ਸਿੰਘ ਪਿੰਟੂ, ਕੁਲਦੀਪ ਸਿੰਘ ਪਾਬਲਾ, ਮਨ ਮਲੂਪੋਤੀਆ, ਸੋਨੀ ਸਰੋਆ ਕਲਾਕਾਰ, ਗੀਤਕਾਰ ਸੁਰਜੀਤ ਮਹਿਰਮਪੁਰ, ਚਰਨਦੀਪ ਚੰਨੀ ਨੰਬਰਦਾਰ ਨਵਾਂਸ਼ਹਿਰ, ਅੰਮ੍ਰਿਤ ਕੁਮਾਰ ਲਧੜ, ਕਮਲੇਸ਼ ਕੁਮਾਰ ਮਹਾਂਦੇਵ ਟੈਂਟ, ਸਤਨਾਮ ਕਰੀਮਪੁਰ ਤੇ ਵਾਤਾਵਰਨ ਪ੍ਰੇਮੀ ਹਾਜ਼ਰ ਸਨ।

# ਸਰਬੱਤ ਦਾ ਭਲਾ ਟਰੱਸਟ ਨੇ 20 ਲੋੜਵੰਦ ਪਰਿਵਾਰਾਂ ਨੂੰ ਦਿੱਤੇ ਆਰਥਿਕ ਸਹਾਇਤਾ ਦੇ ਚੈੱਕ

ਮੱਲਾਂ ਵਾਲਾ, 13 ਜੁਲਾਈ (ਹਰਪਾਲ ਸਿੰਘ ਖ਼ਾਲਸਾ): ਸਮਾਜਸੇਵੀ ਤੇ ਦੁਬੱਈ ਦੇ ਉਘੇ ਕਾਰੋਬਾਰੀ ਡਾ. ਸੁਰਿੰਦਰਪਾਲ ਸਿੰਘ ਓਬਰਾਏ ਵੱਲੋਂ ਚਲਾਈ ਜਾ ਰਹੀ ਸਮਾਜਸੇਵੀ ਸੰਸਥਾ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਕੌਮੀ ਪ੍ਰਧਾਨ ਜੱਸਾ ਸਿੰਘ ਸੰਧੂ ਦੀ ਯੋਗ ਅਗਵਾਈ ਵਿੱਚ ਜ਼ੀਰਾ ਵਿਖੇ ਗੁਰਦੁਆਰਾ ਸਾਹਿਬ ਗੁਰੂ ਨਾਨਕ ਨਗਰੀ ਵਿਖੇ ਕਰਵਾਏ ਗਏ ਇੱਕ ਸਾਦੇ ਸਮਾਗਮ ਦੌਰਾਨ ਜ਼ੀਰਾ ਇਲਾਕੇ ਨਾਲ ਸਬੰਧਤ 20 ਜ਼ਰੂਰਤਮੰਦ ਵਿਧਵਾਵਾਂ ਤੇ ਅੰਗਹੀਣ ਪਰਿਵਾਰਾਂ ਨੂੰ ਆਰਥਿਕ ਸਹਾਇਤਾ ਰਾਸ਼ੀ ਦੇ ਚੈੱਕ ਵੰਡੇ ਗਏ ਤੇ ਇੱਕ ਗੁਰਦਿਆਂ ਦੀ ਬਿਮਾਰੀ ਤੋਂ ਪੀੜਤ ਲੜਕੀ ਜਿਸ ਦੀ ਹਫਤੇ ਵਿੱਚ ਦੋ ਵਾਰ ਡਾਇਲਸਿਸ ਹੁੰਦੀ ਹੈ, ਉਸ ਨੂੰ ਡਾਇਲਸਿਸ ਕਿੱਟ ਦਿੱਤੀ ਗਈ ਤੇ ਕੁਝ ਲੋੜਵੰਦਾਂ ਦੇ ਨਵੇਂ ਫਾਰਮ ਭਰੇ ਗਏ। ਇਹ ਚੈੱਕ ਸੰਸਥਾ ਦੇ ਜ਼ਿਲ੍ਹਾ ਪ੍ਰਧਾਨ ਅਮਰਜੀਤ ਕੌਰ ਛਾਬੜਾ, ਜ਼ਿਲ੍ਹਾ ਸਲਾਹਕਾਰ ਤੇ



ਇੰਚਾਰਜ ਜ਼ੀਰਾ ਰਣਜੀਤ ਸਿੰਘ ਰਾਏ ਸਮੇਤ ਹੋਰ ਮੈਂਬਰਾਂ ਵੱਲੋਂ ਵੰਡੇ ਗਏ। ਪੱਤਰਕਾਰਾਂ ਨੂੰ ਜਾਣਕਾਰੀ ਦਿੰਦੇ ਹੋਏ ਮੀਤ ਪ੍ਰਧਾਨ ਦਵਿੰਦਰ ਸਿੰਘ ਛਾਬੜਾ, ਜਗਸੀਰ ਸਿੰਘ ਲੈਬ ਇੰਚਾਰਜ ਜ਼ੀਰਾ ਤੇ ਜ਼ਿਲ੍ਹਾ ਸਲਾਹਕਾਰ ਤੇ ਇੰਚਾਰਜ ਇਸਤਰੀ ਵਿੰਗ ਜ਼ੀਰਾ ਬਲਵਿੰਦਰ ਕੌਰ ਲੋਹਕੇ ਨੇ ਦੱਸਿਆ ਕਿ ਸੰਸਥਾ ਦੇ ਬਾਨੀ ਡਾ. ਓਬਰਾਏ ਵੱਲੋਂ ਲੋਕ ਭਲਾਈ ਦੇ ਕਈ ਹੋਰ ਕਾਰਜ ਸ਼ੁਰੂ ਕੀਤੇ ਹੋਏ ਹਨ। ਜਿਨ੍ਹਾਂ ਵਿੱਚ ਜ਼ਿਲ੍ਹੇ ਅੰਦਰ ਲੋੜਵੰਦਾਂ, ਅੰਗਹੀਣਾਂ ਤੇ ਵਿਧਵਾਵਾਂ ਨੂੰ ਇੱਕ ਲੱਖ 37 ਹਜ਼ਾਰ ਰੁਪਏ ਦੀ ਰਾਸ਼ੀ ਦੇ ਮਹੀਨਾਵਾਰ ਪੈਨਸ਼ਨਾਂ, ਹੁਸ਼ਿਆਰ ਤੇ ਲੋੜਵੰਦ ਵਿਦਿਆਰਥੀਆਂ ਦੀਆਂ ਫੀਸਾਂ, ਮੈਡੀਕਲ ਸਹਾਇਤਾ, ਅੱਖਾਂ ਦੇ ਕੈਂਪ, ਕਈ ਤਰ੍ਹਾਂ ਦੇ ਹੱਥੀਂ ਹੁਨਰ ਵਾਲੇ ਸਿਖਲਾਈ ਕੋਰਸ ਸਕੂਲਾਂ ਤੇ ਜਨਤਕ ਸਥਾਨਾਂ 'ਤੇ ਸਾਫ਼ ਪਾਣੀ ਵਾਲੇ ਆਰ.ਓ ਲਗਾਏ ਜਾਂਦੇ ਹਨ। ਇਸ ਮੌਕੇ ਜ਼ਿਲ੍ਹਾ ਪ੍ਰਧਾਨ ਅਮਰਜੀਤ ਕੌਰ ਛਾਬੜਾ, ਜ਼ਿਲ੍ਹਾ ਸਲਾਹਕਾਰ ਤੇ ਇੰਚਾਰਜ ਜ਼ੀਰਾ ਰਣਜੀਤ ਸਿੰਘ ਰਾਏ, ਜਗਸੀਰ ਸਿੰਘ ਲੈਬ ਇੰਚਾਰਜ ਜ਼ੀਰਾ, ਜ਼ਿਲ੍ਹਾ ਸਲਾਹਕਾਰ ਤੇ ਇੰਚਾਰਜ ਇਸਤਰੀ ਵਿੰਗ ਬਲਵਿੰਦਰ ਕੌਰ ਲੋਹਕੇ, ਪਵਨ ਮਹਿਤਾ ਸਮੇਤ ਹੋਰ ਪਤਵੰਤੇ ਵੀ ਮੌਜੂਦ ਸਨ।

# ਆਮ ਆਦਮੀ ਪਾਰਟੀ ਦੀ ਸਰਕਾਰ ਨੇ ਆਮ ਲੋਕਾਂ ਦੀ ਬਾਂਹ ਫੜੀ: ਜੋਬਨ ਰੰਧਾਵਾ

ਗੁਰਦਾਸਪੁਰ, 13 ਜੁਲਾਈ (ਜਸਵਿੰਦਰ ਸਿੰਘ): ਆਮ ਆਦਮੀ ਪਾਰਟੀ ਦੀ ਸੂਬਾ ਸਰਕਾਰ ਨੇ ਪੰਜਾਬ 'ਚ ਹਰ ਪਰਿਵਾਰ ਨੂੰ 10 ਲੱਖ ਤੱਕ ਦਾ ਸਾਲਾਨਾ ਮੁਫ਼ਤ ਇਲਾਜ ਦੀ ਸਹੂਲਤ ਦੇ ਕੇ ਵੱਡੀ ਸਹੂਲਤ ਦਿੱਤੀ ਹੈ ਤੇ ਪੰਜਾਬ ਦਾ ਹਰ ਇੱਕ ਵਾਸੀ ਇਸ ਸਕੀਮ ਅਧੀਨ ਇਲਾਜ ਦੀ ਸਹੂਲਤ ਦਾ ਹੱਕਦਾਰ ਹੋਵੇਗਾ। ਮੁੱਖ ਮੰਤਰੀ ਸਿਹਤ ਯੋਜਨਾ ਦੀ ਸ਼ਲਾਘਾ ਕਰਦਿਆਂ ਜ਼ਿਲ੍ਹਾ ਪ੍ਰਧਾਨ ਜੋਬਨ ਰੰਧਾਵਾ ਗੁਰਦਾਸਪੁਰ ਨੇ ਕਿਹਾ ਕਿ ਇਸ ਸਕੀਮ ਤਹਿਤ ਇਲਾਜ ਲੈਣ ਲਈ ਕੋਈ ਕਾਗਜ਼ੀ ਕਾਰਵਾਈ 'ਚ ਉਲਝਣਾ ਨਹੀਂ ਪਵੇਗਾ, ਅਗਰ ਤੁਹਾਡੇ ਕੋਲ ਕਾਰਡ ਬਣਿਆ ਨਹੀਂ ਹੋਵੇਗਾ ਤਾਂ ਮੌਕੇ 'ਤੇ ਆਧਾਰ ਕਾਰਡ ਜਾਂ ਵੋਟਰ ਕਾਰਡ ਦਿਖਾ ਕੇ ਰਜਿਸਟਰ ਕਰਵਾਉਣ ਉਪਰੰਤ ਇਲਾਜ ਕਰਵਾਇਆ ਜਾ ਸਕੇਗਾ। ਉਨ੍ਹਾਂ ਦੱਸਿਆ ਕਿ ਪੰਜਾਬ ਦੇ ਸਾਰੇ ਸਰਕਾਰੀ ਹਸਪਤਾਲਾਂ ਸਮੇਤ ਕਰੀਬ 1500 ਨਿੱਜੀ ਹਸਪਤਾਲ



ਇਸ ਸਕੀਮ ਤਹਿਤ ਪੰਜਾਬੀਆਂ ਦਾ ਮੁਫ਼ਤ ਇਲਾਜ ਕਰਨਗੇ। ਉਨ੍ਹਾਂ ਕਿਹਾ ਕਿ ਪੰਜਾਬ ਦੇ 65 ਲੱਖ ਪਰਿਵਾਰਾਂ ਨੂੰ ਕੈਸ਼ਲੈੱਸ ਬੀਮੇ ਦੀ ਸਹੂਲਤ ਦਿੱਤੀ ਗਈ ਹੈ, ਜਿਸ ਵਿੱਚ ਸਰਕਾਰੀ ਤੇ ਪ੍ਰਾਈਵੇਟ ਹਸਪਤਾਲਾਂ ਵਿੱਚ ਹਰ ਬਿਮਾਰੀ ਦਾ ਇਲਾਜ ਮੁਫ਼ਤ ਵਿੱਚ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਇਸ ਸਕੀਮ ਵਿਚ ਸਰਕਾਰੀ ਕਰਮਚਾਰੀ, ਆਂਗਨਵਾੜੀ, ਆਸ਼ਾ ਵਰਕਰ ਵੀ 100 ਫ਼ੀਸਦੀ ਕਵਰ ਹੋਣਗੇ। ਉਨ੍ਹਾਂ ਕਿਹਾ ਕਿ ਇਹ ਯੋਜਨਾ ਤਿੰਨ ਮਹੀਨੇ ਵਿੱਚ ਲਾਗੂ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਹਰ ਪਰਿਵਾਰ ਨੂੰ 10 ਲੱਖ ਰੁਪਏ ਦਾ ਸਾਲਾਨਾ ਮੁਫ਼ਤ ਇਲਾਜ ਦੇਣਾ ਆਮ ਆਦਮੀ ਸਰਕਾਰ ਦੀ ਵੱਡੀ ਪ੍ਰਾਪਤੀ ਹੈ।

# ਐੱਚ.ਆਰ.ਏ. ਇੰਟਰਨੈਸ਼ਨਲ ਸਕੂਲ ਦੇ ਵਿਦਿਆਰਥੀਆਂ ਨੇ ਆਈ.ਸੀ.ਐੱਸ.ਈ. ਜ਼ੋਨਲ ਲੈਵਲ ਯੋਗਾ ਮੁਕਾਬਲੇ 'ਚ ਪਹਿਲਾ ਤੇ ਦੂਜਾ ਸਥਾਨ ਹਾਸਲ ਕੀਤਾ



ਗੁਰਦਾਸਪੁਰ, 13 ਜੁਲਾਈ (ਜਸਵਿੰਦਰ ਸਿੰਘ): 6 ਮਈ 2025 ਨੂੰ ਆਈ.ਸੀ.ਐੱਸ.ਈ. ਵੱਲੋਂ ਕਰਵਾਈ ਸਦਾ ਕਿੰਗ ਕਾਨਵੈਂਟ ਸਕੂਲ ਸੁਜਾਨਪੁਰ ਵਿਖੇ ਜ਼ੋਨਲ ਲੈਵਲ ਯੋਗਾ ਮੁਕਾਬਲੇ ਕਰਵਾਏ ਗਏ। ਜਿਸ ਵਿੱਚ ਜ਼ਿਲ੍ਹੇ ਦੇ ਵੱਖ-ਵੱਖ ਸਕੂਲਾਂ ਦੇ ਵਿਦਿਆਰਥੀਆਂ ਨੇ ਭਾਗ ਲਿਆ। ਇਸ ਮੁਕਾਬਲੇ ਵਿੱਚ ਐੱਚ.ਆਰ.ਏ. ਇੰਟਰਨੈਸ਼ਨਲ ਸਕੂਲ ਗੁਰਦਾਸਪੁਰ ਦੇ ਵਿਦਿਆਰਥੀਆਂ ਨੇ ਵੀ ਭਾਗ ਲਿਆ। ਜਿਨ੍ਹਾਂ ਵਿੱਚੋਂ ਅੰਡਰ-17 (ਲੜਕੀਆਂ) ਕੈਟਾਗਰੀ ਦੇ ਤਹਿਤ ਅੱਠਵੀਂ ਕਲਾਸ ਦੀਆਂ ਵਿਦਿਆਰਥਣਾਂ ਗੁਰਲੀਨ ਕੌਰ, ਜਪਨੂਰ ਕੌਰ, ਪਰੀਸ਼ਾ ਸ਼ਰਮਾ, ਡੇਜ਼ੀ ਤੇ ਸੱਤਵੀਂ ਕਲਾਸ ਦੀ ਜਾਨਵੀ ਆਦਿ ਨੇ ਆਪਣੀ ਪ੍ਰਤਿਭਾ ਦਾ ਵਧੀਆ ਪ੍ਰਦਰਸ਼ਨ ਕਰਦੇ ਹੋਏ ਸੋਨੇ ਦੇ ਮੈਡਲ ਪ੍ਰਾਪਤ ਕਰਕੇ ਆਪਣੇ ਸਕੂਲ ਦਾ ਨਾਂ ਚਮਕਾਇਆ। ਉੱਥੇ ਅੰਡਰ-14 (ਲੜਕੀਆਂ) ਕੈਟਾਗਰੀ ਵਿੱਚੋਂ ਅੱਠਵੀਂ ਕਲਾਸ ਦੀ ਗੁਰਕੀਰਤ ਕੌਰ ਤੇ ਸੱਤਵੀਂ ਕਲਾਸ ਦੀ ਮਹਿਕਪ੍ਰੀਤ ਕੌਰ, ਜੈਸਮੀਨ ਸ਼ਰਮਾ, ਹਰਸਿਮਰਨਜੀਤ ਕੌਰ ਤੇ ਗੁਪਿੰਦਰ ਕੌਰ ਆਦਿ ਨੇ ਕਾਂਸੇ ਦੇ ਮੈਡਲ ਹਾਸਲ ਕੀਤੇ। ਇਸ ਤੋਂ ਇਲਾਵਾ ਅੰਡਰ-14 (ਲੜਕਿਆਂ) ਦੀ ਕੈਟਾਗਰੀ ਵਿੱਚੋਂ ਛੇਵੀਂ ਕਲਾਸ ਦੇ ਅਦਰਸ਼ ਤੇ ਸੱਤਵੀਂ ਕਲਾਸ ਦੇ ਮੌਲਿਕ ਮਹਾਜਨ, ਸਹਿਜ ਮੀਤਲੂਣਾ ਤੇ ਜੀਵਨ ਜੋਤ ਸਿੰਘ ਨੇ ਕਾਂਸੇ ਦੇ ਮੈਡਲ ਪ੍ਰਾਪਤ ਕੀਤੇ। ਮਾਣ ਵਾਲੀ ਗੱਲ ਇਹ ਹੈ ਕਿ ਗੁਰਲੀਨ ਕੌਰ, ਜਪਨੂਰ ਕੌਰ ਤੇ ਪਰੀਸ਼ਾ ਸ਼ਰਮਾ ਆਦਿ ਤਿੰਨ ਵਿਦਿਆਰਥਣਾਂ ਦੀ ਸਟੇਟ ਲੈਵਲ ਉੱਤੇ ਯੋਗਾ ਮੁਕਾਬਲੇ ਲਈ ਚੋਣ ਹੋ ਚੁੱਕੀ ਹੈ। ਵਿਦਿਆਰਥੀਆਂ ਦੀ ਇਸ ਮਹਾਨ ਪ੍ਰਾਪਤੀ ਤੋਂ ਖ਼ੁਸ਼ ਹੋ ਕੇ ਸਕੂਲ ਦੇ ਡਾਇਰੈਕਟਰ ਸੱਤਿਆ ਸੇਨ ਅਗਰਵਾਲ, ਆਂਚਲ ਅਗਰਵਾਲ, ਨੀਲੋਫ਼ਰ, ਪ੍ਰਿੰਸੀਪਲ ਡਿੰਪਲ ਸ਼ਰਮਾ ਤੇ ਨਵਦੀਪ ਕੌਰ ਨੇ ਜੇਤੂ ਵਿਦਿਆਰਥੀਆਂ ਤੇ ਉਨ੍ਹਾਂ ਦੀ ਕੋਚ ਗੀਤੂ ਨੂੰ ਬਹੁਤ-ਬਹੁਤ ਵਧਾਈ ਦਿੱਤੀ। ਸਕੂਲ ਦੀ ਮੈਨੇਜਮੈਂਟ ਨੇ ਕਿਹਾ ਕਿ ਵਿਦਿਆਰਥੀਆਂ ਦੀ ਇਸ ਸ਼ਾਨਦਾਰ ਜਿੱਤ ਦਾ ਸਿਹਰਾ ਕੋਚ ਗੀਤੂ ਦੇ ਸਿਰ ਉੱਤੇ ਬੱਝਦਾ ਹੈ।

# ਬਾਬਾ ਟਹਾਲੀ ਵਾਲੇ ਦੀ ਦਰਗਾਹ 'ਤੇ ਲੱਗਿਆ ਸਾਲਾਨਾ ਜੋੜ ਮੇਲਾ

ਚੌਂਕ ਮਹਿਤਾ, 13 ਜੁਲਾਈ (ਬਲਜਿੰਦਰ ਸਿੰਘ ਰੰਧਾਵਾ): ਪਿੰਡ ਸੂਰੋਪੱਡਾ ਵਿਖੇ ਬਾਬਾ ਟਹਾਲੀ ਵਾਲੇ ਦੀ ਦਰਗਾਹ 'ਤੇ ਹਰ ਸਾਲ ਵਾਂਗ ਇਸ ਵਾਰ ਵ ਜੋੜ ਮੇਲਾ ਮੁੱਖ ਪ੍ਰਬੰਧਕ ਸੁਖਵਿੰਦਰ ਸਿੰਘ, ਰਾਜਵਿੰਦਰ ਸਿੰਘ ਲਾਡੀ, ਦਲਜੀਤ ਸਿੰਘ, ਯੋਧਾ ਸਿੰਘ ਜ਼ੋਰਾਵਰ ਸਿੰਘ ਤੇ ਹੋਰ ਪ੍ਰਬੰਧਕਾਂ ਦੀ ਦੇਖ-ਰੇਖ ਹੇਠ ਕਰਵਾਏ ਗਏ ਇਸ ਜੋੜ ਮੇਲੇ ਦੀ ਸ਼ੁਰੂਆਤ ਦਰਗਾਹ 'ਤੇ ਚਾਦਰ ਚੜ੍ਹਾਉਣ ਦੀ ਰਸਮ ਨਾਲ ਕੀਤੀ ਗਈ। ਮੰਚ ਸੰਚਾਲਕ ਪ੍ਰਸਿੱਧ ਕੁਮੈਂਟੇਟਰ ਕੁਲਬੀਰ ਸਿੰਘ ਰੰਧਾਵਾ ਉਦੋਨੰਗਲ ਦੇ ਬੁਲਾਵੇ 'ਤੇ ਪੰਜਾਬ ਦੀ ਮਸ਼ਹੂਰ ਗਾਇਕਾ ਜਸਵਿੰਦਰ ਬਰਾੜ ਨੇ ਆ ਕੇ ਇੱਕ ਧਾਰਮਿਕ ਗੀਤ ਨਾਲ ਸ਼ੁਰੂਆਤ ਕੀਤੀ। ਇਸ ਮੌਕੇ ਨਾਮਵਰ ਗਾਇਕ ਜੋੜੀ ਦਲਜੀਤ ਧਲੇਰੀਆਂ ਤੇ ਬੀਬਾ ਹਰਦੀਪ ਬੱਬੂ ਨੇ ਖ਼ੂਬ ਰੰਗ ਬੰਨ੍ਹਿਆ ਤੇ ਪ੍ਰਸਿੱਧ ਕਾਮੇਡੀ ਕਲਾਕਾਰ ਚਾਚੀ ਲੁਤਰੋ ਨੇ ਵੀ ਆਪਣੇ ਟੋਟਕਿਆਂ ਨਾਲ ਦਰਸ਼ਕਾਂ ਦੇ ਢਿੱਡੀਂ ਪੀੜਾਂ ਪਾ ਦਿੱਤੀਆਂ। ਮੇਲੇ ਦੇ ਅਖੀਰ ਵਿੱਚ ਮੁੱਖ ਪ੍ਰਬੰਧਕ ਰਾਜਵਿੰਦਰ ਸਿੰਘ ਲਾਡੀ ਨੇ



ਆਈਆਂ ਸੰਗਤਾਂ ਦਾ ਸਵਾਗਤ ਕਰਦਿਆਂ ਮੇਲਾ ਮਨਾਉਣ ਵਿੱਚ ਦਿੱਤੇ ਭਰਵੇਂ ਸਹਿਯੋਗ ਦਾ ਤਹਿ ਦਿਲੋਂ ਧੰਨਵਾਦ ਕੀਤਾ ਤੇ ਅਗਲੇ ਸਾਲ ਫਿਰ ਇਸੇ ਮੇਲੇ ਵਿੱਚ ਮਿਲਣ ਦਾ ਸੱਦਾ ਦਿੱਤਾ। ਮੇਲੇ ਵਿੱਚ ਹੋਰਨਾਂ ਤੋਂ ਇਲਾਵਾ ਮੁੱਖ ਮਹਿਮਾਨ ਹਰਭਜਨ ਸਿੰਘ ਈਟੀਓ ਦੇ ਭਰਾ ਸਤਿੰਦਰ ਸਿੰਘ, ਜਸਬੀਰ ਸਿੰਘ ਡਿੰਪੀ, ਸਰਪੰਚ ਅਜੇ ਗਾਂਧੀ, ਚੇਅਰਮੈਨ ਗੁਰਵਿੰਦਰ ਸਿੰਘ ਖੱਬੇ ਰਾਜਪੂਤਾਂ, ਬਲਜੀਤ ਸਿੰਘ ਚਾਹਲ, ਜਰਮਨਜੀਤ ਸਿੰਘ ਉਦੋਨੰਗਲ, ਸਰਪੰਚ ਬਲਜੀਤ ਸਿੰਘ ਸੈਦੋਕੇ, ਸਰਪੰਚ ਹਰਪ੍ਰੀਤ ਸਿੰਘ, ਸਰਪੰਚ ਮਨਜੀਤ ਸਿੰਘ, ਜਸਕਰਨ ਸਿੰਘ ਮੀਡੀਆ ਇੰਚਾਰਜ, ਅਜੀਤ ਸਿੰਘ ਬੱਬੀ, ਜ਼ੋਰਾਵਰ ਸਿੰਘ, ਕਰਨਬੀਰ ਸਿੰਘ ਲੱਕੀ, ਹਰਪ੍ਰੀਤ ਸਿੰਘ, ਦਵਿੰਦਰਪਾਲ ਸਿੰਘ, ਅਕਾਸ਼ਦੀਪ ਸਿੰਘ ਬਲਜੀਤ ਸਿੰਘ ਬੱਲੂ, ਰਣਜੀਤ ਸਿੰਘ, ਹਰਪ੍ਰੀਤ ਸਿੰਘ, ਜੋਬਨਜੀਤ ਸਿੰਘ, ਅਨੋਖ ਸਿੰਘ, ਖੁਸ਼ਬੀਰ ਸਿੰਘ, ਬਲਜਿੰਦਰ ਸਿੰਘ, ਹਰਿੰਦਰ ਸਿੰਘ, ਹੀਰਾ ਯੂ.ਏ.ਈ., ਬਲਵਿੰਦਰ ਸਿੰਘ ਬਿੰਦਾ, ਸਾਰੇ ਐੱਨ.ਆਰ.ਆਈ. ਮੰਗਲ ਸਿੰਘ, ਭਿੰਦਾ ਸਿੰਘ, ਗੁਰਪ੍ਰੀਤ ਸਿੰਘ, ਬਲਦੇਵ ਸਿੰਘ, ਬੂਟਾ ਸਿੰਘ ਜਰਨੈਲ ਸਿੰਘ, ਬਲਜਿੰਦਰ ਸਿੰਘ ਰਣਜੀਤ ਸਿੰਘ, ਹਰਿੰਦਰ ਸਿੰਘ, ਜਗਤਾਰ ਸਿੰਘ, ਬਲਵਿੰਦਰ ਸਿੰਘ, ਪ੍ਰੇਮ ਸਿੰਘ, ਡਾ. ਜਗਰੂਪ ਸਿੰਘ, ਬਖਤੌਰ ਸਿੰਘ ਆਦਿ ਹਾਜ਼ਰ ਸਨ।

## ਸਿਰਲੇਖਵਾਰ ਇਸ਼ਤਿਹਾਰ /Classified Advertisement

(U/o 5 Rule 20 CPC)
**In the Court of**
**Sh. Jaspreet Singh**
**Additional Civil Judge (Senior Division), Baba Bakala**
CNR No:- PBASB0-000332-2020
Next Date:21.08.2025
Punjab and Sind Bank
Versus
Om Parkash
Notice to: 1. Om Parkash S/o Avinash Chander 2. Vishal Sharma S/o Om Parkash 3. Gurmehar Singh S/o Surinder Singh R/o Navi Abadi All R/o VPO Beas Tehsil Baba Bakala Sahib District Amritsar 4. Radha Sharma W/o Om Parkash R/o Baba Sawan Singh Village Dolonangal Tehsil Baba Bakala Sahib District Amritsar
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **21.**08.2025 at 10:00 A.M.
For details logon to https://highcourtchd.gov.in/?trs=district_notice&district=Amritsar
Dated, this day of 01-07-2025
**Sd/- Additional Civil Judge (Senior Division), Baba Bakala**

(U/o 5 Rule 20 CPC)
**In the Court of**
**Ms. Harsimranjit Kaur**
**Civil Judge (Junior Division), Phillaur**
CNR No.PBJLB0-000230-2022
Next Date:27.08.2025
Syndicate Bank Now Canara bank Branch at Ramgarh Teh. Phillaur Distt. Jalandhar Through its officer Haribhajan Kailey
Versus
Shamsher Singh S/o Baldev Singh R/o Vill. Noorpur Bet Teh. and Distt. Ludhiana
Notice to: 2. Baghel Singh S/o Baldev Singh 3. "Gurdev Singh S/o Nand Singh both are R/o Vill. Noorpur Bet Teh. and Distt. Ludhiana
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **27.**08.2025 at 10:00 A.M.
For details logon to https://highcourtchd.gov.in/?mod=district_notice&district=Jalandhar
Dated, this day of 07-07-2025
**Sd/- Civil Judge (Junior Division), Phillaur**

(U/o 5 Rule 20 CPC)
**In the Court of**
**Ms. Ranjeet Kaur**
**Additional Principal Judge, Family Court, Hoshiarpur**
CNR No.PBHO01-008938-2024
Next Date : 14.08.2025
HMA/704/2024
Sonia aged 36 years wife of Sh. Gurpreet Singh daughter of Late Sh. Anil Kumar resident of H.No.224-C, Karnail Singh Nagar, Pakhowal, Road, District Ludhiana at present resident of H.No.B-19, MCH 234, Barute Wali Gali, Central Town, Tehsil and District Hoshiarpur
.....Petitioner
Versus
Gurpreet Singh Son of Sh. Manjeet Singh resident of H.NO.224-C, Karnail Singh Nagar, Pakhowal, Road, District Ludhiana
......Respondent
Notice to: Gurpreet Singh Son of Sh. Manjeet Singh resident of NO.224-C, Karnail Singh Nagar, Pakhowal, Road, District Ludhiana
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **14.**08.2025 at 10:00 A.M.
For details logon to https://highcourtchd.gov.in/?trs=district_notice&district=Hoshiarpur
Dated, this day of 01-07-2025
**Sd/- Additional Principal Judge, Family Court, Hoshiarpur**

(U/o 5 Rule 20 CPC)
**In the Court of**
**Sh. Rajeev K. Beri**
**Addl. District and Sessions Judge-1, Jalandhar**
CNR No.PBJL01-002722-2023
Next Date: 11.08.2025
CA/89/2023
DOI 27/2/23
Pinki Sharma Wife of Late Sh. Ajay Sharma Son of Sh. Sham Sunder, Resident of House No. 104, Moti Nagar, Jalandhar at present Residing at prem Nagar, Police Line Road, Near Church Batala. (Appellant)
Versus
Pooja Sharma Wife of Sh. Naresh "Sharma, Resident of Dilbagh Nagar, Jalandhar at present , Resident of 104, Moti Nagar, Jalandhar.
Notice to: 1. Pooja Sharma Wife of Sh. Naresh "Sharma, Resident of Dilbagh Nagar, Jalandhar at present , Resident of 104, Moti Nagar, Jalandhar 2. Aarti Sharma wife of Sh. Davinder Sharma, Resident of Surat Nagar, Jalandhar.
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **11.**08.2025 at 10:00 A.M.
For details logon to https://highcourtchd.gov.in/?mod=district_notice&district=Jalandhar
Dated, this day of 04-07-2025
**Sd/- Addl. District and Sessions Judge-1, Jalandhar**

(U/o 5 Rule 20 CPC)
**In the Court of**
**Sh. Nirbhow Singh Gill**
**District and Sessions Judge, Jalandhar**
CNR No.PBJL01-002469-2024
N16ext Date: 20.08.2025
Jatinder Kaur
Versus
Manjit Singh
Application under Section 5 of Limitation Act
Notice to: Manjit Singh Son of Tara Singh, R/o 28, Bagh Bahrian, Near P & T Colony, Adarsh Nagar, Jalandhar
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **20.**08.2025 at 10:00 A.M.
For details logon to https://highcourtchd.gov.in/?mod=district_notice&district=Jalandhar
Dated, this day of 07-07-2025
**Sd/- District and Sessions Judge, Jalandhar**

**In the Court of**
**Sh. Palwinder Singh**
**Additional Civil Judge Senior Division, Ajnala.**
CNR No.PBASA0-000076-2025
Next Date: 12.08.2025
Jasbir Kaur D/o Ajit Singh W/o Harpal Singh R/o Village Dhariwal Kaler, Tehsil Ajnala Distt. Amritsar.
Versus
1. Baljit Kaur D/o Late Ajit Singh W/o Balwinder Singh R/o Village Surapur, Tehsil Ajnala Distt. Amritsar and others
Application u/s 372 of the Hindu Succession Act for granting the Succession Certificate to the petitioner.
Notice to: 1. Baljit Kaur D/o Late Ajit Singh W/o Balwinder Singh R/o Village Surapur, Tehsil Ajnala Distt. Amritsar 2. Rajwinder Singh D/o Late Ajit Singh W/o Mukhtar Singh R/o Village Kolowal Tehsil Ajnala Distt. Amritsar 3. Lakhwinder Kaur D/o Late Ajit Singh W/o Sakattar Singh R/o Village Bohlian Tehsil Ajnala Distt. Amritsar 4. General Public
In above titled case the acccused could not be served. It is ordered that acccused should appear in person or through counsel on **12.**08.2025 at 10:00 A.M.
For details logon to https://highcourtchd.gov.in/?trs=district_notice&district=Moga
Given under the hand and the seal of the court, this 08-07-2025
**Sd/- Additional Civil Judge Senior Division, Ajnala.**

(U/o 5 Rule 20 CPC)
**In the Court of**
**Ms. Girish**
**Principal Judge Family Court, Muktsar**
CNR No.PBSM01-000874-2025
Next Date: 21.08.2025
Sukhpreet Kaur
Versus
General Public
Notice to: General Public:- Sri Muktsar Sahib
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **21.**08.2025 at 10:00 A.M.
For details logon to https://highcourtchd.gov.in/?mod=district_notice&district=mogacourt
Dated, this day of 09-07-2025
**Sd/- Principal Judge Family Court, Muktsar**

(U/o 5 Rule 20 CPC)
**(Under Guardian and Ward Act)**
**In the Court of**
**Sh. Jagjeet Singh**
**Additional Civil Judge (Senior Division), Patti**
CNR No.PBTTA0-000614-2025
Next Date: 25.08.2025
GW/7/2025
Darshan Kaur
Versus
General Public
Notice to: General Public
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **25.**08.2025 at 10:00 A.M.
For details logon to https://highcourtchd.gov.in/?mod=district_notice&district=Tarn Taran
Dated, this day of 08-07-2025
**Sd/- Additional Civil Judge (Senior Division), Tarn Taran**

**In the Court of**
**Dr. Seema Agnihotri**
**Judicial Magistrate- Ist Class Rupnagar**
CNR No.PBRO03-007518-2023
Next Date: 20.08.2025
M/s Shri Ram Finance Limited
Versus
Sevak Singh
Detail of offence:- Complaint U/s 138 of Negotiable Instrument Act
Notice to: Sevak Singh Father:- Kaloo Singh Ward No. 14, Village Sadabart, Tehsil and District Rupnagar,
In above titled case the accused could not be served. It is ordered that accused should appear in person or through counsel on **20.**08.2025 at 10:00 A.M.
For details logon to https://highcourtchd.gov.in/?mod=district_notice&district=Rupnagar
Dated, this day of 10-07-2025
**Sd/- Judicial Magistrate- Ist Class Rupnagar**

(U/o 5 Rule 20 CPC)
**In the Court of**
**Sh. Jasvir Singh**
**Additional Principal Judge Family Court-II, Jalandhar**
CNR No.PBJL01-001766-2023
Next Date: 18.08.2025
Harpreet Kaur
Versus
Surinder Singh
Notice to: Surinder Singh S/o Balveer Singh R/o Ward No. 10, Dolhe Road, New Model Town, Near Balala Complex, Sahnewal, Ludhiana
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **18.**08.2025 at 10:00 A.M.
For details logon to https://highcourtchd.gov.in/?mod=district_notice&district=Jalandhar
Dated, this day of 04-07-2025
**Sd/- Additional Principal Judge Family Court-II, Jalandhar**

**In the Court of**
**Sh. Ajay Pal Singh**
**Chief Judicial Magistrate, Hoshiarpur**
CNR No.PBHO03-008034-2024
Next Date: 25.08.2025
Mukesh Kumar
Versus
Neeraj Ohri
Notice to: Neeraj Ohri Chartered accountant, House no. 220 Saffron City, Backside Aman Hospital Hoshiarpur
In above titled case the accused could not be served. It is ordered that accused should appear in person or through counsel on **25.**08.2025 at 10:00 A.M.
For details logon to https://highcourtchd.gov.in/?trs=district_notice&district=Hoshiarpur
Dated, this day of 07-07-2025
**Sd/- Civil Judicial Magistrate, Hoshiarpur**

### ਬੇਦਖਲੀ ਸੂਚਨਾ

ਮੈਂ, ਜਗਦੇਵ ਸਿੰਘ ਪੁੱਤਰ ਪਿਆਰਾ ਸਿੰਘ ਵਾਸੀ ਸ਼ੇਰੋ ਮਾਡਲ ਟਾਊਨ ਨੰਬਰ 1 ਜ਼ਿਲ੍ਹਾ ਸੰਗਰੂਰ ਦਾ ਰਹਿਣ ਵਾਲਾ ਹਾਂ। ਮੇਰਾ ਪੁੱਤਰ ਵਿੱਕੀ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ, ਮੇਰੀ ਕੋਈ ਗੱਲ ਨਹੀਂ ਮੰਨਦਾ ਮੈਂ ਆਪਣੇ ਲੜਕੇ ਵਿੱਕੀ ਸਿੰਘ ਨੂੰ ਆਪਣੀ ਚੱਲ-ਅੱਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਜਿਹੜਾ ਵੀ ਕੋਈ ਵਿਅਕਤੀ ਇਹਦੇ ਨਾਲ ਲੈਣ ਦੇਣ ਕਰੇਗਾ, ਉਹ ਖੁਦ ਜ਼ਿੰਮੇਵਾਰ ਹੋਵੇਗਾ, ਮੇਰੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਰਿਸ਼ਤੇਦਾਰ ਅਤੇ ਦੋਸਤ ਮਿੱਤਰ ਨੋਟ ਕਰਨ।

**ਚੜ੍ਹਦੀਕਲਾ ਪੜ੍ਹੋ, ਚੜ੍ਹਦੀਕਲਾ ਵਿੱਚ ਰਹੋ।**


### ਜ਼ਰੂਰੀ ਸੂਚਨਾ

ਰੋਜ਼ਾਨਾ ਚੜ੍ਹਦੀਕਲਾ ਵਿਚ ਛੱਪੇ ਲੇਖ, ਲੇਖਕਾਂ ਦੇ ਆਪਣੇ ਵਿਚਾਰ ਹਨ। ਇਸ ਨਾਲ ਸੰਪਾਦਕ ਦਾ ਸਹਿਮਤ ਹੋਣਾ ਕੋਈ ਜ਼ਰੂਰੀ ਨਹੀਂ। ਇਸ਼ਤਿਹਾਰ (ਡਿਸਪਲੇ/ਕਲਾਸੀਫਾਈਡ) ਦੇ ਤੱਥਾਂ ਲਈ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖ਼ਬਾਰ ਇਨ੍ਹਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਨ੍ਹਾਂ ਇਸ਼ਤਿਹਾਰਾਂ ਦੇ ਤੱਥਾਂ ਦੀ ਪੁਸ਼ਟੀ ਕਰ ਲੈਣ।

# ਯੋਗੀ ਨੇ ਲੋਕਾਂ ਨੂੰ ਹਿੰਦੂਆਂ ਅਤੇ ਸਿੱਖਾਂ ਨੂੰ ਵੰਡਣ ਦੀ 'ਕੋਸ਼ਿਸ਼' ਵਿਰੁੱਧ ਦਿੱਤੀ ਚੇਤਾਵਨੀ

ਨਵੀਂ ਦਿੱਲੀ, 13 ਜੁਲਾਈ (ਚ.ਨ.ਸ): ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਨੇ ਸ਼ਨੀਵਾਰ ਨੂੰ ਸਿੱਖ ਗੁਰੂਆਂ ਦੀ ਵਿਰਾਸਤ ਅਤੇ ਕੁਰਬਾਨੀਆਂ ਅੱਗੇ ਝੁਕਿਆ ਅਤੇ ÷ਹਿੰਦੂਆਂ ਅਤੇ ਸਿੱਖਾਂ ਨੂੰ ਵੰਡਣ ਦੀਆਂ ਕੋਸ਼ਿਸ਼ਾਂ÷ ਵਿਰੁੱਧ ਚੇਤਾਵਨੀ ਦਿੱਤੀ। ਉਹ ਆਪਣੇ ਸਰਕਾਰੀ ਨਿਵਾਸ ਸਥਾਨ 'ਤੇ ਅਤੇ ਗੁਰੂ ਤੇਗ ਬਹਾਦਰ ਦੇ 350ਵੇਂ ਸ਼ਹੀਦੀ ਵਰਸ਼ ਨੂੰ ਸਮਰਪਿਤ ਆਯੋਜਿਤ ਸ੍ਰੀ ਗੁਰੂ ਤੇਗ ਬਹਾਦਰ ਸੰਦੇਸ਼ ਯਾਤਰਾ ਦੇ ਝੰਡੀ ਦਿਖਾ ਕੇ ਰਵਾਨਾ ਸਮਾਰੋਹ ਨੂੰ ਸੰਬੋਧਨ ਕਰ ਰਹੇ ਸਨ। ÷ਹਿੰਦੂਆਂ ਅਤੇ ਸਿੱਖਾਂ ਨੂੰ ਵੰਡਣ ਦੀਆਂ ਸਾਜ਼ਿਸ਼ਾਂ ਪਹਿਲਾਂ ਵੀ ਕੀਤੀਆਂ ਗਈਆਂ ਹਨ ਅਤੇ ਸਾਹਮਣੇ ਆਉਂਦੀਆਂ ਰਹਿਣਗੀਆਂ, ਪਰ ਸਾਨੂੰ ਚੌਕਸ ਅਤੇ ਇਕਜੁੱਟ ਰਹਿਣਾ ਚਾਹੀਦਾ ਹੈ,÷ ਉਨ੍ਹਾਂ ਕਿਹਾ, ਸ਼ਹੀਦੀ ਦਿਵਸ ਨੇ ਲੋਕਾਂ ਨੂੰ ਗੁਰੂਆਂ ਦੀ ਵਿਰਾਸਤ ਨੂੰ ਅੱਗੇ ਵਧਾਉਣ ਅਤੇ ਇਸਨੂੰ ਆਧੁਨਿਕ ਰਣਨੀਤੀਆਂ ਦੇ



ਅਨੁਸਾਰ ਢਾਲਣ ਲਈ ਪ੍ਰੇਰਿਤ ਕੀਤਾ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਕੋਈ ਵੀ ਭਾਈਚਾਰਾ ਜਾਂ ਵਿਅਕਤੀ ਕਦੇ ਵੀ ਆਪਣੀ ਸੰਸਕ੍ਰਿਤੀ ਜਾਂ ਧਰਮ ਛੱਡਣ ਲਈ ਮਜਬੂਰ ਨਾ ਹੋਵੇ। ਯੂਪੀ ਦੇ ਮੁੱਖ ਮੰਤਰੀ ਨੇ ਅੱਗੇ ਕਿਹਾ ਕਿ ਇਹ ਯਾਤਰਾ ਔਰੰਗਜ਼ੇਬ ਦੇ ਸ਼ਾਸਨ ਅਧੀਨ ਦਮਨਕਾਰੀ ਯੁੱਗ ਦੀ ਇੱਕ ਸ਼ਕਤੀਸ਼ਾਲੀ ਯਾਦ ਦਿਵਾਉਂਦੀ ਹੈ। ਮੁਗਲ ਸ਼ਾਸਕ ਔਰੰਗਜ਼ੇਬ ਨੇ ਸਨਾਤਨ ਧਰਮ ਨੂੰ ਦਬਾਉਣ ਅਤੇ ਇਸਲਾਮੀ ਦਬਦਬਾ ਥੋਪਣ ਦੀ ਕੋਸ਼ਿਸ਼ ਕੀਤੀ। ਇਸ ਜ਼ੁਲਮ ਦੇ ਸਾਹਮਣੇ, ਗੁਰੂ ਤੇਗ਼ ਬਹਾਦਰ ਨੇ ਸਮਝੌਤਾ ਕਰਨ ਦੀ ਬਜਾਏ ਸ਼ਹਾਦਤ ਨੂੰ ਚੁਣਿਆ, ਧਾਰਮਿਕਤਾ ਦੇ ਮਾਰਗ 'ਤੇ ਦ੍ਰਿੜਤਾ ਨਾਲ ਖੜ੍ਹੇ ਹੋਏ। ਉਸਨੇ ਜਨਤਾ ਨੂੰ ਗੈਰ-ਕਾਨੂੰਨੀ ਧਾਰਮਿਕ ਧਰਮ ਪਰਿਵਰਤਨ ਵਿਰੁੱਧ ਵੀ ਚੇਤਾਵਨੀ ਦਿੱਤੀ, ਇਸ ਰੁਝਾਨ ਨੂੰ ਦੇਸ਼ ਦੀ ਪਛਾਣ ਅਤੇ ਸਮਾਜਿਕ ਤਾਣੇ-ਬਾਣੇ ਨੂੰ ਕਮਜ਼ੋਰ ਕਰਨ ਦੀ ਇੱਕ ਗਿਣੀ-ਮਿਥੀ ਸਾਜ਼ਿਸ਼ ਦੱਸਿਆ। ਉਸਨੇ ਕਿਹਾ ਕਿ ਯੂਪੀ ਸਰਕਾਰ ਅਜਿਹੇ ਧਰਮ ਪਰਿਵਰਤਨ ਨੂੰ ਬਰਦਾਸ਼ਤ ਨਹੀਂ ਕਰੇਗੀ। ਉਸਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਹਾਸ਼ੀਏ 'ਤੇ ਧੱਕੇ ਗਏ ਭਾਈਚਾਰਿਆਂ, ਖਾਸ ਕਰਕੇ ਅਨੁਸੂਚਿਤ ਜਾਤੀ ਦੇ ਲੋਕਾਂ ਨੂੰ ਆਪਣਾ ਧਰਮ ਬਦਲਣ ਲਈ ਲੁਭਾਇਆ ਜਾਂ ਮਜਬੂਰ ਕੀਤਾ ਜਾ ਰਿਹਾ ਹੈ। ਉਸਨੇ ਹਾਲ ਹੀ ਵਿੱਚ ਬਲਰਾਮਪੁਰ ਮਾਮਲੇ ਨੂੰ ਉਜਾਗਰ ਕੀਤਾ, ਜਿੱਥੇ ਵਿਦੇਸ਼ੀ ਫੰਡਿੰਗ ਦੁਆਰਾ ਸਮਰਥਤ ਇੱਕ ਵੱਡੇ ਪੱਧਰ 'ਤੇ ਗੈਰ-ਕਾਨੂੰਨੀ ਧਰਮ ਪਰਿਵਰਤਨ ਰੈਕੇਟ ਦਾ ਪਰਦਾਫਾਸ਼ ਕੀਤਾ ਗਿਆ ਸੀ ਅਤੇ ਖੁਲਾਸਾ ਕੀਤਾ ਕਿ ਧਰਮ ਪਰਿਵਰਤਨ ਲਈ ਪਹਿਲਾਂ ਤੋਂ ਨਿਰਧਾਰਤ ÷ਦਰਾਂ÷ ਦੇ ਨਾਲ 40 ਖਾਤਿਆਂ ਵਿੱਚ 100 ਕਰੋੜ ਰੁਪਏ ਤੋਂ ਵੱਧ ਦੇ ਲੈਣ-ਦੇਣ ਪਾਏ ਗਏ ਸਨ। ਸ੍ਰੀ ਗੁਰੂ ਤੇਗ਼ ਬਹਾਦਰ ਸੰਦੇਸ਼ ਯਾਤਰਾ, ਜੋ ਕਿ ਲਖਨਊ ਤੋਂ ਸ਼ੁਰੂ ਹੋਈ ਸੀ, ਕਾਨਪੁਰ, ਇਟਾਵਾ ਅਤੇ ਆਗਰਾ ਵਿੱਚੋਂ ਲੰਘੇਗੀ, ਚਾਂਦਨੀ ਚੌਕ ਅਤੇ ਦਿੱਲੀ ਦੇ ਸੀਸ ਗੰਜ ਗੁਰੂਦੁਆਰਾ, ਗੁਰੂ ਤੇਗ਼ ਬਹਾਦਰ ਜੀ ਦੀ ਸ਼ਹਾਦਤ ਦੇ ਸਥਾਨ 'ਤੇ ਸਮਾਪਤ ਹੋਵੇਗੀ।

## ਐਚ.ਪੀ.ਸੀ.ਐਲ ਪੈਟਰੋਲ ਪੰਪ, ਕੰਦਾਲਾ ਜੱਟਾ, ਹੋਸ਼ਿਆਰਪੁਰ 'ਤੇ ਆਨਲਾਈਨ ਸੀ.ਐਨ.ਜੀ ਸਟੇਸ਼ਨ ਦਾ ਉਦਘਾਟਨ



ਹੋਸ਼ਿਆਰਪੁਰ, 13 ਜੁਲਾਈ (ਚ.ਨ.ਸ): — ਸਾਫ ਅਤੇ ਟਿਕਾਊ ਇੰਨਰਜੀ ਹੱਲਾਂ ਵੱਲ ਪੱਕਾ ਕਦਮ ਚੁੱਕਦਿਆਂ, ਐਚ.ਪੀ.ਸੀ.ਐਲ ਪੈਟਰੋਲ ਪੰਪ, ਪਿੰਡ ਕੰਦਾਲਾ ਜੱਟਾ, ਹੋਸ਼ਿਆਰਪੁਰ-ਟਾਂਡਾ ਰੋਡ 'ਤੇ ਆਨਲਾਈਨ ਸੀ.ਐਨ.ਜੀ ਸਟੇਸ਼ਨ ਦਾ ਸ਼ਾਨਦਾਰ ਉਦਘਾਟਨ ਕੀਤਾ ਗਿਆ। ਇਸ ਉਤਸ਼ਾਹਪੂਰਨ ਸਮਾਗਮ ਵਿੱਚ ਹਾਜ਼ਰੀ ਭਰੀ: ਸ਼੍ਰੀ ਤਰੁਣ ਸ਼ਰਮਾ - ਵਾਈਸ ਪ੍ਰੈਜ਼ੀਡੈਂਟ, ਗੁਜਰਾਤ ਗੈਸ ਲਿਮਿਟਡ ਸ਼੍ਰੀ ਸਤਯੇਨ ਤ੍ਰਿਵੇਦੀ - ਸਰਕਲ ਹੈੱਡ, ਹੋਸ਼ਿਆਰਪੁਰ, ਗੁਜਰਾਤ ਗੈਸ ਲਿਮਿਟਡ ਸ਼੍ਰੀ ਹਰੀਸ਼ਕੁਮਾਰ ਟੱਲਮ - ਸਰਕਲ ਹੈੱਡ, ਬਠਿੰਡਾ, ਗੁਜਰਾਤ ਗੈਸ ਲਿਮਿਟਡ ਸ਼੍ਰੀ ਸ਼ੋਵਿਤ ਸ਼੍ਰੀਵਾਸਤਵ - ਸੇਲਜ਼ ਮੈਨੇਜਰ, ਹਿੰਦੁਸਤਾਨ ਪੈਟਰੋਲਿਅਮ ਕਾਰਪੋਰੇਸ਼ਨ ਲਿਮਿਟਡ ਆਉਟਲੈੱਟ ਦੇ ਮਾਲਿਕ, ਸ਼੍ਰੀ ਸ਼ੋਵਿਤ ਸ਼ਰਮਾ ਵੱਲੋਂ ਅਤਿਥੀਆਂ ਨੂੰ ਪੌਦੇ ਭੇਟ ਕਰਕੇ ਸਵਾਗਤ ਕੀਤਾ ਗਿਆ। ਸਮਾਗਮ ਵਿੱਚ ਕਈ ਗਾਹਕਾਂ ਅਤੇ ਸਥਾਨਕ ਵਾਸੀਆਂ ਨੇ ਭਾਗ ਲਿਆ। ਸ਼੍ਰੀ ਤਰੁਣ ਸ਼ਰਮਾ ਨੇ ਆਪਣੇ ਭਾਸ਼ਣ ਦੌਰਾਨ ਸੀ.ਐਨ.ਜੀ ਦੇ ਲਾਭ — ਘੱਟ ਖਰਚ, ਘੱਟ ਪ੍ਰਦੂਸ਼ਣ ਅਤੇ ਇੰਜਣ-ਅਨੁਕੂਲ ਪ੍ਰਦਰਸ਼ਨ ਉੱਤੇ ਚਾਨਣ ਪਾਇਆ। ਉਨ੍ਹਾਂ ਨੇ ਆਉਣ ਵਾਲੀਆਂ ਪੀੜ੍ਹੀਆਂ ਲਈ ਹਰੇ-ਭਰੇ ਤੇ ਸੁਰੱਖਿਅਤ ਭਵਿੱਖ ਵੱਲ ਗੁਜਰਾਤ ਗੈਸ ਦੀ ਵਚਨਬੱਧਤਾ ਨੂੰ ਦੁਹਰਾਇਆ। ਇਹ ਇੱਕ ਆਨਲਾਈਨ ਸਟੇਸ਼ਨ ਹੋਣ ਕਰਕੇ ਇੱਥੇ ਗੈਸ ਦੀ ਲਗਾਤਾਰ ਉਪਲਬਧਤਾ ਯਕੀਨੀ ਬਣਾਈ ਜਾਂਦੀ ਹੈ। ਇਹ ਉਪਰਾਲਾ ਹੋਸ਼ਿਆਰਪੁਰ ਨੂੰ ਸਾਫ, ਭਰੋਸੇਯੋਗ ਅਤੇ ਭਵਿੱਖ-ਉਦੇਸ਼ਿਤ ਇੰਨਰਜੀ ਹੱਲਾਂ ਵੱਲ ਲੈ ਜਾਂਦਾ ਹੈ।

## ਅਮਰਿੰਦਰ ਸਿੰਘ ਬਰਾੜ ਅਤੇ ਦਲੇਰ ਸਿੰਘ ਭੁੱਲਰ ਨਸ਼ਾ ਮੁਕਤੀ ਮੋਰਚਾ ਲਈ ਵਿਧਾਨ ਸਭਾ ਹਲਕਾ ਫਿਰੋਜ਼ਪੁਰ ਸ਼ਹਿਰੀ ਦੇ ਵਾਈਸ ਕੋਆਰਡੀਨੇਟਰ ਨਿਯੁਕਤ

ਫਿਰੋਜ਼ਪੁਰ, 13 ਜੁਲਾਈ (ਤਿਵਾੜੀ) ਵਿਧਾਨਸਭਾ ਹਲਕਾ ਕੋਆਰਡੀਨੇਟਰ ਡਾ. ਅਮਨਦੀਪ ਕੌਰ



ਨੇ ਦੱਸਿਆ ਕਿ ਆਮ ਆਦਮੀ ਪਾਰਟੀ ਪੰਜਾਬ ਵਲੋਂ ਸ਼ਹਿਰੀ ਹਲਕੇ ਵਿੱਚ ਨਸ਼ਾ ਮੁਕਤੀ ਮੋਰਚਾ ਲਈ ਅਮਰਿੰਦਰ ਸਿੰਘ ਬਰਾੜ ਅਤੇ ਦਲੇਰ ਸਿੰਘ ਭੁੱਲਰ ਨੂੰ ਵਾਈਸ ਕੋਆਰਡੀਨੇਟਰ ਨਿਯੁਕਤ ਕੀਤਾ ਗਿਆ ਹੈ੍ਹ ਡਾ. ਅਮਨਦੀਪ ਕੌਰ ਨੇ ਨਿਯੁਕਤ ਕੀਤੇ ਗਏ ਵਾਈਸ ਕੋਆਰਡੀਨੇਟਰਾਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਉਹ ਪੰਜਾਬ ਸਰਕਾਰ ਦੀ ਨਸ਼ੇ ਵਿਰੁੱਧ ਮੁਹਿੰਮ 'ਯੁੱਧ ਨਸ਼ਿਆਂ ਵਿਰੁੱਧ' ਅਤੇ ਨਸ਼ਾ ਮੁਕਤੀ ਮੋਰਚੇ ਵਿੱਚ ਪੂਰਨ ਸਹਿਯੋਗ ਦੇਣਗੇ। ਉਨ੍ਹਾਂ ਕਿਹਾ ਕਿ ਜਿੱਥੇ ਨੌਜਵਾਨਾਂ ਨੂੰ ਨਸ਼ਿਆਂ ਤੋਂ ਬਚਣ ਲਈ ਜਾਗਰੂਕ ਕੀਤਾ ਜਾਵੇਗਾ, ਉੱਥੇ ਹੀ ਨੌਜਵਾਨਾਂ ਨੂੰ ਖੇਡਾਂ ਵੱਲ ਪ੍ਰੇਰਿਤ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਫਿਰੋਜ਼ਪੁਰ ਸ਼ਹਿਰੀ ਹਲਕੇ ਦੇ ਵੱਖ ਵੱਖ ਪਿੰਡਾਂ ਵਿੱਚ ਕੈਂਪ, ਸੈਮੀਨਾਰ ਆਦਿ ਲਗਾ ਕੇ ਲੋਕਾਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵ ਬਾਰੇ ਜਾਗਰੂਕ ਕੀਤਾ ਜਾਵੇਗਾ੍ਹ ਨਵ ਨਿਯੁਕਤ ਵਾਈਸ ਕੁਆਰਡੀਨੇਟਰ ਅਮਰਿੰਦਰ ਸਿੰਘ ਬਰਾੜ ਅਤੇ ਦਲੇਰ ਸਿੰਘ ਭੁੱਲਰ ਨੇ ਆਮ ਆਦਮੀ ਪਾਰਟੀ ਦੇ ਨੈਸ਼ਨਲ ਕਨਵੀਨਰ ਅਰਵਿੰਦ ਕੇਜਰੀਵਾਲ, ਮੁੱਖਮੰਤਰੀ ਸ. ਭਗਵੰਤ ਸਿੰਘ ਮਾਨ, ਸ਼?ਰੀ. ਮਨੀਸ਼ ਸੀਸੋਦੀਆ, ਪੰਜਾਬ ਪ੍ਰਧਾਨ ਆਮ ਆਦਮੀ ਪਾਰਟੀ ਡਾ. ਅਮਨ ਅਰੋੜਾ, ਵਿਧਾਇਕ ਰਣਬੀਰ ਭੁੱਲਰ ਅਤੇ ਡਾ. ਅਮਨਦੀਪ ਕੌਰ ਜੀ ਦਾ ਧੰਨਵਾਦ ਕਰਦਿਆਂ ਕਿਹਾ ਪਾਰਟੀ ਵੱਲੋਂ ਉਹਨਾਂ ਨੂੰ ਜੋ ਜਿੰਮੇਵਾਰੀ ਸੌਂਪੀ ਗਈ ਹੈ ਉਹ ਉਸ ਜਿੰਮੇਵਾਰੀ ਨੂੰ ਪੂਰੀ ਤਨਦੇਹੀ ਤੇ ਇਮਾਨਦਾਰੀ ਨਾਲ ਨਿਭਾਉਣਗੇ ਅਤੇ ਸਰਕਾਰ ਦੇ ਨਸ਼ਾ ਮੁਕਤੀ ਮੋਰਚੇ ਵਿੱਚ ਪੂਰਾ ਸਹਿਯੋਗ ਦੇਣਗ੍ਹੇ ਉਹਨਾਂ ਕਿਹਾ ਕਿ ਉਹ ਕਿਉਂ ਹਲਕੇ ਵਿੱਚੋਂ ਨਸ਼ੇ ਨੂੰ ਖਤਮ ਕਰਨ ਲਈ ਹਰ ਸੰਭਾਵੀ ਯਤਨ ਕਰਨ ਗਏ ਅਤੇ ਲੋਕਾਂ ਨੂੰ ਨਸ਼ਿਆਂ ਖਿਲਾਫ ਜਾਗਰੂਕ ਕਰਨਗ੍ਹੇ

## ਸੜਕ ਹਾਦਸਿਆਂ ਤੋਂ ਪ੍ਰਭਾਵਿਤ ਲੋਕਾਂ ਲਈ ਵਰਦਾਨ ਸਾਬਿਤ ਹੋ ਰਹੀ ਹੈ ਫਰਿਸ਼ਤੇ ਸਕੀਮ: ਡਿਪਟੀ ਕਮਿਸ਼ਨਰ

ਫ਼ਤਹਿਗੜ੍ਹ ਸਾਹਿਬ, 13 ਜੁਲਾਈ: (ਹਰਪ੍ਰੀਤ ਕੌਰ ਟਿਵਾਣਾ) ਡਿਪਟੀ ਕਮਿਸ਼ਨਰ ਡਾ. ਸੋਨਾ ਥਿੰਦ ਨੇ ਜਾਣਕਾਰੀ ਦਿੰਦਿਆਂ ਦੱਸਿਆ ਹੈ ਕਿ ਪੰਜਾਬ ਸਰਕਾਰ ਵੱਲੋਂ ਚਲਾਈ ਜਾ ਰਹੀ ਮਹੱਤਵਪੂਰਨ 'ਫਰਿਸ਼ਤੇ' ਸਕੀਮ, ਸੜਕ ਹਾਦਸਿਆਂ ਤੋਂ ਪ੍ਰਭਾਵਿਤ ਲੋਕਾਂ ਲਈ ਵਰਦਾਨ ਸਾਬਤ ਹੋ ਰਹੀ ਹੈ। ਉਨ੍ਹਾਂ ਦੱਸਿਆ ਕਿ ਇਸ ਸਕੀਮ ਦਾ ਮੁੱਖ ਉਦੇਸ਼ ਸੜਕ ਹਾਦਸਿਆਂ ਵਿੱਚ ਜ਼ਖਮੀ ਹੋਏ ਲੋਕਾਂ ਨੂੰ ਤੁਰੰਤ ਮੈਡੀਕਲ ਸਹਾਇਤਾ ਪ੍ਰਦਾਨ ਕਰਕੇ ਕੀਮਤੀ ਜਾਨਾਂ ਬਚਾਉਣਾ ਅਤੇ ਉਨ੍ਹਾਂ ਮਦਦਗਾਰਾਂ ਨੂੰ ਪ੍ਰੋਤਸਾਹਿਤ ਕਰਨਾ ਹੈ ਜੋ ਅਜਿਹੇ ਹਾਲਾਤਾਂ ਵਿੱਚ ਅੱਗੇ ਆਉਂਦੇ ਹਨ ।ਉਨ੍ਹਾਂ ਕਿਹਾ ਕਿ ਇਹ ਸਕੀਮ ਸੂਬੇ ਵਿੱਚ ਸਿਹਤ ਸੰਭਾਲ ਅਤੇ ਸੜਕ ਸੁਰੱਖਿਆ ਨੂੰ ਬਿਹਤਰ ਬਣਾਉਣ ਲਈ ਇੱਕ ਮਿਸਾਲੀ ਕਦਮ ਹੈ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਜੇਕਰ ਕੋਈ ਵੀ ਨਾਗਰਿਕ ਸਵੈ ਇੱਛਾ ਨਾਲ ਦੁਰਘਟਨਾ ਪੀੜਤਾਂ ਦੀ ਜਾਨ ਬਚਾਉਣ ਵਿੱਚ ਮਦਦ ਕਰਦਾ ਹੈ ਤਾਂ ਉਸ ਨੂੰ 'ਫਰਿਸ਼ਤਾ' ਮੰਨਦੇ ਹੋਏ 2 ਹਜ਼ਾਰ ਰੁਪਏ ਦੀ ਨਗਦ ਰਾਸ਼ੀ ਤੇ ਪ੍ਰਸ਼ੰਸਾ ਪੱਤਰ ਨਾਲ ਨਿਵਾਜਿਆ ਜਾਂਦਾ



ਹੈ। ਡਿਪਟੀ ਕਮਿਸ਼ਨਰ ਨੇ ਜ਼ਿਲ੍ਹਾ ਫ਼ਤਹਿਗੜ੍ਹ ਸਾਹਿਬ ਦੇ ਨਾਗਰਿਕਾਂ ਨੂੰ ਦੁਰਘਟਨਾਵਾਂ ਵਿੱਚ ਜ਼ਖਮੀ ਹੋਣ ਵਾਲੇ ਵਿਅਕਤੀਆਂ ਦੀ ਮਦਦ ਲਈ ਅੱਗੇ ਆਉਣ ਦਾ ਸੱਦਾ ਦਿੰਦਿਆਂ ਕਿਹਾ ਕਿ ਕੀਮਤੀ ਜਾਨਾਂ ਨੂੰ ਬਚਾਉਣ ਲਈ ਇਹ ਮਨੁੱਖਤਾ ਦੀ ਇੱਕ ਵੱਡੀ ਸੇਵਾ ਸਾਬਤ ਹੋਵੇਗੀ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਇਹ ਸਕੀਮ ' ਸੁਨਹਿਰੀ ਘੰਟੇ' ਦਾ ਵੱਧ ਤੋਂ ਵੱਧ ਲਾਭ ਉਠਾਉਣ 'ਤੇ ਕੇਂਦ੍ਰਿਤ ਹੈ, ਜੋ ਕਿ ਹਾਦਸੇ ਤੋਂ ਬਾਅਦ ਦਾ ਪਹਿਲਾ ਮਹੱਤਵਪੂਰਨ ਘੰਟਾ ਹੁੰਦਾ ਹੈ ਜਿੱਥੇ ਤੁਰੰਤ ਇਲਾਜ ਨਾਲ ਜ਼ਖਮੀ ਵਿਅਕਤੀ ਦੇ ਬਚਣ ਦੀ ਸੰਭਾਵਨਾ ਬਹੁਤ ਵਧ ਜਾਂਦੀ ਹੈ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਪੰਜਾਬ ਸਰਕਾਰ ਦੀ ਇਸ ਪਹਿਲਕਦਮੀ ਨੇ ਨਾ ਸਿਰਫ਼ ਸੜਕ ਹਾਦਸਿਆਂ ਵਿੱਚ ਹੋਣ ਵਾਲੀਆਂ ਮੌਤਾਂ ਅਤੇ ਸੱਟਾਂ ਦੀ ਦਰ ਨੂੰ ਘਟਾਉਣ ਵਿੱਚ ਮਦਦ ਕੀਤੀ ਹੈ, ਬਲਕਿ ਲੋਕਾਂ ਨੂੰ ਬਿਨਾਂ ਕਿਸੇ ਡਰ ਦੇ ਜ਼ਖਮੀ ਲੋਕਾਂ ਦੀ ਮਦਦ ਕਰਨ ਲਈ ਵੀ ਉਤਸ਼ਾਹਿਤ ਕੀਤਾ ਹੈ। ਡਿਪਟੀ ਕਮਿਸ਼ਨਰ ਡਾ. ਸੋਨਾ ਥਿੰਦ।

## ਟਰੇਡ ਯੂਨੀਅਨ ਕੌਂਸਲ ਜ਼ੀਰਾ ਦੀ ਅਹਿਮ ਮੀਟਿੰਗ ਹੋਈ

ਜ਼ੀਰਾ 13 ਜੁਲਾਈ (ਦੀਪਕ ਭਾਰਗੋ ) ਟਰੇਡ ਯੂਨੀਅਨ ਕੌਂਸਲ ਜ਼ੀਰਾ



ਦੀ ਅਹਿਮ ਮੀਟਿੰਗ ਪ੍ਰਧਾਨ ਤਰਸੇਮ ਸਿੰਘ ਹਰਾਜ ਦੀ ਅਗਵਾਈ ਹੇਠ ਬੱਸ ਸਟੈਂਡ ਜ਼ੀਰਾ ਵਿਖੇ ਹੋਈ। ਇਸ ਦੌਰਾਨ ਯੂਨੀਅਨ ਦੇ ਆਗੂਆਂ ਅਤੇ ਮੈਂਬਰਾਂ ਵੱਲੋਂ ਸ਼ਹੀਦ ਭਗਤ ਸਿੰਘ ਦੇ ਜਨਮ ਦਿਹਾੜੇ ਮੌਕੇ ਸਕੂਲ ਲਗਾਉਣ ਸਬੰਧੀ ਵਿਚਾਰ ਵਟਾਂਦਰਾ ਕੀਤਾ ਅਤੇ ਸਾਰਿਆਂ ਦੀ ਸਹਿਮਤੀ ਤੇ ਮਤਾ ਪਾਸ ਕੀਤਾ ਗਿਆ। ਇਸ ਮੌਕੇ ਪ੍ਰਧਾਨ ਤਰਸੇਮ ਸਿੰਘ ਹਰਾਜ, ਜਨਰਲ ਸਕੱਤਰ ਬਲਦੇਵ ਰਾਜ ਗਾਦੜੀਵਾਲਾ, ਖਜਾਨਚੀ ਹਰਨੇਕ ਸਿੰਘ ਆਦਿ ਨੇ ਪੰਜਾਬ ਵਿੱਚ ਵਾਪਰ ਰਹੀਆਂ ਲੁੱਟ-ਖੋਹ ਅਤੇ ਚੋਰੀਆਂ ਦੀਆਂ ਘਟਨਾਵਾਂ ਤੇ ਚਿੰਤਾ ਜਾਹਰ ਕਰਦਿਆਂ ਕਿਹਾ ਕਿ ਲੁੱਟਾਂ, ਖੋਹਾਂ ਅਤੇ ਚੋਰੀਆਂ ਦੀਆਂ ਘਟਨਾਵਾਂ ਦਿਨੋਂ-ਦਿਨ ਵਧ ਰਹੀਆਂ ਹਨ, ਜਿਸ ਨਾਲ ਆਮ ਜਨਤਾ ਵਿੱਚ ਡਰ ਅਤੇ ਬੇਚੈਨੀ ਦਾ ਮਾਹੌਲ ਬਣਿਆਂ ਹੋਇਆ ਹੈ, ਜਿਸ ਨਾਲ ਸੁਰੱਖਿਆ ਨੂੰ ਲੈ ਕੇ ਸਵਾਲ ਖੜ੍ਹੇ ਹੋ ਗਏ ਹਨ। ਆਗੂਆਂ ਨੇ ਕਿਹਾ ਕਿ ਜ਼ੀਰਾ ਹਲਕੇ ਦੇ ਪਿੰਡਾਂ ਅਤੇ ਸ਼ਹਿਰ ਵਿੱਚ ਦਿਨ ਦਿਹਾੜੇ ਲੁੱਟਾਂ -ਖੋਹਾਂ ਅਤੇ ਚੋਰੀਆਂ ਦੇ ਮਾਮਲੇ ਸਾਹਮਣੇ ਆ ਰਹੇ ਹਨ ,ਪਰ ਪੁਲੀਸ ਪ੍ਰਸ਼ਾਸਨ ਗੂੜ੍ਹੀ ਨੀਂਦ ਸੁੱਤਾ ਹੋਇਆ ਹੈ । ਉਨ੍ਹਾਂ ਪੰਜਾਬ ਸਰਕਾਰ ਤੋਂ ਮੰਗ ਕਰਦਿਆਂ ਕਿਹਾ ਕਿ ਜੁਲਮਾਂ ਦੀ ਰੋਕਥਾਮ ਕਰਨ ਲਈ ਸਰਕਾਰ ਪੁਲੀਸ ਪੈਟਰੋਲਿੰਗ ਵਿੱਚ ਵਾਧਾ ਕਰੈ ਤਾਂ ਜੋ ਪੰਜਾਬ ਦੀ ਸ਼ਾਂਤੀ ਅਤੇ ਸੁਰੱਖਿਆ ਨੂੰ ਬਹਾਲ ਕੀਤਾ ਜਾ ਸਕੇ। ਇਸ ਮੌਕੇ ਮਲਕੀਤ ਸਿੰਘ ਗਾਦੜੀਵਾਲਾ,ਅੰਗਰੇਜ਼ ਸਿੰਘ ਬਰਾੜ,ਕਾਮਰੇਡ ਕੁਲਵੰਤ ਸਿੰਘ,ਹਰਮਨਦੀਪ ਸਿੰਘ,ਹਿੰਮਤ ਸਿੰਘ, ਬਲਦੇਵ ਸਿੰਘ ਫੌਜੀ,ਐਡਵੋਕੇਟ ਨਵਦੀਪ ਸਿੰਘ ਕਰੀਰ, ਹਰਮੇਸ਼ਪਾਲ ਨੀਲੇਵਾਲਾ, ਪ੍ਰੈੱਸ ਸਕੱਤਰ ਨਵਜੋਤ ਨੀਲੇਵਾਲਾ,ਚਰਨਜੀਤ ਸਿੰਘ, ਮੁਖਤਿਆਰ ਸਿੰਘ ਬਰਾੜ,ਗੁਰਿੰਦਰਪਾਲ ਸਿੰਘ, ਹਰਪ੍ਰੀਤ ਸਿੰਘ, ਚਰਨਜੀਤ ਸਿੰਘ, ਭੋਲਾ ਰਾਣੀ, ਪਿਆਰ ਕੌਰ, ਡਾਕਟਰ ਜਸਵੰਤ ਸਿੰਘ, ਗਗਨਦੀਪ ਸਿੰਘ, ਪ੍ਰਭਜੋਤ ਕੌਰ ਆਦਿ ਹਾਜ਼ਰ ਸਨ।

## ਦੋ ਧਿਰਾਂ ਵਿੱਚ ਗੋਲ਼ੀ ਚੱਲਣ ਨਾਲ ਸੱਤ ਜ਼ਖ਼ਮੀ, ਦੋ ਦੀ ਹਾਲਤ ਗੰਭੀਰ

ਜ਼ੀਰਾ, 13 ਜੁਲਾਈ (ਦੀਪਕ ਭਾਰਗੋ) ਜ਼ੀਰਾ ਨੇੜਲੇ ਪਿੰਡ ਬੰਡਾਲਾ ਪੁਰਾਣਾ ਵਿਖੇ ਪੁਰਾਣੀ ਰੰਜਿਸ਼ ਨੂੰ ਲੈ ਕੇ ਦੋ ਧੜਿਆਂ ਦੀ ਲੜਾਈ ਦੌਰਾਨ ਦੋ ਵਿਅਕਤੀਆਂ ਦੇ ਗੋਲੀ ਲੱਗਣ ਅਤੇ ਪੰਜ ਵਿਅਕਤੀਆਂ ਦੇ ਜਖਮੀ ਹੋਣ ਦਾ ਸਮਾਚਾਰ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸਿਵਲ ਹਸਪਤਾਲ ਜ਼ੀਰਾ ਵਿਖੇ ਜੇਰੇ ਇਲਾਜ ਜਗਰੂਪ ਸਿੰਘ (36) ਪੁੱਤਰ ਚੰਦ ਸਿੰਘ ਵਾਸੀ ਪਿੰਡ ਬੰਡਾਲਾ ਪੁਰਾਣਾ ਨੇ ਦੱਸਿਆ ਕਿ ਉਹ ਰਾਤ 9 ਵਜੇ ਦੇ ਕਰੀਬ ਚੰਦ ਸਿੰਘ (70) ਪੁੱਤਰ ਬਲਕਾਰ ਸਿੰਘ, ਗੁਰਵਿੰਦਰ ਸਿੰਘ (38) ਪੁੱਤਰ ਪਿਆਰਾ ਸਿੰਘ ਅਤੇ ਸ਼ਮਸ਼ੇਰ ਸਿੰਘ (27 ) ਪੁੱਤਰ ਰੇਸ਼ਮ ਸਿੰਘ ਨਾਲ ਖੇਤ ਤੋਂ ਘਰ ਵਾਪਸ ਆ ਰਹੇ ਸਨ, ਤਾਂ ਪਿੰਡ ਦੇ ਹੀ ਕੁਝ ਵਿਅਕਤੀਆਂ ਨੇ ਸਾਡੇ ਵਿੱਚ ਜੀਪ ਮਾਰ ਕੇ ਸਾਨੂੰ ਥੱਲੇ ਸੁੱਟ ਦਿੱਤਾ , ਜਿੰਨਾਂ ਦਾ ਮੇਰੇ ਚਾਚੇ ਦੇ ਮੁੰਡੇ ਸ਼ਮਸ਼ੇਰ ਸਿੰਘ ਨਾਲ ਪੁਰਾਣੀ ਰੰਜਿਸ਼ ਨੂੰ ਲੈ ਕੇ ਝਗੜਾ ਚੱਲ ਰਿਹਾ ਸੀ ।ਇਸ ਉਪਰੰਤ ਉਨ੍ਹਾਂ ਨੇ ਸਾਡੇ ਤੇ ਕਾਪਿਆਂ ਅਤੇ ਤਲਵਾਰਾਂ ਨਾਲ ਵਾਰ ਕਰਕੇ ਸਾਨੂੰ ਜਖਮੀ ਕਰ ਦਿੱਤਾ ਅਤੇ ਫਾਇਰ ਕਰਨੇ ਸ਼ੁਰੂ ਕਰ ਦਿੱਤੇ, ਇਸ ਦੌਰਾਨ ਸ਼ਮਸ਼ੇਰ ਸਿੰਘ ਦੇ ਪੱਟ ਵਿੱਚ ਅਤੇ ਇੱਕ ਹੋਰ ਵਿਅਕਤੀ ਦੇ ਗੁੱਟ ਵਿੱਚ ਫਾਇਰ ਵੱਜਾ । ਜਖਮੀ ਹਾਲਤ ਵਿੱਚ ਪਰਿਵਾਰ ਅਤੇ ਪਿੰਡ ਵਾਸੀਆਂ ਨੇ ਸਾਨੂੰ ਇਲਾਜ ਲਈ ਸਿਵਲ ਹਸਪਤਾਲ ਜ਼ੀਰਾ ਵਿਖੇ ਦਾਖਲ ਕਰਵਾਇਆ ,ਜਿੱਥੇ ਹਮਲਾਵਰਾਂ ਨੇ 16 ਦੇ ਕਰੀਬ ਵਿਅਕਤੀਆਂ ਨੂੰ ਨਾਲ ਲਿਆ ਕੇ ਸਿਵਲ ਹਸਪਤਾਲ ਵਿੱਚ ਸਾਡੇ ਤੇ ਦੋਬਾਰਾ ਹਮਲਾ ਕਰਕੇ ਸੱਟਾਂ ਮਾਰੀਆਂ ਅਤੇ ਹਸਪਤਾਲ ਦੇ ਐਮਰਜੈਂਸੀ ਵਾਰਡ ਵਿੱਚ ਦਾਖਲ ਹੋ ਕੇ ਸੀਸੀਟੀਵੀ ਕੈਮਰਿਆਂ,ਟਰਾਲੀਆਂ, ਦਰਵਾਜੇ ਆਦਿ ਦੀ ਭੰਨ ਤੋੜ ਵੀ ਕੀਤੀ । ਇਸ ਮੌਕੇ ਜੇਰੇ ਇਲਾਜ ਸ਼ਮਸ਼ੇਰ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਹਮਲਾਵਰਾਂ ਵੱਲੋਂ ਕੁਝ ਦਿਨ ਪਹਿਲਾਂ ਵੀ ਸਾਨੂੰ ਗਾਲਾਂ ਕੱਢੀਆਂ, ਹਵਾਈ ਫਾਇਰ ਕੀਤੇ ਅਤੇ ਜਾਨੋਂ ਮਾਰਨ ਦੀਆਂ ਧਮਕੀਆਂ ਦਿੱਤੀਆਂ ਗਈਆਂ ਸਨ ,ਜਿਸ ਦੇ ਸਬੰਧ ਵਿੱਚ ਉਨ੍ਹਾਂ ਵੱਲੋਂ ਡੀਐੱਸਪੀ ਜ਼ੀਰਾ ਗੁਰਦੀਪ ਸਿੰਘ ਅਤੇ ਐੱਸਐੱਸਪੀ ਫਿਰੋਜਪੁਰ ਨੂੰ ਲਿਖਤੀ ਸ਼ਕਾਇਤ ਦਿੱਤੀ ਗਈ ਸੀ। ਇਸ ਮੌਕੇ ਡੀਐੱਸਪੀ ਜ਼ੀਰਾ ਗੁਰਦੀਪ ਸਿੰਘ ,ਐੱਸਐੱਚਓ ਥਾਣਾ ਸਿਟੀ ਜ਼ੀਰਾ ਬਲਜਿੰਦਰ ਸਿੰਘ ਅਤੇ ਥਾਣਾ ਸਦਰ ਜ਼ੀਰਾ ਦੇ ਐੱਸਐੱਚਓ ਬਲਜਿੰਦਰ ਸਿੰਘ ਨੇ ਪੁਲੀਸ ਪਾਰਟੀ ਨਾਲ ਸਿਵਲ ਹਸਪਤਾਲ ਜ਼ੀਰਾ ਵਿਖੇ ਪਹੁੰਚ ਕੇ ਸਥਿਤੀ ਤੇ ਕਾਬੂ ਪਾਇਆ। ਡੀਐੱਸਪੀ ਜ਼ੀਰਾ ਨੇ ਕਿਹਾ ਕਿ ਕੁਝ ਦਿਨ ਪਹਿਲਾਂ ਉਨ੍ਹਾਂ ਨੂੰ ਪਿੰਡ ਬੰਡਾਲਾ ਪੁਰਾਣਾ ਦੀਆਂ ਝਗੜੇ ਵਿੱਚ ਸ਼ਾਮਲ ਦੋਨਾਂ ਪਾਰਟੀਆਂ ਦੀਆਂ ਸ਼ਿਕਾਇਤਾਂ ਆਈਆਂ ਸਨ ,ਉਨ੍ਹਾਂ ਨੂੰ ਥਾਣੇ ਬੁਲਾਇਆ ਗਿਆ ਸੀ, ਪਰ ਉਹ ਨਹੀਂ ਪਹੁੰਚੇ। ਸਾਰੀ ਘਟਨਾ ਦੀ ਜਾਂਚ ਕੀਤੀ ਜਾ ਰਹੀ ਹੈ ਦੋਸ਼ੀਆਂ ਤੇ ਬਣਦੀ ਕਾਰਵਾਈ ਕੀਤੀ ਜਾਵੇਗੀ। ਸਿਵਲ ਹਸਪਤਾਲ ਜ਼ੀਰਾ ਦੇ ਡਾਕਟਰ ਲਵਪ੍ਰੀਤ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਚੰਦ ਸਿੰਘ,ਜਗਰੂਪ ਸਿੰਘ, ਗੁਰਵਿੰਦਰ ਸਿੰਘ ਅਤੇ ਸ਼ਮਸ਼ੇਰ ਸਿੰਘ ਦੇ ਗੰਭੀਰ ਰੂਪ ਵਿੱਚ ਜਖਮੀ ਹੋਣ ਕਾਰਨ ਉਨ੍ਹਾਂ ਨੂੰ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਫਰੀਦਕੋਟ ਵਿਖੇ ਰੈਫਰ ਕਰ ਦਿੱਤਾ ਗਿਆ ਹੈ ਜਦਕਿ ਸੁਖਮੰਦਰ ਸਿੰਘ, ਗੁਰਬਿੰਦਰ ਸਿੰਘ ਅਤੇ ਜਗਸੀਰ ਸਿੰਘ ਸਿਵਲ ਹਸਪਤਾਲ ਜ਼ੀਰਾ ਵਿਖੇ ਜੇਰੇ ਇਲਾਜ ਹਨ ।

## ਪਿਛਲੇ ਦਿਨੀਂ ਪਿੰਡ ਚੰਨਣਕੇ ਵਿਖੇ ਕਤਲ ਹੋਏ ਵਿਅਕਤੀ ਦੀ ਅੰਤਿਮ ਅਰਦਾਸ ਮੌਕੇ ਪਿੰਡ ਪੁਲਿਸ ਛਾਉਣੀ ਵਿੱਚ ਤਬਦੀਲ

ਚੌਂਕ ਮਹਿਤਾ- 13 ਜੁਲਾਈ- (ਬਲਜਿੰਦਰ ਸਿੰਘ ਰੰਧਾਵਾ) ਬੀਤੇ ਦਿਨੀਂ ਨੇੜਲੇ ਪਿੰਡ ਚੰਨਣਕੇ ਦੇ ਵਸਨੀਕ ਜੁਗਰਾਜ ਸਿੰਘ ਉਰਫ ਜੱਗਾ ਪੁੱਤਰ ਸੁਖਵਿੰਦਰ ਸਿੰਘ ਜਿਸ ਨੂੰ ਕਿ ਮੋਟਰ ਸਾਈਕਲ ਤੇ ਸਵਾਰ ਹੋ ਕੇ ਆਏ ਤਿੰਨ ਅਣਪਛਾਤੇ ਨੌਜਵਾਨਾਂ ਨੇ ਗੋਲੀਆਂ ਮਾਰ ਕੇ ਮਾਰ ਦਿੱਤਾ ਸੀ, ਉਸਦੇ ਭੋਗ ਅਤੇ ਅੰਤਿਮ ਅਰਦਾਸ ਮੌਕੇ ਅੱਜ ਉਸ ਦਾ ਵੱਡਾ ਭਰਾ ਜਗਰੂਪ ਸਿੰਘ ਉਰਫ ਜੂਪਾ ਜੋ ਕਿਸੇ ਕੇਸ ਦੇ ਸਿਲਸਿਲੇ ਵਿੱਚ ਜੇਲ੍ਹ ਅੰਦਰ ਬੰਦ ਹੈ, ਨੂੰ ਮਾਨਯੋਗ ਹਾਈ ਕੋਰਟ ਦੇ ਹੁਕਮਾਂ ਨਾਲ ਅੰਤਿਮ ਅਰਦਾਸ ਸਮਾਗਮ ਵਿੱਚ ਸ਼ਾਮਿਲ ਹੋਣ ਲਈ ਪਿੰਡ ਚੰਨਣਕੇ ਵਿੱਖੇ ਲਿਆਂਦਾ ਗਿਆ। ਇਸ ਮੌਕੇ ਪਿੰਡ ਚੰਨਣਕੇ ਨੂੰ ਜਿਵੇਂ ਪੁਲਿਸ ਛਾਉਣੀ ਵਿੱਚ ਤਬਦੀਲ ਕਰ ਦਿੱਤਾ ਗਿਆ ਹੋਵੇ। ਜਗਰੂਪ ਸਿੰਘ ਜੂਪਾ ਨੂੰ ਗੁਰਦੁਆਰਾ ਸਾਹਿਬ ਵਿਖੇ ਅਰਦਾਸ ਹੋ ਜਾਣ ਤੋਂ ਬਾਅਦ ਪੁਲਿਸ ਮੁਲਾਜ਼ਮ ਲੈ ਗਏ ਅਤੇ ਕੁਝ ਸਮਾਂ ਪਰਿਵਾਰ ਦੇ ਮੈਂਬਰਾਂ ਨਾਲ ਬੰਦ ਕਮਰੇ ਵਿੱਚ ਉਸਨੂੰ ਗੱਲਬਾਤ ਕਰਨ ਦਾ ਮੌਕਾ ਦਿੱਤਾ ਗਿਆ। ਇਸ ਮੌਕੇ ਕਿਸੇ ਵੀ ਪੱਤਰਕਾਰ ਜਾਂ ਫੋਟੋਗ੍ਰਾਫਰ ਨੂੰ ਨੇੜੇ ਨਹੀਂ ਆਉਣ ਦਿੱਤਾ ਗਿਆ। ਇਥੇ ਇਹ ਵੀ ਵਰਣਨ ਯੋਗ ਹੈ ਕਿ ਜਿਸ ਦਿਨ ਜੁਗਰਾਜ ਸਿੰਘ ਉਰਫ ਜੱਗਾ ਦਾ ਕਤਲ ਹੋਇਆ ਸੀ ਉਸ ਦਿਨ ਕੁਝ ਚੈਨਲਾਂ ਨੇ ਜਗਰੂਪ ਸਿੰਘ ਜੂਬਾ ਜੋ ਕਿ ਜੇਲ੍ਹ ਵਿੱਚ ਬੰਦ ਸੀ,ਨੂੰ ਜਗਰੂਪ ਸਿੰਘ ਰੂਪਾ ਦੇ ਤੌਰ ਤੇ ਪ੍ਰਚਾਰਿਤ ਕਰਕੇ



ਇਹ ਦੱਸਿਆ ਜਾਂਦਾ ਰਿਹਾ ਕਿ ਇਸੇ ਹੀ ਨੌਜਵਾਨ ਨੇ ਸਿੱਧੂ ਮੂਸੇਵਾਲੇ ਦੇ ਕਤਲ ਵਿੱਚ ਹਿੱਸਾ ਲਿਆ ਸੀ। ਪਰ ਹੁਣ ਪਰਿਵਾਰਿਕ ਮੈਂਬਰਾਂ ਦੇ ਕਹਿਣ ਅਨੁਸਾਰ ਇਹ ਗੱਲ ਸਪਸ਼ਟ ਹੋ ਗਈ ਹੈ ਕਿ ਸਿੱਧੂ ਮੂਸੇ ਵਾਲਾ ਕਤਲ ਕਾਂਡ ਵਿੱਚ ਕਥਿਤ ਤੌਰ ਤੇ ਜਗਰੂਪ ਸਿੰਘ ਰੂਪਾ ਦਾ ਹੱਥ ਸੀ ਜਦਕਿ ਪਿੰਡ ਚੰਨਣਕੇ ਦਾ ਵਸਨੀਕ ਜਗਰੂਪ ਸਿੰਘ ਜੂਪਾ ਹੈ ਜੋ ਕਿ ਕਿਸੇ ਹੋਰ ਕੇਸ ਵਿੱਚ ਜੇਲ੍ਹ ਅੰਦਰ ਬੰਦ ਹੈ।


## ਭਾਰਤੀ ਸੈਨਾ

www.joinindianarmy.nic.in
66ਵਾਂ ਅਲਪ ਸੇਵਾ ਕਮਿਸ਼ਨ (ਤਕਨੀਕੀ) ਪੁਰਸ਼ (ਅਪ੍ਰੈਲ 2026)

### ਵਿਸ਼ੇਸ਼ਤਾਵਾਂ

*(ਨਿਮਨ ਦਰਸਾਈ ਜਾਣਕਾਰੀ ਕੇਵਲ ਆਮ ਜਾਗਰੂਕਤਾ ਦੇ ਲਈ ਹੈ ਅਤੇ ਕਾਨੂੰਨੀ ਤੌਰ 'ਤੇ ਅਵੈਧ ਹੈ)*
*(**www.joinindianarmy.nic.in** 'ਤੇ ਪ੍ਰਕਾਸ਼ਿਤ ਕੋਰਸ ਅਧਿਸੂਚਨਾ ਇਸ ਕੋਰਸ ਲਈ ਲਾਗੂ ਇਕੋ ਇਕ ਅਧਿਕਾਰਤ ਇਸ਼ਤਿਹਾਰ ਹੈ)*

| ਵਰਗ | ਵੇਰਵੇ | ਅਧਿਸੂਚਨਾ ਪੈਰਾ ਨੰ. |
|---|---|---|
| ਦਾਖਲੇ ਦੀ ਕਿਸਮ | ਸ਼ਾਰਟ ਸਰਵਿਸ ਐਂਟਰੀ (ਤਕਨੀਕੀ) (ਐਸੀ(ਟੀ)-66 )ਪੁਰਸ਼ | ਪੈਰਾ 1 |
| ਉਮਰ | 01 ਅਪ੍ਰੈਲ 2026 ਨੂੰ 20 ਅਤੇ 27 ਸਾਲ | ਪੈਰਾ 2 |
| ਲਈ ਖੁੱਲ੍ਹਾ | ਅਣਵਿਆਹੇ ਪੁਰਸ਼ | ਪੈਰਾ 1 |
| ਸਿੱਖਿਆ ਯੋਗਤਾ | ਅਧਿਸੂਚਿਤ ਸਟਰੀਮ ਵਿੱਚ ਇੰਜੀਨੀਅਰਿੰਗ ਡਿਗਰੀ | ਪੈਰਾ 3 |
| ਸਵੀਕਾਰਯੋਗ ਧਾਰਾਵਾਂ | ਸੂਚੀਬੱਧ ਅਨੁਸਾਰ | ਪੈਰਾ 3 |
| ਕਿਵੇਂ ਅਪਲਾਈ ਕਰਨਾ ਹੈ | **www.joinindianarmy.nic.in** 'ਤੇ ਔਨਲਾਈਨ ਅਰਜ਼ੀ ਦਿਓ | ਪੈਰਾ 11 |
| ਅਰਜ਼ੀ ਵਿੰਡੋ | 16 ਜੁਲਾਈ 2025 ਤੋਂ 14 ਅਗਸਤ 2025 | ਪੈਰਾ 15 |
| ਮੈਡੀਕਲ ਸਟੈਂਡਰਡ/ਪ੍ਰੀਖਿਆ | ਜਿਵੇਂ ਕਿ **www.joinindianarmy.nic.in** 'ਤੇ ਦਿੱਤਾ ਗਿਆ ਹੈ | ਪੈਰਾ 5 |
| ਚੋਣ ਪ੍ਰਕਿਰਿਆ | ਅਰਜ਼ੀ › ਸ਼ਾਰਟਲਿਸਟਿੰਗ › **SSB** › ਮੈਡੀਕਲ › ਮੈਰਿਟ ਸੂਚੀ › ਜੁਆਇਨਿੰਗ ਲੈਟਰ | ਪੈਰਾ 4 |
| ਸ਼ਾਰਟਲਿਸਟਿੰਗ ਲਈ ਅੰਕਾਂ ਦੇ ਕੱਟ-ਆਫ% ਦੇ ਪ੍ਰਕਾਸ਼ਨ ਦੀ ਮਿਤੀ | ਸਤੰਬਰ 2025 ਦਾ ਪਹਿਲਾ ਹਫ਼ਤਾ | - |
| **SSB ਲਈ ਸੰਭਾਵਿਤ ਮਿਆਦ ਅਤੇ ਤਾਰੀਖਾਂ** | ਅਕਤੂਬਰ - ਦਸੰਬਰ 2025 ਦੇ ਵਿਚਕਾਰ ਪੰਜ ਦਿਨਾਂ ਐਸਐਸਬੀ (ਸਤੰਬਰ 2025 ਵਿੱਚ ਦੋ ਹਫ਼ਤਿਆਂ ਲਈ ਖੁੱਲ੍ਹੀਆਂ ਐਸਐਸਬੀ ਤਾਰੀਖਾਂ ਲਈ ਵਿਕਲਪ) | - |
| ਪ੍ਰੀ ਕਮਿਸ਼ਨ ਟ੍ਰੇਨਿੰਗ ਅਕੈਡਮੀ | ਅਫਸਰਜ਼ ਟ੍ਰੇਨਿੰਗ ਅਕੈਡਮੀ, ਗਯਾ, ਬਿਹਾਰ | ਪੈਰਾ 7 |
| ਸਿਖਲਾਈ ਦੀ ਮਿਆਦ | ਅਪ੍ਰੈਲ 2026 ਤੋਂ ਮਾਰਚ 2027 ਤੱਕ 49 ਹਫ਼ਤੇ | ਪੈਰਾ 7 (ਬੀ) |
| ਸਿਖਲਾਈ ਦੌਰਾਨ ਵਜ਼ੀਫ਼ਾ | 56,100 ਰੁਪਏ ਪ੍ਰਤੀ ਮਹੀਨਾ | ਪੈਰਾ 9 |
| ਸਿਖਲਾਈ ਤੋਂ ਬਾਅਦ ਰੈਂਕ | ਲੈਫਟੀਨੈਂਟ | ਪੈਰਾ 9 (ਬੀ) |
| ਕਮਿਸ਼ਨਿੰਗ 'ਤੇ ਤਨਖਾਹ | ਸੀਟੀਸੀ ਲਗਭਗ 17-18 ਲੱਖ ਪ੍ਰਤੀ ਸਾਲ (ਮੁਫ਼ਤ ਮੈਡੀਕਲ ਕਵਰ ਅਤੇ ਇੱਕ ਵਾਰ ਆਪਣੇ ਸ਼ਹਿਰ ਦੀ ਯਾਤਰਾ ਨੂੰ ਛੱਡ ਕੇ) ਸਾਲ) | - |
| ਕਮਿਸ਼ਨ ਦੀ ਕਿਸਮ | ਸ਼ਾਰਟ ਸਰਵਿਸ ਕਮਿਸ਼ਨ | ਪੈਰਾ 6 (ਏ) |
| ਘੱਟੋ-ਘੱਟ ਸ਼ਮੂਲੀਅਤ ਦੀ ਮਿਆਦ | 10 ਸਾਲ | ਪੈਰਾ 7 (ਜੀ) |
| ਵੱਧ ਤੋਂ ਵੱਧ ਸ਼ਮੂਲੀਅਤ ਦੀ ਮਿਆਦ | 14 ਸਾਲ | ਪੈਰਾ 7 (ਜੀ) |
| ਰਿਹਾਈ ਲਈ ਵਿਕਲਪ | ਪਹਿਲਾ - 5 ਸਾਲਾਂ ਬਾਅਦ, ਦੂਜਾ 10 ਸਾਲਾਂ ਬਾਅਦ ਅਤੇ ਤੀਜਾ - 14 ਸਾਲਾਂ ਬਾਅਦ | ਪੈਰਾ 7 (ਜੀ) |
| ਸਥਾਈ ਕਮਿਸ਼ਨ ਲਈ ਵਿਕਲਪ | 10 ਸਾਲਾਂ ਬਾਅਦ | ਪੈਰਾ 7 (ਜੀ) |
| ਕਮਿਸ਼ਨ ਲਈ ਪ੍ਰਾਇਮਰੀ ਹਥਿਆਰ / ਸੇਵਾ | ਇੰਜੀਨੀਅਰਾਂ ਦੇ ਕੋਰ, ਸਿਗਨਲ ਕੋਰ ਅਤੇ ਇਲੈਕਟ੍ਰਾਨਿਕਸ ਅਤੇ ਮਕੈਨੀਕਲ ਇੰਜੀਨੀਅਰਾਂ ਦੇ ਕੋਰ। ਉਮੀਦਵਾਰ ਹੋਰ ਹਥਿਆਰਾਂ/ਸੇਵਾ ਵਿੱਚ ਵੀ ਕਮਿਸ਼ਨ ਪ੍ਰਾਪਤ ਕਰ ਸਕਦੇ ਹਨ | - |
| ਰਿਹਾਈ ਲਾਭ | ਰਿਲੀਜ਼ 'ਤੇ ਸੇਵਾ 'ਤੇ ਨਿਰਭਰ ਕਰਦਾ ਹੈ | - |

CBC 10601/11/0027/2526

# ਧਰਮ ਤੇ ਵਿਰਸਾ

## 'ਪੰਜ-ਪਿਆਰੇ' ਤੇ ਜਥੇਦਾਰ, ਸ੍ਰੀ ਅਕਾਲ ਤਖ਼ਤ ਸਾਹਿਬ...

ਡਾ. ਰੂਪ ਸਿੰਘ
98146 37979

ਕਿਰਤ ਕਰਨੀ, ਨਾਮ ਜਪਣ, ਵੰਡ ਛਕਣਾ ਸਿੱਖ ਜੀਵਨ ਜਾਚ ਹੈ। ਪੂਜਾ ਅਕਾਲ ਕੀ, ਪਰਚਾ ਸ਼ਬਦ ਕਾ, ਦੀਦਾਰ ਖ਼ਾਲਸੇ ਦਾ ਧਾਰਨੀ ਹੈ, ਨਿਰੰਕਾਰ 'ਚ ਅਭੇਦ ਹੋਣਾ ਸਿੱਖ ਦੀ ਮੰਜ਼ਲ। ਸਿੱਖ ਧਰਮ ਸ਼ਬਦ ਤੋਂ ਸੂਖਮਤਾ ਦੀ ਸਿਖਰ ਵੱਲ ਜਾਂਦਾ ਹੈ। ਸਿੱਖ ਸਿਧਾਂਤ ਤੋਂ ਸੰਗਤੀ ਰਸਮ ਹੋਣ ਕਾਰਨ ਸਮੇਂ-ਸਥਾਨ, ਸਥੂਲਤਾ ਤੇ ਸ਼ਖ਼ਸ-ਪ੍ਰਸਤੀ ਦੀਆਂ ਸੀਮਾਵਾਂ ਤੋਂ ਸੁਤੰਤਰ ਹੈ। ਸ਼ਬਦ-ਗੁਰੂ ਦਾ ਸਿਧਾਂਤ ਸਿੱਖ ਦੀ ਅਗਵਾਈ ਕਰਦਾ ਹੈ। ਸਿੱਖ ਸ਼ਬਦ-ਪ੍ਰਸਤ ਹੈ, ਕਿਸੇ ਵੀ ਰੂਪ 'ਚ ਸ਼ਖ਼ਸ-ਪ੍ਰਸਤ ਨਹੀ। ਮੂਲ ਰੂਪ 'ਚ ਸਿੱਖ ਧਰਮ ਤੈਹਿ-ਪ੍ਰਸਤ ਹੋਣ ਕਾਰਨ ਸਿੱਖ 'ਸ਼ਖ਼ਸ-ਪ੍ਰਸਤ' ਹੋ ਹੀ ਨਹੀ ਸਕਦਾ। ਸਿੱਖ ਧਰਮ 'ਚ ਅਧਿਆਤਮ-ਸਵੀਕਾਰ ਕਰ, ਗੁਰਮਤਿ ਮਰਿਯਾਦਾ ਵਲੋਂ 'ਮੀਰ' ਨੂੰ ਮਾਨ ਸਕਦਾ ਹੈ। ਸਿੱਖ ਗੁਰੂ ਸਾਹਿਬਾਨ, ਅਕਾਲ ਪੁਰਖ 'ਚ ਨਿਰਗੁਣ-ਸਰਗੁਣ ਸਮਾਵੇਸ਼ ਸਾਕਾਰ ਰੂਪ ਹਨ। ਫਿਰ ਵੀ ਅਸੀਂ ਦੇਖਦੇ ਹਾਂ ਕਿ, ਸ਼ਖ਼ਸ-ਪ੍ਰਸਤੀ ਤੋਂ ਬਚਣ ਲਈ ਗੁਰਬਾਣੀ ਕੇਵਲ 'ਨਾਨਕ ਜੋਤਿ' ਦੀ ਮੋਹਰ ਅਧੀਨ ਅੰਕਿਤ ਕੀਤੀ ਗਈ। ਸੰਸਾਰਿਕ ਭਰਮਣ ਸਮੇਂ ਵੀ ਗੁਰੂ ਸਾਹਿਬਾਨ ਵਿਅਕਤੀਗਤ ਰੂਪ 'ਚ ਨਹੀ ਵਿਚਰਦੇ ਦਿਖਾਈ ਦਿੰਦੇ, ਸਗੋਂ ਸੰਗੀ-ਸਾਥੀ ਸਾਥ ਰਹੇ। ਜਗਤ ਸੁਧਾਰ ਯਾਤਰਾਵਾਂ ਤੇ ਸਫਰਾਂ ਦੇ ਸਮੇਂ ਵੀ ਸਿੱਖਾਂ ਨੂੰ ਸਾਥ ਰੱਖਿਆ। ਇਥੇ ਸਿਧ ਹੁੰਦਾ ਹੈ ਸਾਧਸੰਗਤ ਮਹਾਨ ਹੈ ਤੇ ਗੁਰੂ ਅਤੇ ਸਿੱਖ ਰਲ ਬਣਦਾ ਰਹੇ ਤੇ 'ਗੁਰੂ-ਸਿੱਖ' ਦੀ ਪ੍ਰੀਤ-ਰੀਤ ਵੀ ਸ਼ਬਦ ਦੇ।

ਸੂਖਮ ਸਿੱਖ ਸਿਧਾਂਤਾਂ ਨੂੰ ਪ੍ਰਚਾਰਨ-ਪ੍ਰਸਾਰਨ ਤੇ ਅਮਲ 'ਚ ਪ੍ਰਗਟ ਕਰਨ ਲਈ ਗੁਰੂ-ਸਾਹਿਬਾਨ ਨੇ ਸਮੇਂ ਸਮੇਂ 'ਸੰਸਥਾਵਾਂ' ਦੀ ਸਿਰਜਣਾ ਕੀਤੀ। ਸੰਗਤ-ਪੰਗਤ, ਗੁਰਦੁਆਰੇ, ਸ੍ਰੀ ਅਕਾਲ ਤਖ਼ਤ ਸਾਹਿਬ, ਖ਼ਾਲਸਾ ਪੰਥ, 'ਗੁਰੂ-ਪੰਥ' ਦੀਆਂ ਪ੍ਰਮੁੱਖ ਸਿਧਾਂਤਕ-ਸੰਗਤੀ ਸੰਸਥਾਵਾਂ ਹਨ। ਸਿਧਾਂਤ ਅਮੂਰਤ, ਸਿਧਾਂਤਕ ਸਿੱਖ ਸੰਸਥਾਵਾਂ ਦੀ ਸਿਰਜਣਾ ਦਾ ਮਕਸਦ ਸੂਖਮ ਸਿੱਖ ਸਿਧਾਂਤਾਂ ਨੂੰ ਨਿਰੰਤਰ ਵਿਗਸਾਉਣ ਦਾ ਇਕ ਪਰ ਸੀ। ਸਿੱਖ ਧਰਮ ਵਿੱਚ 'ਵਿਚਾਰ' ਦੀ ਪ੍ਰਮੁੱਖਤਾ ਹੈ, ਵਿਅਕਤੀ ਵਿਸ਼ੇਸ਼ ਦੀ ਨਹੀ। ਸੰਗਤ ਪ੍ਰਮੁੱਖ ਹੈ, ਸ਼ਖ਼ਸੀਅਤ ਨਹੀ। ਸਿੱਖ ਧਰਮ 'ਚ ਗੁਰੂ ਦੀਵ ਜਿਤਨੇ ਸੰਗਤ ਵਿਚੋਂ ਵਿਸ਼ੇ ਨੂੰ ਪ੍ਰਵਾਨ ਕਰਦੇ ਹਨ। ਗੁਰਮਤਿ ਵਿਚਾਰਧਾਰਾ ਵਿਚ 'ਪੰਚ-ਪ੍ਰਧਾਨੀ' ਦੀ ਪ੍ਰਧਾਨਤਾ ਪਹਿਲੇ ਦਿਨ ਤੋਂ ਹੈ। ਪ੍ਰਮੁੱਖ ਸਿਧਾਂਤਕ ਸਿੱਖ ਸੰਸਥਾ, ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਿਰਜਣਾ, ਸ੍ਰੀ ਗੁਰੂ ਹਰਗੋਬਿੰਦ ਸਾਹਿਬ ਨੇ ਸ੍ਰੀ 'ਅਕਾਲ ਬੁੰਗਾ' ਰੂਪ 'ਚ ਧਰਮੀ ਪ੍ਰਭੁਸੱਤਾ ਦੇ ਪ੍ਰਤੀਕ ਵਜੋਂ ਕੀਤੀ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦਾ ਮੀਰੀ-ਪੀਰੀ ਦੀਆਂ ਦੋ ਕਿਰਪਾਨਾਂ ਪਹਿਨਣੀਆਂ, ਗਵਾਲੀਅਰ ਦੇ ਕਿਲ੍ਹੇ 'ਚੋਂ ਰਿਹਾਅ ਹੋਣਾ, ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਢਾਡੀ ਵਾਰਾਂ ਦੀ ਪਰੰਪਰਾ, ਸਿੱਖ ਸੰਸਥਾਵਾਂ ਦੇ ਵਿਕਾਸ-ਵਿਗਾਸ ਦੇ ਮਰਹਲੇ ਹਨ। ਇਹ ਸਿਧਾਂਤਕ ਸੰਸਥਾਵਾਂ ਹੀ ਹਨ ਜਿਹਨਾਂ ਦੇ ਰੂਪ ਵਿਚ 'ਪੰਚ-ਪ੍ਰਧਾਨੀ' ਰੂਪ ਦਾ ਪ੍ਰਗਟਾ ਹੈ। ਪ੍ਰਮੁੱਖਤਾ ਪੰਚ ਪ੍ਰਧਾਨੀ ਦੀ ਹੈ, ਕਿਸੇ ਵਿਅਕਤੀ ਵਿਸ਼ੇਸ਼ ਦੀ ਨਹੀ।

ਸਿਧਾਂਤਕ ਤੌਰ 'ਤੇ 'ਪੰਜ-ਪਿਆਰੇ' ਗੁਰੂ-ਜੋਤਿ ਦਾ ਪ੍ਰਗਟਾਵਾ ਹਨ। 'ਪੰਜ-ਪਿਆਰੇ' ਸਰਵਉੱਚ ਸਿਧਾਂਤਕ ਸੰਸਥਾ ਹੈ, ਪੰਜ ਸਰੀਰ ਨਹੀ, 'ਗੁਰੂ-ਜੋਤਿ' ਰੂਪ ਦੇ ਪੰਜ ਸਰੀਰ ਹਨ। ਸਤਿਗੁਰੂ ਗੋਬਿੰਦ ਸਿੰਘ ਸਾਹਿਬ ਨੇ ਗੁਰੂ-ਜੋਤਿ ਨੂੰ ਸਥਾਪਿਤ ਕਰ 'ਪੰਜ-ਪਿਆਰੇ' ਸਾਜੇ, ਗੁਰੂ ਗੋਬਿੰਦ ਸਿੰਘ ਸਜਾਇਆ। ਗੁਰੂ ਕਾਲ ਉਪਰੰਤ 'ਗੁਰੂ-ਪੰਥ' ਦੀ ਅਗਵਾਈ ਲਈ 'ਪੰਜ-ਪਿਆਰੇ' ਸਿਧਾਂਤਕ ਸੰਸਥਾ ਹੀ ਪ੍ਰਮੁੱਖ ਹੈ।

ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ ਦੇ ਸਮੇਂ ਸਿੱਖ ਸੰਸਥਾਵਾਂ 'ਤੇ ਕਾਬਜ਼ ਪੁਜਾਰੀਆਂ ਨੇ 'ਪੰਥਕ-ਜੁਗਤਿ' ਵਿਹੂਣਾ ਹੁਕਮਨਾਮਾ, ਸਿੱਖ ਸੰਗਤਾਂ ਦੀ ਥਾਂ 'ਪੁਜਾਰੀ' ਸ਼ਖ਼ਸੀਅਤਾਂ ਵਲੋਂ ਜਾਰੀ ਕੀਤਾ। 18 ਮਾਰਚ, 1887 ਨੂੰ ਪ੍ਰੋ. ਗੁਰਮੁੱਖ ਸਿੰਘ ਜੀ ਨੂੰ ਪੰਥ 'ਚੋਂ ਖਾਰਜ ਕਰਨ ਦਾ ਹੁਕਮਨਾਮਾ ਜਾਰੀ ਕੀਤਾ ਗਿਆ (ਗੁਰਦੁਆਰਾ ਗਜ਼ਟ, ਅਕਤੂਬਰ, 1951)। ਇਸ ਹੁਕਮਨਾਮੇ ਤੇ ਸ੍ਰੀ ਅਕਾਲ ਤਖ਼ਤ ਸਾਹਿਬ, ਸ੍ਰੀ ਦਰਬਾਰ ਸਾਹਿਬ ਦੇ ਪੁਜਾਰੀਆਂ ਦੇ 31 ਨਾਮ ਅੰਕਿਤ ਹਨ)। 'ਪੁਜਾਰੀਆਂ' ਦੇ ਉਕਤ 'ਪੰਥਕ-ਜੁਗਤਿ' ਵਿਹੂਣੇ ਹੁਕਮਨਾਮੇ ਨੂੰ ਗੁਰੂ-ਪੰਥ ਵਲੋਂ ਰੱਦ ਕਰਦਿਆਂ, ਪ੍ਰੋਫੈਸਰ ਗੁਰਮੁੱਖ ਸਿੰਘ ਜੀ ਨੂੰ ਅਕਾਲ ਚਲਾਣੇ ਉਪਰੰਤ 25 ਸਤੰਬਰ, 1995 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਸਨਮਾਨਿਤ ਕੀਤਾ ਗਿਆ।

ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ ਦਾ ਮੂਲ ਮਨੋਰਥ, ਗੁਰਦੁਆਰਿਆਂ ਦਾ ਪ੍ਰਬੰਧ 'ਸ਼ਖ਼ਸੀ-ਮਹੰਤਾਂ' ਤੋਂ 'ਸੰਗਤੀ' ਪ੍ਰਬੰਧ ਅਧੀਨ ਲਿਆਉਣਾ ਸੀ ਤਾਂ ਜੋ 'ਸੰਗਤੀ-ਸਿਧਾਂਤ' 'ਤੇ ਅਮਲ ਹੋ ਸਕੇ। ਸਿਧਾਂਤਕ ਰੂਪ 'ਚ ਸ਼ਖ਼ਸੀਅਤ ਪ੍ਰਸਤੀ ਨੂੰ ਕੋਈ ਥਾਂ ਨਹੀ। ਪੰਥ ਪ੍ਰਵਾਨਿਤ ਸਿੱਖ ਰਹਿਤ ਮਰਯਾਦਾ ਅਨੁਸਾਰ, 'ਗੁਰੂ ਪੰਥ' : ਤਿਆਰ-ਬਰ-ਤਿਆਰ ਸਿੰਘਾਂ ਦੇ ਸਮੁੱਚੇ ਸਮੂਹ ਨੂੰ 'ਗੁਰੂ ਪੰਥ' ਆਖਦੇ ਹਨ। ਇਸ ਦੀ ਤਿਆਰੀ ਦਸਾਂ ਗੁਰੂ ਸਾਹਿਬਾਨ ਨੇ ਕੀਤੀ ਅਤੇ ਦਸਮ ਗੁਰੂ ਜੀ ਨੇ ਇਸ ਦਾ ਅੰਤਮ ਸਰੂਪ ਬੰਨ੍ਹ ਕੇ ਗੁਰਿਆਈ ਸੌਂਪੀ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ 'ਚ 'ਪੰਜ-ਪਿਆਰੇ' ਹੀ ਅੰਮ੍ਰਿਤ ਅਭਿਲਾਖੀ ਨੂੰ ਅੰਮ੍ਰਿਤ ਸੰਚਾਰ ਕਰਦੇ ਹਨ। ਸਿੱਖ ਤੇ 'ਸਿੰਘ ਪਦਵੀ' ਬਖ਼ਸ਼ਿਸ਼ ਕਰਨ ਤੇ ਭੁੱਲ ਸਮੇਂ ਤਨਖ਼ਾਹ ਲਾਉਣ ਦੇ ਅਧਿਕਾਰੀ ਹਨ। ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਰਵਉੱਚਤਾ ਦਾ ਗੁਰ ਪੰਥ ਦੇ ਪ੍ਰਤੀਨਿਧ 'ਪੰਜ-ਪਿਆਰੇ' ਸਾਹਿਬਾਨ ਕਰਦੇ ਹਨ। ਜੋ ਸਕਦੀ ਹੈ। 'ਪੰਜ-ਪਿਆਰੇ' ਸਾਹਿਬਾਨ ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ, ਮੁੱਖ ਗ੍ਰੰਥੀ/ਗ੍ਰੰਥੀ ਸ੍ਰੀ ਦਰਬਾਰ ਸਾਹਿਬ, ਤਖ਼ਤਾਂ ਦੇ ਜਥੇਦਾਰ ਸਾਹਿਬਾਨ, ਗੁਰਦੁਆਰਾ ਸਾਹਿਬਾਨ ਦੇ ਗ੍ਰੰਥੀ ਸਿੰਘ ਸ਼ਾਮਲ ਹੋ ਸਕਦੇ ਹਨ। ਤੁਰਤ 'ਪੰਜ-ਪਿਆਰੇ' ਸਾਹਿਬਾਨ ਦਾ ਹੀ ਸਰਵਉੱਚ ਅਧਿਕਾਰ ਹੈ। ਅਰਦਾਸ ਵਿੱਚ ਵੀ ਗੁਰੂ ਸਾਹਿਬਾਨ ਤੋਂ ਉਪਰੰਤ 'ਪੰਜ-ਪਿਆਰੇ' ਸਾਹਿਬਾਨ ਨੂੰ ਹੀ ਸਿਮਰਦੇ ਹਾਂ, ਕਿਸੇ ਵਿਅਕਤੀ-ਵਿਸ਼ੇਸ਼ ਨੂੰ ਨਹੀ। ਸਾਡੇ ਪੂਰਵੇ ਕਿਸੇ ਸ੍ਰਦੇਸ਼ ਮਨ ਵੀ, ਅਰਦਾਸ 'ਚ 'ਪੰਜ-ਪਿਆਰਿਆਂ' ਤੇ ਮਹਾਨ ਸ਼ਹੀਦਾਂ ਦੇ ਪਵਿੱਤਰ ਨਾਮ ਵੀ ਸਾਮਲ ਨਹੀ ਕੀਤੇ। ਜੇਕਰ ਪ੍ਰਸਾਰ ਵਿਚ ਪੰਥ ਦੇ ਮਰਜੀਵੜੇ 'ਪੰਜ-ਪਿਆਰਿਆਂ' ਦੀ ਥਾਂ ਕਿਸੇ ਪਰਚਾ ਦਾ ਵਿਧਾਨ ਤੇ ਬਣਲਾਣ ਪਰਿਵਰਤਨ ਹੈ ਪਰ ਕਿਸੇ ਵਿਅਕਤੀ-ਵਿਸ਼ੇਸ਼ ਲਈ ਅਜਿਹਾ ਨਹੀ ਕੀਤਾ ਜਾ ਸਕਦਾ। 'ਪੰਜ ਪਿਆਰੇ' ਇਕਾਈ ਰੂਪ 'ਚ ਸਿਧਾਂਤਕ ਅਨੁਸਾਰ ਕਾਰਜਸ਼ੀਲ ਤੇ 'ਗੁਰੂ-ਜੋਤਿ' ਹਨ। ਸਪੱਸ਼ਟ ਹੈ ਕਿ ਵਿਅਕਤੀ ਵਿਸ਼ੇਸ਼ ਨੂੰ ਕੋਈ ਵਿਸ਼ੇਸ਼ ਅਧਿਕਾਰ ਨਹੀ। ਕੋਈ ਪੰਚਣ 'ਤੇ ਫ਼ੈਸਲੇ ਲੈਣ ਦਾ ਅਧਿਕਾਰ 'ਗੁਰੂ-ਪੰਥ' ਪਾਸ ਹੈ। 'ਗੁਰੂ-ਪੰਥ' ਦੀ ਸਰਵ-ਉੱਚ ਸੰਸਥਾ ਸ੍ਰੀ ਅਕਾਲ ਤਖ਼ਤ ਸਾਹਿਬ ਹੈ। ਪੰਥ ਪ੍ਰਵਾਨਿਤ ਸਿੱਖ ਰਹਿਤ ਮਰਯਾਦਾ ਅਨੁਸਾਰ, 'ਗੁਰਮਤਾ ਗੁਰੂ-ਪੰਥ ਦਾ ਦੁਬਿਧਾ ਹੋਇਆ ਕੇਵਲ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਹੀ ਹੋ ਸਕਦਾ ਹੈ।

'ਸਤਿ ਬਚਨ' ਕਹਿ ਸਵੀਕਾਰਦਾ-ਸਤਿਕਾਰਦਾ ਹੈ। ਫ਼ੈਸਲੇ ਪੰਜ ਪਿਆਰਿਆ ਵਲੋਂ ਲਏ ਜਾਂਦੇ ਹਨ, ਸੁਣਾਏ ਜਥੇਦਾਰ ਦੀ ਤਰਫ਼ੋਂ ਜਾਂਦੇ ਹਨ। ਇਸ ਵਿੱਚ 'ਗੁਰੂ-ਪੰਥ' ਦੇ ਸਿਧਾਂਤ ਦੀ ਹੀ ਪ੍ਰਮੁੱਖਤਾ ਹੈ ਤੇ ਰਹਿਣੀ ਚਾਹੀਦੀ ਹੈ।

15 ਨਵੰਬਰ, 1920 ਨੂੰ ਸ਼੍ਰੋਮਣੀ ਗੁ: ਪ੍ਰ: ਕਮੇਟੀ, ਸ੍ਰੀ ਅੰਮ੍ਰਿਤਸਰ ਹੋਂਦ ਵਿੱਚ ਆਉਣ ਤੋਂ ਲੈ ਕੇ 29 ਨਵੰਬਰ, 1961 ਤੱਕ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਜਾਰੀ ਹੋਏ ਕਿਸੇ ਵੀ ਹੁਕਮਨਾਮੇ 'ਤੇ ਜਥੇਦਾਰ, ਸ੍ਰੀ ਅਕਾਲ ਤਖ਼ਤ ਸਾਹਿਬ ਦਾ ਨਾਮ ਅੰਕਿਤ ਨਹੀ, ਕੇਵਲ ਸਹੀ/ਜਥੇਦਾਰ, ਸ੍ਰੀ ਅਕਾਲ ਤਖ਼ਤ ਸਾਹਿਬ ਲਿਖਿਆ ਮਿਲਦਾ ਹੈ। ਸਿਧਾਂਤਕ ਚੇਤਨਤਾ ਦੀ ਇਹ ਨਿਸ਼ਾਨੀ ਹੈ। ਹੁਕਮਨਾਮਾ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ 'ਗੁਰੂ-ਪੰਥ' ਦਾ ਹੈ, ਜਿਸ ਦੀ ਪ੍ਰਤੀਨਿਧਤਾ 'ਪੰਜ-ਪਿਆਰੇ' ਕਰਦੇ ਹਨ ਕੋਈ ਵਿਅਕਤੀ ਵਿਸ਼ੇਸ਼ ਨਹੀ। ਇਕ ਉਦਾਹਰਣ ਕਾਫੀ ਹੋਵੇਗੀ, 'ਪੰਜ ਪਿਆਰਿਆਂ' ਦਾ ਫ਼ੈਸਲਾ, ਜਥੇਦਾਰ ਅੱਛਰ ਸਿੰਘ ਜੀ, ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਸ੍ਰੀ ਅੰਮ੍ਰਿਤਸਰ ਨੇ ਸ੍ਰੀਮਾਨ ਮਾਸਟਰ ਤਾਰਾ ਸਿੰਘ, ਸ੍ਰੀਮਾਨ ਸੰਤ ਫਤਹਿ ਸਿੰਘ ਅਤੇ ਸਹਿਯੋਗ ਮੈਂਬਰ ਗਿਕਿਕ ਕਮੇਟੀ ਨੂੰ ਖਜ਼ਾਨਾ ਕਰਕੇ ਸੁਣਾਇਆ...'ਪੰਜਾਂ ਪਿਆਰਿਆਂ' ਦਾ ਫ਼ੈਸਲਾ ਮਿਤੀ 29 ਨਵੰਬਰ, 1961 ਈ. ਮੁਤਾਬਕ ਮੱਘਰ 14, 2018 ਦਿਨ ਬੁਧਵਾਰ... 'ਪੰਜ ਪਿਆਰਿਆਂ' ਵਲੋਂ ਨੀਯਤ ਕੀਤੀ ਤਨਖ਼ਾਹ...

ਨਕਲੀ ਨਿਰੰਕਾਰੀਆਂ ਪ੍ਰਤੀ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਜਾਰੀ ਹੁਕਮਨਾਮਾ ਵੀ ਜਗਤਗੁਰੂ ਉਪਰੰਤ ਪੰਥਕ ਜੁਗਤਿ ਵਰਤੀ ਗਈ। ਚਸ਼ਮਦੀਦਾਂ ਦੇ ਦੱਸਣ ਅਨੁਸਾਰ 13 ਅਪ੍ਰੈਲ, 1978 ਨੂੰ ਵਾਪਰੇ ਦੁਖਦਾਈ ਨਿਰੰਕਾਰੀ ਕਾਂਡ ਉਪਰੰਤ ਇਤਿਹਾਸਕ ਤੇਜਾ ਸਿੰਘ ਹਾਲ ਸ੍ਰੀ ਅੰਮ੍ਰਿਤਸਰ ਵਿਖੇ ਪ੍ਰਤੀਨਿਧ ਸਿੱਖਾਂ ਦਾ ਭਰਵਾਂ ਇਕੱਠ ਹੋਇਆ, ਜਿਸ ਵਿਚ ਤਖ਼ਤਾਂ ਦੇ ਜਥੇਦਾਰ ਸਾਹਿਬਾਨ, ਜਥੇਦਾਰ ਗੁਰਚਰਨ ਸਿੰਘ ਟੌਹੜਾ ਪ੍ਰਧਾਨ, ਸ਼੍ਰੋਮਣੀ ਕਮੇਟੀ ਤੇ ਮੈਂਬਰ ਸਾਹਿਬਾਨ ਤੋਂ ਇਲਾਵਾ ਸੰਤ ਬਾਬਾ ਹਰਨੇਲ ਸਿੰਘ ਜੀ ਭਿੰਡਰਾਂਵਾਲੇ, ਸਿਰਦਾਰ ਕਪੂਰ ਸਿੰਘ ਜੀ, ਗਿਆਨੀ ਮਾਨ ਸਿੰਘ ਜੀ (ਪਟਿਆਲਾ), ਜਥੇਦਾਰ ਜੀਵਨ ਸਿੰਘ ਜੀ ਤੁੜ, ਜਥੇਦਾਰ ਜਗਦੇਵ ਸਿੰਘ ਜੀ ਤਲਵੰਡੀ (ਪ੍ਰਧਾਨ, ਸ਼੍ਰੋਮਣੀ ਅਕਾਲੀ ਦਲ), ਪ੍ਰਿੰ. ਸਤਿਬੀਰ ਸਿੰਘ ਜੀ, ਗਿਆਨੀ ਗੁਰਬਚਨ ਸਿੰਘ ਜੀ ਗੁਲਸ਼ਨ ਆਦਿ ਪ੍ਰਮੁੱਖ ਪ੍ਰਤੀਨਿਧ ਸਿੱਖ ਸ਼ਾਮਲ ਹੋਏ। 10 ਜੂਨ, 1978 ਨੂੰ ਪੰਥਕ ਇਕੱਠ ਸਮੇਂ ਲਏ ਗਏ ਫ਼ੈਸਲੇ ਅਨੁਸਾਰ, ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਜਥੇਦਾਰ, ਸਾਧੂ ਸਿੰਘ ਜੀ (ਭੌਰਾ) ਵਲੋਂ ਉਸ ਹੀ ਦਿਨ ਹੁਕਮਨਾਮਾ ਜਾਰੀ ਕੀਤਾ ਗਿਆ। ਇਸ ਹੁਕਮਨਾਮੇ ਨੂੰ ਅਰਥ ਇਸਦਾ, ਭਾਗ ਇਤਿਹਾਸ ਵਿਚ ਬਹੁਤ ਅਹਿਮੀਅਤ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਾਹਿਬ, ਤਰਸੇਮ ਸਿੰਘ ਸਾਹਿਬ, ਤਰਸੇਮ ਸਿੰਘ ਸਾਹਿਬ ਨੇ ਸਰਕਾਰ ਵੀ ਮੰਨਿਆ ਸੀ।

ਅਖੌਤੀ ਡੇਰਾ ਸੱਚਾ ਸੌਦਾ ਦੇ ਮੁੱਖੀ ਰਾਮ ਰਹੀਮ ਦੇ ਵਿਰੁੱਧ 17 ਮਈ, 2007 ਨੂੰ ਜਾਰੀ ਕੀਤੇ ਗਏ ਇਤਿਹਾਸਕ ਆਦੇਸ਼ ਦੀ ਇਬਾਰਤ ਨੂੰ ਨੇਕਰ ਗੌਹ ਨਾਲ ਪੜ੍ਹੀਏ-ਵਿਚਾਰੀਏ ਤਾਂ ਉਪਰੋਕਤ ਪੰਥਕ ਜੁਗਤਿ ਹੀ ਪ੍ਰਗਟ ਹੁੰਦੀ ਹੈ, 'ਤਖ਼ਤ ਸ੍ਰੀ ਦਮਦਮਾ ਸਾਹਿਬ ਵਿਖੇ ਇਕੱਤ੍ਰ ਗੁਰੂ-ਗ੍ਰੰਥ ਤੇ ਗੁਰੂ-ਪੰਥ ਨੂੰ ਸਮਰਪਿਤ ਜਥੇਬੰਦੀਆਂ ਵਿਚ ਸਮਰਪਿਤ ਪ੍ਰਤੀਨਿਧਾਂ ਦੀ ਜਥੇਬੰਦੀਆਂ ਦੇ ਨੁਮਾਇੰਦਿਆਂ ਸੰਗਤ ਦੇ ਜਜ਼ਬਾਤਾਂ 'ਤੇ ਗੌਰਵ ਵਿਚਾਰ ਉਪਰੰਤ ਪੰਜ ਸਿੰਘ ਸਾਹਿਬਾਨ ਤੋਂ ਪੂਰਨ ਪੰਜ ਪਿਆਰਿਆਂ ਦੇ ਰੂਪ ਵਿਚ ਹੋਏ ਫ਼ੈਸਲੇ ਨਾਲ ਸਹਿਮਤ ਹੋ ਕੇ ਉਹ ਇਸ ਦਿਨ ਸਮਾਗਮ ਹੀ ਪੰਥਕ ਰੂਪ ਵਿਚ ਕਰ ਦਿੱਤਾ, ਪਰਚਾਰੀ ਅਤੇ ਪੰਥ ਦੇ ਨਾਲ ਸਬੰਧਤ ਗੁਰਮੀਤ ਰਾਮ ਰਹੀਮ ਸਿੰਘ ਦੇ ਨਾਲ ਨਾ ਸਬੰਧਤ ਕਿਸੇ ਵੀ ਵਿਅਕਤੀ ਨਾਲ ਕਿਸੇ ਕਿਸਮ ਦਾ ਧਾਰਮਿਕ, ਸਮਾਜਿਕ, ਭਾਈਚਾਰਕ ਅਤੇ ਰਾਜਸੀ ਸਬੰਧ ਨਾ ਰੱਖਣ। ਜੋ ਗੁਰੂ-ਪੰਥ ਦਾ ਹੁਕਮ ਮੰਨੇਗਾ, ਸੋ ਨਿਹਾਲ ਹੋਵੇਗਾ'।...

ਪੰਥਕ ਜੁਗਤਿ ਦੇ ਉਲਟ 'ਸ਼ਖ਼ਸੀ' ਪ੍ਰਭਾਵ ਅਧੀਨ 24 ਸਤੰਬਰ,2015 ਨੂੰ ਅਖੌਤੀ ਮੁਆਫ਼ੀਨਾਮੇ ਵਾਲੇ ਹੁਕਮਨਾਮੇ ਦੀ ਜੋ ਦਸ਼ਾ ਹੋਈ ਉਹ ਵੀ ਸਭ ਦੇ ਸਨਮੁੱਖ ਹੈ... ਜ਼ਮਾਤੀ ਫ਼ੈਸਲੇ ਦੀ ਥਾਂ ਜ਼ਾਤੀ ਫ਼ੈਸਲਿਆਂ ਦਾ ਏਹੀ ਹਸ਼ਰ ਹੋਵੇਗਾ। ਸਿੱਖ-ਸੰਗਤ ਦੀ ਪ੍ਰਵਾਨਗੀ ਲੈਣ ਲਈ 92 ਲੱਖ ਰੁਪਏ ਦੇ ਇਸ਼ਤਿਹਾਰ ਵੀ ਦਵਾਏ ਗਏ ਪਰ ਸਿੱਖ ਸੰਗਤ ਦੇ ਵਿਰੋਧ ਕਾਰਨ 16 ਅਕਤੂਬਰ, 2015 ਨੂੰ ਖੁਦ ਹੀ 'ਰੱਦ' ਕਰਨਾ ਪਿਆ...ਸ਼ਾਇਦ ਇਤਿਹਾਸ 'ਚ ਇਹ ਪਹਿਲਾ 'ਹੁਕਮਨਾਮਾ' ਹੋਵੇਗਾ ਜੋ ਕੁਝ 'ਸ਼ਖ਼ਸੀਅਤਾਂ' ਵਲੋਂ ਜਾਰੀ ਕਰਨ ਉਪਰੰਤ ਖੁਦ ਰੱਦ ਕਰਨਾ ਪਿਆ.. 2 ਦਿਸੰਬਰ, 2024 ਨੂੰ ਜਾਰੀ ਹੋਏ ਆਦੇਸ਼ ਅਨੁਸਾਰ ਸਬੰਧਤਾ ਪਾਸੋ ਉਪਰੋਕਤ ਰਕਮ ਵੀ ਸਮੇਤ ਵਿਆਜ ਜਮ੍ਹਾ ਕਰਵਾਈ ਗਈ ਤੇ ਇਕ 'ਜਥੇਦਾਰ' ਨੇ ਤਾਂ ਕੀਤੇ ਗੁਨਾਹ ਦੀ ਤਨਖ਼ਾਹ ਵੀ ਲਗਵਾ ਲਈ ਹੈ...

ਇਕ ਰੌਚਿਕ ਤੱਥ ਪਾਠਕਾਂ ਦੇ ਦ੍ਰਿਸ਼ਟੀ ਗੋਚਰ ਕਰਨਾ ਲੋਚਦਾ ਹਾਂ : 7 ਮਾਰਚ, 1960 ਨੂੰ ਸ਼੍ਰੋਮਣੀ ਕਮੇਟੀ ਦੇ ਜਨਰਲ ਅਜਲਾਸ ਸਮੇਂ ਸੰਤ ਚੰਨਣ ਸਿੰਘ ਜੀ ਤੇ ਸੰਤ ਫਤਹਿ ਸਿੰਘ ਜੀ ਨੂੰ ਗੰਗਾਨਗਰ ਤੋਂ ਸ਼੍ਰੋਮਣੀ ਕਮੇਟੀ ਦੇ ਧਰਮ ਪ੍ਰਚਾਰ ਕਮੇਟੀ ਦੇ ਮੈਂਬਰ ਨਾਮਜ਼ਦ ਕੀਤੇ ਗਏ।1961ਈ. ਨੂੰ ਸਿੱਖ ਨੇਤਾਵਾਂ ਨੂੰ ਤਨਖ਼ਾਹ ਲੱਗਦੀ ਹੈ।1962 'ਚ ਅਕਾਲੀ ਦਲ, 'ਮਾਸਟਰ' ਤੇ 'ਸੰਤ' ਦੇ ਧੜਿਆਂ 'ਚ ਵੰਡਿਆ ਗਿਆ। 2 ਅਕਤੂਬਰ, 1962 ਨੂੰ ਸੰਤ ਚੰਨਣ ਸਿੰਘ ਜੀ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਬਣ ਗਏ ਤੇ 1972, ਅਕਾਲ ਚਲਾਣੇ ਤੀਕ ਕਾਇਮ ਰਹੇ। ਮਾਸਟਰ ਤਾਰਾ ਸਿੰਘ ਜੀ ਗੋਸ਼ਾਨ ਬਾਹਰ ਜਥੇਦਾਰ (ਜਲੰਧਰ-ਦਿੱਲੀ) ਦੇ 21 ਨਵੰਬਰ, 1964 ਦੇ ਅੰਕ ਵਿੱਚ ਲਿਖਦੇ ਹਨ , 'ਮੈਂ ਆਪਣੀ ਜ਼ਿੰਦਗੀ ਵਿੱਚ ਸਭ ਤੋਂ ਵੱਡੀ ਗਲਤੀ ਸੰਤ ਫਤਹਿ ਸਿੰਘ ਨੂੰ ਅੱਗੇ ਲਿਆਉਣ ਦੀ ਸਜਾ ਭੁਗਤਾਂਗਾ।ਇਹ ਮੇਰਾ ਸੁਭਾਅ ਹੈ ਕਿ ਮੈਂ ਦੁਸ਼ਮਣਾਂ ਤੋਂ ਜ਼ਿਆਦਾ ਇਤਬਾਰ ਕਰ ਲੈਂਦਾ ਹਾਂ। ਇਸ ਸੁਭਾ ਨੇ ਮੈਨੂੰ ਬੁਰੇ ਸਾਥੀਆਂ ਦੇ ਫੰਦੇ ਵਿੱਚ ਫਸਾਇਆਂ ਹੈ'।... ਇਸ ਉਪਰੰਤ ਜਥੇਦਾਰ, ਗੁਰਚਰਨ ਸਿੰਘ ਜੀ ਟੌਹੜਾ ਪ੍ਰਧਾਨ ਰਹੇ।ਇਸ ਸਮੇਂ ਦੌਰਾਨ ਜਥੇਦਾਰ ਦੇ ਆਹੁਦੇ 'ਤੇ ਸ਼੍ਰੋਮਣੀ ਕਮੇਟੀ ਤੇ ਅਕਾਲੀ ਦਲ ਦੀ ਸ਼ਖ਼ਸੀਅਤ ਦਾ ਪ੍ਰਭਾਵ ਦ੍ਰਿਸ਼ਟੀ ਗੋਚਰ ਹੁੰਦਾ ਹੈ। 'ਸ਼ਖ਼ਸੀਅਤ' ਸਿਧਾਂਤ ਤੋਂ ਭਾਰੂ ਹੁੰਦੀ ਗਈ। ਸ਼੍ਰੋਮਣੀ ਕਮੇਟੀ, ਸ੍ਰੀ ਅੰਮ੍ਰਿਤਸਰ ਦੇ ਦੋ ਪ੍ਰਮੁੱਖ ਸਿੱਖ ਇਤਿਹਾਸਕਾਰ ਸੰਤ ਫਤਹਿ ਸਿੰਘ ਜੀ ਦਾ ਅਧਿਕਾਰ ਹੋਣੀ ਚਾਹੀਦੀ ਹੈ, ਨਾ ਕਿ 'ਸ਼ਖ਼ਸ ਪ੍ਰਸਤੀ' ਡੇਰੇਦਾਰੀ ਤੇ ਸਿਆਸੀ ਦਬਾਅ ਹੇਠ ਜਾਣੇ-ਅਣਜਾਣੇ ਪੰਥਕ ਸੰਸਥਾਵਾਂ ਵਿਚ ਦਖ਼ਲ। ਉਦਾਹਾਰਣ ਵਜੋਂ 'ਡੇਰੇ' ਤੇ ਸਿਆਸਤ ਦੀ ਸ਼ਖ਼ਸੀਅਤ ਨੂੰ ਪ੍ਰਸੰਗਿਕ ਹੈ। ਪੁਜਾਰੀਆਂ ਦਾ ਵੀ ਵਿਰੋਧ ਹੋ ਸਕਦੀ ਹੈ। ਸਿੱਖ ਸੰਸਥਾਵਾਂ ਵਿਚ ਸ੍ਰੀ ਅੰਮ੍ਰਿਤਸਰ ਦੇ ਸਰਵਉੱਚ (ਪੰਥ-ਖ਼ਾਲਸਾ) ਕਮੇਟੀ ਦੇ ਜਥੇਦਾਰ ਸ਼੍ਰੋਮਣੀ ਗੁ: ਪ੍ਰ: ਕਮੇਟੀ, ਸ਼੍ਰੋਮਣੀ ਗੁ: ਪ੍ਰ: ਕਮੇਟੀ, ਸਿੱਖ ਸੰਗਤ ਦੁਆਰਾ ਚੁਣੀ ਹੋਈ ਪ੍ਰਤੀਨਿਧ ਸੰਸਥਾ ਹੈ। ਆਧੁਨਿਕ ਜੁੱਗ 'ਚ 'ਲੋਕਤੰਤਰੀ ਸੰਸਥਾ' ਹੈ'।ਸ਼੍ਰੋਮਣੀ ਕਮੇਟੀ, ਸ੍ਰੀ ਅੰਮ੍ਰਿਤਸਰ ਦਾ ਮਾਹਿਰਕ ਚਾਹੀਦਾ ਹੈ ਕਿ ਜਨਰਲ ਅਜਲਾਸ ਵਿੱਚ ਸਿੱਖ ਜਥੇਬੰਦੀਆਂ ਦੇ ਜਥੇਦਾਰ ਲਾਏ ਜਾਣ ਉਪਰੰਤ ਜਥੇਬੰਧਕ ਰੂਪ ਵਿਚ ਕੇ। ਕੌਮੀ ਸਭਾ ਦੀ ਪ੍ਰਵਾਨਗੀ ਨਾਲ ਹੁਕਮਨਾਮੇ ਦੇ ਰੂਪ 'ਚ ਜਾਰੀ ਕਰਨ ਦੀ ਮਰਯਾਦਾ ਬਹਾਲ ਹੋਵੇ। ਹਾਂ, ਮੈਂਬਰ ਸਾਹਿਬਾਨ ਨੂੰ ਵੀ ਆਪਣੀ ਪੰਥਕ-ਜਿਮੇਵਾਰੀ ਨਿਭਾਉਂਦਿਆ, 'ਗੁਰੂ-ਪੰਥ' ਦੇ ਭੈਅ 'ਚ, ਨਿਰਭੈ ਹੋ ਕੇ ਸਿੱਖ ਸੋਚ ਅਨੁਸਾਰ ਅਵਾਜ਼ ਬੁਲੰਦ ਕਰਨੀ ਪਵੇਗੀ।

ਤਖ਼ਤ ਸਾਹਿਬਾਨ ਤੋਂ ਹੁਕਮਨਾਮੇ ਜਾਰੀ ਕਰਨ ਦੀ ਪੰਥ ਪ੍ਰਵਾਨਿਤ ਮਰਯਾਦਾ ਹੈ ਪਰ ਹੁਕਮਨਾਮਾ ਕਰਨ ਦੇ ਅਧਿਕਾਰੀ 'ਗੁਰੂ ਪੰਥ' ਦੇ ਪ੍ਰਤੀਨਿਧ 'ਪੰਜ-ਪਿਆਰੇ' ਹੀ ਹਨ, ਕੋਈ ਵਿਅਕਤੀ ਵਿਸ਼ੇਸ਼ ਨਹੀ। ਗੁਰੂ 'ਜੋਤਿ-ਜੁਗਤਿ' ਦੇ ਸਿਧਾਂਤ ਅਨੁਸਾਰ ਪੰਥਕ ਮਰਯਾਦਾ ਦੀ ਪਾਲਣਾ ਹਰ ਸਮੇਂ ਲਾਜ਼ਮੀ ਹੈ। ਸ੍ਰੀ ਗੁਰੂ ਗ੍ਰੰਥ ਸਾਬਿਹ ਦੀ ਹਜ਼ੂਰੀ 'ਚ ਹੀ 'ਪੰਜ-ਪਿਆਰੇ' ਗੁਰੂ ਜੁਗਤਿ ਅਨੁਸਾਰ 'ਗੁਰੂ-ਜੋਤਿ' ਦੀ ਰਹੱਸਮਈ ਦੈਵੀ ਸ਼ਕਤੀ ਵਰਤ ਸਕਦੇ ਹਨ। ਤਖ਼ਤ ਸਾਹਿਬਾਨ ਤੋਂ ਸਮੇਂ ਸਮੇਂ ਜਾਰੀ ਹੋਏ ਹੁਕਮਨਾਮਿਆਂ ਤੋਂ ਸਪੱਸ਼ਟ ਹੈ ਕਿ ਪੰਜਾਂ ਤਖ਼ਤਾਂ ਦੇ ਜਥੇਦਾਰਾਂ ਵਲੋਂ 'ਪੰਜ-ਪਿਆਰਿਆਂ' ਦੇ ਰੂਪ ਵਿੱਚ ਮਿਲ ਬੈਠ ਕੇ ਫ਼ੈਸਲੇ ਕਰਨ ਦੀ ਪਰੰਪਰਾ ਵੀ ਨਹੀਂ ਰਹੀ। ਸਗੋ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਜਾਰੀ 'ਹੁਕਮਨਾਮੇ' ਨੂੰ ਦੂਸਰੇ ਤਖ਼ਤਾਂ ਤੋਂ ਪ੍ਰੋੜ੍ਹਤਾ, ਪ੍ਰਚਾਰ-ਪ੍ਰਸਾਰ ਲਈ ਜਾਰੀ ਕੀਤਾ ਗਿਆ। ਉਦਾਰਾਹਣ ਵਜੋ ਬਾਬੂ ਤੇਜਾ ਸਿੰਘ ਤੇ ਬੀਬੀ ਨਿਰੰਜਨ ਕੌਰ ਨੂੰ 9 ਅਗਸਤ, 1928 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਜਾਰੀ ਹੁਕਮਨਾਮੇ ਰਾਹੀ ਪੰਥ 'ਚੋ ਖ਼ਾਰਜ ਕੀਤਾ ਗਿਆ। ਹੂ-ਬ-ਹੂ ਸ਼ਬਦਾਵਲੀ ਵਾਲਾ ਹੁਕਮਨਾਮਾ 22 ਅਗਸਤ, 1928 ਨੂੰ ਤਖ਼ਤ, ਸ੍ਰੀ ਕੇਸ਼ਗੜ੍ਹ ਸਾਹਿਬ ਸ੍ਰੀ ਅਨੰਦਪੁਰ ਸਾਹਿਬ ਤੇ 13 ਜਨਵਰੀ, 1929 ਨੂੰ ਤਖ਼ਤ, ਸ੍ਰੀ ਹਜੂਰ ਸਾਹਿਬ ਨਾਦੇੜ ਤੋਂ ਜਾਰੀ ਹੋਇਆ। 15 ਸਤੰਬਰ, 1931 ਨੂੰ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ 'ਭਾਈ ਸਾਹਿਬ' ਦੀ ਉਪਾਧੀ ਬਖ਼ਸ਼ਿਸ਼ ਹੋਈ। ਕੁਝ ਸਮੇਂ ਬਾਅਦ ਤਖ਼ਤ, ਸ੍ਰੀ ਕੇਸਗੜ੍ਹ ਸਾਹਿਬ, ਸ੍ਰੀ ਅਨੰਦਪੁਰ ਸਾਹਿਬ ਤੋਂ ਵੀ ਇਸ ਤਰ੍ਹਾ ਹੀ ਸਨਮਾਨ-ਸਤਿਕਾਰ ਕੀਤਾ ਗਿਆ।

ਸਿਧਾਂਤਕ ਪੱਖ ਦੇ ਨਾਲ ਇਤਿਹਾਸਕ ਤੋਰ 'ਤੇ ਦੇਖੀਏ ਤਾਂ ਤਖ਼ਤ, ਦਮਦਮਾ ਸਾਹਿਬ ਤਲਵੰਡੀ ਸਾਬੋ ਨੂੰ 'ਤਖ਼ਤ' ਵਜੋ ਪੰਥਕ ਪ੍ਰਵਾਨਗੀ 18 ਨਵੰਬਰ, 1966 ਈ. ਨੂੰ ਮਿਲੀ ਅਤੇ 'ਤਖ਼ਤ' ਦਾ ਕੇਂਦਰ ਸਰਕਾਰ ਵਲੋਂ ਨੋਟੀਫ਼ਿਕੇਸ਼ਨ ਸ਼ਾਇਦ ਅਪ੍ਰੈਲ,1999 ਈ. 'ਚ ਹੋਇਆ।ਇਸ ਤਰ੍ਹਾਂ ਪੰਜਾਂ ਤਖ਼ਤਾਂ ਦੇ ਜਥੇਦਾਰਾਂ ਦਾ 'ਪੰਜ-ਪਿਆਰੇ' ਸਾਹਿਬਾਨ ਦੇ ਰੂਪ 'ਚ ਮਿਲ ਬੈਠਣਾ ਸੰਭਵ ਹੀ ਨਹੀ ਸੀ। ਅਰਦਾਸ ਦੇ ਚੌਥੇ ਬੰਦ ਵਿੱਚ ਪਹਿਲਾਂ 'ਚਾਰ ਤਖ਼ਤਾਂ' ਦਾ ਜਿਕਰ ਸੀ, ਅਰਦਾਸ 'ਚ ਤਬਦੀਲੀ ਵੀ 1966 ਤੋਂ ਬਾਅਦ ਵਿਚ ਕਰਕੇ 'ਪੰਜਾਂ ਤਖ਼ਤਾਂ' ਦੀ ਸੋਧ ਕੀਤੀ ਗਈ।ਇਤਿਹਾਸਕ ਹਵਾਲਾ ਹੈ ਕਿ, ਤਖ਼ਤ, ਦਮਦਮਾ ਸਾਹਿਬ ਤਲਵੰਡੀ ਸਾਬੋ (ਬਠਿੰਡਾ) ਦੇ ਜਥੇਦਾਰ, ਸੰਤ ਲੱਖਾ ਸਿੰਘ ਜੀ ਪਹਿਲੀ ਵਾਰ 23 ਅਗਸਤ, 1981 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਮੀਟਿੰਗ 'ਚ ਸ਼ਾਮਲ ਹੋਏ। ਇਕ ਹੋਰ ਪੱਖ ਵੀ ਵਿਚਾਰਨ ਯੋਗ ਹੈ ਕਿ, ਸਥਾਪਿਤ ਪਰੰਪਰਾ ਅਨੁਸਾਰ ਤਖ਼ਤ, ਸੱਚਖੰਡ ਸ੍ਰੀ ਹਜੂਰ ਸਾਹਿਬ ਦੇ ਜਥੇਦਾਰ ਸਾਹਿਬ, ਤਖ਼ਤ ਸਾਹਿਬ ਦੀ ਮਰਯਾਦਾ ਨਿਭਾਉਣ ਹਿਤ ਕਿਸੇ ਵੀ ਸੂਰਤ 'ਚ ਕਿਧਰੇ ਬਾਹਰ ਨਹੀ ਜਾਂਦੇ..। ਇਸ ਤਰ੍ਹਾਂ ਉਨ੍ਹਾਂ ਦਾ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ 'ਪੰਜ-ਪਿਆਰੇ' ਸਾਹਿਬਾਨ ਦੇ ਰੂਪ 'ਚ ਸ਼ਾਮਲ ਹੋਣਾ ਮੁਮਕਨ ਹੀ ਨਹੀ। ਤਖ਼ਤ, ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਤੇ ਤਖ਼ਤ, ਸੱਚਖੰਡ ਸ੍ਰੀ ਹਜੂਰ ਸਾਹਿਬ ਨਦੇੜ ਦੀ ਮਰਯਾਦਾ ਪੰਜਾਬ ਦੇ ਤਿੰਨਾ ਤਖ਼ਤਾਂ ਦੀ ਪੰਥਕ ਮਰਯਾਦਾ ਤੋਂ ਭਿੰਨ ਹੋਣ ਕਰਕੇ ਮਿਲ ਬੈਠਣਾ ਗੈਰ ਵਾਜ਼ਵ ਹੈ।...

ਸਿੱਖ ਰਹਿਤ ਮਰਯਾਦਾ ਵਿੱਚ ਅੰਕਿਤ 'ਗੁਰਦੁਆਰੇ' ਦੀ ਮੱਦ ਦੇ (ਟ) ਤੇ (ਠ) ਭਾਗ ਵਿੱਚ ਤਖ਼ਤ ਪੰਜ ਹਨ ਦਾ ਜਿਕਰ ਹੈ। ਇਸ ਮੱਦ ਅਨੁਸਾਰ ਤਖ਼ਤ, ਸ੍ਰੀ ਦਮਦਮਾ ਸਾਹਿਬ (ਤਲਵੰਡੀ ਸਾਬ੍ਹੋ) ਕਰਮ ਅੰਕ ਪੰਜਵੇਂ 'ਤੇ ਸ਼ਾਮਲ ਹੈ। ਗੁਰਮਤਿ ਸਹਿਤ ਦੇ ਮੂਲ ਗ੍ਰੰਥਾਂ ਤੇ ਸਿੱਖ ਰਹਿਤ ਮਰਯਾਦਾ 'ਚ 'ਜਥੇਦਾਰ' ਸ਼ਬਦ ਦੀ ਅਣਹੋਂਦ ਤੇ 'ਤਖ਼ਤਾਂ ਦੇ ਜਥੇਦਾਰਾਂ ਦੀ 'ਪਦਵੀ-ਰੁਤਬੇ' ਦਾ ਜਿਕਰ ਨਾ ਹੋਣਾ, 'ਸੰਗਤੀ' ਸਿਧਾਂਤ ਵਲ ਸੰਕੇਤ ਕਰਦਾ ਹੈ।18 ਮਾਰਚ,1887 ਨੂੰ ਪੁਜਾਰੀਆਂ ਵਲੋਂ ਪ੍ਰੋ. ਗੁਰਮੁੱਖ ਸਿੰਘ ਵਾਲੇ ਹੁਕਨਾਮੇ 'ਚ ਵੀ ਸਬਦ 'ਜਥੇਦਾਰ ਨਹੀ 'ਮਹੰਤ' ਵਰਤਿਆ ਗਿਆ ਹੈ। ਕਾਰਨ ਇੱਕ ਹੀ ਹੈ ਕਿ, 1699 ਈ. ਨੂੰ ਖ਼ਾਲਸਾ ਪੰਥ ਦੀ ਸਿਰਜਣਾ ਕਰ, 'ਸਾਹਿਬ' ਗੁਰੂ ਗੋਬਿੰਦ ਸਿੰਘ ਜੀ ਨੇ 'ਸਾਹਿਬੀ' ਪੰਥ ਨੂੰ ਬਖ਼ਸ਼ ਦਿੱਤੀ। ਅੱਜ ਕੱਲ ਤਖ਼ਤ ਸਾਹਿਬਾਨ ਦੇ 'ਜਥੇਦਾਰ' ਸਾਹਿਬਾਨ ਦੀ ਨਿਯੁਕਤੀ, ਯੋਗਤਾ, ਅਧਿਕਾਰ ਖੇਤਰ, ਸੇਵਾ ਮੁਕਤੀ ਆਦਿ ਲਈ 'ਸੁਝਾਅ'ਮੰਗੇ ਜਾ ਰਹੇ ਹਨ ? ਜਥੇਦਾਰ ਸਾਹਿਬਾਨ ਦੀ ਨਿਯੁਕਤੀ-ਸੇਵਾ ਮੁਕਤੀ ਦੇ ਨਿਯਮ ਤਾਂ 1929ਈ. ਤੋਂ 'ਨਿਯਮ-ਉਪ ਨਿਯਮ' ਤੇ 'ਸਰਵਿਸ ਰੂਲ' ਵਿੱਚ ਅੰਕਿਤ ਹਨ। ਸੁਆਲ ਤਾਂ ਇਹ ਵੀ ਹੈ ਕਿ, ਪਿਛਲੇ ਸੌ ਸਾਲ 'ਚ 'ਪੋਪ' ਨੁਮਾ ਨਿਯਮ ਨਿਰਧਾਰਿਤ ਕਰਨ ਦੀ ਲੋੜ ਕਿਉਂ ਨਹੀ ਪਈ ? ਸ਼ਾਇਦ, 'ਪੰਜ ਪਿਆਰਿਆਂ' ਦੀ ਸਿਧਾਂਤਕ ਸੰਸਥਾ ਦੀ ਪ੍ਰਮੁੱਖਤਾ ਤੇ 'ਸ਼ਖ਼ਸ-ਪ੍ਰਸਤੀ' ਤੋਂ ਬਚਣ ਦੀ 'ਚੇਤਨਤਾ' ਹੀ ਇਸ ਦਾ ਮੁੱਖ ਕਾਰਨ ਹੋਵੇ ? ਸਿੱਖ ਵਿਚਾਰਧਾਰਾ ਅਨੁਸਾਰ 'ਪੋਪ' ਨੁਮਾ 'ਪਦ-ਪਦਵੀ ਤੇ ਸ਼ਖ਼ਸੀਅਤ' ਦੀ ਕੋਈ ਥਾਂ ਨਹੀ।(ਸ਼ਾਇਦ ਅੱਧ ਤੋਂ ਵੱਧ ਇਸਾਈਅਤ ਨੂੰ ਮੰਨਣ ਵਾਲੇ ਵੀ 'ਪੋਪ' ਦੀ ਵਿਵਸਥਾ ਤੋਂ ਇਨਕਾਰੀ ਹੋਣ) ਸਿੱਖ ਨੇ ਸ਼ਖ਼ਸੀਅਤ ਨਾਲ ਨਹੀ, ਸਦਾ ਸਿੱਖ ਸੋਚ ਨਾਲ ਜੁੜਨਾ ਹੈ। ਪਿਛਲੇ ਪੰਜਾਹ ਸਾਲਾਂ 'ਚ ਕਿਨ੍ਹੇ 'ਜਥੇਦਾਰ' ਕਿਵੇਂ, ਲਾਏ-ਹਟਾਏ ਗਏ ? ਇਹ ਵੀ ਵਿਚਾਰਨ ਦਾ ਵਿਸ਼ਾ ਹੈ।ਇਕ ਗੱਲ ਸਪੱਸ਼ਟ ਹੈ ਕਿ ਸਿਧਾਂਤ ਵੱਲ ਪਿਠ ਕਰਕੇ, ਮਨਪਸੰਦ 'ਸ਼ਖ਼ਸੀਅਤਾਂ' ਦੀ ਚੋਣ ਕਰਨ ਨਾਲ ਇਸ ਤਰ੍ਹਾਂ ਦੇ ਨਤੀਜੇ ਸਨਮੁੱਖ ਹੋਣਗੇ।'ਜਥੇਦਾਰਾਂ' ਨੂੰ 'ਜਥੇਦਾਰਾਂ' ਵਲੋਂ 'ਤਲਬ' ਕੀਤਾ ਗਿਆ, ਸ਼ਪੱਸ਼ਟੀਕਰਨ ਮੰਗੇ ਗਏ, ਪੰਥ 'ਚੋ 'ਛੇਕੇ' ਗਏ ਤੇ ਹੁਣ 'ਤਨਖ਼ਾਹ' ਲਾਈ ਗਈ ? ਗੁਰਮਤਿ ਵਿਚਾਰਧਾਰਾ ਅਨੁਸਾਰ ਇਸ ਤਰ੍ਹਾ ਹੋ ਸਕਦਾ ਹੈ, ਕਿਉਕਿ 'ਜਥੇਦਾਰ' ਵੀ ਪਹਿਲਾਂ ਸਿੱਖ ਹੋਣ ਕਰਕੇ 'ਗੁਰੂ-ਪੰਥ' ਨੂੰ ਜੁਆਬ ਦੇਹ ਹੈ।ਸ਼ਖ਼ਸੀਅਤ ਪ੍ਰਸਤੀ ਨੂੰ ਬੜ੍ਹਾਵਾ ਮਿਲਣ ਕਾਰਨ ਹੀ 1999 ਈ. ਨਿਯੁਕਤ ਕੀਤੇ ਗਏ 'ਜਥੇਦਾਰ' ਵਲੋਂ 25 ਜਨਵਰੀ, 2000 ਤੋਂ 28 ਮਾਰਚ, 2000 ਜਾਰੀ ਕੀਤੇ 'ਹੁਕਮਨਾਮੇ' (ਅਲਾਨ-ਨਾਮੇ) ਨਵ-ਨਿਯੁਕਤ 'ਜਥੇਦਾਰ' ਵਲੋਂ 'ਅਨੁਚਿਤ ਅਤੇ ਨਜ਼ਾਇਜ਼' ਕਰਾਰ ਦੇ ਕੇ ਰੱਦ ਕਰ ਦਿੱਤੇ ਸਨ, ਜਿਨ੍ਹਾਂ ਵਿੱਚ ਸਮਕਾਲੀ ਦੋ 'ਜਥਦਾਰਾਂ' ਨੂੰ ਵੀ ਪੰਥ 'ਚੋ ਖਾਰਜ਼ ਕੀਤਾ ਗਿਆ ਸੀ। ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਵੀ ਜੇਕਰ, ਪੰਥਕ ਸੋਚ ਨੂੰ ਤਜ਼, ਨਿਜੀ-ਸੋਚ ਅਨੁਸਾਰ ਫ਼ੈਸਲੇ ਹੋਣਗੇ ਤਾਂ ਅਜਿਹਾ ਵਾਪਰ ਸਕਦਾ ਹੈ। ਲਗਦਾ ਹੈ, ਕਿ 2 ਦਿੰਸਬਰ, 2024 ਨੂੰ ਜ਼ਾਰੀ ਹੁਕਮਨਾਮੇ ਨੂੰ 'ਨਿਜ਼' ਨਾਲ ਜੋੜਨ ਕਾਰਨ ਚਰਚਾ ਦਾ ਵਿਸ਼ਾ ਬਣਿਆ। ਪੰਜਾਬੀ ਟ੍ਰਿਬਿਊਨ 29/30 ਜੂਨ, 2025 ਦੀ ਖ਼ਬਰ ਪੜ੍ਹਕੇ, ਸ਼ਾਇਦ ਇਤਿਹਾਸ ਵਿੱਚ ਪਹਿਲੀ ਵਾਰ ਉਪਰੋਕਤ ਸੱਚ ਸ਼ਪੱਸ਼ਟ ਤਾਂ ਹੋ ਗਿਆ ਪਰ ਸ਼ਰਮਸਾਰ ਕਰ ਗਿਆ ਕਿ, 'ਸ੍ਰੀ ਅਕਾਲ ਤਖ਼ਤ ਸਾਹਿਬ ਦੇ ਰਹਿ ਚੁੱਕੇ "ਜਥੇਦਾਰ" ਤੇ ਮੌਜੂਦਾ ਮੁੱਖ ਗ੍ਰੰਥੀ, ਸ੍ਰੀ ਹਰਿਮੰਦਰ ਸਾਹਿਬ ਵੀ ਨਿਜ਼ੀ ਗਰਜ਼ਾ, ਆਪਣੇ "ਮੌਜੂਦਾ ਆਹੁਦੇ ਤੋਂ ਤੋਂ ਮੁਕਤ ਨਾ ਕਰ ਦੇਣ ਦੇ ਸਿਆਸੀ ਖਤਰਾ ਤੇ ਵਿਦੇਸ਼ ਦੀ ਛੁੱਟੀ ਪ੍ਰਵਾਨ ਨਾ ਹੋਣ ਕਾਰਨ ਲੱਖਾਂ ਰੁਪਏ ਦਾ ਘਾਟਾ ਪਿਆ ਹੈ" ਖ਼ਾਤਰ ਇਨਸਾਫ਼ ਲਈ ਹਾਈ ਕੋਰਟ ਦਾ ਕੁੰਡਾ ਖੜਕਾ ਸਕਦੇ ਹਨ ...!!'ਸ੍ਰੀ ਅਕਾਲ ਤਖ਼ਤ ਸਾਹਿਬ ਦੇ ਰਹਿ ਚੁੱਕੇ "ਜਥੇਦਾਰ" ਤੇ ਮੌਜੂਦਾ ਮੁੱਖ ਗ੍ਰੰਥੀ, ਸ੍ਰੀ ਹਰਿਮੰਦਰ ਸਾਹਿਬ ਦਾ 9 ਜੂਨ,2025 ਨੂੰ 'ਹਾਈ ਕੋਰਟ 'ਚ ਕੇਸ ਕਰਨਾ ਤੇ ਫਿਰ ਵਿਸ਼ਵ ਵਿਆਪੀ ਅਲੋਚਨਾ ਨਾ ਸਹਾਰਦਿਆ ਇਕ ਜੁਲਾਈ, 2025 ਨੂੰ ਵਾਪਸ ਲੈਣਾ 'ਸ਼ਖ਼ਸੀ-ਸੋਚ' ਔਗਣ-ਕੰਮਜ਼ੋਰੀ ਦੀ ਚਰਮਸੀਮਾ ਹੈ ... ਹੁਣ ਹੀ ਸਬਕ ਸਿਖੀਏ, ਸੰਗਤੀ ਸਿੱਖ ਸੋਚ ਦੇ ਧਾਰਣੀ ਬਣੀਏ... ਜਥੇਦਾਰ, ਸਿਧਾਂਤ ਨਹੀ, ਪੰਥਕ ਪਰੰਪਰਾ ਦਾ ਹਿਸਾ ਹੈ।



ਸਿੱਖ ਵਿਚਾਰਧਾਰਾ ਅਤਿ-ਸੂਖਮ, ਸਰਵ-ਕਾਲੀ, ਸਰਵ-ਵਿਆਪੀ ਤੇ ਸਰਵ-ਸਰੇਸ਼ਟ ਹੈ।ਵਿਅਕਤੀ-ਵਿਸ਼ੇਸ਼ ਜਾਂ ਜਥੇਦਾਰ ਬਾਰੇ ਲਿਖਣਾ ਮੇਰਾ ਮਨੋਰਥ ਨਹੀਂ, ਕੇਵਲ ਸਿਧਾਂਤਕ ਸਿੱਖ ਸੋਚ ਦੇ ਵਲਵਲੇ ਨੂੰ ਉਜਾਗਰ ਕਰਨ ਲਈ ਯਤਨਸ਼ੀਲ ਹਾਂ।ਲੋਚਾ ਇਕ ਹੀ ਹੈ, ਸਿੱਖੀ ਸੋਚ, ਸਿਧਾਂਤ ਦੀ ਸਿਰਦਾਰੀ ਕਾਇਮ ਰਵੇ। ਸੰਗਤ ਸਿਰਮੌਰ ਹੈ, ਸ਼ਖ਼ਸੀਅਤ ਨਹੀ...ਮੌਜੂਦਾ ਹੁਕਮਨਾਮੇ ਜ਼ਾਰੀ ਕਰਨ ਸਬੰਧੀ 'ਤਖ਼ਤ ਸਾਹਿਬਾਨ' ਦਰਮਿਆਨ ਪੈਦਾ ਹੋਇਆ ਵਿਵਾਦ ਵੀ 'ਵਿਚਾਰਧਾਰਕ ਅਣਹੋਂਦ' ਤੇ ਸਿਆਸੀ 'ਸ਼ਖ਼ਸੀਅਤ' ਸਰਪ੍ਰੱਸਤੀ ਦਾ ਪ੍ਰਗਟਾ ਹੀ ਲਗਦਾ ਹੈ। ਸਿੱਖ ਆਮ ਕਰਕੇ 'ਸ਼ਖ਼ਸੀ-ਸਰੀਰਿਕ' ਗੁਲਾਮੀ ਤੋਂ ਨਿਜ਼ਾਤ ਨਹੀ ਪ੍ਰਾਪਤ ਕਰ ਸਕੇ।

ਤਖ਼ਤ ਸਾਹਿਬਾਨ ਤੇ ਪੰਜ-ਪਿਆਰੇ ਸਿਧਾਂਤਕ ਸੰਸਥਾਂਵਾ ਹਨ, 'ਜਥੇਦਾਰ' ਸਤਿਕਾਰਤ ਸ਼ਖ਼ਸੀਅਤ। ਸਿਧਾਂਤਕ ਸੰਸਥਾ ਦਾ ਮੁੱਖੀ ਸ਼ਖ਼ਸ ਹੋ ਹੀ ਨਹੀ ਸਕਦਾ।ਪੰਚ-ਪ੍ਰਧਾਨੀ ਸਿਧਾਂਤ ਅਨੁਸਾਰ 'ਪੰਜ-ਪਿਆਰੇ' ਹੀ ਤਖ਼ਤ ਦੀ ਪ੍ਰਤੀਨਿਧਤਾ ਕਰ ਸਕਦੇ ਹਨ।ਪੰਜ ਪਿਆਰਿਆਂ 'ਚੋ ਜੋ ਪੰਥਕ ਫ਼ੈਸਲਾ ਸੰਗਤ ਦੇ ਸਨਮੁੱਖ ਸੁਣਾਏਗਾ ਉਹੀ ਜਥੇਦਾਰ ਸਦਵਾਏਗਾ।ਨਵੀਨ ਪੰਥ ਪ੍ਰਕਾਸ਼ ਦੀ ਇਹ ਪੰਗਤੀ, 'ਜਥੇਦਾਰ ਜੋ ਕੁਝ ਕਹਿ ਦੇਤਾ, ਸੋਈ ਪੰਥ ਮਾਨ ਸਭ ਲੇਤਾ' ਆਮ ਸੁਣਨ ਨੂੰ ਮਿਲਦੀ ਹੈ ਪਰ ਅਸੀ ਇਸ ਨਾਲ ਸਬੰਧਤ ਬੰਦ ਦੀ ਪਹਿਲੀ ਤੇ ਆਖ਼ਰੀ ਪੰਗਤੀ ਨਹੀ ਪੜ੍ਹਦੇ।ਭਾਵ ਅਰਥ ਸ਼ਪਸ਼ਟ ਸਮਝਣ ਲਈ ਪੂਰਾ ਬੰਦ ਪੜ੍ਹਨਾ ਪਵੇਗਾ:
ਕਾਮ ਪਰਤ ਥਾ ਜੌ ਕਛੁ ਕਬ ਹੀ, ਕਰਤ 'ਗੁਰਮਤਾ' ਮਿਲ ਕਰ ਸਭ ਹੀ।
'ਜਥੇਦਾਰ ਜੋ ਕੁਝ ਕਹਿ ਦੇਤਾ, ਸੋਈ ਪੰਥ ਮਾਨ ਸਭ ਲੇਤਾ'।
ਮਨ ਤਨ ਧਨ ਸਭ 'ਗੁਰੁ' ਕਾ ਲਖ਼ਤੇ, ਦਾਈਆ ਸੀਸ ਦੇਨ ਕਉ ਰਖਤੇ।

'ਗੁਰਮਤਾ' ਫ਼ੈਸਲਾ ਸਭ ਮਿਲ ਕੇ ਕਰਦੇ, ਜਥੇਦਾਰ ਫ਼ੈਸਲਾ ਸੁਣਾ ਦੇਂਦਾ, ਜਿਸ ਨੂੰ ਸਭ ਪ੍ਰਵਾਨ ਕਰਦੇ। ਆਪਣਾ ਤਨ ਮਨ ਧਨ ਸਭ 'ਗੁਰੂ' ਨੂੰ ਸਮਰਪਿਤ ਕਰਦੇ ਸਨ ਤੇ 'ਗੁਰੂ' ਤੋਂ ਜਿੰਦ-ਜਾਨ ਵਾਰਨ ਲਈ ਹਰ ਸਮੇਂ ਤਿਆਰ ਸਨ। ਜਥੇ ਦਾ 'ਜਥੇਦਾਰ' ਹੋ ਸਕਦਾ ਹੈ।ਤਖ਼ਤ ਸਾਹਿਬਾਨ ਦੇ ਪ੍ਰਬੰਧ ਲਈ 'ਜਥੇਦਾਰ' ਨਿਯੁਕਤ ਕਰਨ ਦੀ ਪੁਰਾਤਨ ਮਰਯਾਦਾ-ਪਰੰਪਰਾ ਸਥਾਪਿਤ ਹੈ, ਪਰੰਪਰਾ ਬਰਕਰਾਰ ਰਹੇ ਪਰ ਪ੍ਰਮੁੱਖਤਾ 'ਪੰਜ-ਪਿਆਰਿਆ ਦੀ ਹੈ ਤੇ ਰਹਿਣੀ ਚਾਹੀਦੀ ਹੈ।ਹਾਂ 'ਜਥੇਦਾਰ' ਦੀ ਨਿਯੁਕਤੀ ਸਮੇਂ ਵੀ ਸਿੱਖ ਸਿਧਾਂਤਕ ਪ੍ਰਪੱਕਤਾ ਤੇ ਪੰਥ ਪ੍ਰਸਤੀ ਨੂੰ ਹੀ ਪਹਿਲ ਦੇਣੀ ਚਾਹੀਦੀ ਹੈ ਤੇ 'ਸਿਆਸੀ' ਗਰਜ਼ਾਂ ਤੋਂ ਗੁਰੇਜ਼ ਕਰਨਾ ਜਰੂਰੀ ਹੈ... ਜਥੇਦਾਰ, 'ਪੰਜ-ਪਿਆਰਿਆ' ਦੀ ਰਹੱਸਵਾਦੀ ਸੰਸਥਾ 'ਚ ਸ਼ਾਮਲ ਤਾਂ ਹੋ ਸਕਦਾ ਹੈ ਪਰ 'ਪੰਜ-ਪਿਆਰਿਆਂ' ਤੋਂ ਉਪਰ ਨਹੀ।ਗੁਰੂ-ਪੰਥ ਦੇ ਪ੍ਰਤੀਨਿੰਧ 'ਪੰਜ-ਪਿਆਰੇ' ਹੀ ਹਨ, ਜਿਨ੍ਹਾਂ ਦੇ ਸਨਮੁੱਖ ਕੋਈ ਵਿਅਕਤੀ-ਵਿਸ਼ੇਸ਼ ਨਹੀ ਖੜ੍ਹ ਸਕਦਾ।ਸ਼ਖ਼ਸੀਅਤਾਂ ਦਾ ਮਾਣ-ਸਤਿਕਾਰ ਕਰਦਿਆ 'ਸਿਧਾਂਤਕ ਸੰਸਥਾ' ਦੀ ਸਰਵ-ਉਚਤਾ ਹਰ ਸੂਰਤ ਕਾਇਮ ਰਹਿਣੀ ਬੇਹੱਦ ਜਰੂਰੀ ਹੈ।ਕਈਵਾਰ ਸੰਪਰਦਾਈ ਤੇ ਸਿਆਸੀ ਪ੍ਰਭਾਵ ਅਧੀਨ ਸਮੇਂ-ਸਮੇਂ ਤਖ਼ਤਾਂ ਦੇ ਜਥੇਦਾਰ ਲਾਏ, ਹਟਾਏ, ਮੁਅੱਤਲ, ਤਬਦੀਲ ਤੇ ਵੇਹਲੇ ਕੀਤੇ ਗਏ, ਇਹ ਇਤਿਹਾਸ ਦਾ ਹਿੱਸਾ ਹੈ, ਪਰ 'ਪੰਜ-ਪਿਆਰਿਆਂ' ਦੇ ਸਿਧਾਂਤ ਤੇ ਸਿਧਾਂਤਕ ਸੰਸਥਾ ਦੇ ਪਵਿੱਤਰ ਰੁਤਬੇ 'ਚ ਤਬਦੀਲੀ ਕਰਨ ਦਾ ਕਿਸੇ ਪਾਸ ਅਧਿਕਾਰ ਨਹੀ।ਸਿਧਾਂਤ ਬਰਕਰਾਰ ਹੈ ਤਾਂ ਹੀ ਸੰਸਥਾਂਵਾ ਕਾਇਮ ਰਹਿ ਸਕਦੀਆਂ ਹਨ।

24 ਸਤੰਬਰ, 2015 ਨੂੰ ਅਖੌਤੀ ਸਾਧ ਰਾਮ ਰਹੀਮ ਨੂੰ ਮੁਆਫ਼ ਕਰਨ ਕਾਰਨ ਉਠੇ ਵਿਵਾਦ ਨੂੰ ਠੱਲਣ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ 'ਪੰਜ-ਪਿਆਰਿਆਂ' ਵਲੋਂ ਤਤਕਾਲੀ 'ਜਥੇਦਾਰ' ਪਾਸੋ ਸਪੱਸ਼ਟੀ ਕਰਨ ਮੰਗ ਲਿਆ।ਸਿਆਸੀ ਸਲਾਹਕਾਰਾਂ ਨੂੰ ਕਾਫ਼ੀ ਸੇਕ ਪਹੁੰਚਿਆ ਤੇ ਉਹ ਉਸ ਹੀ ਸਮੇਂ ਸ੍ਰੀ ਅੰਮ੍ਰਿਤਸਰ ਪਹੁੰਚ ਗਏ। ਪ੍ਰਧਾਨ, ਸ਼੍ਰੋਮਣੀ ਕਮੇਟੀ ਤੋਂ ਫ਼ੁਰਮਾਨ ਕਰਵਾ ਦਿੱਤਾ ਕਿ 'ਪੰਜ-ਪਿਆਰੇ' ਤੁਰੰਤ ਮੁਅੱਤਲ ਕੀਤੇ ਜਾਣ..। ਸ੍ਰ. ਮਨਜੀਤ ਸਿੰਘ 'ਮੱਕੜ' ਸਾਹਿਬ ਦੇ ਨਿਜੀ ਸਕੱਤਰ ਸਨ ਤੇ ਇਨ੍ਹਾਂ ਸਤਰਾਂ ਦਾ ਲੇਖਕ ਸਕੱਤਰ ਸ਼੍ਰੋਮਣੀ ਕਮੇਟੀ।ਅਸੀ ਦੋਨੋਂ ਪ੍ਰਧਾਨ ਜੀ ਦੇ ਇਸ ਫ਼ੁਰਮਾਨ ਨੂੰ ਮੰਨਣ ਤੋਂ ਇਨਕਾਰੀ ਹੋ ਗਏ ਕਿ ਇਹ ਸਰਾਸਰ ਗਲਤ ਹੈ, ਕਿਉਂਕ 'ਪੰਜ-ਪਿਆਰੇ' ਸਿਧਾਂਤਕ ਸੰਸਥਾ ਹਨ ਜਿਸ ਨੂੰ ਮੁਅੱਤਲ ਨਹੀ ਕਰ ਸਕਦੇ। ਮੱਕੜ ਸਾਹਿਬ ਸ਼ਖ਼ਸੀ ਰੂਪ 'ਚ ਸਾਡੇ ਨਾਲ ਸਹਿਮਤ ਸਨ ਪਰ ਸਿਆਸੀ ਪੱਖ ਤੋਂ ਮਜ਼ਬੂਰ...। ਆਰਡਰ ਨੰਬਰ 192, 21/10/2015 ਰਾਹੀ 'ਹੁਕਮ-ਅਦੂਲੀ' ਕਰਨ ਕਰਕੇ ਸਾਨੂੰ ਦੋਨ੍ਹਾਂ ਨੂੰ ਮੁਅੱਤਲ ਕੀਤਾ ਗਿਆ ਤੇ ਅਗਲੇ ਹੁਕਮ (193) 'ਚ 'ਪੰਜ-ਪਿਆਰਿਆਂ' ਨੂੰ ਵੀ ਮੁਅੱਤਲ ਕਰ ਦਿੱਤਾ ਤੇ ਫਿਰ ਵੇਹਲ੍ਹੇ ।ਨਵੇਂ ਲਗਾਏ ਗਏ ਮੁੱਖ-ਸਕੱਤਰ, ਸ੍ਰ ਹਰਚਰਨ ਸਿੰਘ ਜੀ ਉਸ ਦਿੰਨ ਦਫ਼ਤਰ ਹਾਜ਼ਰ ਨਹੀ ਸਨ।ਅਗਲੇ ਦਿੰਨ ਦਫ਼ਤਰ ਦੇ ਇਨ੍ਹਾਂ 'ਹੁਕਮਾਂ' 'ਤੇ ਮੁੱਖ-ਸਕੱਤਰ ਦੇ ਦਸਖ਼ਤ ਕਰਵਾਏ ਗਏ...ਹੁਣ ਜਦ 2 ਦਿੰਸਬਰ, 2024 ਨੂੰ 'ਅਕਾਲੀ ਨੇਤਾਵਾਂ ਨੇ 'ਸਾਰੇ ਗੁਨਾਹ' ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਸੰਗਤੀ ਰੂਪ 'ਚ ਪ੍ਰਵਾਨ ਕਰ ਲਏ ਹਨ ਤਾਂ ਪੰਜ-ਪਿਆਰਿਆਂ ਨੂੰ ਵੀ ਬਹਾਲ ਕਰ ਦੇਣਾ ਚਾਹੀਦਾ ਹੈ... 21 ਮਈ, 2025 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਹੋਏ ਫ਼ੈਸਲਿਆਂ ਨੂੰ ਤਖ਼ਤ, ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦੇ 'ਪੰਜ-ਪਿਆਰੇ' ਮੰਨਣ ਤੋਂ ਇਨਕਾਰੀ ਹੋ ਗਏ, ਜਿਸ ਨਾਲ ਨਵਾਂ ਵਿਵਾਦ ਸ਼ੁਰੂ ਹੋ ਗਿਆ । ਪੰਜਾਬ ਦੇ ਤਿੰਨ੍ਹਾਂ ਹੀ ਤਖ਼ਤ ਸਾਹਿਬਾਨ ਦੇ 'ਪੰਜ-ਪਿਆਰਿਆਂ' ਤੋਂ ਤਖ਼ਤ, ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦੇ 'ਪੰਜ-ਪਿਆਰਿਆਂ' ਦੇ ਵਿਰੋਧ ਵਿੱਚ 'ਫ਼ੈਸਲੇ' ਕਰਵਾਏ ਗਏ, ਜਿਸ ਨਾਲ 2015 'ਚ ਲਏ 'ਪੰਜ-ਪਿਆਰਿਆਂ' ਦੇ ਫ਼ੈਸਲੇ ਨੂੰ ਪ੍ਰਵਾਨਗੀ ਮਿਲ ਗਈ...ਪਰ ਪੱਥਰ ਪੂਜਕ ਸਿਆਸੀ, 'ਪੁਜਾਰੀ', ਸੂਖਮਤਾ ਦੀ ਸਿਖ਼ਰ 'ਪੰਜ-ਪਿਆਰਿਆਂ' ਦੀ ਸਿਧਾਂਤਕ ਸੰਸਥਾ ਨੂੰ ਸਮਝਣ ਨੂੰ ਤਿਆਰ ਨਹੀ...!!!

## ਭਾਈ ਜੈਤਾ ਜੀ ਦੇ ਸ੍ਰੀ ਆਨੰਦਪੁਰ ਸਾਹਿਬ ਨਾਲ ਰਿਸ਼ਤੇ ਦੀ ਦਾਸਤਾਨ

ਇੰਜ. ਅਵਤਾਰ ਸਿੰਘ ਢਿੱਲੋਂ
9815189490

ਕਲਯੁਗ ਵਿਚ ਗੁਰੂ ਨਾਨਕ ਦੇ ਘਰ ਨੇ ਜਿੱਥੇ ਯੁੱਗਾਂ ਤੋਂ ਚੱਲੀ ਆ ਰਹੀ ਜਾਤ-ਵਰਣ ਦੀਆਂ ਜੰਜੀਰਾਂ ਨੂੰ 'ਤੁਮ ਕਤ ਬ੍ਰਾਹਮਣ ਹਮ ਕਮ ਸੂਦ॥ ਹਮ ਕਤ ਲੋਹੂ ਤੁਮ ਕਤ ਦੂਧ॥' ਆਖ ਕੇ ਤੋੜਿਆ, ਉਥੇ ਅਖੌਤੀ ਨੀਵੀ ਜਾਤ ਆਖ ਕੇ ਭੰਡੇ ਜਾਣ ਵਾਲੇ ਲੋਕਾਂ ਨੂੰ ਗਲੇ ਲਗਾਉਂਦਿਆਂ 'ਰੰਘਰੇਟੇ ਗੁਰੂ ਕੇ ਬੇਟੇ' ਆਖ ਕੇ ਵੀ ਸਨਮਾਨਿਆ। 'ਰੰਘਰੇਟਿਆਂ' ਦੀ ਗੁਰੂ ਨਾਨਕ ਦੇ ਘਰ ਲਈ ਕੁਰਬਾਨੀ ਦੀ ਫ਼ਹਿਰਿਸਤ ਵੀ ਬੜੀ ਲੰਬੀ ਹੈ। ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨਾਲ ਸ੍ਰੀ ਅਨੰਦਪੁਰ ਸਾਹਿਬ ਵਿਚ ਪਹਾੜੀ ਰਾਜਿਆਂ ਨੇ ਸੁਲ੍ਹਾ-ਸਫ਼ਾਈ ਲਈ ਬਾਸ਼ਰਤ ਤਜਵੀਜ ਭੇਜੀ ਕਿ (ਅਖੌਤੀ) ਸਵਰਨ ਜਾਤਾਂ ਨੂੰ 'ਸ਼ੂਦਰਾਂ' ਤੋਂ ਵੱਖਰੇ ਬਾਟੇ ਵਿਚ ਅੰਮ੍ਰਿਤ ਛਕਾਇਆ ਜਾਵੇ, ਤਾਂ ਗੁਰੂ ਸਾਹਿਬ ਨੇ ਇਨ੍ਹਾਂ ਸ਼ਰਤਾਂ ਨੂੰ ਮੁੱਢੋਂ ਹੀ ਖਾਰਜ ਕਰਕੇ ਫ਼ੁਰਮਾਇਆ, 'ਇਨ ਹੀ ਕੀ ਕ੍ਰਿਪਾ ਦੇ ਸਜੇ ਹਮ ਹੈਂ ਨਹੀ ਮੋਸੋ ਗਰੀਬ ਕਰੋਰ ਪਰੇ॥' ਜਦੋਂ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਧਰਮ ਦੀ ਆਜ਼ਾਦੀ ਲਈ ਦਿੱਲੀ ਦੇ ਚਾਂਦਨੀ ਚੌਂਕ 'ਚ ਸ਼ਹਾਦਤ ਦਿੱਤੀ ਤਾਂ ਉਸ ਵੇਲੇ ਹਕੂਮਤੀ ਸਖ਼ਤੀ ਦੇ ਬਾਵਜੂਦ ਗੁਰੂ ਜੀ ਦਾ ਧੜ ਤੋਂ ਵੱਖ ਹੋਇਆ 'ਸੀਸ' ਸਤਿਕਾਰ ਸਹਿਤ ਖ਼ਤਰਿਆਂ ਮੁਸੀਬਤਾਂ ਭਰਿਆ ਲੰਬਾ ਪੰਧ ਮਾਰ ਕੇ ਸ੍ਰੀ ਆਨੰਦਪੁਰ ਸਹਿਬ ਲਿਜਾਣ ਦੀ ਅਦੁੱਤੀ ਸੇਵਾ ਕਰਨ ਵਾਲਾ ਵੀ ਇੱਕ 'ਰੰਘਰੇਟਾ' ਭਾਈ ਜੈਤਾ ਸੀ।

ਇਤਿਹਾਸਕਾਰਾਂ ਅਨੁਸਾਰ 'ਰੰਘਰੇਟਿਆਂ ਦਾ ਸਿੱਖੀ ਵਿਚ ਪ੍ਰਵੇਸ਼ ਭਾਈ ਜੈਤਾ ਦੇ ਪੂਰਵਜ਼ ਭਾਈ ਕਲਿਆਣਾ ਤੋਂ ਹੋਇਆ। ਸ੍ਰੀ ਗੁਰੂ ਨਾਨਕ ਦੇਵ ਜੀ ਦਾ ਚੌਥੀ ਉਦਾਸੀ ਤੋਂ ਬਾਅਦ ਜਦੋਂ ਬਾਬਾ ਬੁੱਢਾ ਜੀ ਨਾਲ ਮਿਲਾਪ ਹੋਇਆ ਤਾਂ ਉਸ ਵੇਲੇ ਭਾਈ ਕਲਿਆਣਾ ਵੀ ਬਾਬਾ ਬੁੱਢਾ ਜੀ ਦੇ ਨਾਲ ਹੀ ਸਨ, ਜੋ ਕਿ ਬਾਬਾ ਬੁੱਢਾ ਜੀ ਦੇ ਪਿੰਡ ਕੱਥੂਨੰਗਲ ਦੇ ਹੀ ਵਸਨੀਕ ਸਨ। ਭਾਈ ਕਲਿਆਣਾ ਨੇ ਪਹਿਲੀ ਪਾਤਸ਼ਾਹੀ ਤੋਂ ਲੈ



ਕੇ ਛੇਵੀ ਪਾਤਸ਼ਾਹੀ ਤੱਕ ਗੁਰੂ-ਘਰ ਦੀ ਅਨਿੰਨ ਸੇਵਾ ਕੀਤੀ। ਜਦੋਂ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਹਰਿਮੰਦਰ ਸਾਹਿਬ ਦੀ ਸੇਵਾ ਸ਼ੁਰੂ ਕੀਤੀ ਤਾਂ ਭਾਈ ਕਲਿਆਣਾ ਪਰਿਵਾਰ ਸਮੇਤ ਇਸ ਸੇਵਾ ਵਿਚ ਸ਼ਾਮਿਲ ਹੋਏ। 'ਤਵਾਰੀਖ ਗੁਰੂ ਖ਼ਾਲਸਾ' ਅਨੁਸਾਰ ਜਦ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਬਾਦਸ਼ਾਹ ਜਹਾਂਗੀਰ ਨੂੰ ਮਿਲਣ ਲਈ ਗਵਾਲੀਅਰ ਲਈ ਰਵਾਨਾ ਹੋਏ ਤਾਂ ਗੁਰੂ ਘਰ ਦਾ ਪ੍ਰਬੰਧ ਬਾਬਾ ਬੁੱਢਾ ਜੀ ਸਮੇਤ ਜਿੰਨ੍ਹਾਂ ਪੰਜ ਸਿੱਖਾਂ ਨੂੰ ਸੌਂਪ ਦੇ ਗਏ, ਉਨ੍ਹਾਂ ਵਿਚੋਂ ਇਕ ਭਾਈ ਕਲਿਆਣਾ ਸਨ। ਭਾਈ ਕਲਿਆਣਾ ਦੀ ਚੌਥੀ ਪੀੜ੍ਹੀ ਵਿਚੋਂ ਭਾਈ ਸਦਾ ਨੰਦ ਸਨ। ਬਾਬਾ ਬਕਾਲਾ ਵਿਖੇ ਸ੍ਰੀ ਗੁਰੂ ਤੇਗ ਬਹਾਦਰ ਜੀ ਵੱਲੋਂ ਭੋਰੇ ਵਿਚ ਤਪੱਸਿਆ ਕਰਨ ਵੇਲੇ ਭਾਈ ਸਦਾ ਨੰਦ ਨੇ ਲੰਬਾ ਸਮਾਂ ਗੁਰੂ ਸਾਹਿਬ ਦੀ ਸੇਵਾ ਕੀਤੀ ਅਤੇ ਇੱਥੋਂ ਹੀ ਬਾਅਦ ਵਿਚ ਉਹ ਨੌਵੀ ਪਾਤਸ਼ਾਹੀ ਦੇ ਨਾਲ ਪਟਨਾ ਸਾਹਿਬ ਅਤੇ ਸ੍ਰੀ ਆਨੰਦਪੁਰ ਸਾਹਿਬ ਵਿਖੇ ਚਲੇ ਗਏ। ਭਾਈ ਸਦਾ ਨੰਦ ਦਾ ਵਿਆਹ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਆਪਣੇ ਹੱਥੀ ਪੰਡਿਤ ਸ਼ਿਵ ਨਰਾਇਣ ਦੀ ਪੁੱਤਰੀ ਬੀਬੀ ਲਾਜਵੰਤੀ ਦੇ ਨਾਲ ਕਰਵਾਇਆ ਸੀ। ਬੀਬੀ ਲਾਜਵੰਤੀ ਨੇ ਵੀ ਗੁਰੂ-ਘਰ ਦੀ ਇੰਨੀ ਸੇਵਾ ਘਾਲ ਕੀਤੀ ਕਿ ਮਾਤਾ ਗੁਜਰੀ ਜੀ ਉਸ ਨੂੰ ਪਿਆਰ 'ਪ੍ਰੇਮੋ' ਆਖ ਕੇ ਬੁਲਾਉਂਦੇ। ਭਾਈ ਸਦਾ ਨੰਦ ਦੇ ਘਰ ਦੋ ਪੁੱਤਰਾਂ ਨੇ ਜਨਮ ਲਿਆ-ਭਾਈ ਜੈਤਾ ਅਤੇ ਭਾਈ ਸੰਗਤਾ। ਭਾਈ ਜੈਤਾ ਦਾ ਜਨਮ ਪਿੰਡ ਗੱਗੋਮਾਹਲ (ਅੰਮ੍ਰਿਤਸਰ) ਵਿਚ ਹੋਇਆ। ਪਿਤਾ ਸਦਾ ਨੰਦ ਦੀਆਂ ਧਰਮ ਪ੍ਰਚਾਰ ਫੇਰੀਆਂ ਕਾਰਨ ਭਾਈ ਜੈਤੇ ਦਾ ਬਚਪਨ ਬਨਾਰਸ ਅਤੇ ਪਟਨਾ ਸਾਹਿਬ ਵਿਖੇ ਬੀਤਿਆ। ਭਾਈ ਜੈਤਾ ਨੇ ਪਟਨਾ ਸਾਹਿਬ ਵਿਖੇ ਪੰਜਾਬੀ, ਹਿੰਦੀ, ਬ੍ਰਿਜ, ਸੰਸਕ੍ਰਿਤ, ਅਰਬੀ, ਫਾਰਸੀ ਆਦਿ ਭਾਸ਼ਾਵਾਂ ਦਾ ਗਿਆਨ ਅਤੇ ਸੰਗੀਤ ਦੀ ਸਿੱਖਿਆ ਬਾਲ ਗੋਬਿੰਦ ਰਾਇ ਨਾਲ ਹੀ ਭਾਈ ਸਦਾ ਨੰਦ ਦਾ ਪਰਿਵਾਰ ਸ੍ਰੀ ਆਨੰਦਪੁਰ ਸਾਹਿਬ ਆ ਗਿਆ। ਇੱਥੇ ਉਨ੍ਹਾਂ ਨੇ ਗੁਰੂ ਦੀ ਸਿੱਖਿਆ ਅਤੇ ਸ਼ਸਤਰ ਵਿੱਦਿਆ ਪ੍ਰਾਪਤ ਕੀਤੀ। ਸ੍ਰੀ ਗੁਰੂ ਤੇਗ ਬਹਾਦਰ ਜੀ ਧਰਮ ਦੀ ਆਜ਼ਾਦੀ ਖਾਤਰ ਸ਼ਹਾਦਤ ਦੇਣ 11 ਜੁਲਾਈ, 1675 ਈਸਵੀ ਨੂੰ ਸ੍ਰੀ ਆਨੰਦਪੁਰ ਸਾਹਿਬ ਤੋਂ ਪੰਜ ਹਜ਼ੂਰੀ ਸਿੱਖਾਂ ਸਮੇਤ ਦਿੱਲੀ ਲਈ ਰਵਾਨਾ ਹੋਏ ਮਗਰੋਂ ਭਾਈ ਜੈਤਾ ਦਿੱਲੀ ਵਿਚ ਗੁਰੂ ਸਾਹਿਬ ਦੀ ਖਬਰ ਲੈਣ ਪਹੁੰਚੇ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰੀ ਕਵੀ 'ਕੰਕਣ' ਅਨੁਸਾਰ, ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਸ਼ਹਾਦਤ ਤੋਂ ਪਹਿਲਾਂ ਭਾਈ ਜੈਤਾ ਰਾਹੀ ਗੁਰਬਾਣੀ ਦੇ 57 ਸਲੋਕ, ਇਕ ਹੁਕਮਨਾਮਾ, 5 ਪੈਸੇ, ਨਾਰੀਅਲ ਅਤੇ ਗੁਰਗੱਦੀ ਤਿਲਕ ਸ੍ਰੀ ਆਨੰਦਪੁਰ ਸਾਹਿਬ ਬਾਲ ਗੋਬਿੰਦ ਰਾਏ ਨੂੰ ਭੇਜਿਆ। ਬਾਲ ਗੋਬਿੰਦ ਰਾਏ ਨੂੰ ਗੁਰਗੱਦੀ 'ਤੇ ਬਿਰਾਜਮਾਨ ਕਰਵਾਉਣ ਉਪਰੰਤ ਭਾਈ ਜੈਤਾ ਮੁੜ ਦਸਮ ਗੁਰੂ ਜੀ ਦੇ ਹੁਕਮ ਅਨੁਸਾਰ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਸੀਸ ਲਿਆਉਣ ਦਿੱਲੀ ਚਲੇ ਗਏ। ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਦਿੱਲੀ ਦੇ ਚਾਂਦਨੀ ਚੌਂਕ ਵਿਚ ਔਰੰਗਜ਼ੇਬ ਨੇ 11 ਨਵੰਬਰ 1675 ਨੂੰ ਸੀਸ ਧੜ ਨਾਲੋਂ ਜੁਦਾ ਕਰਕੇ ਸ਼ਹੀਦ ਕਰਵਾ ਦਿੱਤਾ। ਭਾਈ ਜੈਤਾ ਜੀ ਨੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦਾ ਸੀਸ ਹਾਸਲ ਕਰਨ ਲਈ ਪਹਿਲਾਂ ਆਪਣੇ ਪਿਤਾ ਸਦਾ ਨੰਦ ਦਾ ਸੀਸ ਧੜ ਨਾਲੋਂ ਅਲੱਗ ਕੀਤਾ ਅਤੇ ਉਨ੍ਹਾਂ ਦੇ ਸੀਸ ਨਾਲ ਗੁਰੂ ਤੇਗ ਬਹਾਦਰ ਜੀ ਦਾ ਸੀਸ ਬਦਲ ਕੇ ਸ੍ਰੀ ਆਨੰਦਪੁਰ ਨੂੰ ਤੁਰ ਪਏ। ਪੰਜ ਦਿਨਾਂ ਦੇ ਪੰਧ ਦੌਰਾਨ ਬਾਗਪਤ, ਤਰਾਵੜੀ (ਕਰਨਾਲ), ਅੰਬਾਲਾ ਨਾਭਾ ਸਾਹਿਬ ਅਤੇ ਕੀਰਤਪੁਰ ਰਾਹੀ ਹੁੰਦੇ ਸ੍ਰੀ ਆਨੰਦਪੁਰ ਸਾਹਿਬ ਪਹੁੰਚੇ। ਗੁਰੂ ਬਾਲ ਗੋਬਿੰਦ ਰਾਇ ਨੇ ਭਾਈ ਜੈਤਾ ਦੀ ਦਲੇਰੀ, ਕੁਰਬਾਨੀ ਅਤੇ ਦ੍ਰਿੜਤਾ 'ਤੇ ਪ੍ਰਸੰਨ ਹੁੰਦਿਆਂ ਉਸਨੂੰ ਛਾਤੀ ਨਾਲ ਲਾਇਆ ਅਤੇ ਬਚਨ ਕੀਤਾ, 'ਰੰਘਰੇਟੇ ਗੁਰੂ ਕੇ ਬੇਟੇ।' ਸ੍ਰੀ ਗੁਰੂ ਗੋਬਿੰਦ ਜੀ ਨੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਤੋਂ ਬਾਅਦ ਸ੍ਰੀ ਆਨੰਦਪੁਰ ਸਾਹਿਬ ਵਿਚ ਰਣਜੀਤ ਨਗਾਰਾ ਵਜਾਉਣ ਦੀ ਪ੍ਰੰਪਰਾ ਆਰੰਭ ਕੀਤੀ ਤਾਂ ਭਾਈ ਜੈਤਾ ਨੂੰ ਨਗਾਰਚੀ ਨਿਯੁਕਤ ਕੀਤ। ਭਾਈ ਜੈਤਾ ਦਾ ਅਨੰਦ ਕਾਰਜ ਦਸਮ ਪਿਤਾ ਨੇ ਭਾਈ ਸੁਜਾਨ ਸਿੰਘ ਪਿੰਡ ਰਿਆੜਕੀ ਪਰਗਨਾਂ ਪੱਟੀ ਦੀ ਧੀ ਬੀਬੀ ਰਾਜ ਕੌਰ ਨਾਲ ਕਰਵਾਇਆ। ਦਸਮ ਪਾਤਸ਼ਾਹ ਨੇ ਕਿਲ੍ਹਾ ਅਨੰਦਗੜ੍ਹ ਦੀ ਉਸਾਰੀ ਆਰੰਭ ਕਰਵਾਈ ਤਾਂ ਕਿਲ੍ਹੇ ਦੀ ਪੱਛਮ ਵਾਲੀ ਕੰਧ ਦੇ ਨਾਲ ਭਾਈ ਜੈਤਾ ਦੀ ਰਿਹਾਇਸ਼ ਵਾਸਤੇ ਟਿੱਬੀ 'ਤੇ ਇਕ ਬੁੰਗਾ ਬਣਵਾ ਕੇ ਦਿੱਤਾ। ਗੁਰੂ-ਘਰ ਦੇ ਅਤਿ ਨਿਕਟਵਰਤੀ, ਵਿਸ਼ਾਵਾਸ਼ਪਾਤਰ ਅਤੇ ਸ਼੍ਰੋਮਣੀ ਜਰਨੈਲ ਹੋਣ ਕਾਰਨ ਕਿਲ੍ਹਾ ਆਨੰਦਗੜ੍ਹ ਦੀ ਸੁਰੱਖਿਆ ਅਤੇ ਚੌਕਸੀ ਦੀ ਜ਼ਿੰਮੇਵਾਰੀ ਵੀ ਭਾਈ ਜੈਤਾ ਕੋਲ ਹੀ ਸੀ। ਇਤਿਹਾਸਕਾ ਸਮਸ਼ੇਰ ਸਿੰਘ ਅਸ਼ੋਕ ਲਿਖਦੇ ਹਨ, ਗੁਰੂ ਜੀ ਦੇ ਚਾਰ ਸਾਹਿਬਜ਼ਾਦਿਆਂ ਵਿਚੋਂ ਵੱਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਦਾ ਪਰਮ ਸਨੇਹੀ ਹੋਣ ਕਾਰਨ ਨਾ ਕੇਵਲ ਸ੍ਰੀ ਦਸਮੇਸ਼ ਜੀ ਦੇ ਦਿਲ ਵਿਚ ਹੀ ਸਗੋਂ ਗੁਰੂ ਪਰਿਵਾਰ ਵਿਚ ਭਾਈ ਜੀਵਨ ਸਿੰਘ ਰੰਘਰੇਟਾ ਜੀ ਦਾ ਬੜਾ ਮਾਣ ਸੀ। ਭਾਈ ਜੈਤਾ ਜੀ ਦੇ ਘਰ ਚਾਰ ਪੁੱਤਰਾਂ ਨੇ ਜਨਮ ਲਿਆ ਜਿੰਨ੍ਹਾਂ ਵਿਚੋਂ ਭਾਈ ਗੁਲਜ਼ਾਰ ਸਿੰਘ, ਭਾਈ ਗੁਰਦਿਆਲ ਸਿੰਘ ਸਰਸਾ ਨਦੀ ਦੀ ਜੰਗ ਅਤੇ ਭਾਈ ਸੁੱਖਾ ਸਿੰਘ, ਭਾਈ ਸੇਵਾ ਸਿੰਘ ਚਮਕੌਰ ਦੀ ਗੜ੍ਹੀ ਵਿਚ ਸ਼ਹੀਦ ਹੋ ਗਏ। 1699 ਦੀ ਵਿਸਾਖੀ ਨੂੰ ਖਾਲਸਾ ਸਾਜਨਾ ਮੌਕੇ ਭਾਈ ਜੈਤਾ ਅੰਮ੍ਰਿਤ ਪਾਨ ਕਰਕੇ ਬਾਬਾ ਜੀਵਨ ਸਿੰਘ ਬਣ ਗਏ। ਭਾਈ ਜੈਤਾ ਨੇ ਸ੍ਰੀ ਆਨੰਦਪੁਰ ਸਾਹਿਬ ਵਿਖੇ ਮੁਗਲਾਂ ਦੇ ਪਹਿਲੇ ਹਮਲੇ, ਭੰਗਾਣੀ, ਨਦੌਨ, ਹੁਸੈਨੀ, ਲੋਹਗੜ੍ਹ, ਨਿਰਮੋਹਗੜ੍ਹ, ਕਲਮੋਟ ਅਤੇ ਚਮਕੌਰ ਸਮੇਤ ਲਗਭਗ 17 ਜੰਗਾਂ ਵਿਚ ਆਪਣੀ ਬਹਾਦਰੀ ਦੇ ਜੌਹਰ ਦਿਖਾਏ। ਸਰਦਾਰ ਸਮਸ਼ੇਰ ਸਿੰਘ ਅਸ਼ੋਕ ਅਨੁਸਾਰ ਭਾਈ ਜੈਤਾ ਬਹੁਤ ਸਾਰੇ ਜੰਗਾਂ-ਯੁੱਧਾਂ ਵਿਚ ਦਸਮ ਪਾਤਸ਼ਾਹ ਦਾ ਹਮ ਰਕਾਬ ਹੋ ਕੇ ਰਹੇ ਸਨ। ਦਸਮ ਪਾਤਸ਼ਾਹ ਵੱਲੋਂ 19-20 ਦਸੰਬਰ 1704 ਈ. ਦੀ ਵਿਚਕਾਰਲੀ ਰਾਤ ਪਰਿਵਾਰ ਅਤੇ ਸਿੱਖ ਸੇਵਕਾਂ ਸਮੇਤ ਸ੍ਰੀ ਆਨੰਦਪੁਰ ਸਾਹਿਬ ਦਾ ਕਿਲ੍ਹ ਛੱਡਿਆ ਗਿਆ। ਤਾਂ ਸਰਸਾ ਨਦੀ ਪਾਰ ਕਰਦਿਆਂ ਸਾਹਿਬਜ਼ਾਦਾ ਅਜੀਤ ਸਿੰਘ ਨੂੰ ਦੁਸ਼ਮਣਾਂ ਨੇ ਘੇਰ ਲਿਆ। ਬਾਬਾ ਜੀਵਨ ਸਿੰਘ (ਭਾਈ ਜੈਤਾ) ਨੇ ਬਹਾਦਰੀ ਦੇ ਜੰਗੀ ਕਲਾ ਦੇ ਜੌਹਰ ਦਿਖਾਉਂਦਿਆਂ ਸਾਹਿਬਜ਼ਾਦਾ ਅਜੀਤ ਸਿੰਘ ਨੂੰ ਦੁਸ਼ਮਣ



ਫ਼ੌਜਾਂ ਦੇ ਘੇਰੇ ਵਿਚੋਂ ਕੱਢ ਕੇ ਸਰਸਾ ਨਦੀ ਦੇ ਪਾਰ ਲੰਘਾਇਆ। ਅਖੀਰ ਚਮਕੌਰ ਦੀ ਕੱਚੀ ਗੜ੍ਹੀ ਵਿਚ ਮੁਗਲ ਫ਼ੌਜਾਂ ਨਾਲ ਬਹਾਦਰੀ ਨਾਲ ਜੂਝਦਿਆਂ 22 ਦਸੰਬਰ 1704 ਈ. ਨੂੰ ਬਾਬਾ ਜੀਵਨ ਸਿੰਘ (ਭਾਈ ਜੈਤਾ) ਸ਼ਹੀਦੀ ਜਾਮ ਪੀ ਗਏ। ਆਪ ਚਮਕੌਰ ਦੀ ਜੰਗ ਦੇ ਅਖੀਰਲੇ ਸ਼ਹੀਦ ਅਖਵਾਏ। ਪ੍ਰਾਚੀਨ ਪੰਥ ਪ੍ਰਕਾਸ਼ ਕਵੀ ਰਤਨ ਸਿੰਘ ਭੰਗੂ ਲਿਖਦੇ ਹਨ,
ਜੀਵਨ ਸਿੰਘ ਰੰਘਰੇਟ ਕੋ ਬੰਦੂਕੀ ਖੂਬ ਅਖਵਾਏ॥
ਏਕ ਬੁਰਜ ਮਧ ਸੋ ਬਹਯੋ, ਏਕਲ ਹੀ ਸੋ ਪਾਇ॥
ਪਿੱਛੋਂ ਵੀ ਸਿੱਖ ਇਤਿਹਾਸ ਵਿਚ ਰੰਘਰੇਟਿਆਂ ਨੇ ਅਦੁੱਤੀ ਕੁਰਬਾਨੀਆਂ ਦੇ ਕੇ ਗੁਰੂ ਘਰ ਪ੍ਰਤੀ ਆਪਣੇ ਸਮਰਪਣ ਨੂੰ ਬਰਕਰਾਰ ਰੱਖਿਆ ਹੈ। ਬਾਬਾ ਜੀਵਨ ਸਿੰਘ (ਭਾਈ ਜੈਤਾ) ਨੇ ਦਸਮ ਪਾਤਸ਼ਾਹ ਦੇ ਨਾਲ ਹੀ ਲਗਭਗ 29 ਵਰ੍ਹੇ ਆਪਣੇ ਜੀਵਨ ਦੇ ਸ੍ਰੀ ਆਨੰਦਪੁਰ ਸਾਹਿਬ ਵਿਚ ਗੁਰੂ ਘਰ ਦੀ ਸੇਵਾ ਬਿਰਤੀ ਵਿਚ ਬਿਤਾਏ। ਆਪ ਦੇ ਚਾਰ ਪੁੱਤਰ ਪਿਤਾ-ਮਾਤਾ ਅਤੇ ਭਰਾ (ਚਮਕੌਰ ਦੀ ਗੜ੍ਹੀ ਦੇ ਸ਼ਹੀਦ ਭਾਈ ਸੰਗਤ ਸਿੰਘ) ਵੀ ਸ਼ਹੀਦ ਹੋਏ ਪਰ ਉਨ੍ਹਾਂ ਦੇ ਰਿਹਾਇਸ਼ੀ ਬੁੰਗੇ ਤੋਂ ਇਲਾਵਾ ਅਜੇ ਤਕ ਉਨ੍ਹਾਂ ਦੀ ਇੱਥੇ ਕੋਈ ਢੁੱਕਵੀ ਯਾਦਗਾਰ ਸਥਾਪਤ ਨਹੀ ਹੋਈ। ਕਿਲ੍ਹਾ ਆਨੰਦਗੜ੍ਹ ਸਾਹਿਬ ਦੀ ਪੱਛਮੀ ਬਾਹੀ ਵੱਲ ਭਾਈ ਜੈਤਾ ਦੇ ਪੁਰਤਾਨ ਰਿਹਾਇਸ਼ੀ ਬੁੰਗੇ ਦੀ ਸੇਵਾ-ਸੰਭਾਲ ਭਾਈ ਜੈਤਾ ਦੇ ਖ਼ਾਨਦਾਨ ਵਿਚੋਂ ਬਾਬਾ ਕਿਰਪਾਲ ਸਿੰਘ ਅਤੇ ਉਨ੍ਹਾਂ ਦੇ ਸਪੁੱਤਰ ਬਾਬਾ ਤੀਰਥ ਸਿੰਘ ਕਰਦੇ ਆ ਰਹੇ ਹਨ। ਪੁਰਾਤਨ ਰਿਹਾਇਸ਼ੀ ਬੁੰਗੇ ਅੰਦਰਲੇ ਅਤੇ ਤੋਸ਼ੇਖਾਨੇ ਵਿਚ ਬਾਬਾ ਜੀਵਨ ਸਿੰਘ ਦੇ ਸ਼ਸਤਰ-ਨਾਗਣੀ, ਕਟਾਰ, ਕੜਾ ਅਤੇ ਕਿਰਪਾਨ ਸੁਸ਼ੋਭਿਤ ਹਨ।

## ਟਰੰਪ ਦੇ ਟੈਰਿਫ ਯੁੱਧ ਨੇ ਦੁਨੀਆਂ ਨੂੰ ਹਸਾ ਦਿੱਤਾ

# ਕੀ ਇਸ ਨਾਲ ਦੁਨੀਆਂ ਨਾਲ ਦੁਸ਼ਮਣੀ ਵੱਧ ਗਈ ਹੈ?, ਕੀ ਇਸ ਨਾਲ ਨੋਬਲ ਸ਼ਾਂਤੀ ਪੁਰਸਕਾਰ ਮਿਲਣ ਦੀ ਸੰਭਾਵਨਾ ਘੱਟ ਗਈ ਹੈ?

ਐਡਵੋਕੇਟ ਕਿਸ਼ਨ ਸਨਮੁਖਦਾਸ ਭਵਨਾਈ,
ਗੋਂਡੀਆ, ਮਹਾਰਾਸ਼ਟਰ
9359653465

ਵਿਸ਼ਵ ਪੱਧਰ 'ਤੇ, ਪੂਰੀ ਦੁਨੀਆਂ ਜਾਣਦੀ ਹੈ ਕਿ ਅਮਰੀਕਾ ਦੇ ਰਾਸ਼ਟਰਪਤੀ, ਡੋਨਾਲਡ ਟਰੰਪ ਨੇ ਅਮਰੀਕਨ ਫਸਟ, ਟੈਰਿਫ, ਮੇਕ ਅਮਰੀਕਾ ਗ੍ਰੇਟ ਅਗੇਨ, ਗੈਰ-ਕਾਨੂੰਨੀ ਪ੍ਰਵਾਸੀਆਂ ਦੇ ਮੁੱਦੇ ਸਮੇਤ ਬਹੁਤ ਸਾਰੇ ਵਾਅਦੇ ਕੀਤੇ ਸਨ, ਜਿਨ੍ਹਾਂ ਨੂੰ ਪੂਰਾ ਕਰਨ ਲਈ ਉਸਨੇ ਬਹੁਤ ਤੇਜ਼ੀ ਨਾਲ ਲੜਨਾ ਸ਼ੁਰੂ ਕਰ ਦਿੱਤਾ ਹੈ, ਪਰ ਜਲਦਬਾਜ਼ੀ ਵਿੱਚ ਕੋਈ ਵੀ ਕੰਮ ਕਰਨਾ ਨੁਕਸਾਨਦੇਹ ਹੋ ਸਕਦਾ ਹੈ। ਇਸ ਬਾਰੇ ਭਾਰਤ ਵਿੱਚ ਬਹੁਤ ਸਾਰੀਆਂ ਕਹਾਵਤਾਂ ਹਨ, ਜਿਵੇਂ ਕਿ ਜਲਦਬਾਜ਼ੀ ਵਿੱਚ ਕੀਤਾ ਕੰਮ ਘੱਟ ਸ਼ੈਤਾਨੀ ਹੁੰਦਾ ਹੈ, ਸਬਰ ਰੱਖੋ, ਅਤੇ ਬਹੁਤ ਸਾਰੀਆਂ ਕਹਾਵਤਾਂ ਹਨ। ਅੱਜ ਅਸੀਂ ਇਸ ਵਿਸ਼ੇ 'ਤੇ ਚਰਚਾ ਕਰ ਰਹੇ ਹਾਂ, ਕਿਉਂਕਿ ਜਦੋਂ ਤੋਂ ਟਰੰਪ ਚੁਣੇ ਗਏ ਹਨ, ਉਹ ਆਪਣੇ ਚੋਣ ਵਾਅਦਿਆਂ ਨੂੰ ਲਾਗੂ ਕਰਨ ਵਿੱਚ ਜਲਦਬਾਜ਼ੀ ਕਰ ਰਹੇ ਹਨ, ਜਦੋਂ ਕਿ ਮੈਂ, ਐਡਵੋਕੇਟ ਕਿਸ਼ਨ ਸੰਮੁਖਦਾਸ ਭਵਾਨੀ ਗੋਂਡੀਆ ਮਹਾਰਾਸ਼ਟਰ, ਮੰਨਦਾ ਹਾਂ ਕਿ ਕੋਈ ਵੀ ਕੰਮ, ਵਾਅਦਾ, ਉਮੀਦ ਧੀਰਜ ਅਤੇ ਦ੍ਰਿੜਤਾ ਅਤੇ ਰਣਨੀਤਕ ਕੰਮ ਨਾਲ ਪੂਰਾ ਕੀਤਾ ਜਾਣਾ ਚਾਹੀਦਾ ਹੈ, ਤਾਂ ਜੋ ਇਸਦੇ ਲੰਬੇ ਸਮੇਂ ਦੇ ਸਕਾਰਾਤਮਕ ਨਤੀਜੇ ਵੇਖੇ ਜਾ ਸਕਣ। ਮੇਰੀ ਰਾਏ ਵਿੱਚ, ਸ਼ਾਇਦ ਟਰੰਪ ਇਸ ਜਲਦਬਾਜ਼ੀ ਵਿੱਚ ਕੰਮ ਕਰ ਰਿਹਾ ਹੈ, ਜਿਸਦੀ ਸਹੀ ਉਦਾਹਰਣ ਉਹ ਹੈ, ਜਿਸ ਤਰ੍ਹਾਂ ਉਹ ਫੈਸਲੇ ਲੈ ਰਿਹਾ ਹੈ ਅਤੇ ਫਿਰ ਉਨ੍ਹਾਂ ਨੂੰ ਰੱਦ ਕਰ ਰਿਹਾ ਹੈ, ਜਾਂ ਉਨ੍ਹਾਂ ਨੂੰ ਐਕਸਟੈਂਸ਼ਨ ਦੇ ਰਿਹਾ ਹੈ, ਅਤੇ ਸੌਦੇਬਾਜ਼ੀ ਨੀਤੀ ਵੱਲ ਵੱਧ ਰਿਹਾ ਹੈ। ਕਾਨਫਰੰਸ ਵਿੱਚ ਪੰਜ ਅਫਰੀਕੀ ਦੇਸ਼ਾਂ ਨਾਲ ਵਿਵਹਾਰ, ਕਈ ਆਰਥਿਕ ਤੌਰ 'ਤੇ ਮਜ਼ਬੂਤ ਦੇਸ਼ਾਂ ਨਾਲ ਵਿਵਹਾਰ ਸਮੇਤ ਕਈ ਮੁੱਦਿਆਂ 'ਤੇ ਦਬਾਅ ਅਤੇ ਧੱਕੇਸ਼ਾਹੀ ਦੀ ਭਾਵਨਾ ਹੈ, ਕਿ ਇੱਕ ਤਰ੍ਹਾਂ ਨਾਲ ਉਹ ਪੂਰੀ ਦੁਨੀਆਂ ਨਾਲ ਦੁਸ਼ਮਣੀ ਵੱਲ ਵੱਧ ਰਿਹਾ ਹੈ। ਕਿਉਂਕਿ ਯੂਰਪੀਅਨ ਯੂਨੀਅਨ 'ਤੇ ਆਪਣੇ ਆਪ ਟੈਰਿਫ ਲਗਾ ਕੇ ਦਬਾਅ ਪਾਉਣਾ, ਚੀਨ 'ਤੇ 145 ਪ੍ਰਤੀਸ਼ਤ ਟੈਕਸ ਲਗਾਉਣਾ ਅਤੇ ਫਿਰ ਪਿੱਛੇ ਹਟਣਾ, ਸਾਰਿਆਂ ਨੂੰ ਟੈਰਿਫ ਅਲਟੀਮੇਟਮ ਦੇਣਾ ਸਹੀ ਨਹੀਂ ਹੈ। ਇਸ ਬਾਰੇ ਬ੍ਰਿਕਸ ਕਾਨਫਰੰਸ ਵਿੱਚ ਇੱਕ ਸਾਂਝਾ ਬਿਆਨ ਵੀ ਦਿੱਤਾ ਗਿਆ ਸੀ। ਕਿਉਂਕਿ ਟਰੰਪ ਰਾਸ਼ਟਰਪਤੀ ਬਣਨ ਤੋਂ ਬਾਅਦ ਤੋਂ ਹੀ ਆਪਣੀਆਂ ਨੀਤੀਆਂ ਅਤੇ ਬਿਆਨਾਂ ਲਈ ਸੁਰਖੀਆਂ ਵਿੱਚ ਰਹੇ ਹਨ। ਅੱਜ ਅਸੀਂ ਇਸ ਲੇਖ ਰਾਹੀਂ ਮੀਡੀਆ ਵਿੱਚ ਉਪਲੱਬਧ ਜਾਣਕਾਰੀ ਦੀ ਮੱਦਦ ਨਾਲ ਚਰਚਾ ਕਰਾਂਗੇ, ਟਰੰਪ ਦੀ ਟੈਰਿਫ ਯੁੱਧ ਨੇ ਉਨ੍ਹਾਂ ਨੂੰ ਹਾਸੇ ਦਾ ਪਾਤਰ ਬਣਾ ਦਿੱਤਾ - ਕੀ ਇਸ ਨਾਲ ਦੁਨੀਆਂ ਨਾਲ ਦੁਸ਼ਮਣੀ ਪੈਦਾ ਹੋਈ? - ਕੀ ਇਸ ਨਾਲ ਨੋਬਲ ਸ਼ਾਂਤੀ ਪੁਰਸਕਾਰ ਪ੍ਰਾਪਤ ਕਰਨ ਦੀਆਂ ਸੰਭਾਵਨਾਵਾਂ ਘੱਟ ਗਈਆਂ?

ਦੋਸਤੋ, ਜੇਕਰ ਅਸੀਂ 12 ਜੁਲਾਈ 2025 ਨੂੰ 1 ਅਗਸਤ 2025 ਤੋਂ ਮੈਕਸੀਕੋ ਅਤੇ ਯੂਰਪੀਅਨ ਯੂਨੀਅਨ 'ਤੇ 30 ਪ੍ਰਤੀਸ਼ਤ ਟੈਰਿਫ ਲਗਾਉਣ ਦੇ ਐਲਾਨ ਬਾਰੇ ਗੱਲ ਕਰੀਏ, ਤਾਂ ਉਸਨੇ ਆਪਣੇ ਸੋਸ਼ਲ ਮੀਡੀਆ ਹੈਂਡਲ ਰਾਹੀਂ ਇਸ ਸਬੰਧ ਵਿੱਚ ਮੈਕਸੀਕੋ ਅਤੇ ਯੂਰਪੀਅਨ ਯੂਨੀਅਨ ਨੂੰ ਲਿਖੇ ਪੱਤਰ ਸਾਂਝੇ ਕੀਤੇ। ਟਰੰਪ ਦੇ ਇਸ ਕਦਮ ਨਾਲ ਵਪਾਰ ਯੁੱਧ ਦੇ ਹੋਰ ਤੇਜ਼ ਹੋਣ ਦੀ ਸੰਭਾਵਨਾ ਵੱਧ ਗਈ ਹੈ, ਖਾਸ ਕਰਕੇ ਅਜਿਹੇ ਸਮੇਂ ਵਿੱਚ ਜਦੋਂ ਯੂਰਪੀਅਨ ਯੂਨੀਅਨ ਆਪਣੇ ਸਹਿਯੋਗੀ ਅਮਰੀਕਾ ਨਾਲ ਇੱਕ ਵਿਆਪਕ ਵਪਾਰ ਸਮਝੌਤੇ 'ਤੇ ਕੰਮ ਕਰ ਰਹੀ ਹੈ। 27 ਮੈਂਬਰੀ ਯੂਰਪੀਅਨ ਯੂਨੀਅਨ ਨੂੰ ਹੁਣ ਅਮਰੀਕੀ ਬਾਜ਼ਾਰਾਂ ਵਿੱਚ ਵੱਡੀਆਂ ਰੁਕਾਵਟਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਟਰੰਪ ਦਾ ਇਹ ਐਲਾਨ ਇਸ ਹਫ਼ਤੇ ਦੇ ਸ਼ੁਰੂ ਵਿੱਚ ਜਾਪਾਨ, ਦੱਖਣੀ ਕੋਰੀਆ, ਕੈਨੇਡਾ ਅਤੇ ਬ੍ਰਾਜ਼ੀਲ ਤੋਂ ਆਉਣ ਵਾਲੇ ਸਮਾਨ 'ਤੇ ਟੈਰਿਫ ਵਧਾਉਣ ਤੋਂ ਬਾਅਦ ਆਇਆ ਹੈ। ਉਸਨੇ ਇਨ੍ਹਾਂ ਦੇਸ਼ਾਂ ਤੋਂ ਤਾਂਬੇ ਦੇ ਆਯਾਤ 'ਤੇ 50 ਪ੍ਰਤੀਸ਼ਤ ਦਾ ਵੱਡਾ ਟੈਰਿਫ ਲਗਾਇਆ ਹੈ। ਯੂਰਪੀਅਨ ਯੂਨੀਅਨ ਕਮਿਸ਼ਨ ਦੇ ਪ੍ਰਧਾਨ ਨੇ ਅਮਰੀਕੀ ਰਾਸ਼ਟਰਪਤੀ ਟਰੰਪ ਦੇ ਫੈਸਲੇ 'ਤੇ ਕਿਹਾ, ਈਯੂ ਦੇ ਨਿਰਯਾਤ 'ਤੇ 30 ਪ੍ਰਤੀਸ਼ਤ ਟੈਰਿਫ ਐਟਲਾਂਟਿਕ ਦੇ ਦੋਵੇਂ ਪਾਸੇ ਕਾਰੋਬਾਰਾਂ, ਖਪਤਕਾਰਾਂ ਅਤੇ ਮਰੀਜ਼ਾਂ ਨੂੰ ਨੁਕਸਾਨ ਪਹੁੰਚਾਏਗਾ। ਅਸੀਂ 1 ਅਗਸਤ ਤੱਕ ਇੱਕ ਸਮਝੌਤੇ ਵੱਲ ਕੰਮ ਕਰਨਾ ਜਾਰੀ ਰੱਖਾਂਗੇ। ਇਸ ਦੇ ਨਾਲ ਹੀ ਅਸੀਂ 30 ਪ੍ਰਤੀਸ਼ਤ ਟੈਰਿਫ ਦੇ ਇਸ ਫੈਸਲੇ 'ਤੇ ਢੁੱਕਵੇਂ ਪ੍ਰਕਿਰਿਆਤਮਕ ਕਦਮ ਚੁੱਕਣ ਅਤੇ ਯੂਰਪੀਅਨ ਯੂਨੀਅਨ ਦੇ ਹਿੱਤਾਂ ਦੀ ਰੱਖਿਆ ਕਰਨ ਲਈ ਤਿਆਰ ਹਾਂ। ਪੱਤਰ ਵਿੱਚ ਕਿਹਾ ਗਿਆ ਹੈ ਕਿ ਮਜ਼ਬੂਤ ਸਬੰਧਾਂ ਦੇ ਬਾਵਜੂਦ, ਅਮਰੀਕਾ ਨੇ ਆਪਣੇ ਫੈਂਟਾਨਿਲ ਸੰਕਟ ਨਾਲ ਨਜਿੱਠਣ ਲਈ ਮੈਕਸੀਕੋ 'ਤੇ ਟੈਰਿਫ ਲਗਾਏ ਹਨ, ਜੋ ਕਿ ਅੰਸ਼ਕ ਤੌਰ 'ਤੇ ਮੈਕਸੀਕੋ ਵੱਲੋਂ ਕਾਰਟੈਲਾਂ ਨੂੰ ਰੋਕਣ ਵਿੱਚ ਅਸਫਲ ਰਹਿਣ ਕਾਰਨ ਕਿਹਾ ਗਿਆ ਸੀ। ਟਰੰਪ ਦੇ ਅਨੁਸਾਰ, ਮੈਕਸੀਕੋ ਮੇਰੀ ਸਰਹੱਦ ਨੂੰ ਸੁਰੱਖਿਅਤ ਕਰਨ ਵਿੱਚ ਮੱਦਦ ਕਰ ਰਿਹਾ ਹੈ, ਪਰ ਇਸ ਦੇਸ਼ ਨੇ ਜੋ ਕੀਤਾ ਹੈ ਉਹ ਕਾਫ਼ੀ ਨਹੀਂ ਹੈ। ਮੈਕਸੀਕੋ ਨੇ ਅਜੇ ਵੀ ਉਨ੍ਹਾਂ ਕਾਰਟੈਲਾਂ ਨੂੰ ਨਹੀਂ ਰੋਕਿਆ ਹੈ ਜੋ ਪੂਰੇ ਉੱਤਰੀ ਅਮਰੀਕਾ ਨੂੰ ਨਾਰਕੋ-ਤਸਕਰੀ ਦੇ ਮੈਦਾਨ ਵਿੱਚ ਬਦਲਣ ਦੀ ਕੋਸ਼ਿਸ਼ ਕਰ ਰਹੇ ਹਨ। ਸਪੱਸ਼ਟ ਤੌਰ 'ਤੇ, ਮੈਂ ਅਜਿਹਾ ਨਹੀਂ ਹੋਣ ਦਿਆਂਗਾ। ਅਮਰੀਕੀ ਰਾਸ਼ਟਰਪਤੀ ਟਰੰਪ ਨੇ ਮੈਕਸੀਕੋ ਅਤੇ ਯੂਰਪੀਅਨ ਯੂਨੀਅਨ (EU) 'ਤੇ 30 ਪ੍ਰਤੀਸ਼ਤ ਟੈਰਿਫ ਲਗਾਉਣ ਦਾ ਐਲਾਨ ਕੀਤਾ ਹੈ, ਇਨ੍ਹਾਂ ਦੇਸ਼ਾਂ 'ਤੇ ਟੈਰਿਫ 1 ਅਗਸਤ ਤੋਂ ਲਾਗੂ ਹੋਵੇਗਾ। ਇਸ ਤੋਂ ਪਹਿਲਾਂ ਟਰੰਪ ਅਮਰੀਕਾ ਦੇ ਸੱਤ ਛੋਟੇ ਵਪਾਰਕ ਭਾਈਵਾਲਾਂ ਨੂੰ ਟੈਰਿਫ ਪੱਤਰ ਭੇਜ ਚੁੱਕੇ ਹਨ, ਜਿਸ ਵਿੱਚ ਫਿਲੀਪੀਨਜ਼, ਬਰੂਨੇਈ, ਮੋਲਡੋਵਾ, ਅਲਜੀਰੀਆ, ਲੀਬੀਆ, ਇਰਾਕ ਅਤੇ ਸ਼੍ਰੀਲੰਕਾ






ਵਰਗੇ ਦੇਸ਼ ਸ਼ਾਮਲ ਹਨ।

ਦੋਸਤੋ, ਜੇਕਰ ਅਸੀਂ ਬ੍ਰਾਜ਼ੀਲ ਵਿੱਚ ਦੋ-ਰੋਜ਼ਾ ਬ੍ਰਿਕਸ ਸੰਮੇਲਨ ਦੇ ਸਾਂਝੇ ਬਿਆਨ 'ਤੇ ਟਰੰਪ ਦੇ ਗੁੱਸੇ ਭਰੇ ਬਿਆਨ ਦੀ ਗੱਲ ਕਰੀਏ, ਤਾਂ ਇੱਕ ਸਾਂਝੇ ਬਿਆਨ ਵਿੱਚ, ਪ੍ਰਧਾਨ ਮੰਤਰੀ ਸਮੇਤ ਬ੍ਰਿਕਸ ਨੇਤਾਵਾਂ ਨੇ ਕਿਹਾ ਕਿ ਅਸੀਂ ਇੱਕਪਾਸੜ ਟੈਰਿਫ ਅਤੇ ਗੈਰ-ਟੈਰਿਫ ਉਪਾਵਾਂ ਵਿੱਚ ਵਾਧੇ 'ਤੇ ਗੰਭੀਰ ਚਿੰਤਾ ਪ੍ਰਗਟ ਕਰਦੇ ਹਾਂ ਜੋ ਵਪਾਰ ਨੂੰ ਵਿਗਾੜਦੇ ਹਨ ਅਤੇ WTO ਦੇ ਨਿਯਮਾਂ ਦੇ ਅਨੁਸਾਰ ਨਹੀਂ ਹਨ। ਬਿਆਨ ਵਿੱਚ ਵਿਸ਼ਵ ਵਪਾਰ ਵਿੱਚ ਟੈਰਿਫ ਦੀ ਵੱਧ ਰਹੀ ਵਰਤੋਂ ਦਾ ਵੀ ਜ਼ਿਕਰ ਕੀਤਾ ਗਿਆ ਸੀ। ਹਾਲਾਂਕਿ ਇਸ ਸਮੇਂ ਦੌਰਾਨ ਕੋਈ ਨਾਮ ਨਹੀਂ ਲਿਆ ਗਿਆ, ਪਰ ਹਰ ਕੋਈ ਜਾਣਦਾ ਹੈ ਕਿ ਅਮਰੀਕਾ ਬਾਰੇ ਗੱਲ ਕੀਤੀ ਜਾ ਰਹੀ ਹੈ। ਇਸ ਤੋਂ ਇਲਾਵਾ, ਬ੍ਰਿਕਸ ਦੇ ਸਾਂਝੇ ਬਿਆਨ ਵਿੱਚ ਚੇਤਾਵਨੀ ਦਿੱਤੀ ਗਈ ਸੀ, ਕਿ ਟੈਰਿਫ ਦੀ ਲਗਾਤਾਰ ਅੰਨ੍ਹੇਵਾਹ ਵਰਤੋਂ ਵਿਸ਼ਵ ਵਪਾਰ ਨੂੰ ਘਟਾ ਸਕਦੀ ਹੈ। ਇਸ ਤੋਂ ਇਲਾਵਾ, ਗਲੋਬਲ ਸਪਲਾਈ ਚੇਨ ਵਿੱਚ ਵਿਘਨ ਪੈ ਸਕਦਾ ਹੈ, ਅਤੇ ਅੰਤਰਰਾਸ਼ਟਰੀ ਆਰਥਿਕ ਅਤੇ ਵਪਾਰਕ ਗਤੀਵਿਧੀਆਂ ਵਿੱਚ ਅਨਿਸ਼ਚਿਤਤਾ ਪੈਦਾ ਹੋ ਸਕਦੀ ਹੈ, ਜੋ ਮੌਜੂਦਾ ਆਰਥਿਕ ਅਸਮਾਨਤਾਵਾਂ ਨੂੰ ਹੋਰ ਵਧਾ ਸਕਦੀ ਹੈ। ਤਹਿਰਾਨ ਹੁਣ ਇਸ ਸੰਗਠਨ ਦਾ ਪੂਰਾ ਮੈਂਬਰ ਹੈ ਅਤੇ ਇਹ ਲਾਜ਼ਮੀ ਸੀ ਕਿ ਸਾਂਝੇ ਬਿਆਨ ਵਿੱਚ ਇਜ਼ਰਾਈਲ ਨਾਲ ਫੌਜੀ ਟਕਰਾਅ ਅਤੇ ਅਮਰੀਕਾ ਦੁਆਰਾ ਈਰਾਨ ਦੇ ਪ੍ਰਮਾਣੂ ਸਥਾਪਨਾਵਾਂ 'ਤੇ ਬੰਬਾਰੀ ਦਾ ਜ਼ਿਕਰ ਕੀਤਾ ਗਿਆ ਸੀ। ਹੁਣ ਸਵਾਲ ਇਹ ਹੈ ਕਿ ਟਰੰਪ ਬ੍ਰਿਕਸ ਨੂੰ ਕਿਉਂ ਨਿਸ਼ਾਨਾ ਬਣਾ ਰਹੇ ਹਨ? ਪੱਛਮ ਦੇ ਅਰਥਸ਼ਾਸਤਰੀ ਅਤੇ ਨੀਤੀ ਵਿਸ਼ਲੇਸ਼ਕ ਇਸ ਬਾਰੇ ਜੋ ਵੀ ਕਹਿਣ, ਅਜਿਹਾ ਲਗਦਾ ਹੈ ਕਿ ਇਹ ਸਮੂਹ ਆਪਣੇ ਸਮੱਰਥਕਾਂ ਨੂੰ ਇਕੱਠਾ ਕਰ ਰਿਹਾ ਹੈ ਅਤੇ ਅਮਰੀਕਾ ਅਤੇ ਹੋਰ ਰਵਾਇਤੀ ਸ਼ਕਤੀਆਂ ਲਈ ਇੱਕ ਚੁਣੌਤੀ ਵਜੋਂ ਉੱਭਰ ਰਿਹਾ ਹੈ। ਉਦਾਹਰਣ ਵਜੋਂ, ਇਹ ਅੰਤਰਰਾਸ਼ਟਰੀ ਵਪਾਰ ਲਈ ਡਾਲਰ ਨੂੰ ਪਸੰਦੀਦਾ ਮੁਦਰਾ ਵਜੋਂ ਹਟਾਉਣ ਲਈ ਜ਼ੋਰ ਦੇ ਰਿਹਾ ਹੈ। ਇਸ ਤੋਂ ਇਲਾਵਾ, ਨਵੇਂ ਵਿਕਾਸ, ਵਿਕਾਸਸ਼ੀਲ ਅਤੇ ਘੱਟ ਵਿਕਸਤ ਅਰਥਚਾਰਿਆਂ 'ਤੇ ਇਸਦੇ ਵਧਦੇ ਪ੍ਰਭਾਵ ਕਾਰਨ, ਅਮਰੀਕਾ ਅਤੇ ਹੋਰ ਪੱਛਮੀ ਦੇਸ਼ਾਂ ਲਈ ਸੌਦੇ ਕਰਦੇ ਸਮੇਂ ਸ਼ਰਤਾਂ ਨਿਰਧਾਰਤ ਕਰਨਾ ਮੁਸ਼ਕਲ ਹੋ ਗਿਆ ਹੈ। ਬ੍ਰਿਕਸ ਦੀ ਸਥਾਪਨਾ 2009 ਵਿੱਚ ਹੋਈ ਸੀ, ਇਥੋਪੀਆ, ਸੰਯੁਕਤ ਅਰਬ ਅਮੀਰਾਤ ਅਤੇ ਈਰਾਨ ਅਤੇ ਇੰਡੋਨੇਸ਼ੀਆ ਵੀ 2025 ਵਿੱਚ ਇਸ ਵਿੱਚ ਸ਼ਾਮਲ ਹੋਣਗੇ। 6 ਮਹੀਨੇ ਪਹਿਲਾਂ, ਜਦੋਂ ਸਮੂਹ ਦੇ ਦੇਸ਼ਾਂ ਨੇ ਬ੍ਰਿਕਸ ਮੁਦਰਾ ਬਾਰੇ ਇੱਕ ਵੱਡਾ ਐਲਾਨ ਕੀਤਾ ਸੀ ਅਤੇ ਡਾਲਰ ਨੂੰ ਚੁਣੌਤੀ ਦੇਣ ਦੀ ਗੱਲ ਕੀਤੀ ਸੀ, ਉਸ ਸਮੇਂ ਵੀ ਟਰੰਪ ਨੇ ਗੁੱਸਾ ਜ਼ਾਹਰ ਕੀਤਾ ਸੀ। ਟਰੰਪ ਨੇ ਕਿਹਾ ਸੀ ਕਿ ਅਜਿਹੇ ਦੇਸ਼ਾਂ 'ਤੇ 100 ਪ੍ਰਤੀਸ਼ਤ ਟੈਰਿਫ ਲਗਾਇਆ ਜਾਵੇਗਾ। ਇੱਕ ਪਾਸੇ ਟਰੰਪ ਧਮਕੀਆਂ ਦੇ ਰਿਹਾ ਹੈ, ਦੂਜੇ ਪਾਸੇ, ਉਨ੍ਹਾਂ ਦੀਆਂ ਧਮਕੀਆਂ ਕਾਰਨ, ਬ੍ਰਿਕਸ ਦੇਸ਼ਾਂ ਦੇ ਸਬੰਧ ਮਜ਼ਬੂਤ ਹੁੰਦੇ ਜਾ ਰਹੇ ਹਨ।

ਦੋਸਤੋ, ਜੇਕਰ ਅਸੀਂ ਅਮਰੀਕੀ ਵਿਦੇਸ਼ ਵਿਭਾਗ ਦੇ 1300 ਤੋਂ ਵੱਧ ਕਰਮਚਾਰੀਆਂ ਦੀ ਛਾਂਟੀ ਦੀ ਗੱਲ ਕਰੀਏ ਤਾਂ ਅਮਰੀਕਾ ਵਿੱਚ, ਟਰੰਪ ਪ੍ਰਸ਼ਾਸਨ ਦੇ ਸੰਘੀ ਕਰਮਚਾਰੀਆਂ ਦੀ ਗਿਣਤੀ ਘਟਾਉਣ ਦੇ ਯਤਨਾਂ ਦੇ ਹਿੱਸੇ ਵਜੋਂ, ਵਿਦੇਸ਼ ਵਿਭਾਗ ਦੇ 1,000 ਤੋਂ ਵੱਧ ਕਰਮਚਾਰੀਆਂ ਨੂੰ ਨੌਕਰੀ ਤੋਂ ਕੱਢ ਦਿੱਤਾ ਗਿਆ ਹੈ। ਸਥਾਨਕ ਮੀਡੀਆ ਦੇ ਅਨੁਸਾਰ, ਇਸ ਅਣਇੱਛਤ ਛਾਂਟੀ ਵਿੱਚ 1,107 ਸਿਵਲ ਸੇਵਾ ਅਤੇ 246 ਵਿਦੇਸ਼ੀ ਸੇਵਾ ਕਰਮਚਾਰੀ ਸ਼ਾਮਲ ਹਨ। ਇਸ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਅਮਰੀਕੀ ਸ਼ਰਨਾਰਥੀ ਦਾਖਲਾ ਦਫਤਰ ਦੇ ਲਗਭਗ ਸਾਰੇ ਸਿਵਲ ਸੇਵਾ ਕਰਮਚਾਰੀਆਂ ਨੂੰ ਨੌਕਰੀ ਤੋਂ ਕੱਢ ਦਿੱਤਾ ਗਿਆ ਹੈ। ਸੰਘੀ ਸਰਕਾਰ ਦੇ ਵਿਆਪਕ ਪੁਨਰਗਠਨ ਯਤਨਾਂ ਦੇ ਹਿੱਸੇ ਵਜੋਂ, ਇਸ ਸਾਲ ਦੇ ਸ਼ੁਰੂ ਵਿੱਚ ਵਿਦੇਸ਼ ਵਿਭਾਗ ਦੇ 1,500 ਤੋਂ ਵੱਧ ਕਰਮਚਾਰੀਆਂ ਨੇ ਸਵੈ-ਇੱਛਾ ਨਾਲ ਆਪਣੀਆਂ ਨੌਕਰੀਆਂ ਛੱਡ ਦਿੱਤੀਆਂ ਸਨ। ਇਹ ਛਾਂਟੀ ਸੁਪਰੀਮ ਕੋਰਟ ਦੇ ਉਸ ਫੈਸਲੇ ਤੋਂ ਕੁਝ ਦਿਨ ਬਾਅਦ ਆਈ ਹੈ, ਜਿਸ ਵਿੱਚ ਕਿਹਾ ਗਿਆ ਸੀ ਕਿ ਟਰੰਪ ਪ੍ਰਸ਼ਾਸਨ ਦੀ ਸੰਘੀ ਕਰਮਚਾਰੀਆਂ ਦੀ ਗਿਣਤੀ ਘਟਾਉਣ ਦੀ ਯੋਜਨਾ ਅੱਗੇ ਵੱਧ ਸਕਦੀ ਹੈ। ਅਮਰੀਕਾ ਵਿੱਚ ਸੰਘੀ ਸਰਕਾਰ ਵਿੱਚ ਛਾਂਟੀ ਨੂੰ ਸੁਪਰੀਮ ਕੋਰਟ ਵਿੱਚ ਵੀ ਚੁਣੌਤੀ ਦਿੱਤੀ ਗਈ ਸੀ, ਪਰ ਸੁਪਰੀਮ ਕੋਰਟ ਨੇ ਛਾਂਟੀ ਜਾਰੀ ਰੱਖਣ ਦੇ ਹੱਕ ਵਿੱਚ ਫੈਸਲਾ ਸੁਣਾਇਆ। ਅਮਰੀਕੀ ਵਿਦੇਸ਼ ਵਿਭਾਗ ਦੇ ਡਿਪਟੀ ਸੈਕਟਰੀ ਨੇ ਕਿਹਾ ਕਿ ਜਿਨ੍ਹਾਂ ਕਰਮਚਾਰੀਆਂ ਨੂੰ ਛਾਂਟੀ ਕੀਤੀ ਜਾਵੇਗੀ, ਉਨ੍ਹਾਂ ਨੂੰ ਜਲਦੀ ਹੀ ਸੂਚਿਤ ਕੀਤਾ ਜਾਵੇਗਾ। ਇਹ ਅਜੇ ਸਪੱਸ਼ਟ ਨਹੀਂ ਹੈ ਕਿ ਵਿਦੇਸ਼ ਮੰਤਰਾਲੇ ਤੋਂ ਕਿੰਨੇ ਲੋਕਾਂ ਨੂੰ ਕੱਢਿਆ ਜਾਵੇਗਾ। ਵਿਦੇਸ਼ ਮੰਤਰਾਲੇ ਨੇ ਮਈ ਵਿੱਚ ਕਾਂਗਰਸ ਨੂੰ ਛਾਂਟੀ ਅਤੇ ਪੁਨਰਗਠਨ ਬਾਰੇ ਸੂਚਿਤ ਕੀਤਾ ਸੀ। ਵਿਦੇਸ਼ ਮੰਤਰਾਲੇ ਨੇ ਇਹ ਵੀ ਕਿਹਾ ਕਿ ਪਿਛਲੀ ਸਰਕਾਰ ਦੁਆਰਾ ਚਲਾਏ ਗਏ ਪ੍ਰੋਗਰਾਮਾਂ ਵਿੱਚ ਕਟੌਤੀ ਕੀਤੀ ਜਾਵੇਗੀ।

ਦੋਸਤੋ, ਜੇਕਰ ਅਸੀਂ ਅਫਰੀਕੀ ਦੇਸ਼ਾਂ ਦੇ ਤਿੰਨ-ਰੋਜ਼ਾ ਸੰਮੇਲਨ ਵਿੱਚ ਟਰੰਪ ਦੁਆਰਾ ਪ੍ਰਿੰਸੀਪਲ ਦੀ ਭੂਮਿਕਾ ਨਿਭਾਉਣ ਦੀ ਗੱਲ ਕਰੀਏ, ਤਾਂ ਰਾਸ਼ਟਰਪਤੀ ਟਰੰਪ ਨੇ ਵ੍ਹਾਈਟ ਹਾਊਸ ਵਿੱਚ 5 ਅਫਰੀਕੀ ਦੇਸ਼ਾਂ ਦੇ ਮੁਖੀਆਂ ਨਾਲ ਤਿੰਨ-ਰੋਜ਼ਾ ਸੰਮੇਲਨ ਸ਼ੁਰੂ ਕੀਤਾ। ਇਹ 5 ਦੇਸ਼ ਗੈਬਨ, ਗਿਨੀ-ਬਿਸਾਉ, ਲਾਇਬੇਰੀਆ, ਮੌਰੀਤਾਨੀਆ ਅਤੇ ਸੇਨੇਗਲ ਹਨ। 9 ਜੁਲਾਈ ਨੂੰ ਹੋਈ ਇਸ ਮੀਟਿੰਗ ਵਿੱਚ, ਰਾਸ਼ਟਰਪਤੀ ਟਰੰਪ ਨੇ ਸਕੂਲੀ ਬੱਚਿਆਂ ਦੀ ਇੱਕ ਕਲਾਸ ਵਿੱਚ ਬੈਠੇ ਇੱਕ ਪ੍ਰਿੰਸੀਪਲ ਵਾਂਗ ਵਿਵਹਾਰ ਕੀਤਾ। ਉਸਨੇ ਪਹਿਲਾਂ ਮੌਰੀਤਾਨੀਆ ਦੇ ਰਾਸ਼ਟਰਪਤੀ ਨੂੰ ਆਪਣਾ ਦ੍ਰਿਸ਼ਟੀਕੋਣ ਪੇਸ਼ ਕਰਨ ਦਾ ਮੌਕਾ ਦਿੱਤਾ। ਪਰ ਆਪਣਾ ਬਿਆਨ ਸ਼ੁਰੂ ਹੋਣ ਤੋਂ ਥੋੜ੍ਹੀ ਦੇਰ ਬਾਅਦ, ਰਾਸ਼ਟਰਪਤੀ ਡੋਨਾਲਡ ਟਰੰਪ ਬੇਚੈਨ ਹੋ ਗਏ। ਰਾਸ਼ਟਰਪਤੀ ਟਰੰਪ ਨੇ ਮੌਰੀਤਾਨੀਆ ਦੇ ਰਾਸ਼ਟਰਪਤੀ ਨੂੰ ਆਪਣੇ ਹੱਥਾਂ ਨਾਲ ਇਸ਼ਾਰਾ ਕਰਕੇ ਆਪਣਾ ਭਾਸ਼ਣ ਜਲਦੀ ਖਤਮ ਕਰਨ ਦਾ ਸੰਕੇਤ ਦਿੱਤਾ। ਪਰ ਇਸ ਤੋਂ ਬਾਅਦ ਵੀ, ਮੌਰੀਤਾਨੀਆ ਦੇ ਰਾਸ਼ਟਰਪਤੀ ਆਪਣੇ ਦੇਸ਼ ਦੀਆਂ ਸਮੱਸਿਆਵਾਂ ਬਾਰੇ ਦੱਸਦੇ ਰਹੇ। ਸ਼ਾਇਦ ਉਹ ਅਮਰੀਕਾ ਤੋਂ ਕੁਝ ਮਦਦ ਚਾਹੁੰਦੇ ਹੋਣਗੇ। ਅਤੇ ਫਿਰ ਰਾਸ਼ਟਰਪਤੀ ਟਰੰਪ ਨੇ ਆਪਣਾ ਸਿਰ ਹਿਲਾਇਆ ਅਤੇ ਦੁਬਾਰਾ ਫਿਰ ਆਪਣੇ ਹੱਥਾਂ ਨਾਲ ਇਸ਼ਾਰਾ ਕੀਤਾ ਅਤੇ ਇਸ ਵਾਰ ਉਸਦੀ ਚਿੜਚਿੜੇਪਨ ਨੂੰ ਦੇਖ ਕੇ, ਮੌਰੀਤਾਨੀਆ ਦੇ ਰਾਸ਼ਟਰਪਤੀ ਅਚਾਨਕ ਚੁੱਪ ਹੋ ਗਏ। ਅਮਰੀਕੀ ਰਾਸ਼ਟਰਪਤੀ ਟਰੰਪ ਗਲੋਬਲ ਸਾਊਥ ਨਾਲ ਕਿਵੇਂ ਵਿਵਹਾਰ ਕਰਦੇ ਹਨ। ਜਦੋਂ ਕਿ ਸਾਡੇ ਪ੍ਰਧਾਨ ਮੰਤਰੀ ਹਮੇਸ਼ਾ ਇਨ੍ਹਾਂ ਦੇਸ਼ਾਂ ਦੀ ਮਦਦ ਲਈ ਖੜ੍ਹੇ ਹੁੰਦੇ ਹਨ, ਉਨ੍ਹਾਂ ਦੇ ਦੁੱਖ-ਸੁੱਖ ਦਾ ਧਿਆਨ ਰੱਖਦੇ ਹਨ ਅਤੇ ਅੰਤਰਰਾਸ਼ਟਰੀ ਮੰਚਾਂ 'ਤੇ ਗਲੋਬਲ ਸਾਊਥ ਦੇ ਮੁੱਦਿਆਂ ਨੂੰ ਵੀ ਉਠਾਉਂਦੇ ਹਨ, ਜਿਨ੍ਹਾਂ ਨੂੰ ਪੱਛਮੀ ਦੇਸ਼ ਅੱਜ ਤੱਕ ਨਜ਼ਰਅੰਦਾਜ਼ ਕਰਦੇ ਆ ਰਹੇ ਹਨ। ਇਸ ਲਈ ਜੇਕਰ ਅਸੀਂ ਉਪਰੋਕਤ ਵੇਰਵਿਆਂ ਦਾ ਅਧਿਐਨ ਅਤੇ ਵਿਸ਼ਲੇਸ਼ਣ ਕਰੀਏ, ਤਾਂ ਅਸੀਂ ਪਾਵਾਂਗੇ ਕਿ ਟਰੰਪ ਦੀ ਟੈਰਿਫ ਯੁੱਧ ਨੇ ਦੁਨੀਆਂ ਨੂੰ ਹਸਾਇਆ ਹੈ - ਕੀ ਇਸ ਨਾਲ ਦੁਨੀਆਂ ਨਾਲ ਦੁਸ਼ਮਣੀ ਪੈਦਾ ਹੋਈ ਹੈ? - ਨੋਬਲ ਸ਼ਾਂਤੀ ਪੁਰਸਕਾਰ ਪ੍ਰਾਪਤ ਕਰਨ ਦੀਆਂ ਸੰਭਾਵਨਾਵਾਂ ਘੱਟ ਗਈਆਂ ਹਨ? ਟਰੰਪ ਰਾਸ਼ਟਰਪਤੀ ਬਣਨ ਤੋਂ ਬਾਅਦ ਹੀ ਆਪਣੀਆਂ ਨੀਤੀਆਂ ਅਤੇ ਬਿਆਨਾਂ ਲਈ ਖ਼ਬਰਾਂ ਵਿੱਚ ਹਨ, ਉਸਨੇ ਅਮਰੀਕਨ ਫਸਟ ਲਈ ਤਿਆਰੀ ਕਰ ਲਈ ਹੈ - ਦੁਨੀਆਂ ਦੇ ਦੇਸ਼ਾਂ ਦੀਆਂ ਵਪਾਰ ਨੀਤੀਆਂ ਫਸੀਆਂ ਹੋਈਆਂ ਹਨ - ਬ੍ਰਿਕਸ ਦੇਸ਼, ਯੂਰਪੀਅਨ ਯੂਨੀਅਨ, ਅਫਰੀਕੀ ਦੇਸ਼, ਗਲੋਬਲ ਸਾਊਥ, ਛਾਂਟੀ ਲਈ ਘਿਰੇ ਹੋਏ ਹਨ। ਮੇਰੀ ਰਾਇ ਵਿੱਚ, ਇਹ ਸਭ ਤੋਂ ਮੁਸ਼ਕਲ ਸਥਿਤੀ ਹੋਵੇਗੀ।

# ਸ਼ਤਾਬਦੀਆਂ ਇਵੇਂ ਮਨਾਈਏ !



ਡਾ. ਕੁਲਵੰਤ ਕੌਰ
ਮੋ: 98156-20515

ਏਸ਼ੀਆ ਮਹਾਂਦੀਪ ਵਿਚ ਹੀ ਨਹੀਂ ਸਗੋਂ ਸਮੁੱਚੇ ਮਾਨਵੀ ਸੰਸਾਰ 'ਚ ਵਿਚਾਰਧਾਰਕ ਇਨਕਲਾਬ ਲਿਆਉਣ ਵਾਲੇ ਗੁਰੂ ਸਾਹਿਬਾਨ ਨਾਲ ਸਬੰਧਤ ਬਹੁਤ ਸਾਰੀਆਂ ਸ਼ਤਾਬਦੀਆਂ ਤੇ ਅਰਧ ਸ਼ਤਾਬਦੀਆਂ ਸਾਡੀਆਂ ਬੂਹਾਂ 'ਤੇ ਦਸਤਕ ਦੇ ਕੇ ਗੁਜ਼ਰ ਚੁੱਕੀਆਂ ਹਨ ਅਤੇ ਅਨੇਕ, ਇਸ ਵੇਲੇ ਢੁੱਕਣ ਵਾਲੀਆਂ ਹਨ। ਸਾਡੇ ਮਹਾਂਪੁਰਖ, ਓਹ ਰਹਿਬਰ ਸਨ, ਜਿਨ੍ਹਾਂ ਦਾ ਫ਼ਲਸਫ਼ਾ ਬ੍ਰਹਿਮੰਡੀ ਦ੍ਰਿਸ਼ਟੀਕੋਣ ਵਿਆਪਕ ਅਤੇ ਸੋਚ ਸਰਬੱਤ ਦੇ ਭਲੇ ਲਈ ਸੀ। ਮਨੁੱਖਾ ਇਤਿਹਾਸ ਅਤੇ ਧਰਮਾਂ ਦੀ ਦੁਨੀਆ ਦਾ ਇਕੋ ਇਕ ਉਦਾਹਰਨ ਜਿੱਥੇ ਇਕੋ ਜੋਤ ਦੇ ਦਸ ਜਾਮੇ, ਨਿਰੰਤਰ ਇਨਸਾਨੀ ਰੂਪ ਵਿਚ, ਇਸ ਸੰਸਾਰ ਵਿਚ ਜਨਮੇ ਤੇ ਵਿਚਰੇ। ਫਲਸਰੂਪ, ਇਸ ਦੇਸ਼ ਵਿਚ ਪਏ ਕੋਹੜ ਦਾ ਇਲਾਜ ਕਰਨ ਲਈ ਚਹੁੰਆਂ ਦਿਸ਼ਾਵਾਂ ਵਿਚ ਘੁੰਮੇ :

ਕਲਿ ਕਾਤੀ ਰਾਜੇ ਕਾਸਾਈ
ਧਰਮ ਪੰਖ ਕਰ ਉਡਰਿਆ।
ਕੂੜ ਅਮਾਵਸ ਸਚ ਚੰਦਰਮਾ
ਦੀਸੈ ਨਾਹੀ ਕਹ ਚੜਿਆ
ਹਉ ਭਾਲਿ ਵਿਕੁੰਨੀ ਹੋਈ
ਅਧੇਰੈ ਰਾਹ ਨਾ ਕੋਈ।

ਇਕ ਐਡੇ ਸਥਾਪਤ, ਵਿਸ਼ਾਲ ਤੇ ਡਾਹਢੇ ਰਾਜ ਭਾਗ ਨਾਲ ਟੱਕਰ ਲੈ ਕੇ ਅੰਦਰਲੇ ਵਿਲਾਸੀ ਤੇ ਕਮਜ਼ੋਰ ਸ਼ਾਸਕਾਂ ਨੂੰ ਖਰੀਆਂ-ਖਰੀਆਂ ਸੁਣਾਉਣ ਤੇ ਪ੍ਰੇਰਨ ਵਾਲੇ ਸਾਡੇ ਇਹ ਰਹਿਬਰ ਹੀ ਇਹ ਕਹਿਣ ਦੇ ਸਮਰੱਥ ਸਨ :-

ਰਾਜੇ ਸ਼ੀਹ ਮੁਕਦਮ ਕੁੱਤੇ
ਜਾਇ ਜਗਾਇਨ ਬੈਠੇ ਸੁੱਤੇ।

ਇੰਝ, ਸਾਡੇ ਮੌਜੂਦਾ ਹਾਕਮਾਂ ਵੱਲੋਂ ਇਹ ਦਾਅਵਾ ਕੱਤਈ ਸਹੀ ਨਹੀਂ ਕਿ ਆਰ.ਐਸ., ਭਾਰਤ ਦੇ ਅਮਰ ਸੱਭਿਆਚਾਰ ਦਾ ਬੋਹੜ ਹੈ, ਬਲਕਿ ਇਸ ਦੇਸ਼ ਦੇ ਅਮਰ ਸਭਿਆਚਾਰ ਦਾ ਬੋਹੜ ਗੁਰੂ ਪਾਤਿਸ਼ਾਹੀਆਂ ਹਨ, ਜਿਨ੍ਹਾਂ ਨੇ ਸਦੀਆਂ ਤੱਕ ਵਿਚਾਰਧਾਰਕ ਕ੍ਰਾਂਤੀ ਲਿਆਂਦੀ, ਕਰਮ ਕਾਂਡਾਂ ਨੂੰ ਭੰਡਿਆ, ਦੰਭੀ ਸੰਸਕਾਰਾਂ ਦੀ ਨਿਖੇਧੀ ਕੀਤੀ, ਭਰਮ ਭੁਲੇਖਿਆਂ ਦਾ ਨਿਵਾਰਣ ਕੀਤਾ ਅਤੇ ਸਾਫ਼, ਸਫ਼ਾਫ਼ ਤੇ ਸਚਿਆਰ ਜੀਵਨ ਜੁਗਤੀ ਬਖਸ਼ ਕੇ, ਜਿਉਂਦੇ ਜੀਅ ਮੁਕਤੀ ਦਾ ਰਾਹ ਦੱਸਿਆ

1469 ਤੋਂ ਇਸ ਭੂੰ-ਖੰਡ ਨੂੰ ਪਵਿੱਤਰ ਕਰਨ ਆਏ ਸਤਿਗੁਰੂ ਸਾਹਿਬਾਨ ਦੀਆਂ ਮੁਬਾਰਕ ਜਨਮ ਸ਼ਤਾਬਦੀਆਂ ਨੂੰ ਜਨਤਕ ਤੌਰ 'ਤੇ ਮਨਾਉਣ ਦਾ ਇਤਿਹਾਸ, ਲੱਗਭੱਗ ਅੱਧੀ ਕੁ ਸਦੀ ਪੁਰਾਣਾ ਹੈ, ਜਦੋਂ ਪਹਿਲੀ ਵਾਰ 1966 ਵਿਚ, ਦਸਵੇਂ ਨਾਨਕ (ਸ੍ਰੀ ਗੁਰੂ ਗੋਬਿੰਦ ਸਿੰਘ ਜੀ) ਦੀ ਤੀਸਰੀ ਪ੍ਰਕਾਸ਼ ਸ਼ਤਾਬਦੀ, ਇੰਗਲੈਂਡ ਤੋਂ ਲਿਆਂਦੇ, ਉਨ੍ਹਾਂ ਦੇ ਸ਼ਸਤਰਾਂ ਦੇ ਪਾਵਨ ਦਰਸ਼ਨ ਪਿੰਡ-ਪਿੰਡ ਸ਼ਹਿਰ-ਸ਼ਹਿਰ ਕਰਵਾਏ ਗਏ। ਇਸ ਸ਼ਤਾਬਦੀ ਨੇ ਪਹਿਲੀ ਵਾਰ ਯਾਦਾਂ ਦੀ ਪਟਾਰੀ ਵਿਚ ਆਪਣੀ ਥਾਂ ਬਣਾਈ ਸੀ। ਫੇਰ 1969 ਵਿਚ ਆਈ ਪੰਜਵੀਂ ਸ਼ਤਾਬਦੀ-ਨਿਰੰਕਾਰੀ ਜੋਤ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਜਿਸ ਦੀ ਅਮਰ ਤੇ ਅਮਿਟ ਯਾਦ ਹੈ। ਗੁਰੂ ਨਾਨਕ ਦੇਵ ਯੂਨੀਵਰਸਿਟੀ ਜੋ 1969 ਵਿਚ ਸਥਾਪਤ ਕੀਤੀ ਗਈ ਸੀ (ਇਨ੍ਹਾਂ ਸਤਰਾਂ ਦੀ ਲੇਖਿਕਾ ਨੇ 1982 ਵਿਚ ਇਸੇ ਯੂਨੀਵਰਸਿਟੀ ਤੋਂ ਪੀਐਚ.ਡੀ. ਕੀਤੀ ਸੀ)।

1999 ਤੱਕ ਹੋਰ ਵੀ ਗੁਰੂ ਸਾਹਿਬਾਨ ਨਾਲ ਸਬੰਧਤ ਸ਼ਤਾਬਦੀਆਂ ਆਈਆਂ ਤੇ ਮਨਾਈਆਂ ਵੀ ਜਾਂਦੀਆਂ ਰਹੀਆਂ, ਪਰ ਖ਼ਾਲਸਾ ਸਿਰਜਣਾ ਦੀ ਤੀਜੀ ਸ਼ਤਾਬਦੀ, ਜਿਸ ਜਾਹੋ ਜਲਾਲ, ਧੂਮ-ਧਾਮ ਅਤੇ ਅਕੀਦਤ ਨਾਲ ਮਨਾਈ ਗਈ, ਉਹ ਜਿਉਂਦੇ ਜਾਗਦੇ ਇਤਿਹਾਸ ਦਾ ਇਕ ਵਿਲੱਖਣ ਵਰਤਾਰਾ, ਅਨੂਠਾ ਅਹਿਸਾਸ ਅਤੇ ਨਿਵੇਕਲਾ ਹੀ ਉੱਦਮ ਸੀ ਕਿ ਰੋਪੜ ਤੋਂ ਸ੍ਰੀ ਅਨੰਦਪੁਰ ਸਾਹਿਬ ਪਹੁੰਚਣ ਲਈ ਛੇ-ਛੇ ਘੰਟੇ ਦਾ ਸਮਾਂ ਲਗਦਾ ਰਿਹਾ- ਮਾਨੋਂ ਸਾਰਾ ਭਾਰਤ, ਇਸ ਪਾਕਿ ਪਵਿੱਤਰ ਤਖ਼ਤ ਦੇ ਦਰਸ਼ਨਾਂ ਲਈ ਉਮੜ ਪਿਆ ਹੋਵੇ। ਸ੍ਰੀ ਅਟੱਲ ਬਿਹਾਰੀ ਵਾਜਪਾਈ (ਪ੍ਰਧਾਨ ਮੰਤਰੀ) ਦੀ ਸਮੁੱਚੀ ਵਜ਼ਾਰਤ ਇਥੇ ਨੱਤਮਸਤਕ ਹੋਣ ਪਹੁੰਚੀ ਸੀ ਤੇ ਮਾਤਾ ਸਾਹਿਬ ਕੌਰ ਸੈਮੀਨਾਰ ਵਿਚ, ਬੀਬੀ ਜਗੀਰ ਕੌਰ ਦੀ ਪ੍ਰਧਾਨਗੀ ਹੇਠ ਪੂਰੇ ਵਿਸ਼ਵ ਦੀਆਂ ਪੰਜ ਸਿੱਖ ਔਰਤਾਂ ਦਾ ਸਨਮਾਨ ਕੀਤਾ ਗਿਆ (ਜਿਨ੍ਹਾਂ ਵਿਚ ਦਾਸਰੀ ਵੀ ਇਕ ਸੀ) ਜਿਵੇਂ ਖ਼ਾਲਸੇ ਦੀ ਸਿਰਜਣਾ ਸਮੁੱਚੇ ਸੰਸਾਰ ਦੀ ਇਕ ਅਸਲੋਂ ਅਲੱਗ, ਅਨੂਠੀ ਤੇ ਅਮਰ ਘਟਨਾ ਸੀ, ਤਿਵੇਂ ਹੀ ਇਹ ਸ਼ਤਾਬਦੀ ਵੀ ਪੂਰੀ ਪਵਿੱਤਰਤਾ, ਸਜਗਤਾ ਅਤੇ ਅਕੀਦਤ ਨਾਲ ਮਨਾਈ ਗਈ- ਥਾਂ-ਥਾਂ ਕੀਰਤਨ ਦਰਬਾਰ ਹੋਏ ਗੱਲ ਕੀ ਦੁਨੀਆ ਨੂੰ ਇਕ ਸੁਖਾਵਾਂ ਸੁਨੇਹਾ ਤਾਂ ਗਿਆ। ਪਰ ਖਾਲਸਾ ਪੰਥ ਹੋਰ ਮਜ਼ਬੂਤ ਨਾ ਹੋ ਸਕਿਆ, ਕਿਉਂਕਿ ਪੰਥਕ ਨੇਤਾਵਾਂ ਦੀ ਪਾਟੋ ਧਾੜ ਹੋ ਗਈ ਸੀ। ਟੌਹੜਾ ਸਾਹਿਬ ਦੀ ਲੰਮੀ ਪ੍ਰਧਾਨਗੀ ਜਾਂਦੀ ਰਹੀ ਤੇ ਪਹਿਲੀ ਵਾਰ ਇਕ ਔਰਤ (ਬੀਬੀ ਜਾਗੀਰ ਕੌਰ) ਸ਼੍ਰੋਮਣੀ ਕਮੇਟੀ ਦੀ ਮੁਖੀ ਬਣਾਈ ਗਈ। ਇੱਕੀਵੀਂ ਸਦੀ ਜਿੱਥੇ ਵਿਕਸਿਤ ਭਾਰਤ ਦੇ ਦਰਸ਼ਨ ਕਰਾਉਂਦੀ ਹੈ, ਓਥੇ ਨੈਤਿਕ ਕਦਰਾਂ ਕੀਮਤਾਂ ਦੇ ਨਿਵਾਣ ਵੰਨੀਂ ਵੀ ਸੰਕੇਤ ਕਰਦੀ ਹੈ। ਪਤਿੱਤਪੁਣੇ, ਨਸ਼ੇ, ਲੱਚਰਤਾ, ਅਨੈਤਿਕਤਾ, ਦਿਖਾਵਾ ਅਤੇ ਪ੍ਰਵਾਸ ਇਸ ਸਮੇਂ ਦੀਆਂ ਮੁੱਖ ਪ੍ਰਵਿਰਤੀਆਂ ਬਣ ਕੇ ਉੱਭਰੀਆਂ। ਇਹੋ ਸਮਾਂ ਸੀ ਜਦੋਂ ਆਪਰੇਸਨ ਸਾਕਾ ਨੀਲਾ ਤਾਰਾ ਮਗਰੋਂ ਸਾਨੂੰ ਕੱਖੋਂ ਹੌਲੇ ਕਰਦਿਆਂ, ਨਾ ਕੇਵਲ ਸਾਡੇ ਗੁਰਧਾਮਾਂ ਨੂੰ ਤਹਿਸ ਨਹਿਸ ਕਰ ਦਿੱਤਾ ਗਿਆ ਬਲਕਿ ਸਾਡਾ ਮਾਨਸਿਕ, ਆਤਮਿਕ, ਸਭਿਆਚਾਰਕ, ਸਮਾਜਿਕ, ਆਰਥਿਕ ਅਤੇ ਅਧਿਆਤਮਕ ਉਜਾੜਾ ਵੀ ਕਰ ਦਿੱਤਾ ਗਿਆ - ਸਾਡੀ ਜਿੰਦ ਜਾਨ, ਸਾਡੀ ਸਿੱਖ ਰੈਫਰੈਂਸ ਲਾਇਬ੍ਰੇਰੀ ਸਾੜ ਫੂਕ ਤੇ ਲੁੱਟ ਕੇ ਸਾਨੂੰ ਵਿਦਿਅਕ ਤੌਰ 'ਤੇ ਬੌਣੇ ਕਰ ਦਿੱਤਾ ਗਿਆ। ਚਾਹੀਦਾ ਤਾਂ ਸੀ ਕਿ 1999 ਤੱਕ ਸਿੱਖ ਕੌਮ ਹੋਰ ਸ਼ਕਤੀਸ਼ਾਲੀ, ਗਿਆਨੀ, ਜਾਗਰੂਕ ਤੇ ਸੂਝਵਾਨ ਬਣਦੀ, ਪਰ ਸਾਡੇ ਨੇਤਾਵਾਂ ਵੱਲੋਂ ਪਾਸੇ ਪਲਟ ਲੈਣ ਕਾਰਨ ਦੂਜੇ ਗੇਰੂਏ ਰੰਗਾਂ ਨੇ ਸਾਡੀ ਸ਼ਾਨ ਧੁੰਦਲੀ ਕਰਨੀ ਸ਼ੁਰੂ ਕਰ ਦਿੱਤੀ। 2004 ਵਿਚ ਸ੍ਰੀ ਗੁਰੂ ਅੰਗਦ ਦੇਵ ਜੀ ਦੀ ਪੰਜ ਸੌ ਸਾਲਾ ਸ਼ਤਾਬਦੀ ਆਈ ਪਰ ਕਿਸੇ ਵਾਧੇ, ਵਿਕਾਸ, ਤਰੱਕੀ ਤੇ ਪ੍ਰੇਰਨਾ ਦੇ, ਇਹ ਸ਼ਤਾਬਦੀ ਵੀ ਇਕ ਆਮ ਰੁਟੀਨ ਵਾਂਗ ਗੁਜ਼ਰ ਗਈ-ਅਸੀਂ ਕੁਝ ਨਹੀਂ ਨਵਾਂ ਸਿੱਖਿਆ ਤੇ ਮਹਾਨ ਗ੍ਰੰਥ ਦੀਆਂ ਡੂੰਘਾਈਆਂ ਨੂੰ ਨਹੀਂ ਫੋਲਿਆ। 'ਬੰਦੇ ਖੋਜ ਦਿਲ ਹਰ ਰੋਜ' ਵਾਲੀ ਨਸੀਅਤ ਕਦੇ ਮੰਨੀ ਹੀ ਨਹੀਂ। ਇਸ ਵੇਲੇ ਨੌਂਵੇਂ ਨਾਨਕ ਦੀ 350 ਸਾਲਾ ਸ਼ਹਾਦਤ ਦਾ ਇਤਿਹਾਸਕ ਦਿਨ ਸਾਡੀਆਂ ਬੂਹਾਂ 'ਤੇ ਢੁੱਕਣ ਵਾਲਾ ਹੈ, ਜਦੋਂ ਪਾਤਸ਼ਾਹ ਨੇ ਆਪਣੇ ਮਹਾਨ ਸਾਥੀਆਂ-ਭਾਈ ਮਤੀ ਦਾਸ, ਭਾਈ ਸਤੀ ਦਾਸ ਅਤੇ ਭਾਈ ਦਿਆਲਾ ਜੀ ਨਾਲ ਜ਼ਾਲਮ ਦੇ ਦਰ 'ਤੇ ਜਾ ਕੇ ਸ਼ਹੀਦੀ ਜਾਮ ਪੀਤਾ। ਹੈ, ਸਮੁੱਚੀ ਦੁਨੀਆ ਵਿਚ ਕੋਈ ਇਕ ਵੀ ਮਿਸਾਲ ਕਿ ਮਕਤੂਲ, ਕਾਤਲ ਦੇ ਦਰ 'ਤੇ ਖ਼ੁਦ ਢੁੱਕਿਆ ਹੋਵੇ? ਤੇ ਸ਼ਹੀਦੀ ਵੀ ਕਿਸੇ ਦੂਜੇ ਧਰਮ ਦੇ ਬਚਾਓ ਲਈ, ਇਨਸਾਨੀਅਤ ਨੂੰ ਜ਼ਿੰਦਾ ਰੱਖਣ ਲਈ ਤੇ ਮਾਨਵੀ ਹੱਕਾਂ ਦੀ ਰਾਖੀ ਲਈ? ਨਾਸ਼ੁਕਰੇ ਹਿੰਦਵਾਸੀ ਅੱਜ ਵਿਸਾਰ ਚੁੱਕੇ ਹਨ ਕਿ ਜੇਕਰ ਅੱਜ ਉਨ੍ਹਾਂ ਦੀ ਹੋਂਦ ਹੈ ਤਾਂ ਇਸ ਦਾ ਸਿਹਰਾ ਸੱਚੀਆਂ ਪਾਤਿਸ਼ਾਹੀਆਂ ਨੂੰ ਹੀ ਜਾਂਦਾ ਹੈ ਜੋ ਧਰਮ ਦੀ ਵੀ ਤੇ ਹਿੰਦ ਦੀ ਚਾਦਰ ਬਣ ਕੇ ਜ਼ਾਲਮਾਂ ਅੱਗੇ ਚੱਟਾਨ ਬਣ ਕੇ ਜਾ ਖੜ੍ਹੇ। ਨਾ ਉਨ੍ਹਾਂ ਨੂੰ ਚੌਧਰਾਂ ਚਾਹੀਦੀਆਂ ਸਨ ਤੇ ਨਾ ਪ੍ਰਧਾਨਗੀਆਂ, ਜਿਨ੍ਹਾਂ ਦੀ ਖ਼ਾਤਰ, ਅੱਜ ਕੁਝ ਕੁ ਲੋਕਾਂ ਨੇ ਇਸ ਮਹਾਨ ਧਰਮ ਤੇ ਸਾਡੇ ਮਹਾਨ ਰਹਿਬਰਾਂ ਦੀ ਮਿਹਨਤ, ਘਾਲਣਾ ਅਤੇ ਜੱਦੋ ਜਹਿਦ 'ਤੇ ਪਾਣੀ ਫੇਰ ਦਿੱਤਾ ਹੈ। 'ਪੰਥ ਵੱਸੇ ਮੈਂ ਉਜੜਾਂ' ਦਾ ਪਰਉਪਕਾਰੀ ਜਜ਼ਬਾ ਜਿੰਨਾ ਚਿਰ ਸਾਡੇ ਆਗੂਆਂ ਵਿਚ ਹਾਵੀ ਰਿਹਾ, ਬਹੁਤ ਕ੍ਰਿਸ਼ਮਈ ਪ੍ਰਾਪਤੀਆਂ ਹੁੰਦੀਆਂ ਰਹੀਆਂ, ਪਰ ਜਿਉਂ ਹੀ ਸੰਤ ਫਤਹਿ ਸਿੰਘ ਜਿਹੇ ਖ਼ੁਦਗਰਜ਼, ਮੌਕਾ ਭਾਲੂ ਤੇ ਬੇਵਫ਼ਾ ਪੰਥਕ ਆਗੂ ਮੈਦਾਨ ਵਿਚ ਉਤਾਰ ਦਿੱਤੇ ਗਏ, ਸਿੱਖੀ ਤੇ ਸਿੱਖ ਧਰਮ ਦਾ ਪਤਨ ਸ਼ੁਰੂ ਹੋ ਗਿਆ। ਅੱਜ ਚਾਰ ਚੁਫ਼ੇਰੇ 350 ਸਾਲਾ ਸ਼ਹੀਦੀ ਸਮਾਗਮਾਂ ਦੀ ਗੂੰਜ ਤਾਂ ਹੈ, ਪ੍ਰੋਗਰਾਮ ਵੀ ਐਲਾਨੇ ਜਾ ਰਹੇ ਹਨ, ਨਗਰ ਕੀਰਤਨਾਂ ਦੀਆਂ ਤਿਆਰੀਆਂ ਹਨ, ਅਖੰਡ ਪਾਠਾਂ ਦੀਆਂ ਲੰਮੀਆਂ ਲੜੀਆਂ ਆਯੋਜਿਤ ਕੀਤੀਆਂ ਜਾ ਰਹੀਆਂ ਹਨ। ਕੀਰਤਨ ਦਰਬਾਰਾਂ ਤੇ ਢਾਡੀ ਦਰਬਾਰਾਂ ਦੀ ਵੀ ਚਰਚਾ ਹੈ। ਵਿਸ਼ਵ ਵਿਦਿਆਲਿਆ ਦੇ ਏਅਰ ਕੰਡੀਸ਼ਨਡ ਹਾਲਾਂ ਵਿਚ ਮੰਤਰੀਆਂ ਸੰਤਰੀਆਂ ਦੀ ਮੌਜੂਦਗੀ ਵਿਚ ਬਾਹਾਂ ਉਲਾਰ ਉਲਾਰ ਕੇ ਵਖਿਆਨ ਹੋਣਗੇ। ਵੱਡੇ-ਵੱਡੇ ਇਸ਼ਤਿਹਾਰ ਲੱਗਣਗੇ। ਬਹੁਤਿਆਂ ਦੀ ਹਉਮੈ ਨੂੰ ਪੱਠੇ ਪੈਣਗੇ। ਅਨੇਕ ਦੀਆਂ ਜੇਬਾਂ ਭਰਨਗੀਆਂ। ਕਈਆਂ ਨੂੰ ਲੰਮੇ ਸਮੇਂ ਲਈ ਲੰਗਰ ਪਾਣੀ ਨਸੀਬ ਹੁੰਦੇ ਰਹਿਣਗੇ। ਚਾਰ ਕੁ ਦਿਨ ਵਾਹਵਾ ਰੌਣਕ ਮੇਲਾ ਲੱਗੇਗਾ ਤੇ ਵੇਲਾ ਲੰਘਦਿਆਂ ਹੀ ਸਭ ਕੁਝ ਸਫਾ ਚੱਟ। ਕੋਰਾ ਕਾਗਜ਼ !! ਬਿਨਾਂ ਕਿਸੇ ਪ੍ਰਾਪਤੀ ਦੇ ਅਸੀਂ ਕਰੋੜਾਂ ਰੁਪਏ ਫ਼ਜ਼ੂਲ ਜਿਹੇ ਪ੍ਰੋਗਰਾਮਾਂ 'ਤੇ ਦਿਖਾਵੇ ਤੇ ਹੰਉਮੈ-ਪੂਰਤੀ 'ਤੇ ਖਰਚ ਕੇ ਚੁੱਪ ਹੋ ਕੇ ਬਹਿ ਜਾਵਾਂਗੇ। ਹਾਸਿਲ ਕੀ ਹੋਇਆ? ਕੀ ਸਾਡੇ ਬੱਚੇ ਓਸ ਸਿੱਖੀ ਨਾਲ ਜੋੜੇ ਜਾ ਸਕੇ ਜਿਹੜੀ ਸਿੱਖੀ ਨੌਂਵੇਂ ਪਾਤਿਸ਼ਾਹ ਜੀ ਦੇ ਸਪੁੱਤਰ ਤੇ ਪੋਤਰਿਆਂ ਨੇ ਨਿਭਾਈ ਸੀ?

ਬਾਬਾਣੀਆ ਕਹਾਣੀਆਂ ਪੁਤ ਸਪੁਤ ਕਰੇਨਿ।

ਜਿ ਸਤਿਗੁਰ ਭਾਵੈ ਸੁ ਮੰਨਿ ਲੈਨਿ ਸੇਈ ਕਰਮ ਕਰੇਨਿ। ਸਮੇਂ-ਸਮੇਂ ਗੁਰੂ ਦਿਆਂ ਲਾਡਲੇ ਸਿੱਖਾਂ ਨੇ ਇਹ ਇਤਿਹਾਸਕ ਦਿਹਾੜੇ, ਯਾਦਗਾਰੀ ਦਿਨ ਤੇ ਸ਼ਤਾਬਦੀਆਂ ਮਨਾਈਆਂ ਹੋਣਗੀਆਂ ਪਰੰਤੂ 1966 ਤੇ 1969 ਤੋਂ ਪਿੱਛੋਂ, ਇਨ੍ਹਾਂ ਦੇ ਮਨੋਰਥਾਂ, ਜਸ਼ਨਾਂ ਤੇ ਆਯੋਜਨਾਂ ਵਿਚ ਸਿਆਸਤ ਜੁੜਦੀ ਗਈ, ਧਰਮ ਮਨਫ਼ੀ ਹੁੰਦਾ ਚਲੇ ਗਿਆ ਤੇ ਅਜੋਕੀ ਅਵਸਥਾ ਤਾਂ ਦਿਲ ਡੋਬੂ ਹੋ ਚੁੱਕੀ ਹੈ, ਜਿੱਥੇ ਦੋ ਦਸੰਬਰ 2024 ਦੇ ਸ੍ਰੀ ਅਕਾਲ ਤਖਤ ਸਾਹਿਬ ਦੇ ਫੁਰਮਾਨਾਂ ਨੂੰ ਟਿੱਚ ਜਾਣਦਿਆਂ, ਕੀ ਦਾਗ਼ੀ ਤੇ ਕੀ ਬਾਗ਼ੀ, ਅੱਜ ਆਪੋ ਆਪਣੇ ਨਗਾਖਾਨਿਆਂ ਵਿਚ ਤੂਤੀਆਂ ਵਜਾ ਰਹੇ ਹਨ। ਐਡੇ ਐਡੇ ਬੱਜਰ ਗੁਨਾਹ ਕਰਨ ਵਾਲੇ, ਝੋਲੀਆਂ 'ਚ ਸਭ ਕੁਝ ਪੁਆਉਣ ਵਾਲੇ, ਐਵੇਂ ਦਿਖਾਵੇ ਮਾਤਰ ਧਾਰਮਿਕ ਸਜ਼ਾ ਨਿਭਾਉਣ ਵਾਲੇ ਇਹ ਦੰਭੀ, ਪਾਖੰਡੀ ਤੇ ਬਹੁਰੂਪੀਏ ਸਿੱਖ, ਪੰਥ ਨੂੰ ਚੰਬੜੀਆਂ ਜੋਕਾਂ ਹਨ, ਜਿਨ੍ਹਾਂ ਕੋਲ ਆਪਣੀਆਂ ਕੁਰਸੀਆਂ ਦੀ ਸਲਾਮਤੀ ਤੋਂ ਬਿਨਾਂ ਕੋਈ ਹੋਰ ਏਜੰਡਾ ਨਹੀਂ।

ਕਿਤੇ ਨਸ਼ਿਆਂ ਵਿਰੁੱਧ ਯੁੱਧ ਜ਼ੋਰਾਂ 'ਤੇ ਹੈ। ਕਿਤੇ ਗੈਂਗਵਾਰ ਦੀਆਂ ਖ਼ਬਰਾਂ ਹਨ। ਕਿਤੇ ਫਿਰੌਤੀਆਂ ਤੇ ਲੁੱਟਮਾਰ ਹੈ। ਕਿਤੇ ਜਬਰ ਜਨਾਹਾਂ ਦੀ ਭਰਮਾਰ ਹੈ। ਸਿੱਖ ਬੱਚਿਆਂ ਵਿਚ ਪਤਿਤਪੁਣਾ ਪੂਰੇ ਜੋਬਨ 'ਤੇ ਹੈ। ਮਾੜੀਆਂ ਮੋਟੀਆਂ ਪੜ੍ਹੀਆਂ ਲਿਖੀਆਂ ਕੁੜੀਆਂ ਲੱਚਰਤਾ, ਨੰਗੇਜ, ਲੈਂਗਿਕ ਖੁੱਲ ਤੇ ਆਪ ਹੁਦਰੇਪਨ 'ਤੇ ਉਤਾਰੂ ਹਨ। ਫ਼ਜ਼ੂਲ ਖਰਚੀਆਂ ਦਾ ਕੋਈ ਅੰਤ ਨਹੀਂ। ਪ੍ਰੋ. ਪੂਰਨ ਸਿੰਘ ਵਾਲਾ ਪੰਜਾਬ ਅੱਜ ਕਿੱਥੇ ਅਲੋਪ ਹੋ ਗਿਆ, ਜਿਸ ਨੂੰ ਇੱਥੇ 'ਸੱਚੇ ਪਾਤਿਸ਼ਾਹਾਂ ਦਾ ਨਿਵਾਸ' ਨਜ਼ਰ ਆਉਂਦਾ ਸੀ। ਸਾਡੇ ਬਾਬਿਆਂ ਨੇ ਤਾਂ 'ਇਕਾ ਬਾਣੀ ਇਕ ਗੁਰ ਇਕੋ ਸਬਦ ਵੀਚਾਰ' ਦਾ ਸਬਕ ਦਿੱਤਾ ਸੀ, ਪਰ ਅਸੀਂ ਤਾਂ ਡੇਰਿਆਂ 'ਚ ਜਾ ਵੜੇ ਹਾਂ। ਡੇਰਾਵਾਦ ਨੇ ਸਾਡਾ ਅਜਿਹਾ 'ਬਰੇਨਵਾਸ਼' ਕਰ ਦਿੱਤਾ ਹੈ ਕਿ ਹੁਣ ਸਰਬ ਸਾਂਝੀ ਗੁਰਬਾਣੀ ਨੂੰ ਅਸੀਂ ਦੂਰੋਂ ਹੀ ਮੱਥਾ ਟੇਕਣ ਲੱਗ ਪਏ ਹਾਂ। ਕਿੰਨੇ ਹੀ ਡੇਰੇਦਾਰ ਸਲਾਖਾਂ ਪਿੱਛੇ ਪਹੁੰਚ ਚੁੱਕੇ ਹਨ ਤੇ ਕਈ ਪਹੁੰਚਣ ਵਾਲੀ ਲਾਈਨ 'ਚ ਖੜ੍ਹੇ ਹਨ। ਉਸ ਅਜ਼ੀਮ ਵਿਰਾਸਤ, ਸਾਂਝੇ ਸਭਿਆਚਾਰ, ਮਹਾਨ ਮਾਨਵੀ ਮੁੱਲਾਂ, ਗੌਰਵਸ਼ਾਲੀ ਕਦਰਾਂ ਕੀਮਤਾਂ ਅਤੇ ਵਿਲੱਖਣ ਧਰਮ ਗ੍ਰੰਥ ਦੀ ਸਾਨੂੰ ਪ੍ਰਵਾਹ ਹੀ ਕਦੋਂ ਹੈ? ਅੱਜ ਵਿਕਸਿਤ ਟੈਕਨੋਲੋਜੀ, ਮਨਸੂਈ ਲਿਆਕਤ (ਏ.ਆਈ.) ਅਤੇ ਹੇਰਾਫੇਰੀਆਂ ਵਾਲੀ ਦੁਨੀਆਂ ਵਿਚ ਸਭ ਕੁਝ ਦਾਅ 'ਤੇ ਹੈ। ਇਸ ਫ਼ਖਰਯੋਗ ਵਿਰਾਸਤ, ਪ੍ਰੇਰਨਾਦਾਇਕ ਸੋਧ ਅਤੇ ਸਰਬ ਸਾਂਝੀ ਗੁਰਬਾਣੀ ਦੀ ਸਿੱਖਿਆ ਨੂੰ ਕਾਇਮ ਦਾਇਮ ਰੱਖਣ ਲਈ ਅੱਜ ਡਿਜਟਲੀਕਰਨ ਦੀ ਸਖ਼ਤ ਲੋੜ ਹੈ। ਸਾਕਾ ਨੀਲਾ ਤਾਰਾ ਵੇਲੇ ਲੁੱਟਿਆ, ਖੋਹਿਆ, ਸਾੜਿਆ ਤੇ ਚੋਰੀ ਕੀਤਾ ਸਾਡਾ ਅਮੋਲਕ ਖਜ਼ਾਨਾ ਕਿੱਥੇ ਗਿਆ? ਕਿੱਥੇ ਪਿਆ? ਕਿਸ ਨੇ ਪ੍ਰਾਪਤ ਕੀਤਾ? ਕੀ ਸ਼੍ਰੋਮਣੀ ਕਮੇਟੀ ਕੋਲ ਇਸ ਦਾ ਸਹੀ ਜਵਾਬ ਹੈ ਭਲਾ? ਅੱਗੋਂ ਤੋਂ ਹੀ ਸਮਝ ਜਾਈਏ। ਦੁਨੀਆਂ ਭਰ ਵਿਚ ਮਿਲਦੇ ਦੁਰਲੱਭ ਖਰੜਿਆਂ, ਪ੍ਰਤੀਕਾਂ, ਫੋਟੋਜ਼, ਸਾਹਿਤ, ਧਾਰਮਿਕ ਪੁਸਤਕਾਂ ਨੂੰ ਆਧੁਨਿਕ ਢੰਗ ਨਾਲ ਸਾਂਭਣਾ ਸਾਡੀ ਜ਼ਿੰਮੇਵਾਰ ਸੰਸਥਾ ਦਾ ਮੁੱਢਲਾ ਫ਼ਰਜ਼ ਹੈ।

ਲੰਗਰ! ਲੰਗਰ!! ਲੰਗਰ!!! ਅਸੀਂ ਸਾਰੇ ਜਹਾਨ ਵਿਚ ਅੱਜ ਲੰਗਰਾਂ ਵਾਲੀ ਕੌਮ ਵਜੋਂ ਮਸ਼ਹੂਰ ਹੋ ਚੁੱਕੇ ਹਾਂ। ਹੁਣ ਬੱਸ ਕਰੀਏ, ਇਹੀ ਪੈਸਾ ਆਪਣੀ ਪੜ੍ਹਾਈ ਲਿਖਾਈ 'ਤੇ ਲਾਉਣਾ ਆਰੰਭੀਏ ਤਾਂ ਜੋ ਪੰਜਾਬ ਦੇ ਸਾਰੇ ਵੱਡੇ ਅਫਸਰ ਯੂ.ਪੀ. ਤੇ ਬਿਹਾਰ ਤੋਂ ਹੀ ਨਾ ਆਉਂਦੇ ਰਹਿਣ। ਆਪਣੇ ਪੰਜਾਬ ਲਈ ਯੋਗ ਅਫਸਰ ਇੱਥੇ ਪੈਦਾ ਕਰੀਏ। ਸ਼੍ਰੋਮਣੀ ਕਮੇਟੀ ਵਿਦਿਅਕ ਫੰਡ 'ਚੋਂ ਰਾਖਵਾਂ ਫੰਡ ਕੱਢ ਕੇ ਯੂਨੀਅਨ ਪਬਲਿਕ ਤੇ ਪੰਜਾਬ ਪਬਲਿਕ ਕਮਿਸ਼ਨ ਲਈ ਵਿਦਿਆਰਥੀ ਤਿਆਰ ਕਰਾਵੇ। ਉਨ੍ਹਾਂ ਨੂੰ ਵਿੱਤੀ ਸਹਾਇਤਾ, ਰਿਹਾਇਸ਼, ਖਾਣ ਪੀਣ ਦੀ ਵਿਵਸਥਾ ਕਰਾਵੇ। ਇੰਝ, ਵਿਦੇਸ਼ਾਂ ਵੰਨੀਂ ਜਾਣ ਦੀ ਅੰਨ੍ਹੀ ਦੌੜ, ਡੌਂਕੀ ਰੂਟਾਂ ਦੇ ਤਸੀਹੇ ਤੇ ਏਜੰਟਾਂ ਦੀ ਸ਼ਰੇਆਮ ਲੁੱਟ ਤੋਂ ਵੀ ਬਚਾਅ ਹੋ ਸਕਦਾ ਹੈ। ਮਹਾਰਾਜਾ ਰਣਜੀਤ ਸਿੰਘ ਦੇ ਸਮੇਂ 100 ਫੀਸਦੀ ਮਰਦ ਤੇ 80 ਫੀਸਦੀ ਔਰਤਾਂ ਪੜ੍ਹੀਆਂ ਲਿਖੀਆਂ, ਸਮਝਦਾਰ ਤੇ ਸੰਵੇਦਨਸ਼ੀਲ ਸਨ। ਪਰ ਹੁਣ ਕੌਸਮੈਟਿਕਸ (ਹਾਰ ਸ਼ਿੰਗਾਰ) ਵਿਚ ਸਾਡੀਆਂ ਔਰਤਾਂ ਪੂਰੇ ਦੇਸ਼ ਭਰ 'ਚੋਂ ਮੂਹਰੇ ਹਨ, ਪੜ੍ਹਾਈ ਵਿਚ ਭਾਵੇਂ ਕਾਫ਼ੀ ਪਿੱਛੇ ਹਨ। ਸ਼੍ਰੋਮਣੀ ਕਮੇਟੀ ਮੁਖੀ ਵਲੋਂ, ਉੱਚ ਪੱਧਰੀਆਂ-ਸ਼ਤਾਬਦੀਆਂ ਕਮੇਟੀਆਂ ਵਿਚ ਉਹੀ ਦਕਿਆਨੂਸੀ ਚਿਹਰੇ ਸ਼ਾਮਲ ਹਨ, ਜਿਨ੍ਹਾਂ ਨੂੰ ਪੰਥ ਦੀ ਪ੍ਰਵਾਨਗੀ ਹਾਸਲ ਨਹੀਂ ਹੈ। ਨਵੇਂ ਨੇਤਾਵਾਂ ਦਾ ਉਭਾਰ, ਵਿਦਿਆਰਥੀ ਕੌਂਸਲਰਾਂ ਦੀ ਲੋੜ ਅਤੇ ਕਮੇਟੀਆਂ ਦੀ ਵਿਆਪਕਤਾ ਵਿਚ ਇਨ੍ਹਾਂ ਦਾ ਭਰੋਸਾ ਨਹੀਂ ਹੈ। ਸ਼ਾਇਦ। ਬਾਬਾ ਲੱਖੀ ਸ਼ਾਹ ਵਣਜਾਰਾ ਦੇ ਵੰਸ਼ਜਾਂ, ਦਸਮੇਸ਼ ਪਿਤਾ ਦੇ ਸ਼ਸਤਰਾਂ ਦੇ ਨਿਰਮਾਤੇ ਸਿਕਲੀਗਰਾਂ ਅਤੇ ਸਤਿਨਾਮੀਏ ਸਾਨੂੰ ਕਦੇ ਯਾਦ ਨਹੀਂ ਆਏ। ਕਰੋੜਾਂ ਦੀ ਗਿਣਤੀ ਵਿਚ, ਭਾਰਤ ਭਰ ਵਿਚ ਵਸਦੇ ਅਜਿਹੇ ਗੁਰਸਿੱਖਾਂ ਨੂੰ ਅੱਜ ਮੁੱਖ ਧਾਰਾ ਨਾਲ ਜੋੜਣ ਲਈ ਲੋੜੀਂਦੇ ਜਤਨ ਕਰਨੇ ਬਣਦੇ ਹਨ। ਕਿਉਂਕਿ ਪੰਜਾਬ ਵਿੱਚ ਹੀ ਸਿੱਖ ਘੱਟ ਗਿਣਤੀ (48%) ਬਣਨ ਵਾਲੇ ਹਨ। ਅਜਿਹੇ ਬਿਖੜੇ ਸਮੇਂ ਸਭ ਸਿਆਸਤਾਂ, ਅਹੁਦਿਆਂ ਤੇ ਚੌਧਰਾਂ ਤੋਂ ਕਿਨਾਰਾ ਕਰਕੇ ਧਰਮ ਪ੍ਰਚਾਰ ਦੀ ਲੋੜ ਹੈ। ਜਿਸ ਦਿੱਲੀ ਨੂੰ ਸਿੱਖਾਂ ਦੇ ਪੁਰਖਿਆਂ ਨੇ ਵਸਾਇਆ ਤੇ ਜਿਸ ਦਿੱਲੀ ਨੂੰ ਸਾਡੇ ਰਹਿਬਰਾਂ ਨੇ ਬਚਾਇਆ, ਓਸ ਦੇ ਏਅਰਪੋਰਟ ਦਾ ਨਾਂ ਵੀ ਸਿੱਖਾਂ ਦੀ ਨਸਲਕੁਸ਼ੀ ਕਰਨ ਵਾਲੀ ਔਰਤ ਦੇ ਨਾਂ 'ਤੇ ਹੈ। ਇਸ ਅਵਸਰ 'ਤੇ, ਇਸ ਦਾ ਨਾਂ ਬਦਲਿਆ ਜਾਵੇ। ਨੌਂਵੇਂ ਨਾਨਕ ਦੇ ਨਾਂ 'ਤੇ ਕੋਈ ਪ੍ਰਤਿਸ਼ਠਤ ਵਿਗਿਆਨਕ ਸੰਸਥਾ, ਮੈਨੇਜਮੈਂਟ ਸੰਸਥਾ, ਵਿਸ਼ਵ ਪੱਧਰੀ ਸਹੂਲਤਾਂ ਵਾਲਾ ਹਸਪਤਾਲ ਅਤੇ ਡਿਜ਼ੀਟਲ ਲਾਇਬ੍ਰੇਰੀਆਂ ਖੋਲ੍ਹੀਆਂ ਜਾਣ। ਅਜਿਹੇ ਕੁਝ ਕੁ ਜਤਨਾਂ ਕਾਰਨ ਹੀ ਇਹ ਸ਼ਤਾਬਦੀ ਆਪਣੇ ਆਪ ਨੂੰ ਪੁਸ਼ਟ ਕਰ ਸਕੇਗੀ।

# ਕਾਂਗਰਸ ਅਤੇ 'ਆਪ' ਲਈ ਸੁਖਾਵਾਂ ਰਹੇਗਾ ਅਕਾਲੀ ਦਲ ਦਾ ਕਮਜ਼ੋਰ ਹੋਣਾਂ ਪਰ ਸਿਆਸੀ ਸਮੀਕਰਨ ਬਦਲਦਿਆਂ ਵੀ ਦੇਰ ਨਹੀਂ ਲੱਗਦੀ

ਬਘੇਲ ਸਿੰਘ ਧਾਲੀਵਾਲ
99142-58142



ਪੰਜਾਬ ਦੀ ਸਿਆਸੀ ਜ਼ਮੀਨ ਸ਼੍ਰੋਮਣੀ ਅਕਾਲੀ ਦਲ ਦੀ ਹੋਂਦ ਨਾਲ ਹੀ ਜ਼ਰਖੇਜ਼ ਰਹੀ ਹੈ। ਬਿਨਾਂ ਸ਼ੱਕ ਪੰਜਾਬ ਦੀ ਸਿਆਸਤ ਵਿੱਚ ਅਕਾਲੀ ਦਲ ਦੀ ਗੈਰ ਮੌਜੂਦਗੀ ਕਿਵੇਂ ਵੀ ਸੂਬੇ ਦੇ ਹਿੱਤ ਵਿੱਚ ਨਹੀਂ ਹੋ ਸਕਦੀ ਹੈ। ਅਕਾਲੀ ਦਲ ਦਾ ਹਾਸੀਏ 'ਤੇ ਜਾਣ ਦਾ ਵੱਡਾ ਕਾਰਨ ਪਾਰਟੀ ਲੀਡਰਸ਼ਿਪ ਦਾ ਪੰਥ ਅਤੇ ਪੰਜਾਬ ਦੇ ਹਿੱਤਾਂ ਨੂੰ ਤਿਲਾਂਜ਼ਲੀ ਦੇ ਕੇ ਨਿੱਜਵਾਦ ਨੂੰ ਉਤਸ਼ਾਹਿਤ ਕਰਨਾ ਸਮਝਿਆ ਜਾਵੇਗਾ। ਸੱਤਾ ਪ੍ਰਾਪਤੀ ਅਤੇ ਸਲਾਮਤੀ ਲਈ ਸਿੱਖ ਵਿਰੋਧੀ ਤਾਕਤਾਂ ਨਾਲ ਹੱਥ ਮਿਲਾਉਣ ਦੀ ਖੇਡ ਭਾਵੇਂ ਮਰਹੂਮ ਪ੍ਰਕਾਸ਼ ਸਿੰਘ ਬਾਦਲ ਨੇ ਲੰਮਾ ਸਮਾਂ ਸਫਲਤਾ ਨਾਲ ਖੇਡੀ ਹੈ, ਪਰ ਅਖੀਰ ਉਸ ਪੰਜਾਬ ਮਾਰੂ ਖੇਡ ਦਾ ਨਤੀਜਾ ਸਿੱਖਾਂ ਦੀ ਨੁਮਾਇੰਦਾ ਸਿਆਸੀ ਜਮਾਤ ਦੇ ਪਤਨ ਨਾਲ ਸਭ ਦੇ ਸਾਹਮਣੇ ਹੈ। ਸਾਰੀ ਉਮਰ ਆਪਣੇ ਸਿਆਸੀ ਵਿਰੋਧੀਆਂ ਅਤੇ ਸਿਆਸੀ ਪਾਰਟੀਆਂ ਨੂੰ ਮਾਤ ਦੇਣ ਵਾਲਾ ਅਖੀਰ ਸਮੇਂ ਹਾਰ ਕੇ ਗਿਆ ਹੈ। ਅਕਾਲੀ ਦਲ ਦਾ ਸੂਬੇ ਦੀ ਸਿਆਸਤ ਤੋਂ ਹਾਸੀਏ 'ਤੇ ਚਲੇ ਜਾਣਾ ਕਦੇ ਵੀ ਪੰਜਾਬ ਲਈ ਫਾਇਦੇਮੰਦ ਨਹੀ ਹੋ ਸਕਦਾ। ਅਕਾਲੀ ਦਲ ਨੂੰ ਮਜ਼ਬੂਤ ਕਰਨ ਲਈ ਨਵੀਂ ਅਤੇ ਇਮਾਨਦਾਰ ਲੀਡਰਸ਼ਿੱਪ ਨੂੰ ਅੱਗੇ ਲੈਕੇ ਆਉਣਾ ਪਵੇਗਾ। ਅਕਾਲੀ ਦਲ ਦੀ ਗੈਰ ਮੌਜੂਦਗੀ ਦੇ ਸੰਦਰਭ ਵਿੱਚ 2027 ਦੀਆਂ ਚੋਣਾਂ ਅੰਦਰ ਕਾਂਗਰਸ ਪਾਰਟੀ ਕਿਹੋ ਜਿਹਾ ਪ੍ਰਦਰਸ਼ਨ ਕਰਨ 'ਚ ਸਫਲ ਹੋ ਸਕੇਗੀ ਅਤੇ ਆਮ ਆਦਮੀ ਪਾਰਟੀ ਦੇ ਹਾਲਾਤ ਕਿਹੋ ਜਿਹੇ ਹੋਣਗੇ, ਉਹਦੇ 'ਤੇ ਕੁੱਝ ਵਿਚਾਰ ਚਰਚਾ ਕਰਨੀ ਬਣਦੀ ਹੈ।

2022 ਵਿੱਚ ਅਕਾਲੀ ਦਲ ਅਤੇ ਕਾਂਗਰਸ ਤੋਂ ਅੱਕੇ ਹੋਏ ਲੋਕਾਂ ਨੂੰ ਆਮ ਆਦਮੀ ਪਾਰਟੀ ਬਦਲਾਅ ਦੇ ਨਾਮ 'ਤੇ ਆਪਣੇ ਪੱਖ ਵਿੱਚ ਭੁਗਤਾਉਣ ਵਿੱਚ ਪੂਰੀ ਤਰ੍ਹਾਂ ਸਫਲ ਰਹੀ ਸੀ। ਪਰ ਜਿਨ੍ਹਾਂ ਆਸਾਂ ਇਛਾਵਾਂ ਨੂੰ ਲੈ ਕੇ ਲੋਕਾਂ ਨੇ ਆਮ ਆਦਮੀ ਪਾਰਟੀ ਨੂੰ ਜਿਤਾਇਆ ਸੀ, ਪਾਰਟੀ ਉਹਨਾਂ ਇਛਾਵਾਂ ਦੀ ਪੂਰਤੀ ਕਰਨ ਵਿੱਚ ਸਫਲ ਨਹੀਂ ਹੋ ਸਕੀ। ਲਿਹਾਜ਼ਾ ਬਹੁਗਿਣਤੀ ਵਿੱਚ ਲੋਕ ਆਪਣੇ ਆਪ ਨੂੰ ਠੱਗੇ ਹੋਏ ਮਹਿਸੂਸ ਕਰਦੇ ਹਨ। ਕਿਉਂਕਿ ਪਾਰਟੀ ਹਾਈਕਮਾਂਡ ਨੇ ਜੋ ਵੱਖਰੀਆਂ ਅਤੇ ਨਿਆਰੀਆਂ ਗੱਲਾਂ ਕਰਕੇ ਸੱਤਾ ਹਾਸਲ ਕੀਤੀ ਸੀ, ਪਾਰਟੀ ਨੇ ਉਹਨਾਂ ਤੋਂ ਪੂਰੀ ਤਰਾਂ ਮੂੰਹ ਫੇਰਿਆ ਹੋਇਆ ਹੈ। ਆਪ ਸਰਕਾਰ ਦੇ ਕੰਮ ਕਾਜ ਕਰਨ ਦੇ ਢੰਗ ਤਰੀਕੇ, ਲੋਕਾਂ ਵਿੱਚ ਵਿਚਰਨ ਦਾ ਬਦਲਿਆ ਸਲੀਕਾ ਅਤੇ ਆਮ ਤੋਂ ਖਾਸ ਹੋਣ ਵਰਗੇ ਰੰਗ ਢੰਗ ਰਵਾਇਤੀ ਪਾਰਟੀਆਂ ਤੋਂ ਕਿਸੇ ਵੀ ਤਰਾਂ ਵੱਖ ਨਹੀਂ ਹਨ। ਸਰਕਾਰ ਬਣਨ ਤੋਂ ਮਹਿਜ ਤਿੰਨ ਮਹੀਨਿਆਂ ਬਾਅਦ ਸੰਗਰੂਰ ਲੋਕ ਸਭਾ ਦੀ ਜ਼ਿਮਨੀ ਚੋਣ ਹਾਰਨਾ ਪਾਰਟੀ ਦੀ ਕਾਰਗੁਜਾਰੀ 'ਤੇ ਸਵਾਲੀਆ ਨਿਸ਼ਾਨ ਵੀ ਲਾਉਂਦਾ ਹੈ। ਸੋ ਮੌਜੂਦਾ ਸਮੇਂ ਵਿੱਚ ਲੋਕ ਭਾਵਨਾਵਾਂ ਨੂੰ ਮਹਿਸੂਸ ਕਰਦਿਆਂ ਇਹ ਕਹਿਣਾ ਕੋਈ ਗਲਤ ਨਹੀਂ ਹੈ ਕਿ ਲੁਧਿਆਣਾ ਜ਼ਿਮਨੀ ਚੋਣ ਜਿੱਤ ਜਾਣ ਦੇ ਬਾਵਜੂਦ ਵੀ ਆਮ ਆਦਮੀ ਪਾਰਟੀ ਦੀ ਸਰਕਾਰ ਦੇ ਹਾਲਾਤ ਕੋਈ ਜ਼ਿਆਦਾ ਚੰਗੇ ਨਹੀਂ ਹਨ। ਜੇਕਰ ਇਹ ਹਾਲਾਤ 2027 ਵਿੱਚ ਵੀ ਏਸੇ ਤਰ੍ਹਾਂ ਬਰਕਰਾਰ ਰਹਿੰਦੇ ਹਨ ਤਾਂ ਆਮ ਆਦਮੀ ਪਾਰਟੀ 1947 ਤੋਂ ਬਾਅਦ ਅਜਿਹੀ ਪਹਿਲੀ ਪਾਰਟੀ ਹੋਵੇਗੀ, ਜਿਸ ਤੋਂ ਲੋਕਾਂ ਦਾ ਮੋਹ ਐਨਾ ਜਲਦੀ ਭੰਗ ਹੋਇਆ ਹੋਵੇ। ਜੇਕਰ ਗੱਲ ਪੰਜਾਬ ਕਾਂਗਰਸ ਦੀ ਕੀਤੀ ਜਾਵੇ ਤਾਂ ਪਿਛਲੇ ਤੁਜੱਰਬਿਆਂ ਨੂੰ ਘੋਖਣ ਤੋਂ ਬਾਅਦ ਪੰਜਾਬ ਕਾਂਗਰਸ ਲਈ ਇਹ ਆਮ ਤੌਰ 'ਤੇ ਕਿਹਾ ਜਾਂਦਾ ਹੈ, ਕਿ ਕਾਂਗਰਸ ਨੂੰ ਲੋਕ ਨਹੀਂ ਹਰਾਉਂਦੇ ਬਲਕਿ ਕਾਂਗਰਸੀ ਆਗੂ ਖੁਦ ਹੀ ਇੱਕ ਦੂਜੇ ਤੋਂ ਅੱਗੇ ਨਿੱਕਲਣ ਦੀ ਗਲਤ ਫਹਿਮੀ ਵਿੱਚ ਖੁਦ ਹੀ ਇੱਕ ਦੁਜੇ ਨੂੰ ਹਰਾ ਕੇ ਆਪਣੇ ਪੈਰਾਂ 'ਤੇ ਕੁਹਾੜਾ ਚਲਾ ਬੈਠਦੇ ਹਨ। ਪਰੰਤੂ ਇੱਥੇ ਕਾਂਗਰਸ ਨੂੰ ਚਣੌਤੀਆਂ ਸਿਰਫ ਉਹਨਾਂ ਦੀ ਅੰਦਰੂਨੀ ਫੁੱਟ ਹੀ ਨਹੀਂ ਹੈ ਬਲਕਿ ਹੋਰ ਵੀ ਚਣੌਤੀਆਂ ਦਰਪੇਸ਼ ਹਨ, ਜਿਹੜੀਆਂ ਪੰਜਾਬ ਕਾਂਗਰਸ ਵਿੱਚ ਫੁੱਟ ਦੇ ਬੀਜ ਬੀਜਦੀਆਂ ਹਨ। 2002 ਤੋਂ 2007 ਦੇ ਕਾਰਜਕਾਲ ਦਰਮਿਆਨ ਪੰਜਾਬ ਦੀ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਾਲੀ ਕਾਂਗਰਸ ਪਾਰਟੀ ਦੀ ਸਰਕਾਰ ਸਮੇਂ ਕੈਪਟਨ ਦਾ ਕੱਦ ਬੁੱਤ ਲੋਕਾਂ ਵਿੱਚ ਵੱਧ ਗਿਆ ਸੀ। ਕਿਸਾਨਾਂ ਨੂੰ ਅੱਠ ਘੰਟੇ ਬਿਜਲੀ ਸਪਲਾਈ ਅਤੇ ਕਿਸਾਨਾਂ ਦੀ ਮੰਡੀਆਂ ਵਿੱਚ ਖੱਜਲ ਖੁਆਰੀ ਨੂੰ ਉਹਨਾਂ ਨੇ ਘਟਾਇਆ ਸੀ ਅਤੇ ਸਭ ਤੋਂ ਮਹੱਤਵਪੂਰਨ ਗੱਲ ਇਹ ਸੀ ਕਿ ਉਹਨਾਂ ਨੇ ਕੇਂਦਰ ਵਿੱਚ ਕਾਂਗਰਸ ਪਾਰਟੀ ਦੀ ਸਰਕਾਰ ਹੋਣ ਦੇ ਬਾਵਜੂਦ ਬਗੈਰ ਕੇਂਦਰੀ ਹਾਈਕਮਾਂਡ ਅਤੇ ਸਰਕਾਰ ਨੂੰ ਦੱਸਿਆਂ ਪੰਜਾਬ ਵਿਧਾਨ ਸਭਾ ਵਿੱਚ ਪਾਣੀਆਂ ਦੇ ਪਿਛਲੇ ਸਮਝੌਤਿਆਂ ਨੂੰ ਰੱਦ ਕਰਨ ਦਾ ਮਤਾ ਪਾਸ ਕਰ ਦਿੱਤਾ ਸੀ। ਕੈਪਟਨ ਅਮਰਿੰਦਰ ਸਿੰਘ ਦੀ ਇਸ ਪੰਜਾਬ ਪੱਖੀ ਕਾਰਵਾਈ ਨੇ ਉਹਨਾਂ ਨੂੰ ਪੰਜਾਬ ਦਾ ਨਾਇਕ ਬਣਾ ਦਿੱਤਾ ਸੀ। 2007 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਲੋਕਾਂ ਨੇ ਫਿਰ ਕਾਂਗਰਸ ਪਾਰਟੀ ਦੀ ਸਰਕਾਰ ਬਣਾਉਣ ਦਾ ਮਨ ਬਣਾਇਆ, ਪਰ ਕਾਂਗਰਸ ਦੀ ਬਦਕਿਸਮਤੀ ਕਿ ਉਹਨਾਂ ਦੀ ਆਪਸੀ ਫੁੱਟ ਕਾਰਨ ਪੰਜਾਬ ਵਿੱਚ ਦੁਬਾਰਾ ਕਾਂਗਰਸ ਪਾਰਟੀ ਦੀ ਸਰਕਾਰ ਬਣਦੀ ਬਣਦੀ ਰਹਿ ਗਈ ਅਤੇ ਜਿੱਤ ਦਾ ਸਿਹਰਾ ਮਰਹੂਮ ਪ੍ਰਕਾਸ਼ ਸਿੰਘ ਬਾਦਲ ਦੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਅਤੇ ਭਾਜਪਾ ਗੱਠਜੋੜ ਦੇ ਸਿਰ ਵੱਝ ਗਿਆ। ਕਾਰਨ ਸਪੱਸ਼ਟ ਹੈ ਕਿ ਪੰਜਾਬ ਕਾਂਗਰਸ ਵਿੱਚ ਚੌਧਰੀਆਂ ਦੀ ਗਿਣਤੀ ਜ਼ਿਆਦਾ ਹੋਣ ਕਰਕੇ ਹਵਾ ਦਾ ਰੁਖ ਕਾਂਗਰਸ ਪਾਰਟੀ ਦੇ ਹੱਕ ਵਿੱਚ ਹੋਣ ਸਮੇਂ ਹਰ ਕਿਸੇ ਨੂੰ ਮੁੱਖ ਮੰਤਰੀ ਬਣਨ ਦੀ ਭੁੱਖ ਜਾਗ ਪੈਂਦੀ ਹੈ, ਲਿਹਾਜ਼ਾ ਇੱਕ ਦੂਸਰੇ ਨੂੰ ਖੁੱਡੇ ਲਾਇਨ ਲਾਉਣ ਦੇ ਚੱਕਰ ਵਿੱਚ ਮਾਤ ਖਾ ਜਾਂਦੇ ਹਨ ਅਤੇ ਕੁਰਸੀ ਖਿਸਕ ਕੇ ਵਿਰੋਧੀਆਂ ਦੇ ਹੱਥ ਆ ਜਾਂਦੀ ਹੈ। 2017 ਵਿੱਚ ਪੰਜਾਬ ਦੇ ਲੋਕਾਂ ਨੇ ਫਿਰ ਕੈਪਟਨ ਅਮਰਿੰਦਰ ਸਿੰਘ ਨੂੰ ਪੰਜਾਬ ਦੇ ਹਿਤੈਸ਼ੀ ਸਮਝਦੇ ਹੋਏ ਕਾਂਗਰਸ ਨੂੰ ਸੱਤਾ ਸੌਂਪ ਦਿੱਤੀ, ਪਰ ਇਸ ਪਾਰੀ ਦੌਰਾਨ ਕੈਪਟਨ ਅਮਰਿੰਦਰ ਲੋਕਾਂ ਦੀਆਂ ਭਾਵਨਾਵਾਂ 'ਤੇ ਖਰੇ ਨਾ ਉੱਤਰ ਸਕੇ, ਬਲਕਿ ਉਹਨਾਂ ਨੂੰ ਕੁੱਝ ਸਮਾਂ ਰਹਿੰਦੇ ਹੀ ਕਾਂਗਰਸ ਹਾਈ ਕਮਾਂਨ ਨੇ ਹਟਾ ਕੇ ਚਰਨਜੀਤ ਸਿੰਘ ਚੰਨੀ ਨੂੰ ਮੁੱਖ ਮੰਤਰੀ ਬਣਾ ਦਿੱਤਾ। ਸ੍ਰ. ਚੰਨੀ ਦੇ ਮੁੱਖ ਮੰਤਰੀ ਵਾਲੇ ਕਾਰਜਕਾਲ ਦੌਰਾਨ ਬਹੁਤ ਥੋੜ੍ਹੇ ਸਮੇਂ ਦੇ ਬਾਬਜੂਦ ਉਹਨਾਂ ਵੱਲੋਂ ਜੋ ਨੀਤੀਆਂ ਲਿਆਂਦੀਆਂ ਜਾ ਰਹੀਆਂ ਸਨ, ਉਹ ਕਾਬਲੇ ਤਰੀਫ ਸਨ। ਭਾਵੇਂ ਰੇਤੇ ਦੀ ਕਾਲਾ ਬਜਾਰੀ ਦੇ ਸਬੰਧ ਵਿੱਚ ਹੋਵੇ, ਕਿਸਾਨਾਂ ਨੂੰ ਮੁਫਤ ਬਿਜਲੀ ਦੇਣ ਦੇ ਸਬੰਧ ਵਿੱਚ ਹੋਵੇ ਜਾਂ ਘਰੇਲੂ ਖਪਤਕਾਰਾਂ ਨੂੰ ਰਾਹਤ ਦੇਣ ਦੀ ਸਕੀਮ ਹੋਵੇ। ਚਰਨਜੀਤ ਸਿੰਘ ਚੰਨੀ ਲੋੜਵੰਦਾਂ ਤੱਕ ਅਜਿਹਾ ਲਾਭ ਦੇਣ ਦੀ ਨੀਤੀ ਅਪਣਾ ਕੇ ਜਿੱਥੇ ਲੋਕਾਂ ਦੀ ਪ੍ਰਸ਼ੰਸਾ ਦੇ ਪਾਤਰ ਬਣ ਗਏ ਓਥੇ ਉਹਨਾਂ ਵਾਲੇ ਫਾਰਮੂਲੇ ਨਾਲ ਪਾਵਰਕਾਮ 'ਤੇ ਵੀ ਜਿਆਦਾ ਵਾਧੂ ਬੋਝ ਨਹੀਂ ਸੀ ਪੈਣਾ। ਚੰਨੀ ਫਾਰਮੂਲਾ ਧਨਾਡ ਲੋਕਾਂ ਨੂੰ ਇਹ ਸਹੂਲਤ ਤੋਂ ਵਾਂਝੇ ਰੱਖਣ ਦੀ ਹਿੰਮਤ ਰੱਖਦਾ ਸੀ। ਇਹੋ ਕਾਰਨ ਹੈ ਕਿ ਅੱਜ ਵੀ ਚਰਨਜੀਤ ਸਿੰਘ ਚੰਨੀ ਨੂੰ ਪੰਜਾਬ ਦਾ ਵੱਡਾ ਹਿੱਸਾ ਪਸੰਦ ਕਰਦਾ ਹੈ। ਮੌਜੂਦਾ ਸਮੇਂ ਦੀ ਸਚਾਈ ਵੀ ਇਹ ਹੈ ਕਿ ਕਾਂਗਰਸ ਪਾਰਟੀ ਕੋਲ ਵੱਡੇ ਕੱਦਾਬਰ ਨੇਤਾ ਹੋਣ ਦੇ ਬਾਵਜੂਦ ਵੀ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਤੋਂ ਇਲਾਵਾ ਲੋਕਾਂ 'ਚ ਹਰਮਨ ਪਿਆਰਤਾ ਰੱਖਣ ਵਾਲਾ ਕੋਈ ਜ਼ਮੀਨੀ ਆਗੂ ਨਹੀਂ ਹੈ। ਪੰਜਾਬ ਕਾਂਗਰਸ ਦੇ ਮੌਜੂਦਾ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਜੋਸ਼ੀਲੇ ਤਾਂ ਹਨ, ਪਰ ਉਹਨਾਂ ਦੇ ਬੜਬੋਲੇ-ਪਣ ਨੇ ਉਹਨਾਂ ਦੀ ਕਾਰਜਕੁਸ਼ਲਤਾ ਨੂੰ ਸੀਮਤ ਕਰ ਦਿੱਤਾ ਹੈ। ਨਵਜੋਤ ਸਿੱਧੂ ਤੋਂ ਵੱਧ ਕਾਂਗਰਸ ਵਿੱਚ ਕੋਈ ਇਮਾਨਦਾਰ ਨੇਤਾ ਨਹੀ ਸੀ, ਪਰ ਉਹਨਾਂ ਦੇ ਬੜਬੋਲੇ ਪਣ ਨੇ ਉਹਨਾਂ ਨੂੰ ਬਤੌਰ ਪਾਰਟੀ ਆਗੂ ਕਾਮਯਾਬ ਨਹੀਂ ਹੋਣ ਦਿੱਤਾ। ਏਸੇਤਰ੍ਹਾਂ ਹੀ ਰਾਜਾ ਵੜਿੰਗ ਵੀ ਪ੍ਰਧਾਨਗੀ ਦੇ ਨਸ਼ੇ ਵਿੱਚ ਧਰਤੀ ਤੋਂ ਐਨਾ ਉੱਪਰ ਚਲੇ ਜਾਂਦੇ ਹਨ ਕਿ ਉਹ ਸੀਨੀਅਰ ਲੀਡਰਸ਼ਿੱਪ ਦੀ ਉਮਰ ਦਾ ਲਿਹਾਜ ਵੀ ਭੁੱਲ ਜਾਂਦੇ ਹਨ। ਸੁਖਪਾਲ ਸਿੰਘ ਖਹਿਰਾ ਭਾਵੇਂ ਲੋਕ ਮੁੱਦੇ ਚੁੱਕਦਾ ਹੈ, ਪੰਜਾਬ ਦੇ ਹਿੱਤਾਂ ਖਾਤਰ ਅੱਗੇ ਹੋਕੇ ਬਿਨਾ ਨਫ਼ਾ ਨੁਕਸਾਨ ਦੀ ਪ੍ਰਵਾਹ ਕੀਤਿਆਂ ਬੇਝਿਜਕ ਬੋਲਦਾ ਹੈ, ਪਾਰਟੀਵਾਜੀ ਤੋਂ ਉੱਪਰ ਉੱਠਕੇ ਵੀ ਸਹੀ ਨੂੰ ਸਹੀ ਕਹਿਣ ਦਾ ਹੌਸਲਾ ਰੱਖਦਾ ਹੈ। 2022 ਦੀ ਚੋਣ ਦੌਰਾਨ ਜਦੋਂ ਪੰਜਾਬ ਦੇ ਲੋਕਾਂ ਨੇ ਵੱਡਾ ਫਤਵਾ ਆਮ ਆਦਮੀ ਪਾਰਟੀ ਦੇ ਹੱਕ ਵਿੱਚ ਦਿੱਤਾ ਸੀ ਅਤੇ ਕਾਂਗਰਸ ਦੇ 117 ਵਿੱਚੋਂ ਸਿਰਫ 18 ਉਮੀਦਵਾਰ ਹੀ ਜਿੱਤ ਸਕੇ ਸਨ, ਉਹਨਾਂ ਵਿੱਚ ਸੁਖਪਾਲ ਸਿੰਘ ਖਹਿਰਾ ਵੀ ਸਨ, ਜਿਹੜੇ ਪਾਰਟੀ ਦੇ ਪੂਰਨ ਸਹਿਯੋਗ ਨਾ ਹੋਣ ਦੇ ਬਾਵਜੂਦ ਵੀ ਚੋਣ ਜਿੱਤੇ ਸਨ, ਪਰ ਉਹਨਾਂ ਦੇ ਬਾਗੀ ਸੁਭਾਅ ਨੇ ਉਹਨਾਂ ਦਾ ਕੱਦ ਮੁੱਖ ਮੰਤਰੀ ਦੀ ਕੁਰਸੀ ਦੇ ਮੇਚ ਦਾ ਨਹੀਂ ਹੋਣ ਦਿੱਤਾ। ਪਰਤਾਪ ਸਿੰਘ ਬਾਜਵਾ ਅਤੇ ਸੁਖਜਿੰਦਰ ਸਿੰਘ ਰੰਧਾਵਾ ਪੰਜਾਬ ਕਾਂਗਰਸ ਦੇ ਦੋ ਵੱਡੇ ਕੱਦ ਵਾਲੇ ਨੇਤਾ ਹਨ ਜਿੰਨਾਂ ਦੀ ਕਾਰਜਕੁਸ਼ਲਤਾ 'ਤੇ ਕੋਈ ਕਿੰਤੂ ਨਹੀ, ਦੋਵੇ ਆਗੂ ਧਨਾਡ ਜ਼ਿਮੀਂਦਾਰ ਹਨ, ਦੋਵੇਂ ਹੀ ਦਮਦਾਰ ਨੇਤਾ ਹਨ, ਪਰ ਇਸ ਦੇ ਬਾਵਜੂਦ ਵੀ ਉਹ ਲੋਕਪ੍ਰਿਅਤਾ ਦੇ ਮਾਮਲੇ ਵਿੱਚ ਸ੍ਰ. ਚਰਨਜੀਤ ਸਿੰਘ ਚੰਨੀ ਦਾ ਮੁਕਾਬਲਾ ਨਹੀਂ ਕਰਦੇ। 2022 ਵਿੱਚ ਕਾਂਗਰਸ ਅੰਦਰ ਮੁੱਖ ਮੰਤਰੀ ਬਣਨ ਦੀ ਖਿੱਚੋਤਾਣ ਨੇ ਅਜਿਹੀ ਹੀ ਕੁੱਕੜ ਖੇਹ ਉਡਾਈ ਸੀ ਕਿ ਦੁਬਾਰਾ ਸਰਕਾਰ ਬਣਾਉਣ ਦੇ ਸੁਪਨੇ ਦੇਖਣ ਵਾਲੀ ਕਾਂਗਰਸ ਪਾਰਟੀ ਨੂੰ ਨਮੋਸ਼ੀ ਭਰੀ ਹਾਰ ਦਾ ਮੂੰਹ ਦੇਖਣਾ ਪਿਆ। ਲਿਹਾਜ਼ਾ ਪੰਜਾਬ ਅੰਦਰ ਆਮ ਆਦਮੀ ਪਾਰਟੀ ਰਿਕਾਰਡਤੋੜ ਜਿੱਤ ਨਾਲ ਸਰਕਾਰ ਬਣਾਉਣ ਵਿੱਚ ਸਫਲ ਹੋ ਗਈ। ਇਹਦੇ ਵਿੱਚ ਕੋਈ ਸ਼ੱਕ ਨਹੀ ਕਿ ਮੌਜੂਦਾ ਸਮੇਂ ਵਿੱਚ ਲੋਕ ਮੁੜ ਕਾਂਗਰਸ ਵੱਲ ਝੁਕਾਅ ਰੱਖਣ ਲੱਗੇ ਹਨ, ਪਰ ਉਹ ਹੀ ਹਾਲ ਕਾਂਗਰਸ ਦਾ 2027 ਵਿੱਚ ਵੀ ਹੋਣ ਵਾਲਾ ਹੈ, ਕਿਉਂਕਿ ਜਿਸ ਕਾਂਗਰਸੀ ਨੇਤਾ ਨੂੰ ਲੋਕ ਪਸੰਦ ਕਰਦੇ ਹਨ, ਉਹਨੇ ਗੁੱਟਬੰਦੀ ਦਾ ਸ਼ਿਕਾਰ ਹੋ ਕੇ ਪੱਛੜ ਜਾਣਾ ਹੈ। ਪਿਛਲੇ ਦਿਨਾਂ ਵਿੱਚ ਹੋਈ ਲੁਧਿਆਣਾ ਜ਼ਿਮਨੀ ਚੋਣ ਵਿੱਚ ਕਾਂਗਰਸ ਦੀ ਹਾਰ ਮਹਿਜ ਧੜੇਬੰਦੀ ਨਹੀਂ ਬਲਕਿ 2027 ਦੀ ਵਿਧਾਨ ਸਭਾ ਵਿੱਚ ਮੁੱਖ ਮੰਤਰੀ ਬਣਨ ਦੀ ਦੌੜ ਵਿੱਚ ਇੱਕ ਦੂਜੇ ਨੂੰ ਆਗੂ ਨਾ ਮੰਨਣ ਦੀ ਸਮੱਸਿਆ ਰਹੀ ਹੈ। ਹੁਣ ਦੇਖਣਾ ਇਹ ਹੋਵੇਗਾ ਕਿ ਕੀ ਪੰਜਾਬ ਕਾਂਗਰਸ ਦੀ ਧਨਾਡ ਲੀਡਰਸ਼ਿੱਪ ਆਪਣਾ ਜਾਤੀ ਹੰਕਾਰ ਛੱਡ ਕੇ ਚਰਨਜੀਤ ਸਿੰਘ ਚੰਨੀ ਵਰਗੇ ਕਾਬਲ ਦਲਿੱਤ ਨੇਤਾ ਨੂੰ ਅਪਣਾ ਆਗੂ ਮੰਨਣ ਦਾ ਹੌਸਲਾ ਕਰ ਸਕੇਗੀ ? ਜੇਕਰ ਅਜਿਹਾ ਹੋਇਆ ਤਾਂ 2027 ਦੀਆਂ ਚੋਣਾਂ ਦੇ ਸਮੀਕਰਣ ਵੀ ਬਦਲ ਸਕਦੇ ਹਨ ਅਤੇ ਹਵਾ ਦਾ ਰੁੱਖ ਕਾਂਗਰਸ ਦੇ ਪੱਖ ਵਿੱਚ ਹੋ ਸਕਦਾ ਹੈ। ਇੱਥੇ ਇੱਕ ਹੋਰ ਵੀ ਸਚਾਈ ਤੋਂ ਮੂੰਹ ਨਹੀਂ ਫੇਰਿਆ ਜਾ ਸਕਦਾ ਕਿ ਜੇਕਰ ਪੰਜਾਬ ਅੰਦਰ ਸ਼੍ਰੋਮਣੀ ਅਕਾਲੀ ਦਲ ਮਜਬੂਤ ਹੁੰਦਾ ਹੈ ਤਾਂ ਉਪਰੋਕਤ ਸਾਰੇ ਸਮੀਕਰਣ ਬਦਲ ਵੀ ਸਕਦੇ ਹਨ, ਕਿਉਂਕਿ ਇਹ ਸਾਰਾ ਕੁੱਝ ਉਦੋਂ ਕਿਆਸਿਆ ਜਾ ਰਿਹਾ ਹੈ, ਜਦੋਂ ਸਿੱਖ ਸਿਆਸਤ ਹਾਸੀਏ 'ਤੇ ਖੜ੍ਹੀ ਹੈ। ਜੇਕਰ ਆਉਣ ਵਾਲੇ ਦਿਨਾਂ ਵਿੱਚ ਨਵੀਂ ਸਿੱਖ ਲੀਡਰਸ਼ਿੱਪ ਉੱਭਰ ਕੇ ਸਾਹਮਣੇ ਆਉਂਦੀ ਹੈ, ਤਾਂ ਵੀ ਸਿਆਸੀ ਸਮੀਕਰਣ ਮੋੜਾ ਕੱਟ ਸਕਦੇ ਹਨ। ਫਿਰ ਕਾਂਗਰਸ ਅਤੇ ਆਮ ਆਦਮੀ ਪਾਰਟੀ ਦੋਵਾਂ ਲਈ ਹੀ ਹਾਲਾਤ ਸੁਖਾਵੇਂ ਅਤੇ ਸੁਖਾਲੇ ਨਹੀਂ ਹੋਣਗੇ।

ਰੋਜ਼ਾਨਾ ਚੜ੍ਹਦੀਕਲਾ
## ਸਿਹਤ ਖ਼ਬਰਨਾਮਾ

# ਭੁੱਲ ਕੇ ਵੀ ਸਟੀਲ ਦੇ ਡੱਬਿਆਂ 'ਚ ਨਾ ਰੱਖੋ ਇਹ ਚੀਜ਼ਾਂ, ਨਹੀਂ ਤਾਂ ਵਿਗੜ ਜਾਵੇਗੀ ਸਿਹਤ ਤੇ ਸੁਆਦ



ਹਰ ਰਸੋਈ ਘਰ ਵਿਚ ਸਟੀਲ ਦੇ ਭਾਂਡੇ ਇਸਤੇਮਾਲ ਵਿਚ ਲਿਆਂਦੇ ਜਾਂਦੇ ਹਨ ਖਾਣਾ ਸਰਵ ਕਰਨ ਤੋਂ ਲੈ ਕੇ ਖਾਣਾ ਸਟੋਰ ਕਰਨ ਤੱਕ ਲਈ ਸਟੀਲ ਨਾਲ ਬਣੇ ਭਾਂਡੇ ਮੌਜੂਦ ਹੁੰਦੇ ਹਨ। ਇਹ ਦੇਖਣ ਵਿਚ ਚਮਕਦਾਰ ਹੁੰਦੇ ਹਨ ਤੇ ਟੁੱਟਣ ਦਾ ਕੋਈ ਡਰ ਨਹੀਂ ਹੁੰਦਾ. ਇਸ ਲਈ ਰੈਗੂਲਰ ਇਸਤੇਮਾਲ ਲਈ ਇਹ ਬੈਸਟ ਹੁੰਦੇ ਹਨ ਪਰ ਕੀ ਤੁਸੀਂ ਜਾਣਦੇ ਹੋ ਕਿ ਕੁਝ ਚੀਜ਼ਾਂ ਨੂੰ ਸਟੀਲ ਨਾਲ ਬਣੇ ਭਾਂਡਿਆਂ ਵਿਚ ਸਟੋਰ ਨਹੀਂ ਕਰਨਾ ਚਾਹੀਦਾ। ਜੀ ਹਾਂ, ਅਜਿਹੇ ਕਈ ਫੂਡ ਆਈਟਮਾਂ ਹਨ, ਜੋ ਸਟੀਲ ਦੇ ਨਾਲ ਰਿਐਕਟ ਕਰਦੇ ਹਨ, ਜਿਸ ਵਜ੍ਹਾ ਤੋਂ ਉਨ੍ਹਾਂ ਦਾ ਸੁਆਦ ਖਰਾਬ ਹੁੰਦਾ ਹੀ ਹੈ, ਨਾਲ ਹੀ ਉਹ ਸਿਹਤ ਲਈ ਵੀ ਨੁਕਸਾਨਦਾਇਕ ਹੋ ਸਕਦੇ ਹਨ।

**ਨਿੰਬੂ ਵਾਲੀਆਂ ਡਿਸ਼ੇਜ:** ਜਿਹੜੀਆਂ ਚੀਜ਼ਾਂ ਵਿਚ ਨਿੰਬੂ ਪਾਇਆ ਗਿਆ ਹੋਵੇ ਉਨ੍ਹਾਂ ਨੂੰ ਕਦੇ ਵੀ ਸਟੀਲ ਦੇ ਭਾਂਡਿਆਂ ਵਿਚ ਨਹੀਂ ਰੱਖਣਾ ਚਾਹੀਦਾ। ਨਿੰਬੂ ਵੀ ਐਸੀਡਿਕ ਪ੍ਰਕਿਰਤੀ ਦਾ ਹੁੰਦਾ ਹੈ, ਜਿਸ ਵਜ੍ਹਾ ਤੋਂ ਇਹ ਸਟੀਲ ਦੇ ਨਾਲ ਰਿਐਕਟ ਕਰਦਾ ਹੈ। ਲੰਬੇ ਸਮੇਂ ਤੱਕ ਜੇਕਰ ਤੁਸੀਂ ਨਿੰਬੂ ਦੀ ਕੋਈ ਡਿਸ਼ ਸਟੀਲ ਦੇ ਭਾਂਡੇ ਵਿਚ ਰੱਖਦੇ ਹੋ ਤਾਂ ਉਸ ਦਾ ਟੇਸਟ ਖਰਾਬ ਹੋ ਜਾਂਦਾ ਹੈ ਤੇ ਉਹ ਜਲਦੀ ਸੜ ਵੀ ਜਾਂਦੀ ਹੈ।

**ਕਟੇ ਹੋਏ ਫਲ:** ਫਲਾਂ ਨੂੰ ਕੱਟਣ ਦੇ ਬਾਅਦ ਉਨ੍ਹਾਂ ਨੂੰ ਕਿਸੇ ਸਟੀਲ ਦੇ ਡੱਬੇ ਵਿਚ ਬਿਲਕੁਲ ਵੀ ਨਹੀਂ ਰੱਖਣਾ ਚਾਹੀਦਾ। ਇਸ ਨਾਲ ਫਲ ਬਹੁਤ ਜਲਦੀ ਖਰਾਬ ਹੋ ਜਾਂਦੇ ਹਨ ਤੇ ਉਨ੍ਹਾਂ ਦਾ ਟੇਸਟ ਵੀ ਖਰਾਬ ਹੋ ਜਾਂਦਾ ਹੈ। ਖਾਸ ਤੌਰ 'ਤੇ ਸਾਫਟ ਫਰੂਟ ਜਿਵੇਂ ਕੇਲੇ, ਸੰਤਰਾ ਜਾਂ ਚੀਕੂ ਨੂੰ ਕਦੇ ਵੀ ਸਟੀਲ ਦੇ ਭਾਂਡੇ 'ਚ ਸਟੋਰ ਨਹੀਂ ਕਰਨਾ ਚਾਹੀਦਾ।

**ਟਮਾਟਰ ਨਾਲ ਬਣੀਆਂ ਚੀਜ਼ਾਂ:** ਟਮਾਟਰ ਦੀ ਗ੍ਰੇਵੀ ਜਾਂ ਕੋਈ ਵੀ ਡਿਸ਼ ਜਿਸ ਵਿਚ ਭਰ-ਭਰ ਕੇ ਟਮਾਟਰ ਐਡ ਕੀਤਾ ਗਿਆ ਹੋਵੇ, ਉਸ ਨੂੰ ਸਟੀਲ ਦੇ ਭਾਂਡੇ ਜਾਂ ਕੰਟੇਨਰ ਵਿਚ ਸਟੋਰ ਨਹੀਂ ਕਰਨਾ ਚਾਹੀਦਾ। ਦਰਅਸਲ ਟਮਾਟਰ ਵਿਚ ਮੌਜੂਦ ਨੈਚੁਰਲ ਐਸਿਡ ਸਟੀਲ ਦੇ ਨਾਲ ਰਿਐਕਟ ਕਰਦਾ ਹੈ, ਜਿਸ ਵਜ੍ਹਾ ਤੋਂ ਡਿਸ਼ ਦਾ ਸੁਆਦ ਤਾਂ ਖਰਾਬ ਹੁੰਦਾ ਹੀ ਹੈ। ਨਾਲ ਹੀ ਉਸ ਵਿਚ ਮੌਜੂਦ ਪੌਸ਼ਟਿਕ ਤੱਤਾਂ ਦਾ ਵੀ ਨੁਕਸਾਨ ਹੁੰਦਾ ਹੈ। ਇਸ ਲਈ ਬੇਹਤਰ ਹੈ ਕਿ ਟਮਾਟਰ ਤੋਂ ਬਣੀਆਂ ਚੀਜ਼ਾਂ ਨੂੰ ਚੀਨੀ ਮਿੱਟੀ ਜਾਂ ਕੱਚ ਦੇ ਭਾਂਡਿਆਂ ਵਿਚ ਹੀ ਸਟੋਰ ਕਰੋ।

**ਅਚਾਰ:** ਖੱਟਾ ਜਾਂ ਮਿੱਠਾ ਅਚਾਰ ਵੀ ਕਦੇ ਜ਼ਿਆਦਾ ਦੇਰ ਲਈ ਸਟੀਲ ਦੇ ਭਾਂਡੇ ਵਿਚ ਨਹੀਂ ਰੱਖਣਾ ਚਾਹੀਦਾ। ਦਰਅਸਲ ਅਚਾਰ ਵਿਚ ਨਮਕ, ਤੇਲ, ਸਿਰਕਾ ਤੇ ਨਿੰਬੂ ਵਰਗੀਆਂ ਚੀਜ਼ਾਂ ਮੌਜੂਦ ਹੁੰਦੀ ਹੈ ਜੋ ਸਟੀਲ ਦੇ ਨਾਲ ਰਿਐਕਟ ਕਰ ਸਕਦੀ ਹੈ। ਖਾਸ ਤੌਰ ਤੋਂ ਜੇਕਰ ਸਟੀਲ ਚੰਗੀ ਕੁਆਲਟੀ ਦਾ ਨਹੀਂ ਹੈ ਤਾਂ ਇਸ ਵਿਚ ਅਚਾਰ ਬਿਲਕੁਲ ਵੀ ਨਾ ਰੱਖੋ।

**ਦਹੀਂ** : ਦਹੀਂ ਨੂੰ ਕਦੇ ਵੀ ਸਟੀਲ ਦੇ ਭਾਂਡੇ ਜਾਂ ਕੰਟੇਨਰ ਵਿਚ ਨਹੀਂ ਰੱਖਣਾ ਚਾਹੀਦਾ। ਦਰਅਸਲ ਦਹੀਂ ਥੋੜ੍ਹੀ ਐਸਿਡਿਕ ਪ੍ਰਕਿਰਤੀ ਵਾਲੇ ਹੁੰਦੇ ਹਨ। ਜਦੋਂ ਤੁਸੀਂ ਇਸ ਨੂੰ ਲੰਬੇ ਸਮੇਂ ਲਈ ਸਟੀਲ ਦੇ ਭਾਂਡੇ ਵਿਚ ਸਟੋਰ ਕਰਦੇ ਹੋ ਤਾਂ ਇਸ ਦਾ ਸੁਆਦ ਬਦਲ ਜਾਂਦਾ ਹੈ। ਅਜਿਹੇ ਵਿਚ ਦਹੀਂ ਖਾਣ ਵਿਚ ਚੰਗੀ ਨਹੀਂ ਲੱਗਦੀ ਤੇ ਜਲਦੀ ਖਰਾਬ ਵੀ ਹੋ ਜਾਂਦੀ ਹੈ।

# ਰਾਸ਼ਟਰੀ ਖੇਡਾਂ-2027 ਦੀਆਂ ਤਿਆਰੀਆਂ ਟ੍ਰਾਇਲ ਤਹਿਤ ਮੇਘਾਲਿਆ ਵਿੱਚ ਸ਼ੂਟਿੰਗ ਸ਼ੁਰੂ

ਸ਼ਿਲਾਂਗ, 13 ਜੁਲਾਈ (ਚ.ਨ.ਸ.) : ਰਾਸ਼ਟਰੀ ਖੇਡਾਂ 2027 ਦੀ ਮੇਜ਼ਬਾਨੀ ਕਰਨ ਦੀ ਤਿਆਰੀ ਕਰ ਰਹੀ ਮੇਘਾਲਿਆ ਦੀ ਸ਼ੂਟਿੰਗ ਐਸੋਸੀਏਸ਼ਨ ਨੇ ਐਤਵਾਰ ਨੂੰ ਕਿਹਾ ਕਿ ਉਸਨੇ ਰਾਜ ਵਿੱਚੋਂ ਸਭ ਤੋਂ ਵਧੀਆ ਪ੍ਰਤਿਭਾ ਦੀ ਪਛਾਣ ਕਰਨ ਲਈ ਟਰਾਇਲਾਂ ਦੀ ਇੱਕ ਲੜੀ ਸ਼ੁਰੂ ਕੀਤੀ ਹੈ। ਮੇਘਾਲਿਆ ਨੂੰ ਪਹਿਲੀ ਵਾਰ ਰਾਸ਼ਟਰੀ ਖੇਡਾਂ ਦੀ ਮੇਜ਼ਬਾਨੀ ਕਰਨ ਦਾ ਅਧਿਕਾਰ ਮਿਲਿਆ



ਹੈ। ਰਾਸ਼ਟਰੀ ਖੇਡਾਂ ਦੇ 39ਵੇਂ ਸੈਸ਼ਨ ਦਾ ਮੁੱਖ ਪ੍ਰੋਗਰਾਮ ਸ਼ਿਲਾਂਗ ਵਿੱਚ ਆਯੋਜਿਤ ਕੀਤਾ ਜਾਵੇਗਾ। ਦੇਸ਼ ਭਰ ਦੇ ਵੱਖ-ਵੱਖ ਖੇਡਾਂ ਦੇ ਚੋਟੀ ਦੇ ਐਥਲੀਟ ਇਸ ਵਿੱਚ ਹਿੱਸਾ ਲੈਣਗੇ। ਅਧਿਕਾਰੀਆਂ ਨੂੰ ਉਮੀਦ ਹੈ ਕਿ ਟਰਾਇਲਾਂ ਤੋਂ ਪ੍ਰਾਪਤ ਤਜਰਬਾ ਉਨ੍ਹਾਂ ਲਈ ਬਹੁਤ ਮਦਦਗਾਰ ਹੋਵੇਗਾ। ਮੇਘਾਲਿਆ ਸ਼ੂਟਿੰਗ ਐਸੋਸੀਏਸ਼ਨ ਦੇ ਪ੍ਰਧਾਨ ਜੇ ਐਫ ਖਰਸ਼ੀਇੰਗ ਨੇ ਕਿਹਾ, ਅਸੀਂ ਨਾ ਸਿਰਫ਼ ਇਨ੍ਹਾਂ ਖੇਡਾਂ ਵਿੱਚ ਹਿੱਸਾ ਲੈਣਾ ਚਾਹੁੰਦੇ ਹਾਂ ਸਗੋਂ ਰਾਸ਼ਟਰੀ ਪੱਧਰ 'ਤੇ ਉੱਤਮਤਾ ਪ੍ਰਾਪਤ ਕਰਨ ਲਈ ਵੀ ਵਚਨਬੱਧ ਹਾਂ। ਉਨ੍ਹਾਂ ਕਿਹਾ, ਸਾਡਾ ਰਣਨੀਤਕ ਧਿਆਨ ਛੋਟੀ ਉਮਰ ਤੋਂ ਹੀ ਪ੍ਰਤਿਭਾ ਦੀ ਪਛਾਣ ਕਰਨਾ ਅਤੇ ਉਨ੍ਹਾਂ ਦਾ ਪਾਲਣ-ਪੋਸ਼ਣ ਕਰਨਾ ਹੈ। ਸਿਖਲਾਈ ਅਤੇ ਬੁਨਿਆਦੀ ਢਾਂਚੇ ਵਿੱਚ ਸਾਡੇ ਨਿਰੰਤਰ ਨਿਵੇਸ਼ਾਂ ਦੇ ਨਾਲ, ਸਾਡਾ ਉਦੇਸ਼ 39ਵੇਂ ਰਾਸ਼ਟਰੀ ਖੇਡਾਂ ਵਿੱਚ ਸ਼ੂਟਿੰਗ ਸਮਾਗਮਾਂ ਵਿੱਚ ਹਾਵੀ ਹੋਣਾ ਹੈ। ਉਨ੍ਹਾਂ ਕਿਹਾ ਕਿ ਇਹ ਟਰਾਇਲ ਚੋਣ ਪ੍ਰਕਿਰਿਆ ਦੇ ਨਾਲ-ਨਾਲ ਸਥਾਨ ਦੀ ਜਾਂਚ ਕਰਨ ਵਿੱਚ ਵੀ ਮਦਦਗਾਰ ਹੋਣਗੇ। ਇਹ ਨਿਸ਼ਾਨੇਬਾਜ਼ਾਂ ਨੂੰ ਖੇਡਾਂ ਤੋਂ ਪਹਿਲਾਂ ਆਪਣੇ ਹੁਨਰ ਨੂੰ ਨਿਖਾਰਨ, ਮੁਕਾਬਲੇ ਵਾਲੇ ਵਾਤਾਵਰਣ ਦੇ ਅਨੁਕੂਲ ਹੋਣ ਅਤੇ ਤਜਰਬਾ ਹਾਸਲ ਕਰਨ ਵਿੱਚ ਮਦਦ ਕਰਦਾ ਹੈ।

# ਨਿਊਜ਼ੀਲੈਂਡ ਨੇ ਤਿਕੋਣੀ ਲੜੀ ਲਈ ਟੀਮ ਵਿੱਚ ਕੀਤੇ ਬਦਲਾਅ

## ਡੇਵੋਨ ਕੌਨਵੇ, ਮਿਚ ਹੇਅ, ਜਿੰਮੀ ਨੀਸ਼ਮ ਅਤੇ ਟਿਮ ਰੌਬਿਨਸਨ ਨੂੰ ਕੀਤਾ ਸ਼ਾਮਲ

ਹਰਾਰੇ, 13 ਜੁਲਾਈ (ਚ.ਨ.ਸ.) : ਨਿਊਜ਼ੀਲੈਂਡ ਨੇ ਜ਼ਿੰਬਾਬਵੇ ਅਤੇ ਦੱਖਣੀ ਅਫਰੀਕਾ ਨਾਲ ਤਿਕੋਣੀ ਲੜੀ ਲਈ ਟੀਮ ਵਿੱਚ ਬਦਲਾਅ ਕੀਤੇ ਹਨ ਅਤੇ ਡੇਵੋਨ ਕੌਨਵੇ, ਮਿਚ ਹੇਅ, ਜਿੰਮੀ ਨੀਸ਼ਮ ਅਤੇ ਟਿਮ ਰੌਬਿਨਸਨ ਨੂੰ ਸ਼ਾਮਲ ਕੀਤਾ ਹੈ। ਵਿਕਟਕੀਪਰ-ਬੱਲੇਬਾਜ਼ ਕੌਨਵੇ ਫਿਨ ਐਲਨ ਦੀ ਜਗ੍ਹਾ ਲੈਣਗੇ। ਫਿਨ ਐਲਨ ਨੂੰ ਅਮਰੀਕਾ ਵਿੱਚ



ਮੇਜਰ ਲੀਗ ਕ੍ਰਿਕਟ (ਐਮਐਲਸੀ) ਵਿੱਚ ਖੇਡਦੇ ਸਮੇਂ ਲੱਤ ਵਿੱਚ ਸੱਟ ਲੱਗ ਗਈ ਸੀ। ਇਸ ਦੇ ਨਾਲ ਹੀ, ਹੇਅ, ਨੀਸ਼ਮ ਅਤੇ ਰੌਬਿਨਸਨ ਮਾਈਕਲ ਬ੍ਰੇਸਵੈੱਲ, ਮਾਰਕ ਚੈਪਮੈਨ, ਗਲੇਨ ਫਿਲਿਪਸ ਅਤੇ ਰਚਿਨ ਰਵਿੰਦਰ ਦੇ ਵਾਧੂ ਖਿਡਾਰੀਆਂ ਵਜੋਂ ਟੀਮ ਵਿੱਚ ਸ਼ਾਮਲ ਹੋਏ ਹਨ। ਇਹ ਦੋਵੇਂ ਖਿਡਾਰੀ ਕੱਲ੍ਹ ਮੇਜਰ ਲੀਗ ਕ੍ਰਿਕਟ ਟੂਰਨਾਮੈਂਟ ਦੇ ਫਾਈਨਲ ਵਿੱਚ ਸ਼ਾਮਲ ਹਨ। ਨਿਊਜ਼ੀਲੈਂਡ ਦੇ ਮੁੱਖ ਕੋਚ ਰੌਬ ਵਾਲਟਰ ਨੇ ਕਿਹਾ, ਅਸੀਂ ਫਿਨ ਲਈ ਬਹੁਤ ਦੁਖੀ ਹਾਂ। ਮੈਂ ਉਸ ਨਾਲ ਕੰਮ ਕਰਨ ਅਤੇ ਐਮਐਲਸੀ ਤੋਂ ਉਸਦੇ ਸ਼ਾਨਦਾਰ ਪ੍ਰਦਰਸ਼ਨ ਨੂੰ ਜਾਰੀ ਰੱਖਣ ਲਈ ਉਤਸੁਕ ਸੀ, ਪਰ ਬਦਕਿਸਮਤੀ ਨਾਲ ਉਹ ਜ਼ਖਮੀ ਹੋ ਗਿਆ। ਅਸੀਂ ਖੁਸ਼ਕਿਸਮਤ ਹਾਂ ਕਿ ਫਿਨ ਦੀ ਜਗ੍ਹਾ ਡੇਵੋਨ ਵਰਗੇ ਤਜਰਬੇਕਾਰ ਖਿਡਾਰੀ ਨੂੰ ਚੁਣਨ ਦੇ ਯੋਗ ਹੋਏ। ਤਿਕੋਣੀ ਲੜੀ ਕੱਲ੍ਹ ਮੇਜ਼ਬਾਨ ਜ਼ਿੰਬਾਬਵੇ ਅਤੇ ਦੱਖਣੀ ਅਫਰੀਕਾ ਵਿਚਕਾਰ ਮੈਚ ਨਾਲ ਸ਼ੁਰੂ ਹੋਵੇਗੀ। ਨਿਊਜ਼ੀਲੈਂਡ ਆਪਣਾ ਪਹਿਲਾ ਮੈਚ 16 ਜੁਲਾਈ ਨੂੰ ਦੱਖਣੀ ਅਫਰੀਕਾ ਵਿਰੁੱਧ ਖੇਡੇਗਾ।

**ਤਿਕੋਣੀ ਲੜੀ ਦਾ ਸ਼ਡਿਊਲ:** 14 ਜੁਲਾਈ ਜ਼ਿੰਬਾਬਵੇ ਬਨਾਮ ਦੱਖਣੀ ਅਫਰੀਕਾ, 16 ਜੁਲਾਈ ਦੱਖਣੀ ਅਫਰੀਕਾ ਬਨਾਮ ਨਿਊਜ਼ੀਲੈਂਡ, 18 ਜੁਲਾਈ ਜ਼ਿੰਬਾਬਵੇ ਬਨਾਮ ਨਿਊਜ਼ੀਲੈਂਡ, 20 ਜੁਲਾਈ ਜ਼ਿੰਬਾਬਵੇ ਬਨਾਮ ਦੱਖਣੀ ਅਫਰੀਕਾ, 22 ਜੁਲਾਈ ਨਿਊਜ਼ੀਲੈਂਡ ਬਨਾਮ ਦੱਖਣੀ ਅਫਰੀਕਾ, 24 ਜੁਲਾਈ ਜ਼ਿੰਬਾਬਵੇ ਬਨਾਮ ਨਿਊਜ਼ੀਲੈਂਡ, ਫਾਈਨਲ 26 ਜੁਲਾਈ ਨੂੰ ਖੇਡਿਆ ਜਾਵੇਗਾ।

# ਇਗਾ ਸਵੀਆਟੇਕ ਨੇ ਅਨੀਸਿਮੋਵਾ ਨੂੰ ਹਰਾ ਕੇ ਵਿੰਬਲਡਨ' ਖ਼ਿਤਾਬ ਜਿਤਿਆ

ਲੰਡਨ, 13 ਜੁਲਾਈ (ਚ.ਨ.ਸ.) : ਇੰਗਲੈਂਡ ਦੇ ਲੰਡਨ ਸ਼ਹਿਰ 'ਚ ਹੋ ਰਹੇ ਟੈਨਿਸ ਦਾ ਮਹਾਂਟੂਰਨਾਮੈਂਟ 'ਵਿੰਬਲਡਨ' ਨੂੰ 2025 ਦਾ ਚੈਂਪੀਅਨ ਮਿਲ ਗਿਆ। ਫ਼ਾਈਨਲ ਦੇ ਇਸ ਮਹਾਂਮੁਕਾਬਲੇ 'ਚ ਪੋਲੈਂਡ ਦੀ ਖਿਡਾਰਨ ਇਗਾ ਸਵੀਆਟੇਕ ਨੇ ਅਮਰੀਕਾ ਦੀ ਅਮਾਂਡਾ ਅਨੀਸਿਮੋਵਾ ਨੂੰ 6-0, 6-0 ਨਾਲ ਹਰਾ ਕੇ ਅੱਜ ਵਿੰਬਲਡਨ ਦਾ ਸਿੰਗਲਜ਼ ਖ਼ਿਤਾਬ ਜਿਤਿਆ। ਜਿਸ ਕਾਰਨ ਉਹ ਇਹ ਖ਼ਿਤਾਬ ਜਿੱਤਣ ਵਾਲੀ ਪਹਿਲੀ ਪੋਲਿਸ ਖਿਡਾਰਨ ਬਣ ਗਈ, ਜਿਸ ਨੇ



57 ਮਿੰਟਾਂ ਵਿਚ ਹੀ ਫ਼ਾਈਨਲ ਮੈਚ ਦਾ ਨਿਬੇੜਾ ਕਰ ਦਿਤਾ।24 ਸਾਲਾ ਅੱਠਵਾਂ ਦਰਜਾ ਪ੍ਰਾਪਤ ਅਨੀਸਿਮੋਵਾ 13ਵੀਂ ਦਰਜਾ ਪ੍ਰਾਪਤ ਖਿਡਾਰਨ ਹੈ ਜੋ 1911 ਤੋਂ ਬਾਅਦ ਵਿੰਬਲਡਨ ਫ਼ਾਈਨਲ ਵਿਚ 6-0, 6-0 ਨਾਲ ਹਾਰਨ ਵਾਲੀ ਪਹਿਲੀ ਖਿਡਾਰਨ ਬਣ ਗਈ ਅਤੇ 1988 ਦੇ ਫਰੈਂਚ ਓਪਨ ਵਿਚ ਸਟੈਫ਼ੀ ਗ੍ਰਾਫ਼ ਵਲੋਂ ਨਤਾਸ਼ਾ ਜ਼ਵੇਰੇਵਾ ਨੂੰ ਵੀ ਇਸੀ ਤਰ੍ਹਾਂ ਹਰਾਇਆ ਗਿਆ ਸੀ।

# ਈਰਾਨ ਹਮੇਸ਼ਾ ਆਪਣੇ ਪ੍ਰਮਾਣੂ ਪ੍ਰੋਗਰਾਮ 'ਤੇ ਗੱਲਬਾਤ ਲਈ ਤਿਆਰ: ਅੱਬਾਸ ਅਰਾਘਚੀ

ਤਹਿਰਾਨ, 13 ਜੁਲਾਈ (ਚ.ਨ.ਸ.) : ਈਰਾਨ ਦੇ ਵਿਦੇਸ਼ ਮੰਤਰੀ ਸਈਦ ਅੱਬਾਸ ਅਰਾਘਚੀ ਨੇ ਕਿਹਾ ਹੈ ਕਿ ਈਰਾਨ ਹਮੇਸ਼ਾ ਆਪਣੇ ਪ੍ਰਮਾਣੂ ਪ੍ਰੋਗਰਾਮ ਤੇ ਗੱਲਬਾਤ ਲਈ ਤਿਆਰ ਰਿਹਾ ਹੈ ਅਤੇ ਅਜਿਹਾ ਕਰਦਾ ਰਹੇਗਾ। ਅਰਾਘਚੀ ਨੇ ਵਿਦੇਸ਼ੀ ਰਾਜਦੂਤਾਂ ਅਤੇ ਪ੍ਰਤੀਨਿਧੀਆਂ ਨਾਲ ਇੱਕ ਮੀਟਿੰਗ ਵਿੱਚ ਕਿਹਾ,ਹਾਲਾਂਕਿ ਇਹ ਕੁਦਰਤੀ ਤੌਰ 'ਤੇ ਯਕੀਨੀ ਬਣਾਇਆ ਜਾਣਾ ਚਾਹੀਦਾ ਹੈ ਕਿ ਜੇਕਰ ਗੱਲਬਾਤ ਦੁਬਾਰਾ ਸ਼ੁਰੂ ਹੁੰਦੀ ਹੈ, ਤਾਂ ਇਸ ਵਿਚ ਅਮਰੀਕਾ ਜਾਂ ਹੋਰ ਧਿਰਾਂ ਦੁਆਰਾ ਯੁੱਧ ਸ਼ੁਰੂ ਕਰਨ ਦੀ ਸਥਿਤੀ ਪੈਦਾ ਨਹੀਂ ਹੋਵੇਗੀ।

ਈਰਾਨੀ ਸਟੂਡੈਂਟਸ ਨੇ ਅਰਾਘਚੀ ਦੇ ਹਵਾਲੇ ਨਾਲ ਕਿਹਾ ਕਿ ਇਜ਼ਰਾਈਲ ਅਤੇ ਈਰਾਨ ਵਿਚਕਾਰ ਹਾਲ ਹੀ ਵਿੱਚ ਹੋਏ ਟਕਰਾਅ ਨੇ ਸਾਬਤ ਕਰ ਦਿੱਤਾ ਹੈ ਕਿ ਕੂਟਨੀਤੀ ਅਤੇ ਗੱਲਬਾਤ ਅਤੇ ਸਹਿਮਤੀ ਰਾਹੀਂ ਹੱਲ ਲੱਭਣ ਤੋਂ ਇਲਾਵਾ ਕੋਈ ਹੋਰ ਵਿਕਲਪ ਨਹੀਂ ਹੈ।ਉਨ੍ਹਾਂ ਕਿਹਾ ਕਿ ਇਜ਼ਰਾਈਲ ਨੂੰ ਈਰਾਨ ਤੇ ਹਮਲਾ ਕਰਨ ਅਤੇ ਫਿਰ ਸਿੱਧੇ ਤੌਰ ਤੇ ਈਰਾਨੀ ਪ੍ਰਮਾਣੂ ਸਥਾਪਨਾਵਾਂ ਨੂੰ ਨਿਸ਼ਾਨਾ ਬਣਾਉਣ



ਵਿੱਚ ਮਦਦ ਕਰਕੇ ਅਮਰੀਕਾ ਨੇ ਕੂਟਨੀਤੀ ਅਤੇ ਗੱਲਬਾਤ ਨਾਲ ਧੋਖਾ ਕੀਤਾ ਹੈ। ਉਨ੍ਹਾਂ ਕਿਹਾ ਕਿ ਜੇਕਰ ਅਮਰੀਕਾ ਗੱਲਬਾਤ ਦੁਬਾਰਾ ਸ਼ੁਰੂ ਕਰਨਾ ਚਾਹੁੰਦਾ ਹੈ, ਤਾਂ ਉਸਨੂੰ ਇਹ ਗਾਰੰਟੀ ਦੇਣੀ ਪਵੇਗੀ ਕਿ ਉਹੀ ਸਥਿਤੀ ਦੁਬਾਰਾ ਪੈਦਾ ਨਹੀਂ ਹੋਵੇਗੀ।ਅਰਾਘਚੀ ਨੇ ਕਿਹਾ ਕਿ ਕਿਸੇ ਵੀ ਗੱਲਬਾਤ ਵਿੱਚ ਈਰਾਨੀ ਲੋਕਾਂ ਦੇ ਪ੍ਰਮਾਣੂ ਅਧਿਕਾਰਾਂ ਦਾ ਸਤਿਕਾਰ ਕਰਨਾ ਚਾਹੀਦਾ ਹੈ, ਜਿਸ ਵਿੱਚ ਯੂਰੇਨੀਅਮ ਦਾ ਘਰੇਲੂ ਸੋਧ ਵੀ ਸ਼ਾਮਲ ਹੈ।ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਕੋਈ ਵੀ ਸੰਭਾਵੀ ਗੱਲਬਾਤ ਸਿਰਫ਼ ਈਰਾਨ ਦੇ ਪ੍ਰਮਾਣੂ ਪ੍ਰੋਗਰਾਮ 'ਤੇ ਕੇਂਦ੍ਰਿਤ ਹੋਣੀ ਚਾਹੀਦੀ ਹੈ ਅਤੇ ਇਸ ਦੀਆਂ ਫੌਜੀ ਸਮਰੱਥਾਵਾਂ 'ਤੇ ਗੱਲਬਾਤ ਨਹੀਂ ਕੀਤੀ ਜਾ ਸਕਦੀ।

# ਟਰੰਪ ਖ਼ਿਲਾਫ਼ ਮੁਕੱਦਮਿਆਂ ਦੀ ਕਾਰਵਾਈ 'ਚ ਸ਼ਾਮਲ ਸਰਕਾਰੀ ਵਕੀਲ ਤੇ ਸਟਾਫ਼ ਬਰਖ਼ਾਸਤ

ਵਾਸ਼ਿੰਗਟਨ, 13 ਜੁਲਾਈ (ਚ.ਨ.ਸ.) : ਅਮਰੀਕਾ ਦੇ ਨਿਆਂ ਵਿਭਾਗ ਨੇ ਰਾਸ਼ਟਰਪਤੀ ਡੋਨਲਡ ਟਰੰਪ ਖ਼ਿਲਾਫ਼ ਚੱਲ ਰਹੇ ਮਾਮਲਿਆਂ ਨਾਲ ਜੁੜੇ ਕਈ ਵਕੀਲਾਂ ਅਤੇ ਸਹਾਇਕ ਕਰਮਚਾਰੀਆਂ ਨੂੰ ਬਰਖ਼ਾਸਤ ਕਰ ਦਿੱਤਾ ਹੈ। ਇਸ ਮਾਮਲੇ ਨਾਲ ਸਬੰਧਤ ਦੋ ਜਣਿਆਂ ਨੇ ਇਹ ਜਾਣਕਾਰੀ ਨਸ਼ਰ ਕੀਤੀ ਹੈ। ਹਾਲਾਂਕਿ, ਇਹ



ਸਪਸ਼ਟ ਨਹੀਂ ਹੋਇਆ ਕਿ ਇਸ ਮਾਮਲੇ ਵਿਚ ਕੁੱਲ ਕਿੰਨੇ ਕਰਮਚਾਰੀ ਬਰਖ਼ਾਸਤ ਕੀਤੇ ਗਏ ਹਨ। ਇਹ ਕਾਰਵਾਈ ਵਿਸ਼ੇਸ਼ ਵਕੀਲ ਜੈਕ ਸਮਿਥ ਦੀ ਟੀਮ ਨਾਲ ਜੁੜੇ ਉਨ੍ਹਾਂ ਵਿਅਕਤੀਆਂ ਖ਼ਿਲਾਫ਼ ਕੀਤੀ ਗਈ ਹੈ ਜੋ ਅਮਰੀਕੀ ਰਾਸ਼ਟਰਪਤੀ ਖ਼ਿਲਾਫ਼ ਖ਼ੁਫ਼ੀਆ ਦਸਤਾਵੇਜ਼ਾਂ ਅਤੇ ਚੋਣ ਦਖ਼ਲਅੰਦਾਜ਼ੀ ਨਾਲ ਜੁੜੇ ਦੋ ਵੱਡੇ ਮਾਮਲਿਆਂ 'ਤੇ ਕੰਮ ਕਰ ਰਹੇ ਸਨ।

# 42,232 ਡਾਲਰ 'ਚ ਵਿਕਿਆ 10 ਮਹੀਨੇ ਪੁਰਾਣਾ ਪਨੀਰ, ਬਣਿਆ ਵਰਲਡ ਰਿਕਾਰਡ

ਮੈਡ੍ਰਿਡ, 13 ਜੁਲਾਈ (ਚ.ਨ.ਸ.) : ਕੀ ਤੁਸੀਂ ਕਦੇ ਸੁਣਿਆ ਹੈ ਕਿ ਪਨੀਰ ਦਾ ਇੱਕ ਟੁਕੜਾ ਲੱਖਾਂ ਰੁਪਏ ਵਿੱਚ ਵਿਕਿਆ ਹੋਵੇ ? ਸਪੇਨ ਵਿੱਚ ਇੱਕ ਖਾਸ ਪਨੀਰ ਨੇ ਗਿਨੀਜ਼ ਵਰਲਡ ਰਿਕਾਰਡ ਬਣਾਇਆ ਹੈ। ਕੈਬਰਾਲੇਸ ਨਾਮ ਦਾ ਇਹ ਪਨੀਰ, ਜਿਸਨੂੰ 10 ਮਹੀਨਿਆਂ ਲਈ ਇੱਕ ਗੁਫਾ ਵਿੱਚ ਰੱਖਿਆ ਗਿਆ ਸੀ, ਨੇ ਵਿਕਰੀ ਵਿਚ ਵਰਲਡ ਰਿਕਾਰਡ ਬਣਾਇਆ ਹੈ। ਹਰੇ ਰੰਗ ਦੇ ਪਨੀਰ ਦਾ ਇਹ ਬਦਬੂਦਾਰ ਟੁਕੜਾ ਇੱਕ ਨਿਲਾਮੀ ਵਿੱਚ 42,232 ਡਾਲਰ (ਲਗਭਗ 36 ਲੱਖ ਰੁਪਏ) ਵਿੱਚ ਖਰੀਦਿਆ ਗਿਆ। ਇਸ ਦੇ ਨਾਲ ਹੀ ਇਸ ਨੇ ਨੀਲਾਮੀ ਵਿਚ ਵਿਕਣ ਵਾਲੇ ਸਭ ਤੋਂ ਮਹਿੰਗੇ ਪਨੀਰ ਦਾ ਖ਼ਿਤਾਬ ਵੀ ਆਪਣੇ ਨਾਮ ਕਰ ਲਿਆ। ਰਿਪੋਰਟ ਮੁਤਾਬਕ ਇਹ ਪਨੀਰ ਸਪੈਨਿਸ਼ ਬਲੂ ਚੀਜ਼ ਹੈ ਜਿਸ ਦਾ ਨਾਮ ਕੈਬਰਾਲੇਸ ਰੱਖਿਆ ਗਿਆ ਹੈ।ਇਹ ਪਨੀਰ ਇੱਕ ਪਹਾੜੀ ਗੁਫਾ ਵਿੱਚ 10 ਮਹੀਨਿਆਂ ਲਈ ਪੱਕਿਆ। ਇਹ ਪਨੀਰ ਏਂਜਲ ਡਿਆਜ਼ ਹੇਰੇਰੋ ਪਨੀਰ ਫੈਕਟਰੀ ਦੁਆਰਾ ਬਣਾਇਆ ਗਿਆ ਸੀ। ਇਸਨੂੰ ਐਲ ਲਾਗਰ ਡੀ ਕੋਲੋਟੋ ਨਾਮ ਦੇ ਇੱਕ ਰੈਸਟੋਰੈਂਟ ਦੁਆਰਾ ਖਰੀਦਿਆ ਗਿਆ। ਗਿੰਨੀਜ਼ ਵਰਲਡ ਰਿਕਾਰਡ ਨੇ ਇਸ ਡੇਅਰੀ ਡਿਲੀਸ਼ੀਅਸ (ਦੁੱਧ ਤੋਂ ਬਣਿਆ ਸੁਆਦੀ ਪਨੀਰ) ਨੂੰ ਹੁਣ ਤੱਕ ਦੀ ਨੀਲਾਮੀ ਵਿੱਚ ਵਿਕਣ ਵਾਲਾ ਸਭ ਤੋਂ ਮਹਿੰਗਾ ਪਨੀਰ ਘੋਸ਼ਿਤ ਕੀਤਾ ਹੈ।ਇਹ 5 ਪੌਂਡ (ਲਗਭਗ 2.3 ਕਿਲੋਗ੍ਰਾਮ) ਪਨੀਰ ਗਾਂ ਦੇ ਦੁੱਧ ਤੋਂ ਬਣਾਇਆ ਗਿਆ ਸੀ। ਇਸਦੀ ਵਿਸ਼ੇਸ਼ਤਾ ਇਹ ਸੀ ਕਿ ਇਸਨੂੰ ਲੋਸ ਮਾਜੋਸ ਗੁਫਾ ਵਿੱਚ 10 ਮਹੀਨਿਆਂ ਲਈ ਪਕਾਇਆ ਗਿਆ ਸੀ।




# ਗਵਰਨਰ ਵੱਲੋਂ ਛੇਵੀਂ ਐਂਟਰਪਰਿਨਿਊਰ ਐਂਡ ਅਚੀਵਰ ਅਵਾਰਡਜ਼ 2025 'ਚ 31 ਵਿਸ਼ੇਸ਼ ਹਸਤੀਆਂ ਦਾ ਸਨਮਾਨ

ਚੰਡੀਗੜ੍ਹ, 13 ਜੁਲਾਈ (ਅੰਮ੍ਰਿਤਪਾਲ ਸਿੰਘ) : ਮੀਡੀਆ ਫ਼ੈਡਰੇਸ਼ਨ ਆਫ਼ ਇੰਡੀਆ (ਐੱਮਐਫਆਈ) ਅਤੇ ਪਬਲਿਕ ਰਿਲੇਸ਼ਨਜ਼ ਕੌਂਸਲ ਆਫ਼ ਇੰਡੀਆ (ਪੀਆਰਸੀਆਈ) ਵੱਲੋਂ ਛੇਵੀਂ ਐਂਟਰਪਰਿਨਿਊਰ ਐਂਡ ਅਚੀਵਰ ਅਵਾਰਡਜ਼ 2025 ਦਾ ਆਯੋਜਨ ਪੀਐੱਚਡੀ ਹਾਊਸ, ਸੈਕਟਰ 31, ਚੰਡੀਗੜ੍ਹ ਵਿਖੇ ਕੀਤਾ ਗਿਆ। ਸਮਾਗਮ ਵਿੱਚ ਸਮਾਜ ਦੇ ਵੱਖ-ਵੱਖ ਖੇਤਰਾਂ ਜਿਵੇਂ ਕਿ ਨਾਗਰਿਕ ਸੇਵਾਵਾਂ, ਰੱਖਿਆ, ਨਿਆਂਪਾਲਿਕਾ, ਕਾਰਪੋਰੇਟ, ਮੀਡੀਆ, ਸਿੱਖਿਆ, ਚਿਕਿਤਸਾ, ਖੇਤੀਬਾੜੀ ਅਤੇ ਸਮਾਜ ਸੇਵਾ ਵਿੱਚ ਵਿਸ਼ੇਸ਼ ਯੋਗਦਾਨ ਪਾਉਣ ਵਾਲੀਆਂ 31 ਪ੍ਰਮੁੱਖ ਹਸਤੀਆਂ ਨੂੰ ਸਨਮਾਨਤ ਕੀਤਾ ਗਿਆ। ਇਸ ਮੌਕੇ 'ਤੇ ਪੰਜਾਬ ਦੇ ਰਾਜਪਾਲ ਅਤੇ ਯੂਟੀ ਚੰਡੀਗੜ੍ਹ ਦੇ ਪ੍ਰਸ਼ਾਸਕ ਗੁਲਾਬ ਚੰਦ ਕਟਾਰੀਆ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ। ਉਨ੍ਹਾਂ ਨੇ ਕਿਹਾ ਕਿ ਵੱਖ-ਵੱਖ ਖੇਤਰਾਂ ਵਿੱਚ ਸ਼ਾਨਦਾਰ ਕੰਮ ਕਰਨ ਵਾਲਿਆਂ ਨੂੰ ਸਨਮਾਨਤ ਕਰਨਾ ਨਾ ਸਿਰਫ ਉਨ੍ਹਾਂ ਦੇ ਕੰਮ ਦੀ ਸਾਰਾਹਨਾ ਹੈ, ਸਗੋਂ ਇਹ ਹੋਰਾਂ ਨੂੰ ਵੀ ਸਮਾਜਿਕ ਸੇਵਾ ਲਈ ਪ੍ਰੇਰਿਤ ਕਰਦਾ ਹੈ। ਸਮਾਗਮ ਵਿੱਚ ਸੰਸਦ ਮੈਂਬਰ ਸਤਨਾਮ ਸਿੰਘ ਸੰਧੂ ਵਿਸ਼ੇਸ਼ ਮਹਿਮਾਨ ਵਜੋਂ ਮੌਜੂਦ ਰਹੇ। ਉਨ੍ਹਾਂ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਇਮਾਨਦਾਰੀ ਅਤੇ ਵਫ਼ਾਦਾਰੀ ਲੰਬੇ ਸਮੇਂ ਦੀ ਕਾਮਯਾਬੀ ਲਈ ਬਹੁਤ ਜ਼ਰੂਰੀ ਗੁਣ ਹਨ। ਸਮਾਗਮ ਦੌਰਾਨ ਪਬਲਿਕ ਰਿਲੇਸ਼ਨ ਕੌਂਸਲ ਆਫ਼ ਇੰਡੀਆ, ਚੰਡੀਗੜ੍ਹ ਚੈਪਟਰ ਦੇ ਚੇਅਰਮੈਨ ਡਾ. ਰੁਪੇਸ਼ ਸਿੰਘ ਨੇ ਕਿਹਾ ਕਿ ਇਹ ਅਵਾਰਡਜ਼ ਉਨ੍ਹਾਂ ਸੋਸ਼ਲ ਐਂਟਰਪਰਿਨਿਊਰਜ਼ ਅਤੇ ਪੇਸ਼ੇਵਰ ਲੋਕਾਂ ਨੂੰ ਦਿੱਤੇ ਜਾਂਦੇ ਹਨ ਜੋ ਆਪਣੇ ਕੰਮ ਅਤੇ ਲੀਡਰਸ਼ਿਪ ਰਾਹੀਂ ਸਮਾਜ ਵਿੱਚ ਪਾਜ਼ੀਟਿਵ ਬਦਲਾਅ ਲਿਆ ਰਹੇ ਹਨ। ਉਨ੍ਹਾਂ ਨੇ ਕਿਹਾ ਕਿ ਇਹ ਮੰਚ ਅਸਲ ਨਾਇਕਾਂ ਨੂੰ ਪਹਿਚਾਣ ਦੇਣ ਦੀ ਕੋਸ਼ਿਸ਼ ਕਰਦਾ ਹੈ ਜੋ ਸਮਾਜ ਦੀ ਨੀਂਹ ਮਜ਼ਬੂਤ ਕਰ ਰਹੇ ਹਨ। ਐੱਮਐਫਆਈ ਦੇ ਰਾਸ਼ਟਰੀ ਅਧਿਕਾਰੀ ਅਰੁਣ ਸ਼ਰਮਾ ਨੇ ਵੀ ਸਭਾ ਨੂੰ ਸੰਬੋਧਨ ਕਰਦੇ ਹੋਏ ਸਾਰੇ ਇਨਾਮ ਜੇਤੂਆਂ ਦੀ ਹੌਂਸਲਾ ਅਫ਼ਜ਼ਾਈ ਕੀਤੀ। ਸਨਮਾਨਤ ਹਸਤੀਆਂ ਵਿੱਚ ਸ਼ਾਮਲ ਸਨ: ਵੀ.ਕੇ. ਸਿੰਘ, ਆਈਏਐਸ (ਨਾਗਰਿਕ ਸੇਵਾਵਾਂ), ਲੈਫਟੀਨੈਂਟ ਜਨਰਲ ਆਰ.ਐੱਸ. ਸੁਜਲਾਨਾ (ਰੱਖਿਆ ਸੇਵਾਵਾਂ), ਸੰਜੈ ਕੁਮਾਰ ਸਚਦੇਵਾ (ਨਿਆਂ ਸੇਵਾਵਾਂ), ਹਿੰਮਤ ਸਿੰਘ (ਭਰਤੀ ਪ੍ਰਸ਼ਾਸਨ), ਡਾ. ਆਸ਼ੀਸ਼ ਗੁਲੀਆ (ਸਰਜੀਕਲ ਔਂਕੋਲੋਜੀ), ਆਚਾਰਿਆ ਮਨੀਸ਼ (ਆਯੁਰਵੇਦਕ ਹਸਪਤਾਲ), ਡਾ. ਅਨਿਰੁੱਧ ਗੁਪਤਾ (ਐਂਜੂਪਰਿਨਿਊਰਸ਼ਿਪ), ਡਾ. ਸੰਦੀਪ ਪਟੇਲ (ਆਥੋਪੈਡਿਕਸ), ਅਮਿਤਾਭ ਸ਼ੁਕਲਾ (ਅੰਗਰੇਜ਼ੀ ਪੱਤਰਕਾਰਤਾ), ਜੀ. ਭੁਵਨੇਸ਼ ਕੁਮਾਰ (ਏਅਰਪੋਰਟ ਸੁਰੱਖਿਆ), ਨਵਦੀਪ ਸਿੰਘ ਗਿੱਲ (ਸਟੀਕ ਲੇਖਨ), ਸਰਵਪ੍ਰਿਆ ਨਿਰਮੋਹੀ (ਰੇਡੀਓ ਅਤੇ ਐਂਕਰਿੰਗ), ਭਾਰਤੇਂਦੂ ਸ਼ਾਂਡਿਲਿਆ (ਕਾਰਪੋਰੇਟ ਅਫੇਅਰਜ਼), ਮਧੂ ਪੰਡਿਤ (ਮਾਈਂਡਫੁਲਨੈੱਸ ਅਤੇ ਭਾਵਨਾਤਮਕ ਬੁੱਧੀ), ਸੰਜੀਵ ਨਾਗਪਾਲ (ਸਤਤ ਖੇਤੀ ਅਤੇ ਜੀਵਨ ਯਾਪਨ), ਭਾਰਤੀ ਸੂਦ (ਨੀਤੀ ਵਕਾਲਤ), ਮੀਨਲ ਮਿਸ਼ਰਾ (ਐਚਆਰ), ਦੀਪ ਇੰਦਰ ਸਿੰਘ ਸੰਧੂ (ਉੱਚ ਸਿੱਖਿਆ), ਸ੍ਰਿਸ਼ਟੀ ਸ਼ਰਮਾ (ਸੀਬੀਐਸਈ ਕਲਾਸ 10ਵੀਂ), ਮੁਨੀਸ਼ ਅਰੋੜਾ (ਖੇਡ ਪ੍ਰਬੰਧਨ), ਡਾ. ਵਿਨੀਤ ਪੁਨੀਆ (ਪਬਲਿਕ ਰਿਲੇਸ਼ਨ), ਪ੍ਰਦੀਪ ਬੰਸਲ ਅਤੇ ਅੰਕੁਰ ਚਾਵਲਾ (ਨਾਮਵਰ ਬਿਲਡਰ), ਵਿਵੇਕ ਵਰਮਾ (ਥਰਮਲ ਇੰਜੀਨੀਅਰਿੰਗ), ਡਾ. ਪ੍ਰਿਆ ਚੱਢਾ (ਡਾਕੂਮੈਂਟਰੀ ਨਿਰਮਾਣ), ਟੇਕ ਚੰਦ ਗੋਇਲ (ਬਾਸਮਤੀ ਚਾਵਲ ਨਿਰਯਾਤ), ਬਹਾਦਰ ਸਿੰਘ (ਦਾਨ-ਪੁਣ), ਡਾ. ਗਿਆਨੇਸ਼ਵਰ ਮੈਨੀ (ਡਾਇਬਟੀਜ਼ ਵਿਗਿਆਨ), ਸੁਖਦੇਵ ਸਿੰਘ (ਫਾਈਨ ਡਾਈਨਿੰਗ), ਪ੍ਰਿਆ (ਸਪੈਸ਼ਲ ਓਲੰਪਿਕ 2025 ਗੋਲਡ ਮੈਡਲ), ਰੀਕ੍ਰਿਤ ਸੈਰੇ (ਸਤਲੁਜ ਸਕੂਲ ਗਰੁੱਪ) ਅਤੇ ਰਾਜੇਸ਼ ਕੁਮਾਰ ਸ਼ਰਮਾ (ਐਸਟੀਐਮ ਗਰੁੱਪ)। ਐਸਟੀਐਮ ਗਰੁੱਪ ਅਤੇ ਸਤਲੁਜ ਗਰੁੱਪ ਆਫ਼ ਸਕੂਲਜ਼ ਨੇ ਇਸ ਸਮਾਗਮ ਨੂੰ ਪ੍ਰਾਯੋਜਿਤ ਕੀਤਾ।




ਰੇਲਵੇ ਵਿਭਾਗ ਦਾ ਵੱਡਾ ਫ਼ੈਸਲਾ

# ਯਾਤਰੀਆਂ ਦੀ ਸੁਰੱਖਿਆ ਲਈ ਹਰ ਡੱਬੇ 'ਚ ਲੱਗਣਗੇ ਸੀਸੀਟੀਵੀ ਕੈਮਰੇ

ਚੰਡੀਗੜ੍ਹ, 13 ਜੁਲਾਈ (ਅੰਮ੍ਰਿਤਪਾਲ ਸਿੰਘ) : ਯਾਤਰੀ ਕੋਚਾਂ ਵਿੱਚ ਸੀਸੀਟੀਵੀ ਕੈਮਰੇ ਲਗਾਉਣ ਦੇ ਪ੍ਰਯੋਗਾਤਮਕ ਇੰਸਟਾਲੇਸ਼ਨ ਦੇ ਸਕਾਰਾਤਮਕ ਨਤੀਜਿਆਂ ਦੇ ਆਧਾਰ 'ਤੇ, ਰੇਲਵੇ ਨੇ ਸਾਰੇ ਕੋਚਾਂ ਵਿੱਚ ਸੀਸੀਟੀਵੀ ਕੈਮਰੇ ਲਗਾਉਣ ਦਾ ਫੈਸਲਾ ਕੀਤਾ ਹੈ। ਇਸ ਕਦਮ ਨਾਲ ਯਾਤਰੀਆਂ ਦੀ ਸੁਰੱਖਿਆ ਵਿੱਚ ਜ਼ਿਕਰਯੋਗ ਸੁਧਾਰ ਹੋਵੇਗਾ। ਸ਼ਰਾਰਤੀ ਤੱਤਾਂ ਅਤੇ ਸੰਗਠਿਤ ਗਿਰੋਹ ਭੋਲੇ ਭਾਲੇ ਯਾਤਰੀਆਂ ਦਾ ਫ਼ਾਇਦਾ ਉਠਾਉਂਦੇ ਹਨ। ਕੈਮਰੇ ਲਗਾਉਣ ਨਾਲ ਅਜਿਹੀਆਂ ਘਟਨਾਵਾਂ ਵਿੱਚ ਬਹੁਤ ਕਮੀ ਆਵੇਗੀ। ਯਾਤਰੀਆਂ ਦੀ ਨਿੱਜਤਾ ਬਣਾਈ ਰੱਖਣ ਲਈ, ਦਰਵਾਜ਼ਿਆਂ ਦੇ ਨੇੜੇ ਆਮ ਆਵਾਜਾਈ ਖੇਤਰ ਵਿੱਚ ਸੀਸੀਟੀਵੀ ਕੈਮਰੇ ਲਗਾਏ ਜਾਣਗੇ। ਕੇਂਦਰੀ ਰੇਲ ਮੰਤਰੀ ਅਸ਼ਵਿਨੀ ਵੈਸ਼ਣਵ ਅਤੇ ਕੇਂਦਰੀ ਰੇਲ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਨੇ ਇੰਜਣਾਂ ਤੇ ਕੋਚਾਂ ਵਿੱਚ ਸੀਸੀਟੀਵੀ ਕੈਮਰੇ ਲਗਾਉਣ ਦੀ ਪ੍ਰਗਤੀ ਦੀ ਸਮੀਖਿਆ ਕੀਤੀ। ਸ਼ਨੀਵਾਰ 12 ਜੁਲਾਈ, 2025 ਨੂੰ ਹੋਈ ਮੀਟਿੰਗ ਵਿੱਚ ਰੇਲਵੇ ਬੋਰਡ ਦੇ ਸੀਨੀਅਰ ਅਧਿਕਾਰੀਆਂ ਨੇ ਹਿੱਸਾ ਲਿਆ ।

ਕੇਂਦਰੀ ਰੇਲ ਮੰਤਰੀ ਨੇ ਸਾਰੇ 74,000 ਕੋਚਾਂ ਅਤੇ 15,000 ਲੋਕੋਮੋਟਿਵਾਂ ਵਿੱਚ ਸੀਸੀਟੀਵੀ ਕੈਮਰੇ ਲਗਾਉਣ ਦੀ ਇਜਾਜ਼ਤ ਦੇ ਦਿੱਤੀ ਹੈ। ਹਰੇਕ ਰੇਲਵੇ ਕੋਚ ਵਿੱਚ 4 ਡੋਮ ਸੀਸੀਟੀਵੀ ਕੈਮਰੇ ਲਗਾਏ ਜਾਣਗੇ - ਹਰੇਕ ਪ੍ਰਵੇਸ਼ ਮਾਰਗ 'ਤੇ 2 ਅਤੇ ਹਰੇਕ ਲੋਕੋਮੋਟਿਵ ਵਿੱਚ 6 ਸੀਸੀਟੀਵੀ ਕੈਮਰੇ ਹੋਣਗੇ। ਇਨ੍ਹਾਂ ਵਿੱਚ ਲੋਕੋਮੋਟਿਵ ਦੇ ਅੱਗੇ, ਪਿੱਛੇ ਅਤੇ ਦੋਵੇਂ ਪਾਸੇ 1-1 ਕੈਮਰਾ ਸ਼ਾਮਲ ਹੋਵੇਗਾ। ਹਰੇਕ ਕੈਬ (ਅੱਗੇ ਅਤੇ ਪਿੱਛੇ) ਵਿੱਚ 1 ਡੋਮ ਸੀਸੀਟੀਵੀ ਕੈਮਰਾ ਅਤੇ ਡੈਸਕ ਤੇ 2 ਮਾਈਕ੍ਰੋਫੋਨ ਲਗਾਏ ਜਾਣਗੇ।

**ਆਧੁਨਿਕ ਸਮੱਸਿਆਵਾਂ ਲਈ ਆਧੁਨਿਕ ਨਿਗਰਾਨੀ**

ਅਧਿਕਾਰੀਆਂ ਨੇ ਸਾਂਝਾ ਕੀਤਾ ਕਿ ਸੀਸੀਟੀਵੀ ਕੈਮਰੇ ਨਵੀਨਤਮ ਮਾਪਦੰਡਾਂ ਵਾਲੇ ਹੋਣਗੇ ਅਤੇ ਐਸਟੀਕਿਊਸੀ ਪ੍ਰਮਾਣਿਤ ਹੋਣਗੇ। ਕੇਂਦਰੀ ਰੇਲ ਮੰਤਰੀ ਨੇ ਸਰਬਸ਼੍ਰੇਸ਼ਠ ਉਪਕਰਣਾਂ ਨੂੰ ਇਸਤੇਮਾਲ ਕਰਨ 'ਤੇ ਜ਼ੋਰ ਦਿੱਤਾ। ਉਨ੍ਹਾਂ ਨੇ ਰੇਲਵੇ ਅਧਿਕਾਰੀਆਂ ਨੂੰ ਇਹ ਯਕੀਨੀ ਬਣਾਉਣ ਦੀ ਅਪੀਲ ਕੀਤੀ ਕੀ 100 ਕਿਲੋਮੀਟਰ ਪ੍ਰਤੀ ਘੰਟੇ ਤੋਂ ਵੱਧ ਗਤੀ ਅਤੇ ਘੱਟ ਰੋਸ਼ਨੀ ਦੀ ਸਥਿਤੀ ਵਿੱਚ ਚਲਣ ਵਾਲੀਆਂ ਟ੍ਰੇਨਾਂ ਦੇ ਉੱਚ ਗੁਣਵੱਤਾ ਵਾਲੇ ਫੁਟੇਜ ਉਪਲਬਧ ਹੋਣ। ਕੇਂਦਰੀ ਰੇਲਵੇ ਮੰਤਰੀ ਨੇ ਅਧਿਕਾਰੀਆਂ ਨੂੰ ਇੰਡੀਆਏਆਈ ਮਿਸ਼ਨ ਦੇ ਸਹਿਯੋਗ ਨਾਲ ਸੀਸੀਟੀਵੀ ਕੈਮਰਿਆਂ ਦੁਆਰਾ ਲਏ ਗਏ ਡੇਟਾ 'ਤੇ ਏਆਈ ਦੇ ਉਪਯੋਗ ਦਾ ਪਤਾ ਲਗਾਉਣ ਲਈ ਪ੍ਰੋਤਸਾਹਿਤ ਕੀਤਾ।

## ਜਨਮ ਦਿਨ ਮੁਬਾਰਕ



ਅਰਸਜੋਤ ਕੌਰ



ਸਿਧਾਂਸ ਸ਼ਰਮਾ



ਪਾਰਥ



ਵਿਕਰਮ ਅਤੇ ਸਵਾਤੀ ਨੂੰ ਵਿਆਹ ਦੀ ਵਰ੍ਹੇਗੰਢ ਮੁਬਾਰਕ

# ਆਸਟ੍ਰੇਲੀਆਈ ਪ੍ਰਧਾਨ ਮੰਤਰੀ ਅਲਬਾਨੀਜ਼ ਪਹੁੰਚੇ ਚੀਨ, ਵਪਾਰਕ ਸਬੰਧ ਹੋਣਗੇ ਮਜ਼ਬੂਤ

ਬੀਜਿੰਗ, 13 ਜੁਲਾਈ (ਚ.ਨ.ਸ.) : ਆਸਟ੍ਰੇਲੀਆਈ ਪ੍ਰਧਾਨ ਮੰਤਰੀ ਐਂਥਨੀ ਅਲਬਾਨੀਜ਼ ਚੀਨ ਨਾਲ ਵਪਾਰਕ ਸਬੰਧਾਂ ਨੂੰ ਮਜ਼ਬੂਤ ਕਰਨ ਦੇ ਉਦੇਸ਼ ਨਾਲ ਬੀਜਿੰਗ ਦੇ ਦੌਰੇ 'ਤੇ ਹਨ। ਅਲਬਾਨੀਜ਼ ਨੇ ਐਤਵਾਰ ਨੂੰ ਸ਼ੰਘਾਈ ਪਾਰਟੀ ਦੇ ਸਕੱਤਰ ਚੇਨ ਜਿਨਿੰਗ ਨਾਲ ਮੁਲਾਕਾਤ ਕੀਤੀ, ਜੋ ਕਿ ਉੱਚ-ਪੱਧਰੀ ਮੀਟਿੰਗਾਂ ਦੀ ਲੜੀ ਵਿੱਚ ਪਹਿਲੀ ਹੈ। ਇਸ ਦੌਰਾਨ ਉਹ ਚੀਨੀ ਰਾਸ਼ਟਰਪਤੀ ਸ਼ੀ ਜਿਨਪਿੰਗ, ਪ੍ਰਧਾਨ ਮੰਤਰੀ ਲੀ ਕੇਕਿਯਾਂਗ ਅਤੇ ਨੈਸ਼ਨਲ ਪੀਪਲਜ਼ ਕਾਂਗਰਸ ਦੇ ਚੇਅਰਮੈਨ ਝਾਓ ਲੇਜੀ ਨਾਲ ਵੀ ਮੁਲਾਕਾਤ ਕਰਨ ਵਾਲੇ ਹਨ। ਅਲਬਾਨੀਜ਼ ਸ਼ਨੀਵਾਰ ਨੂੰ ਸ਼ੰਘਾਈ ਪਹੁੰਚੇ। ਇਸ ਦੌਰਾਨ ਉਨ੍ਹਾਂ ਨੇ ਚੀਨ ਦੇ ਸਰਕਾਰੀ ਨਿਊਜ਼ ਏਜੰਸੀ ਨੂੰ ਦੱਸਿਆ ਕਿ ਉਹ ਇੱਕ ਬਹੁਤ ਵੱਡੇ ਵਪਾਰਕ ਵਫ਼ਦ ਦੀ ਅਗਵਾਈ ਕਰ ਰਹੇ ਹਨ, ਜੋ ਆਸਟ੍ਰੇਲੀਆ ਅਤੇ ਚੀਨ ਵਿਚਕਾਰ ਆਰਥਿਕ ਸਬੰਧਾਂ ਦੀ ਮਹੱਤਤਾ ਨੂੰ ਰੇਖਾਂਕਿਤ ਕਰਦਾ ਹੈ। ਆਸਟ੍ਰੇਲੀਆਈ ਪ੍ਰਧਾਨ ਮੰਤਰੀ ਦਫ਼ਤਰ ਅਨੁਸਾਰ ਇੱਕ ਹਫ਼ਤੇ ਦੀ ਯਾਤਰਾ ਦੌਰਾਨ ਅਲਬਾਨੀਜ਼ ਸ਼ੰਘਾਈ ਅਤੇ ਚੇਂਗਡੂ ਵਿੱਚ ਵਪਾਰ, ਸੈਰ-ਸਪਾਟਾ ਅਤੇ ਖੇਡ ਪ੍ਰਤੀਨਿਧੀਆਂ ਨਾਲ ਮੁਲਾਕਾਤ ਕਰਨਗੇ। ਉਹ ਮੰਗਲਵਾਰ ਨੂੰ ਬੀਜਿੰਗ ਵਿੱਚ ਇੱਕ ਸੀ.ਈ.ਓ ਗੋਲਮੇਜ਼ ਵਿੱਚ ਵੀ ਸ਼ਾਮਲ ਹੋਣਗੇ। 2022 ਵਿੱਚ ਅਲਬਾਨੀਜ਼ ਵੱਲੋਂ ਲੇਬਰ ਪਾਰਟੀ ਦੀ ਸਰਕਾਰ ਦਾ ਚਾਰਜ ਸੰਭਾਲਣ ਤੋਂ ਬਾਅਦ ਇਹ ਉਨ੍ਹਾਂ ਦੀ ਚੀਨ ਦੀ ਦੂਜੀ ਫੇਰੀ ਹੈ।



# ਪੰਜ ਅਮਰੀਕੀ ਰਾਜਾਂ 'ਚ ਪ੍ਰਵਾਸੀ ਨਜ਼ਰਬੰਦੀ ਕੇਂਦਰ ਹੋਣਗੇ ਸਥਾਪਤ : ਕ੍ਰਿਸਟੀ ਨੋਏਮ

ਨਿਊਯਾਰਕ, 13 ਜੁਲਾਈ (ਚ.ਨ.ਸ.) : ਅਮਰੀਕੀ ਗ੍ਰਹਿ ਸੁਰੱਖਿਆ ਵਿਭਾਗ (ਡੀ.ਐਚ.ਐਸ) ਦੀ ਸਕੱਤਰ ਕ੍ਰਿਸਟੀ ਨੋਏਮ ਨੇ ਕਿਹਾ ਹੈ ਕਿ ਉਹ ਫਲੋਰੀਡਾ ਦੇ ਐਲੀਗੇਟਰ ਅਲਕਾਟਰਾਜ਼ ਦੀ ਤਰਜ਼ 'ਤੇ ਪ੍ਰਵਾਸੀ ਨਜ਼ਰਬੰਦੀ ਕੇਂਦਰ ਸਥਾਪਤ ਕਰਨ ਲਈ ਪੰਜ ਰਾਜਾਂ ਨਾਲ ਲਗਾਤਾਰ ਗੱਲਬਾਤ ਕਰ ਰਹੀ ਹੈ। ਨੋਏਮ ਨੇ ਇੱਕ ਪ੍ਰੈਸ ਕਾਨਫਰੰਸ ਵਿੱਚ ਕਿਹਾ ਕਿ ਇਹ ਪੰਜ ਰਾਜ ਰਿਪਬਲਿਕਨ ਗਵਰਨਰ ਅਗਵਾਈ ਕਰਦੇ ਹਨ, ਪਰ ਉਨ੍ਹਾਂ ਨੇ ਉਨ੍ਹਾਂ ਦੇ ਨਾਵਾਂ ਦਾ ਖੁਲਾਸਾ ਨਹੀਂ ਕੀਤਾ। ਉਨ੍ਹਾਂ ਨੇ ਐਲੀਗੇਟਰ ਅਲਕਾਟਰਾਜ਼ ਨਜ਼ਰਬੰਦੀ ਕੇਂਦਰ ਦੇ ਸਫਲ ਲਾਂਚ ਵਿੱਚ ਡੀ.ਐਚ.ਐਸ ਨਾਲ ਸਹਿਯੋਗ ਲਈ ਫਲੋਰੀਡਾ ਦੇ ਗਵਰਨਰ ਰੌਨ ਡੀਸੈਂਟਿਸ ਦੀ ਵੀ ਪ੍ਰਸ਼ੰਸ਼ਾ ਕੀਤੀ। ਗੌਰਤਲਬ ਹੈ ਕਿ ਫਲੋਰੀਡਾ ਐਵਰਗਲੇਡਜ਼ ਵਿੱਚ ਸਥਿਤ ਡੈੱਡ-ਕੋਲੀਅਰ ਟ੍ਰੇਨਿੰਗ ਐਂਡ ਟ੍ਰਾਂਜਿਸ਼ਨ ਏਅਰਪੋਰਟ ਦੀ ਜਗ੍ਹਾ 'ਤੇ 39 ਵਰਗ ਮੀਲ (100 ਵਰਗ ਕਿਲੋਮੀਟਰ) ਵਿੱਚ ਫੈਲਿਆ ਇਹ ਕੇਂਦਰ ਸਿਰਫ ਅੱਠ ਦਿਨਾਂ ਵਿੱਚ ਬਣਾਇਆ ਗਿਆ ਸੀ। ਪ੍ਰਵਾਸੀ ਨਜ਼ਰਬੰਦਾਂ ਦੇ ਪਹਿਲੇ ਸਮੂਹ ਨੂੰ ਜੁਲਾਈ ਦੇ ਸ਼ੁਰੂ ਵਿੱਚ ਉੱਥੇ ਰੱਖਿਆ ਗਿਆ ਸੀ। ਇਹ ਕੇਂਦਰ ਮੌਜੂਦਾ ਅਮਰੀਕੀ ਪ੍ਰਸ਼ਾਸਨ ਦੇ ਗੈਰ-ਕਾਨੂੰਨੀ ਇਮੀਗ੍ਰੇਸ਼ਨ 'ਤੇ ਸ਼ਿਕੰਜਾ ਕੱਸਣ ਦੇ ਯਤਨਾਂ ਦਾ ਹਿੱਸਾ ਹੈ। ਇਸ ਯਤਨ ਦੀ ਪ੍ਰਸ਼ਾਸਨ ਅਤੇ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਸਮਰਥਕਾਂ ਦੁਆਰਾ ਪ੍ਰਸ਼ੰਸ਼ਾ ਕੀਤੀ ਗਈ ਹੈ, ਪਰ ਇਸਨੇ ਉੱਥੋਂ ਦੇ ਹਾਲਾਤਾਂ ਬਾਰੇ ਪਰੇਸ਼ਾਨ ਕਰਨ ਵਾਲੀਆਂ ਰਿਪੋਰਟਾਂ ਦੇ ਮੱਦੇਨਜ਼ਰ ਮਨੁੱਖੀ ਅਧਿਕਾਰ ਕਾਰਕੁਨਾਂ ਵਿੱਚ ਚਿੰਤਾਵਾਂ ਵੀ ਪੈਦਾ ਕੀਤੀਆਂ ਹਨ।



## ਸ੍ਰੀ ਸਨਾਤਨ ਧਰਮ ਉਤਸਵ ਐਂਡ ਵੈਲਫੇਅਰ ਕਮੇਟੀ ਯੂਥ ਨੇ ਭਾਗਵਤ ਕਾਰਡ ਕੀਤਾ ਜਾਰੀ



ਲਹਿਰਾਗਾਗਾ, 13 ਜੁਲਾਈ (ਗੁਰਦੀਪ ਸਿੰਘ): ਸ੍ਰੀ ਸਨਾਤਨ ਧਰਮ ਉਤਸਵ ਅਤੇ ਵੈਲਫੇਅਰ ਕਮੇਟੀ ਯੂਥ ਰਜਿਸਟਰਡ ਲਹਿਰਾਗਾਗਾ ਵੱਲੋਂ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਸ੍ਰੀ ਕ੍ਰਿਸ਼ਨ ਜਨਮ ਅਸ਼ਟਮੀ ਦੇ ਮੌਕੇ ਸ੍ਰੀ ਮਦ ਭਾਗਵਤ ਸਪਤਾਹ ਜੱਗ ਕਰਵਾਇਆ ਜਾ ਰਿਹਾ ਹੈ। ਸੰਸਥਾ ਦੇ ਪ੍ਰਧਾਨ ਸ੍ਰੀ ਸ਼ਤੀਸ਼ ਕੁਮਾਰ ਅਤੇ ਸੀਨੀਅਰ ਮੈਂਬਰ ਵਿਨੋਦ ਕੁਮਾਰ ਨੇ ਦੱਸਿਆ ਕਿ 13 ਅਗਸਤ ਤੋਂ ਲੈ ਕੇ 19 ਅਗਸਤ ਤੱਕ ਸ੍ਰੀ ਮਦ ਭਾਗਵਤ ਸਪਤਾਹ ਯੱਗ ਜੀ ਪੀ ਐਫ ਕੰਪਲੈਕਸ ਵਿਖੇ ਕਰਵਾਇਆ ਜਾ ਰਿਹਾ ਹੈ। ਉਹਨਾਂ ਨੇ ਦੱਸਿਆ ਕਿ 16 ਤਰੀਕ ਨੂੰ ਜਨਮ ਅਸ਼ਟਮੀ ਦਾ ਤਿਉਹਾਰ ਬੜੀ ਧੂਮ ਧਾਮ ਨਾਲ ਮਨਾਇਆ ਜਾ ਰਿਹਾ ਹੈ। 13 ਅਗਸਤ ਨੂੰ ਮੰਡੀ ਵਾਲੇ ਮੰਦਰ ਵਿਖੇ 9 ਵਜੇ ਕਲਸ਼ ਯਾਤਰਾ ਜੀਪੀਐਫ ਕੰਪਲੈਕਸ ਲਈ ਰਵਾਨਾ ਹੋਵੇਗੀ, ਜਿਸ ਵਿੱਚ ਸੁਹਾਗਣਾਂ ਵੱਲੋਂ ਕਲਸ਼ ਚੱਕੇ ਜਾਣਗੇ ਅਤੇ ਭਗਵਤ ਕਥਾ ਸ਼ੁਰੂ ਹੋਵੇਗੀ। ਉਹਨਾਂ ਕਿਹਾ ਕਿ ਇਸ ਸਪਤਾਹ ਦੇ ਮੁੱਖ ਮਹਿਮਾਨ ਕੈਬਨਿਟ ਮੰਤਰੀ ਬਰਿੰਦਰ ਗੋਇਲ ਅਤੇ ਉਨਾਂ ਦੇ ਸਪੁੱਤਰ ਗੌਰਵ ਗੋਇਲ ਹੋਣਗੇ, ਮੁੱਖ ਜਜਮਾਨ ਸੁਰਿੰਦਰ ਪਾਲ ਅਤੇ ਵਿਕੇਸ਼ ਕੁਮਾਰ ਹੋਣਗੇ ਉਨਾਂ ਦੱਸਿਆ ਕਿ ਇਸ ਵਾਰ ਉਦਵ ਕੋਦੰਡ ਜੀ ਮਹਾਰਾਜ ਸਹਾਰਨਪੁਰ ਵਾਲੇ ਕਥਾ ਕਰਨਗੇ। ਇਸ ਵਾਰ ਭਗਤਾਂ ਦੇ ਲਈ ਹਰ ਰੋਜ਼ ਲੰਗਰ ਦੀ ਵਿਵਸਥਾ ਕੀਤੀ ਗਈ ਹੈ। ਜਨਮ ਅਸ਼ਟਮੀ ਵਾਲੇ ਦਿਨ ਵਰਤ ਰੱਖਣ ਵਾਲੇ ਭਗਤਾਂ ਦੇ ਲਈ ਵਰਤ ਵਾਲਾ ਖਾਣਾ ਅਲੱਗ ਤੋਂ ਤਿਆਰ ਕੀਤਾ ਜਾਵੇਗਾ। ਸਾਰੇ ਮੈਂਬਰਾਂ ਨੇ ਇਕੱਠੇ ਹੋ ਕੇ ਭਾਗਵਤ ਕਾਰਡ ਰਿਲੀਜ਼ ਕੀਤਾ। ਇਸ ਸਮੇਂ ਸੰਸਥਾ ਦੇ ਸੰਸਥਾਪਕ ਸੁਰੇਸ਼ ਕੁਮਾਰ, ਪ੍ਰਧਾਨ ਸਤੀਸ਼ ਕੁਮਾਰ, ਸਾਬਕਾ ਪ੍ਰਧਾਨ ਹੇਮੰਤ ਹਨੀ,ਜੈ ਨਰਾਇਣ,ਨਰਾਤਾ ਰਾਮ, ਸੁਰਿੰਦਰ ਕੁਮਾਰ ਛਿੰਦੀ, ਜਨਰਲ ਸੈਕਟਰੀ ਡਾ ਚੰਚਲ, ਸੈਕਟਰੀ ਮੁਕੇਸ਼ ਕੁਮਾਰ,ਖਜ਼ਾਨਚੀ ਪ੍ਰਮੋਦ ਕੁਮਾਰ, ਵਿਕਾਸ ਕੁਮਾਰ,ਮੰਗਤ ਰਾਏ ਵਕੀਲ,ਅੰਮਿਤ ਕੁਮਾਰ ਬਿਨੂ, ਵਿੱਕੀ ਸਿੰਗਲਾ,ਹੈਪੀ ਕੁਮਾਰ,ਰੌਕੀ ਕੁਮਾਰ,ਅੰਮਿਤ ਕੁਮਾਰ ਆਦਿ ਮੈਂਬਰ ਹਾਜ਼ਰ ਸਨ।

## ਨਸ਼ਾ ਸਪਲਾਈ ਰੈਕਟ ਦਾ ਪਰਦਾਫਾਸ਼; 3 ਮੁਲਜ਼ਮ ਕਾਬੂ



ਸੰਗਰੂਰ, 13 ਜੁਲਾਈ (ਹਰਕੰਵਲ ਸਿੰਘ ਹੈਪੀ): ਮਾਨਯੋਗ ਐਸ.ਐਸ.ਪੀ.,ਸੰਗਰੂਰ ਸਰਤਾਜ ਸਿੰਘ ਚਾਹਲ ਵੱਲੋਂ ਅੱਜ ਪੁਲਿਸ ਲਾਈਨ ਵਿਖੇ ਪ੍ਰੈਸ ਕਾਨਫਰੰਸ ਦੌਰਾਨ ਦੱਸਿਆ ਗਿਆ ਕਿ ਜ਼ਿਲ੍ਹਾ ਪੁਲਿਸ ਵੱਲੋਂ ਨਸ਼ਿਆਂ ਅਤੇ ਸਮਾਜ ਵਿਰੋਧੀ ਅਨਸਰਾਂ ਖਿਲਾਫ ਚਲਾਈ ਗਈ ਮੁਹਿੰਮ "ਯੁੱਧ ਨਸ਼ਿਆਂ ਵਿਰੁੱਧ "ਤਹਿਤ ਕਾਰਵਾਈ ਕਰਦੇ ਹੋਏ ਨਸ਼ੇ ਸਪਲਾਈ ਦੇ ਰੈਕਟ ਦਾ ਪਰਦਾਫਾਸ਼ ਕਰ ਕੇ 03 ਕਥਿਤ ਦੋਸ਼ੀਆਂ ਨੂੰ ਗ੍ਰਿਫਤਾਰ ਕਰ ਕੇ 01 ਕਿੱਲੋ 625 ਗ੍ਰਾਮ ਚਿੱਟਾ/ਹੈਰੋਇਨ, 03 ਪਿਸਟਲ 32 ਬੋਰ, 02 ਦੇਸੀ ਕੱਟੇ 12 ਬੋਰ ਸਮੇਤ 13 ਰੌਂਦ ਅਤੇ 12 ਮੋਬਾਈਲ ਫੋਨ ਬ੍ਰਾਮਦ ਕਰਵਾਏ ਗਏ।ਸ੍ਰੀ ਚਾਹਲ ਨੇ ਦੱਸਿਆ ਕਿ ਥਾਣਾ ਸਦਰ ਧੂਰੀ ਵਿਖੇ 125 ਗ੍ਰਾਮ ਹੈਰੋਇਨ/ਚਿੱਟਾ, 01 ਪਿਸਟਲ .32 ਬੋਰ, 07 ਕਾਰਤੂਸ ਅਤੇ 04 ਮੋਬਾਈਲ ਫੋਨ ਬ੍ਰਾਮਦ ਹੋਣ ਉਪਰੰਤ ਮੁਕੱਦਮਾ ਨੰਬਰ 69 ਮਿਤੀ 09.04.2025 ਅ/ਧ 21/61/85 ਐਨ.ਡੀ.ਪੀ.ਐਸ ਐਕਟ, 25/27 ਅਸਲਾ ਐਕਟ ਅਤੇ 123,221 ਬੀ.ਐਨ.ਐਸ ਥਾਣਾ ਸਦਰ ਧੂਰੀ ਬਰਖਿਲਾਫ ਨਿਗਮ ਉਰਫ ਲੱਕੀ ਉਮਰ ਕਰੀਬ 24 ਸਾਲ ਵਾਸੀ ਸੰਗਰੂਰ ਅਤੇ ਗੁਰਪ੍ਰੀਤ ਸਿੰਘ ਉਰਫ ਭੈਰੋਂ ਉਮਰ ਕਰੀਬ 28 ਸਾਲ ਵਾਸੀ ਸੰਗਰੂਰ ਅਤੇ 03 ਨਾਮਲੂਮ ਵਿਅਕਤੀਆਨ ਖਿਲਾਫ ਦਰਜ ਕੀਤਾ ਗਿਆ ਸੀ, ਕਥਿਤ ਦੋਸ਼ੀ ਮੌਕੇ ਤੋਂ ਫਰਾਰ ਹੋ ਗਏ ਸਨ। ਦੌਰਾਨੇ ਤਫਤੀਸ਼ ਸ੍ਰੀ ਦਵਿੰਦਰ ਅੱਤਰੀ, ਕਪਤਾਨ ਪੁਲੀਸ (ਇੰਨਵੈਸਟੀਗੇਸ਼ਨ) ਸੰਗਰੂਰ ਦੀ ਨਿਗਰਾਨੀ ਹੇਠ ਸ਼੍ਰੀ ਦਲਜੀਤ ਸਿੰਘ ਵਿਰਕ, ਉਪ ਕਪਤਾਨ ਪੁਲਿਸ (ਡਿਟੈਕਟਿਵ) ਸੰਗਰੂਰ ਦੀ ਅਗਵਾਈ ਹੇਠ ਇੰਸਪੈਕਟਰ ਸੰਦੀਪ ਸਿੰਘ, ਇੰਚਾਰਜ ਸੀ.ਆਈ.ਏ ਬਹਾਦਰ ਸਿੰਘ ਵਾਲਾ ਅਤੇ ਇੰਸਪੈਕਟਰ ਕਰਨਵੀਰ ਸਿੰਘ, ਮੁੱਖ ਅਫਸਰ ਥਾਣਾ ਸਦਰ ਧੂਰੀ ਸਮੇਤ ਪੁਲਿਸ ਪਾਰਟੀ ਦੀਆਂ ਟੀਮਾਂ ਬਣਾ ਕੇ ਕਾਰਵਾਈ ਕਰਦੇ ਹੋਏ ਕਥਿਤ ਦੋਸ਼ੀ ਨਿਗਮ ਉਰਫ ਲੱਕੀ ਉਕਤ, ਜੋ ਮੁਕੱਦਮਾ ਨੰਬਰ 76/24 ਥਾਣਾ ਸਿਟੀ ਸੰਗਰੂਰ ਵਿੱਚ ਗ੍ਰਿਫਤਾਰ ਹੋਣ ਉਪਰੰਤ ਜ਼ਿਲ੍ਹਾ ਜੇਲ੍ਹ ਸੰਗਰੂਰ ਬੰਦ ਸੀ, ਨੂੰ ਪ੍ਰੋਡਕਸ਼ਨ ਵਰੰਟ 'ਤੇ ਗ੍ਰਿਫਤਾਰ ਕੀਤਾ ਗਿਆ, ਜਿਸ ਦੀ ਪੁੱਛ-ਗਿੱਛ ਦੇ ਅਧਾਰ 'ਤੇ ਮਿਤੀ 08.07.2025 ਨੂੰ ਮੁਕੱਦਮਾ 69/25 ਥਾਣਾ ਸਦਰ ਧੂਰੀ ਵਿੱਚ ਜਸਪਾਲ ਸਿੰਘ ਉਰਫ ਬਿੱਲਾ ਉਮਰ ਕਰੀਬ 23 ਸਾਲ ਵਾਸੀ ਸੰਗਰੂਰ ਨੂੰ ਨਾਮਜ਼ਦ ਕਰ ਕੇ ਗ੍ਰਿਫਤਾਰ ਕਰਨ ਉਪਰੰਤ ਉਸ ਦੇ ਕਬਜ਼ੇ ਵਿੱਚੋਂ 02 ਪਿਸਟਲ 32 ਬੋਰ ਬ੍ਰਾਮਦ ਕਰਾਏ ਗਏ। ਜਸਪਾਲ ਸਿੰਘ ਉਰਫ ਬਿੱਲਾ ਦੀ ਪੁੱਛ-ਗਿੱਛ ਦੇ ਆਧਾਰ 'ਤੇ ਸਤਨਾਮ ਸਿੰਘ ਉਰਫ ਸੱਤਾ ਉਮਰ ਕਰੀਬ 23 ਸਾਲ ਵਾਸੀ ਪੂਹਲਾ ਥਾਣਾ ਭਿਖੀਵਿੰਡ, ਜੋ ਜ਼ਿਲ੍ਹਾ ਜੇਲ੍ਹ ਸੰਗਰੂਰ ਵਿਖੇ ਬੰਦ ਸੀ, ਨੂੰ ਨਾਮਜ਼ਦ ਕੀਤਾ ਗਿਆ। ਜਿਸ ਨੂੰ ਪ੍ਰੋਡਕਸ਼ਨ ਵਰੰਟ 'ਤੇ ਲਿਆ ਕੇ ਉਸ ਪਾਸੋਂ ਜ਼ਿਲ੍ਹਾ ਜੇਲ ਵਿੱਚ ਸਪਲਾਈ ਕੀਤੇ 08 ਮੋਬਾਈਲ ਫੋਨ ਬ੍ਰਾਮਦ ਕਰਵਾ ਕੇ ਮੁਕੱਦਮਾ ਨੰਬਰ 121 ਮਿਤੀ 11.07.2025 ਅ/ਧ 52ਏ ਪ੍ਰਿਜ਼ਨ ਐਕਟ ਥਾਣਾ ਸਿਟੀ-1 ਸੰਗਰੂਰ ਦਰਜ ਕੀਤਾ ਗਿਆ। ਮਿਤੀ 11.07.2025 ਨੂੰ ਜਸਪਾਲ ਸਿੰਘ ਉਰਫ ਬਿੱਲਾ ਪਾਸੋਂ ਹੋਰ ਡੂੰਘਾਈ ਨਾਲ ਪੁੱਛ-ਗਿੱਛ ਕਰਨ 'ਤੇ 01 ਕਿੱਲੋ 500 ਗ੍ਰਾਮ ਹੈਰੋਇਨ/ਚਿੱਟਾ, 01 ਪਿਸਟਲ 32 ਬੋਰ, 01 ਦੇਸੀ ਕੱਟਾ 12 ਬੋਰ, 04 ਰੌਂਦ 32 ਬੋਰ, 02 ਕਾਰਤੂਸ 12 ਬੋਰ ਬ੍ਰਾਮਦ ਕਰਾਏ ਗਏ। ਮੁਲਜ਼ਮ ਗੁਰਪ੍ਰੀਤ ਸਿੰਘ ਉਰਫ ਭੈਰੋਂ ਉਮਰ ਕਰੀਬ 28 ਸਾਲ ਵਾਸੀ ਸੰਗਰੂਰ ਹਾਲੇ ਗ੍ਰਿਫਤਾਰ ਨਹੀਂ ਹੋਇਆ ਹੈ।

## ਜਸਵੰਤ ਸਿੰਘ ਖਹਿਰਾ ਨੂੰ ਮਿਲਿਆ ਪਹਿਲਾ ਅਰਜਨ ਸਿੰਘ ਬਾਠ ਪੁਰਸਕਾਰ



ਸੰਗਰੂਰ, 13 ਜੁਲਾਈ (ਹਰਕੰਵਲ ਸਿੰਘ ਹੈਪੀ): ਪੰਜਾਬ ਭਵਨ ਸਰੀ ਕੈਨੇਡਾ ਦੇ ਚੇਅਰਮੈਨ ਸੁੱਖੀ ਬਾਠ ਦੇ ਵੱਲੋਂ ਮਾਂ ਬੋਲੀ ਪੰਜਾਬੀ ਨੂੰ ਪ੍ਰਫੁੱਲਤ ਕਰਨ ਅਤੇ ਨੌਜਵਾਨ ਬੱਚੇ ਤੇ ਬੱਚੀਆਂ ਨੂੰ ਸਾਹਿਤ ਦੇ ਨਾਲ ਜੋੜਣ ਲਈ ਸ਼ੁਰੂ ਕੀਤੇ ਗਏ ਪ੍ਰੋਜੈਕਟ 'ਨਵੀਆਂ ਕਲਮਾਂ ਨਵੀਂ ਉਡਾਨ' ਦੇ ਲਈ ਅਕਾਲ ਕਾਲਜ ਕੌਂਸਲ ਮਸਤੂਆਣਾ ਸਾਹਿਬ ਸੰਗਰੂਰ ਦੇ ਜਰਨਲ ਸਕੱਤਰ ਸ. ਜਸਵੰਤ ਸਿੰਘ ਖਹਿਰਾ ਵੱਲੋਂ ਪਿਛਲੇ ਲੰਬੇ ਸਮੇਂ ਤੋਂ ਦਿੱਤੇ ਜਾ ਰਹੇ ਸਹਿਯੋਗ ਲਈ ਉਹਨਾਂ ਨੂੰ ਪਹਿਲਾ ਸ. ਅਰਜਨ ਸਿੰਘ ਬਾਠ ਪੁਰਸਕਾਰ ਦੇ ਕੇ ਸਨਮਾਨਿਤ ਕੀਤਾ ਗਿਆ। ਸ. ਜਸਵੰਤ ਸਿੰਘ ਖਹਿਰਾ ਨੂੰ ਇਹ ਪੁਰਸਕਾਰ ਚੇਅਰਮੈਨ ਸੁੱਖੀ ਬਾਠ ਦੇ ਵੱਲੋਂ ਸੰਗਰੂਰ ਦੇ ਇੱਕ ਨਿੱਜੀ ਹੋਟਲ ਵਿਖੇ ਕਰਵਾਏ ਸਮਾਗਮ ਦੌਰਾਨ ਦਿੱਤਾ ਗਿਆ। ਇਸ ਮੌਕੇ ਸੰਬੋਧਨ ਕਰਦਿਆਂ ਸ਼$ਰੀ ਸੁੱਖੀ ਬਾਠ ਨੇ ਅਕਾਲ ਕਾਲਜ ਕੌਂਸਲ ਮਸਤੂਆਣਾ ਸਾਹਿਬ ਸੰਸਥਾਂ ਦੇ ਵੱਲੋਂ ਦਿੱਤੇ ਜਾ ਰਹੇ ਸਹਿਯੋਗ ਲਈ ਸ. ਖਹਿਰਾ ਦਾ ਧੰਨਵਾਦ ਕੀਤਾ। ਸ ਬਾਠ ਨੇ ਕਿਹਾ ਕਿ ਮਾਂ ਬੋਲੀ ਪੰਜਾਬੀ ਅਤੇ ਸਾਹਿਤ ਨੂੰ ਪੰਜਾਬ ਅਤੇ ਭਾਰਤ ਦੇ ਹੋਰਨਾਂ ਸੂਬਿਆਂ ਦੇ ਨਾਲ ਨਾਲ ਵਿਦੇਸ਼ਾਂ ਤੱਕ ਪ੍ਰਫੁੱਲਤ ਕਰਨ ਲਈ ਅਕਾਲ ਕਾਲਜ ਕੌਂਸਲ ਵੱਲੋਂ ਉਹਨਾਂ ਨੂੰ ਨਿਰੰਤਰ ਸਹਿਯੋਗ ਮਿਲਦਾ ਰਿਹਾ ਹੈ।

## ਚੀਮਾ ਵੱਲੋਂ ਛਾਜਲੀ ਦੀ ਪੰਚਾਇਤ ਨੂੰ ਵਿਕਾਸ ਕਾਰਜਾਂ ਲਈ 80 ਲੱਖ ਦਾ ਚੈੱਕ ਭੇਟ



ਦਿੜ੍ਹਬਾ ਮੰਡੀ,13 ਜੁਲਾਈ ( ਹੈਪੀ): ਕੈਬਨਿਟ ਮੰਤਰੀ ਹਰਪਾਲ ਸਿੰਘ ਚੀਮਾ ਨੇ ਅੱਜ ਹਲਕਾ ਦਿੜ੍ਹਬਾ ਦੇ ਪਿੰਡ ਛਾਜਲੀ ਵਿਖੇ ਵਿਕਾਸ ਕਾਰਜਾਂ ਲਈ 80 ਲੱਖ ਰੁਪਏ ਦਾ ਚੈੱਕ ਪੰਚਾਇਤ ਨੂੰ ਸੌਂਪਿਆ। ਇਸ ਮੌਕੇ ਕੈਬਨਿਟ ਮੰਤਰੀ ਨੇ ਦੱਸਿਆ ਕਿ ਪਿੰਡ ਵਿੱਚ 65 ਲੱਖ ਰੁਪਏ ਦੀ ਲਾਗਤ ਨਾਲ ਖੇਡ ਸਟੇਡੀਅਮ, ਪਿੰਡ ਦੀ ਫੇਜ਼ ਪੱਤੀ ਵਿਖੇ ਕਰੀਬ 05 ਲੱਖ ਰੁਪਏ ਦੀ ਲਾਗਤ ਨਾਲ ਅਤੇ ਕਾਹਲ ਪੱਤੀ ਵਿਖੇ ਕਰੀਬ 10 ਲੱਖ ਰੁਪਏ ਦੀ ਲਾਗਤ ਨਾਲ ਪਾਰਕ ਬਣਾਏ ਜਾਣਗੇ। ਇਸ ਮੌਕੇ ਕੈਬਨਿਟ ਮੰਤਰੀ ਨੇ ਕਿਹਾ ਕਿ ਪਿੰਡ ਵਾਸੀਆਂ ਵੱਲੋਂ ਲੰਮੇ ਸਮੇਂ ਤੋਂ ਖੇਡ ਸਟੇਡੀਅਮ ਅਤੇ ਪਾਰਕਾਂ ਦੀ ਮੰਗ ਕੀਤੀ ਜਾ ਰਹੀ ਸੀ, ਜਿਹੜੀ ਕਿ ਹੁਣ ਪੂਰੀ ਹੋ ਰਹੀ ਹੈ। ਇਹ ਪ੍ਰੋਜੈਕਟ ਤੈਅ ਸਮੇਂ ਵਿੱਚ ਮੁਕੰਮਲ ਕਰ ਦਿੱਤੇ ਜਾਣਗੇ। ਉਨ੍ਹਾਂ ਕਿਹਾ ਕਿ ਸੂਬੇ ਵਿੱਚ ਮੁੱਖ ਮੰਤਰੀ, ਪੰਜਾਬ, ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਸਰਕਾਰ ਲੋਕਾਂ ਨੂੰ ਮਿਆਰੀ ਸਿੱਖਿਆ, ਸਿਹਤ ਸੇਵਾਵਾਂ ਅਤੇ ਬੁਨਿਆਦੀ ਸਹੂਲਤਾਂ ਮੁਹੱਈਆ ਕਰਵਾਉਣ ਲਈ ਵਚਨਬੱਧ ਹੈ ਅਤੇ ਇਸ ਦਿਸ਼ਾ ਵਿੱਚ ਠੋਸ ਉਪਰਾਲੇ ਅਮਲ ਵਿੱਚ ਲਿਆਂਦੇ ਗਏ ਹਨ ਤੇ ਹਲਕੇ ਵਿੱਚ ਲਗਾਤਾਰ ਵਿਕਾਸ ਕਾਰਜ ਕਰਵਾਏ ਜਾ ਰਹੇ ਹਨ। ਕੈਬਨਿਟ ਮੰਤਰੀ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਨੌਜਵਾਨਾਂ ਨੂੰ ਨਸ਼ੇ ਦੀ ਅਲਾਮਤ ਤੋਂ ਦੂਰ ਰੱਖਣ ਲਈ ਹਰੇਕ ਪਿੰਡ ਵਿੱਚ ਖੇਡ ਮੈਦਾਨ ਤੇ ਸਟੇਡੀਅਮ ਬਣਾਏ ਅਤੇ ਜਿੰਮ ਖੋਲ੍ਹੇ ਜਾ ਰਹੇ ਹਨ। ਇਸ ਦੇ ਨਾਲ-ਨਾਲ ਪਿੰਡਾਂ ਵਿੱਚ ਪਾਰਕ ਬਨਾਉਣ ਵੱਲ ਵੀ ਉਚੇਚਾ ਧਿਆਨ ਦਿੱਤਾ ਜਾ ਰਿਹਾ ਹੈ, ਜਿਸ ਨਾਲ ਲੋਕਾਂ ਨੂੰ ਸੈਰ ਕਰਨ, ਕਸਰਤ ਕਰਨ ਅਤੇ ਬੱਚਿਆਂ ਨੂੰ ਖੇਡਣ ਲਈ ਸਾਫ਼ ਸੁਥਰਾ ਤੇ ਸ਼ੁੱਧ ਵਾਤਾਵਰਣ ਮਿਲੇਗਾ। ਸ੍ਰ. ਚੀਮਾ ਨੇ ਦੱਸਿਆ ਕਿ ਪੰਜਾਬ ਸਰਕਾਰ ਪਿੰਡਾਂ ਦੇ ਵਿਕਾਸ ਲਈ ਦਿਨ-ਰਾਤ ਇੱਕ ਕਰ ਕੇ ਕੰਮ ਕਰ ਰਹੀ ਹੈ। ਪਿੰਡਾਂ ਵਿੱਚੋਂ ਗੰਦੇ ਪਾਣੀ ਦੀ ਨਿਕਾਸੀ ਵੱਲ ਉਚੇਚਾ ਧਿਆਨ ਦਿੱਤਾ ਜਾ ਰਿਹਾ ਹੈ। ਇਸ ਦੇ ਨਾਲ-ਨਾਲ ਪਿੰਡਾਂ ਵਿੱਚ ਖੇਡ ਸਟੇਡੀਅਮ, ਕਮਿਊਨਿਟੀ ਹਾਲ, ਲਾਇਬ੍ਰੇਰੀਆਂ, ਸਟਰੀਟ ਲਾਈਟਾਂ, ਗਲੀਆਂ, ਸਮੇਤ ਵੱਖ-ਵੱਖ ਸਹੂਲਤਾਂ ਬਹੁਤ ਹੀ ਪਾਰਦਰਸ਼ੀ ਢੰਗ ਨਾਲ ਦੇਣ ਲਈ ਲਗਾਤਾਰ ਕੰਮ ਕੀਤਾ ਜਾ ਰਿਹਾ ਹੈ।

## ਦੋ ਦੁਕਾਨਾਂ 'ਚੋਂ ਲੱਖਾਂ ਰੁਪਏ ਦਾ ਸਮਾਨ ਚੋਰੀ



ਧੂਰੀ, 13 ਜੁਲਾਈ (ਰਾਜੇਸ਼ਵਰ ਪਿੰਟੂ) : ਧੂਰੀ ਸ਼ਹਿਰ ਦੀ ਮਲੇਰਕੋਟਲਾ ਰੋਡ 'ਤੇ ਸਥਿਤ ਦੋ ਵੱਖ-ਵੱਖ ਦੁਕਾਨਾਂ 'ਚ ਬੀਤੀ ਰਾਤ ਚੋਰਾਂ ਵੱਲੋਂ ਚੋਰੀ ਦੀ ਵੱਡੀ ਵਾਰਦਾਤ ਨੂੰ ਅੰਜਾਮ ਦਿੱਤਾ ਗਿਆ। ਚੋਰੀ ਦੀ ਇਸ ਘਟਨਾ ਕਾਰਨ ਦੁਕਾਨਦਾਰਾਂ ਨੂੰ ਲੱਖਾਂ ਰੁਪਏ ਦਾ ਨੁਕਸਾਨ ਹੋਣ ਦੀ ਜਾਣਕਾਰੀ ਸਾਹਮਣੀ ਆਈ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਦੁਕਾਨਦਾਰ ਲੱਕੀ ਕੁਮਾਰ ਨੇ ਦੱਸਿਆ ਕਿ ਉਨ੍ਹਾਂ ਦੀ ਟਾਇਰ ਅਤੇ ਬੈਟਰੀਆਂ ਦੀ ਦੁਕਾਨ ਰਾਤ ਵੇਲੇ ਚੋਰਾਂ ਵਲੋਂ ਨਿਸ਼ਾਨਾ ਬਣਾਈ ਗਈ। ਉਨ੍ਹਾਂ ਮੁਤਾਬਕ ਚੋਰ ਬਲੈਰੋ ਕਾਰ 'ਚ ਸਵਾਰ ਹੋ ਕੇ ਆਏ ਅਤੇ ਦੁਕਾਨ ਦੇ ਜਿੰਦੇ ਤੋੜ ਕੇ ਅੰਦਰ ਦਾਖਲ ਹੋਏ। ਚੋਰਾਂ ਵੱਲੋਂ ਦੁਕਾਨ ਵਿੱਚੋਂ ਵੱਡੀ ਮਾਤਰਾ ਵਿੱਚ ਟਾਇਰ, ਬੈਟਰੀਆਂ ਅਤੇ ਕੁਝ ਨਕਦੀ ਚੋਰੀ ਕਰ ਲਈ ਗਈ, ਜਿਸ ਕਾਰਨ ਲਗਭਗ ਸਾਢੇ ਤਿੰਨ ਲੱਖ ਰੁਪਏ ਦਾ ਨੁਕਸਾਨ ਹੋਇਆ ਹੈ। ਉਨ੍ਹਾਂ ਅੱਗੇ ਦੱਸਿਆ ਕਿ ਸੜਕ ਦੇ ਉਸ ਪਾਰ ਇਕ ਹੋਰ ਦੁਕਾਨ, ਜਿਸ ਵਿੱਚ ਟੇਪ ਦਾ ਕੰਮ ਹੁੰਦਾ ਹੈ, ਨੂੰ ਵੀ ਚੋਰਾਂ ਨੇ ਨਿਸ਼ਾਨਾ ਬਣਾਇਆ। ਇੱਥੇ ਵੀ ਚੋਰਾਂ ਨੇ ਜਿੰਦੇ ਤੋੜ ਕੇ ਕਰੀਬ 20 ਹਜ਼ਾਰ ਰੁਪਏ ਦਾ ਸਮਾਨ ਚੋਰੀ ਕਰ ਲਿਆ ਦੁਕਾਨਦਾਰਾਂ ਨੇ ਦੋਸ਼ੀਆਂ ਦੀ ਤੁਰੰਤ ਗ੍ਰਿਫ਼ਤਾਰੀ ਅਤੇ ਰਾਤ ਦੇ ਸਮੇਂ 'ਚ ਗਸ਼ਤ ਮੁਕੰਮਲ ਬਣਾਉਣ ਦੀ ਮੰਗ ਕੀਤੀ ਹੈ। ਦੂਜੇ ਪਾਸੇ, ਇਸ ਸਬੰਧੀ ਪੁਲਿਸ ਨੂੰ ਸੂਚਿਤ ਕਰ ਦਿੱਤਾ ਗਿਆ ਹੈ। ਥਾਣਾ ਸਦਰ ਧੂਰੀ ਦੇ ਮੁਖੀ ਐਸ.ਐਚ.ਓ. ਜਸਵੀਰ ਸਿੰਘ ਤੂਰ ਨੇ ਕਿਹਾ ਕਿ ਚੋਰੀ ਦੀ ਘਟਨਾ ਦੀ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ। ਉਨ੍ਹਾਂ ਕਿਹਾ ਕਿ ਨਜ਼ਦੀਕੀ ਇਲਾਕਿਆਂ ਵਿੱਚ ਲੱਗੇ ਸੀਸੀਟੀਵੀ ਕੈਮਰਿਆਂ ਦੀ ਜਾਂਚ ਕੀਤੀ ਜਾ ਰਹੀ ਹੈ ਅਤੇ ਜਲਦ ਹੀ ਦੋਸ਼ੀਆਂ ਨੂੰ ਕਾਬੂ ਕਰ ਲਿਆ ਜਾਵੇਗਾ ਕੁਝ ਦਿਨ ਪਹਿਲਾਂ ਸ਼ਹਿਰ ਦੇ ਸੰਗਰੂਰ ਰੋਡ 'ਤੇ ਵੀ ਇਕ ਬੀਮਾ ਦਫ਼ਤਰ ਦੇ ਜਿੰਦੇ ਤੋੜੇ ਗਏ ਸੀ। ਸ਼ਹਿਰ ਵਾਸੀਆਂ ਨੇ ਵੀ ਇਨ੍ਹਾਂ ਵਧ ਰਹੀਆਂ ਚੋਰੀਆਂ ਨੂੰ ਲੈ ਕੇ ਚਿੰਤਾ ਜਤਾਈ ਹੈ ਅਤੇ ਪੁਲਿਸ ਤੋਂ ਵਧੇਰੇ ਚੌਕਸੀ ਦੀ ਮੰਗ ਕੀਤੀ ਹੈ।

## ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਦੇ ਸਾਹਮਣੇ ਆ ਰਹੇ ਹਨ ਸਾਰਥਕ ਨਤੀਜੇ



ਬਠਿੰਡਾ, 13 ਜੁਲਾਈ : ਦੀਪਕ ਸ਼ਰਮਾ ਪੰਜਾਬ 'ਚੋਂ ਨਸ਼ਿਆਂ ਦੇ ਕੋਹੜ ਨੂੰ ਮੁਕੰਮਲ ਤੌਰ 'ਤੇ ਖਤਮ ਕਰਨ ਲਈ ਵਿੱਢੀ ਗਈ ਮੁਹਿੰਮ 'ਯੁੱਧ ਨਸ਼ਿਆਂ ਵਿਰੁੱਧ' ਨੂੰ ਲੈ ਕੇ ਪੁਲਿਸ ਪ੍ਰਸ਼ਾਸਨ ਪੂਰੀ ਤਰ੍ਹਾਂ ਗੰਭੀਰ ਹੈ। ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਜ਼ਿਲ੍ਹਾ ਪੁਲਿਸ ਮੁਖੀ ਅਵਨੀਤ ਕੌਂਡਲ ਨੇ ਸਥਾਨਕ ਲਾਰਡ ਰਾਮਾ ਸਕੂਲ ਵਿੱਚ ਵਿਦਿਆਰਥੀਆਂ ਨੂੰ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਕਰਵਾਏ ਗਏ ਸੈਮੀਨਾਰ ਦੌਰਾਨ ਸੰਬੋਧਨ ਕਰਦਿਆਂ ਕੀਤਾ।ਐਸਐਸਪੀ ਨੇ ਦੱਸਿਆ ਕਿ ਸੂਬਾ ਸਰਕਾਰ ਵੱਲੋਂ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਿੱਚ ਸ਼ੁਰੂ ਕੀਤੀ ਗਈ ਇਸ ਮੁਹਿੰਮ ਦੇ ਸਾਰਥਕ ਨਤੀਜੇ ਨਿਕਲ ਰਹੇ ਹਨ ।ਇਸ ਮੌਕੇ ਐਸਐਸਪੀ ਨੇ ਵਿਦਿਆਰਥੀਆਂ ਨੂੰ ਨਸ਼ਿਆਂ ਖਿਲਾਫ਼ ਲੜਾਈ ਲੜਨ ਦੀ ਸਹੁੰ ਵੀ ਚੁਕਾਈ। ਇਸ ਮੌਕੇ ਐਸਐਸਪੀ ਅਵਨੀਤ ਕੌਂਡਲ ਨੇ ਕਿਹਾ ਕਿ ਸਿਵਿਲ ਅਤੇ ਪੁਲਿਸ ਪ੍ਰਸ਼ਾਸਨ ਵੱਲੋਂ ਜ਼ਿਲ੍ਹੇ ਦੇ ਜ਼ਮੀਨੀ ਪੱਧਰ 'ਤੇ ਜਾ ਕੇ ਨਸ਼ੇ ਨੂੰ ਠੱਲ੍ਹ ਪਾਉਣ ਲਈ ਲਗਾਤਾਰ ਕਾਰਜ ਕੀਤੇ ਜਾ ਰਹੇ ਹਨ। ਇਸ ਦੌਰਾਨ ਐਸਐਸਪੀ ਨੇ ਕਿਹਾ ਕਿ ਸੂਬਾ ਸਰਕਾਰ ਵੱਲੋਂਸ਼ੁਰੂ ਕੀਤੀ ਮੁਹਿੰਮ ਦੇ ਸਾਰਥਿਕ ਨਤੀਜੇ ਸਾਹਮਣੇ ਆ ਰਹੇ ਹਨ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੇ ਯੋਗ ਅਗਵਾਈ ਵਾਲੀ ਸਰਕਾਰ ਦਾ ਇੱਕੋ-ਇੱਕ ਏਜੰਡਾ ਹੈ ਪੰਜਾਬ ਅੰਦਰੋਂ ਨਸ਼ੇ ਦੇ ਕੋਹੜ ਨੂੰ ਖਤਮ ਕਰਨਾ। ਇਸ ਮੌਕੇ ਐਸਐਸਪੀ ਨੇ ਵਿਦਿਅਰਥੀਆਂ ਨੂੰ ਪੁਰਜ਼ੋਰ ਅਪੀਲ ਕਰਦਿਆਂ ਕਿਹਾ ਕਿ ਸਰਕਾਰ ਵਲੋਂ ਸ਼ੁਰੂ ਕੀਤੀ ਇਸ ਮੁਹਿੰਮ ਦਾ ਪੂਰਨ ਸਹਿਯੋਗ ਦੇਣ ਅਤੇ ਨਸ਼ੇ ਵਰਗੀਆਂ ਮਾੜੀਆਂ ਅਲਾਮਤਾਂ ਤੋਂ ਦੂਰ ਰਹਿਣ। ਇਸ ਮੌਕੇ ਐਸਪੀ ਸਿਟੀ ਨਰਿੰਦਰ ਸਿੰਘ ਅਤੇ ਮੁੱਖ ਅਫਸਰ ਥਾਣਾ ਸਿਵਲ ਲਾਈਨ ਬਠਿੰਡਾ ਆਦਿ ਹਾਜ਼ਰ ਸਨ।

## ਮਲੂਕਾ ਦੀ ਅਗਵਾਈ 'ਚ ਲੱਗ ਰਹੇ ਕੈਂਪਾਂ ਨੂੰ ਲੈ ਕੇ ਲੋਕ 'ਭਾਰੀ ਉਤਸ਼ਾਹਿਤ

ਭਗਤਾ ਭਾਈ ਕਾ, 13 ਜੁਲਾਈ (ਸਵਰਨ ਸਿੰਘ ਭਗਤਾ): ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਭਾਜਪਾ ਦੀ ਕੇਂਦਰ ਸਰਕਾਰ ਵੱਲੋ ਲੋੜਵੰਦ ਲੋਕਾਂ ਲਈ ਆਰੰਭ ਕੀਤੀਆਂ ਲੋਕ ਭਲਾਈ ਦੀਆਂ ਯੋਜਨਾਵਾਂ ਨੂੰ ਅਮਲੀ ਰੂਪ'ਚ ਪਿੰਡਾਂ ਵਿੱਚ ਲਾਗੂ ਕਰਨ ਲਈ ਲਾਏ ਜਾ ਰਹੇ ਕੈਂਪਾ ਨੂੰ ਲੈ ਕੇ ਲੋਕਾਂ ਚ ਭਾਰੀ ਉਤਸ਼ਾਹ ਵੇਖਣ ਨੂੰ ਮਿਲ ਰਿਹਾ ਹੈ,ਇਹ ਦਾਅਵਾ ਭਾਜਪਾ ਦੇ ਸੀਨੀਅਰ ਆਗੂ ਸਾਬਕਾ ਚੇਅਰਮੈਨ ਗੁਰਪ੍ਰੀਤ ਸਿੰਘ ਮਲੂਕਾ ਨੇ ਕੋਇਰ ਸਿੰਘ ਵਾਲਾ ਵਿਖੇ ਲਗਾਏ ਕੈਂਪ ਦੌਰਾਨ ਕੀਤਾ। ਜ਼ਿਕਰਯੋਗ ਹੈ ਕੇ ਕੇਂਦਰੀ ਯੋਜਨਾਵਾਂ ਨੂੰ ਜਮੀਨੀ ਪੱਧਰ ਤੇ ਲਾਗੂ ਕਰਨ ਲਈ ਗੁਰਪ੍ਰੀਤ ਮਲੂਕਾ ਦੀ ਅਗਵਾਈ'ਚ ਹਲਕਾ ਰਾਮਪੁਰਾ ਫੂਲ ਦੇ ਪਿੰਡਾਂ 'ਚ ਕੈਂਪ ਲਗਾਏ ਜਾ ਰਹੇ ਹਨ। ਇਸ ਮੌਕੇ ਮਲੂਕਾ ਨੇ ਕਿਹਾ ਹਲਕਾ ਫੂਲ ਦੇ ਪਿੰਡਾਂ 'ਚ ਲੱਗਣ ਵਾਲੇ ਕੈਂਪਾਂ ਦੇ ਸਾਰਥਕ ਨਤੀਜੇ ਸਾਹਮਣੇ ਆ ਰਹੇ ਹਨ ਅਤੇ ਸੈਂਕੜੇ ਲੋਕਾਂ ਨੂੰ ਲਾਭਪਾਤਰੀ ਕਾਰਡ ਮੌਕੇ 'ਤੇ ਹੀ ਬਣਾ ਕੇ ਜਾਰੀ ਕੀਤੇ ਗਏ ਹਨ। ਉਹਨਾਂ ਕਿਹਾ ਕਿ ਕੈਂਪਾਂ'ਚ ਲੋਕਾਂ ਦੀ ਆਮਦ ਦਿਨੋਂ ਦਿਨ ਵਧ ਰਹੀ ਹੈ ਕੋਇਰ ਸਿੰਘ ਵਾਲਾ ਵਿਖ਼ੇ ਅੱਜ 100 ਦੇ ਕਰੀਬ ਲੋੜਵੰਦ ਲੋਕਾਂ ਨੂੰ ਮੌਕੇ 'ਤੇ ਹੀ ਕਾਰਡ ਜਾਰੀ ਕਰ ਦਿੱਤੇ ਗਏ ਹਨ। ਮਲੂਕਾ ਨੇ ਕਿਹਾ ਕਿ ਆਪਣੀ ਲੋੜ ਤੇ ਯੋਗਤਾ ਅਨੁਸਾਰ ਲੋਕ ਹੁਣ ਇਨ੍ਹਾਂ ਯੋਜਨਾਵਾਂ ਦਾ ਲਾਭ ਲੈ ਸਕਦੇ ਹਨ ਅਤੇ ਲੋਕਾਂ ਨੂੰ ਖੱਜਲ-ਖੁਆਰ ਹੋਣ ਤੋਂ ਰੋਕਣ ਲਈ ਹੀ ਭਾਜਪਾ ਇਹ ਕੈਂਪ ਲਾ ਰਹੀ ਹੈ ।ਇਸ ਮੌਕੇ ਸਰਕਲ ਪ੍ਰਧਾਨ ਮੰਦਰ ਸਿੰਘ ਕੋਇਰ ਸਿੰਘ ਵਾਲਾ, ਜਗਜੀਤ ਸਿੰਘ,ਗੋਲਾ ਬਰਾੜ, ਗੁਰਮੀਤ ਸਿੰਘ,ਹਰਬੰਸ ਸਿੰਘ, ਮਨਪ੍ਰੀਤ ਸਿੰਘ ਆਲੀਕੇ,ਹਰਮਨ ਕੋਇਰ ਸਿੰਘ ਵਾਲਾ,ਅਰਸ਼ਦੀਪ ਮਲੂਕਾ,ਜਰਨੈਲ ਸਿੰਘ ਮੈਂਬਰ,ਕਰਮਜੀਤ ਸਿੰਘ,ਗੁਰਦੀਪ ਬਰਾੜ ਆਦਿ ਹਾਜ਼ਰ ਸਨ।

## ਸ਼ਹੀਦ ਭਾਈ ਜਿੰਦਾ ਦੀ ਭੈਣ ਸਮੇਤ ਸਿੱਖ ਬੀਬੀਆਂ ਨੇ 'ਕੌਰਨਾਮਾ-2' ਕੀਤੀ ਲੋਕ ਅਰਪਣ

### ਸ਼ਹੀਦ ਸਿੰਘਣੀਆਂ ਦਾ ਇਤਿਹਾਸ ਸਾਂਭਣਾ ਇਕ ਵੱਡਾ ਕਦਮ : ਭੈਣ ਦਲਵਿੰਦਰ ਕੌਰ ਡਾਲਾ



ਭਗਤਾ ਭਾਈ ਕਾ, 13 ਜੁਲਾਈ (ਸਵਰਨ ਸਿੰਘ ਭਗਤਾ): ਸਿੱਖ ਕੌਮ ਦੇ ਨਾਮੀ ਯੋਧੇ ਸ਼ਹੀਦ ਭਾਈ ਹਰਜਿੰਦਰ ਸਿੰਘ ਜਿੰਦਾ ਦੀ ਭੈਣ ਬੀਬੀ ਬਲਵਿੰਦਰ ਕੌਰ ਸਮੇਤ ਸ਼ਹੀਦ ਸਿੰਘਾਂ ਦੀਆਂ ਪਰਿਵਾਰਕ ਬੀਬੀਆਂ ਨੇ ਖਾੜਕੂ ਸੰਘਰਸ਼ ਦੀਆਂ ਸ਼ਹੀਦ ਬੀਬੀਆਂ ਦੀ ਗਾਥਾ 'ਕੌਰਨਾਮਾ-2' ਨੂੰ ਪੰਜਵੜ੍ਹ ਵਿਖੇ ਇਕ ਸਮਾਗਮ ਦੌਰਾਨ ਲੋਕ ਅਰਪਣ ਕੀਤਾ। ਇਸ ਸਬੰਧੀ ਜਾਣਕਾਰੀ ਦਿੰਦਿਆਂ ਬਾਬਾ ਹਰਦੀਪ ਸਿੰਘ ਮਹਿਰਾਜ ਨੇ ਦੱਸਿਆ ਕਿ ਲੇਖਕ ਬਲਜਿੰਦਰ ਸਿੰਘ ਕੋਟਭਾਰਾ ਵੱਲੋਂ ਰਚਿਤ ਇਸ ਰਚਨਾ ਨੂੰ ਜਾਰੀ ਕਰਨ ਮੌਕੇ ਬੀਬੀ ਦਵਿੰਦਰ ਕੌਰ ਪੰਜਵੜ੍ਹ ਸਿੰਘਣੀ ਸ਼ਹੀਦ ਭਾਈ ਜਨਰਲ ਲਾਭ ਸਿੰਘ ਪੰਜਵੜ੍ਹ, ਬੀਬੀ ਸਰਬਜੀਤ ਕੌਰ ਪੰਜਵੜ੍ਹ ਨੂੰਹ ਸ਼ਹੀਦ ਮਾਤਾ ਮਹਿੰਦਰ ਕੌਰ ਪੰਜਵੜ੍ਹ, ਭੈਣ ਮਨਜੀਤ ਕੌਰ ਸਿੰਘਣੀ ਸ਼ਹੀਦ ਭਾਈ ਗੁਰਮੇਜ ਸਿੰਘ ਬੱਬਰ, ਭੈਣ ਸੁਰਿੰਦਰ ਕੌਰ ਸਿੰਘਣੀ ਸ਼ਹੀਦ ਭਾਈ ਮੁਖਤਿਆਰ ਸਿੰਘ, ਭੈਣ ਅੰਮ੍ਰਿਤ ਕੌਰ ਵੀ ਹਾਜ਼ਰ ਸਨ। ਸ਼ਹੀਦ ਬੱਚੀ ਜਗਵਿੰਦਰ ਕੌਰ ਡਾਲਾ ਦੀ ਭੂਆ ਤੇ ਸ਼ਹੀਦ ਭਾਈ ਚਮਕੌਰ ਸਿੰਘ ਡਾਲਾ ਦੀ ਭੈਣ ਬੀਬੀ ਦਲਵਿੰਦਰ ਕੌਰ ਨੇ ਅਮਰੀਕਾ ਤੋਂ ਜਾਰੀ ਆਪਣੇ ਇੱਕ ਸੰਦੇਸ਼ ਵਿਚ ਕਿਹਾ ਕਿ ਸ਼ਹੀਦ ਸਿੰਘਣੀਆਂ, ਸਿੰਘਾਂ ਦੇ ਇਤਿਹਾਸ ਨੂੰ ਸਾਂਭਣਾ ਇੱਕ ਵੱਡਾ ਕਦਮ ਦੇ ਸਮੇਂ ਦੀ ਜ਼ਰੂਰਤ ਹੈ। ਉਹਨਾਂ ਇਸ ਕਾਰਜ ਲਈ ਭਾਈ ਦਲਜੀਤ ਸਿੰਘ ਖਾਲਸਾ, ਭਾਈ ਪਰਮਜੀਤ ਸਿੰਘ ਗਾਜੀ,ਬਲਜਿੰਦਰ ਸਿੰਘ ਕੋਟਭਾਰਾ ਤੇ ਸਮੁੱਚੀ ਟੀਮ ਨੂੰ ਵਧਾਈਆਂ ਦਿੱਤੀਆਂ।ਇਸ ਮੌਕੇ 'ਕੌਰਨਾਮਾ-2' ਵਿਚ ਦਰਜ਼ ਕਥਾਵਾਂ 'ਚੋਂ ਸ਼ਹੀਦ ਸਿੰਘਣੀਆਂ ਦੇ ਵਾਰਸਾਂ ਸ਼ਹੀਦ ਬੀਬੀ ਨਰਿੰਦਰ ਕੌਰ ਮੱਤੇਵਾਲ ਦੇ ਪੁੱਤਰ ਭਾਈ ਹਰਪਿੰਦਰ ਸਿੰਘ ਮੱਤੇਵਾਲ, ਸ਼ਹੀਦ ਬੀਬੀ ਨੰਦ ਕੌਰ ਕਰਮੂਵਾਲਾ ਦੇ ਵਾਰਸ ਭਾਈ ਜੁਗਿੰਦਰ ਸਿੰਘ ਕੰਮੋਓ, ਸ਼ਹੀਦ ਭਾਈ ਹਰਭਜਨ ਸਿੰਘ ਮੰਡ ਦਾ ਭਾਂਵਿਆ ਭਾਈ ਪਰਗਟ ਸਿੰਘ ਕੰਮੋਓ, ਸ਼ਹੀਦ ਬੀਬੀ ਹਰਭਜਨ ਕੌਰ ਤੇ ਸ਼ਹੀਦ ਬੀਬੀ ਸਰਬਜੀਤ ਕੌਰ ਬਾਸਰਕੇ ਗਿੱਲਾਂ ਦੇ ਵਾਰਸ ਸਰਪੰਚ ਕਾਬਲ ਸਿੰਘ, ਸ਼ਹੀਦ ਬੀਬੀ ਸੁਖਵੀਰ ਕੌਰ ਸੁੱਖ ਦੇ ਪੁੱਤਰ ਭਾਈ ਰੇਸ਼ਮ ਸਿੰਘ, ਸ਼ਹੀਦ ਮਾਤਾ ਜਗਦੀਸ ਕੌਰ ਥਾਂਦੇ ਦੇ ਪਰਿਵਾਰ 'ਚੋਂ ਭਾਈ ਬਲਦੇਵ ਸਿੰਘ ਨੌਸਹਿਰਾ ਢਾਲਾ ਸ਼ਹੀਦ ਬੀਬੀ ਨੰਦ ਕੌਰ ਕਰਮੂਵਾਲਾ ਦੇ ਵਾਰਸ ਭਾਈ ਜੁਗਿੰਦਰ ਸਿੰਘ ਕੰਮੋਓ, ਸ਼ਹੀਦ ਭਾਈ ਹਰਭਜਨ ਸਿੰਘ ਮੰਡ ਦਾ ਭਾਂਵਿਆ ਭਾਈ ਪਰਗਟ ਸਿੰਘ ਕੰਮੋਓ, ਸ਼ਹੀਦ ਬੀਬੀ ਹਰਭਜਨ ਕੌਰ ਤੇ ਸ਼ਹੀਦ ਬੀਬੀ ਸਰਬਜੀਤ ਕੌਰ ਬਾਸਰਕੇ ਗਿੱਲਾਂ ਦੇ ਵਾਰਸ ਸਰਪੰਚ ਕਾਬਲ ਸਿੰਘ, ਸ਼ਹੀਦ ਬੀਬੀ ਸੁਖਵੀਰ ਕੌਰ ਸੁੱਖ ਦੇ ਪੁੱਤਰ ਭਾਈ ਰੇਸ਼ਮ ਸਿੰਘ, ਸ਼ਹੀਦ ਮਾਤਾ ਜਗਦੀਸ ਕੌਰ ਥਾਂਦੇ ਦੇ ਪਰਿਵਾਰ 'ਚੋਂ ਭਾਈ ਬਲਦੇਵ ਸਿੰਘ ਨੌਸਹਿਰਾ ਢਾਲਾ ਤੇ ਮਾਤਾ ਦੀ ਧੀਅ ਇਹਨਾਂ ਪਰਿਵਾਰਾਂ ਨੂੰ ਜਾਰੀ ਕਰਤਾ ਬੀਬੀਆਂ ਵੱਲੋਂ ਕਿਤਾਬਾਂ ਭੇਟ ਕੀਤੀਆਂ ਗਈਆਂ।

## ਬਠਿੰਡਾ ਪੁਲਿਸ ਵੱਲੋਂ ਚਿੱਟੇ ਦੇ ਕਾਰੋਬਾਰੀਆਂ ਦੀਆਂ ਤਿੰਨ ਹੋਰ ਗੱਡੀਆਂ ਬਰਾਮਦ



ਬਠਿੰਡਾ, 13 ਜੁਲਾਈ (ਦੀਪਕ ਸ਼ਰਮਾ):ਪੁਲਿਸ ਵੱਲੋਂ ਹਾਲ ਹੀ ਵਿੱਚ ਫੜੇ ਗਏ 40 ਕਿਲੋ ਚਿੱਟੇ (ਹੈਰੋਇਨ) ਦੇ ਮਾਮਲੇ ਵਿੱਚ ਇੱਕ ਤੋਂ ਬਾਅਦ ਇੱਕ ਨਵੇਂ ਖੁਲਾਸੇ ਹੋ ਰਹੇ ਹਨ, ਜਿਸ ਨਾਲ ਨਸ਼ਾ ਤਸਕਰਾਂ ਦੇ ਵੱਡੇ ਨੈੱਟਵਰਕ ਦਾ ਪਰਦਾਫਾਸ਼ ਹੋ ਰਿਹਾ ਹੈ। ਬਠਿੰਡਾ ਪੁਲਿਸ ਨੇ ਛੇ ਮੁਲਜ਼ਮਾਂ ਤੋਂ ਪੁੱਛਗਿੱਛ ਦੌਰਾਨ ਵੱਡੀ ਕਾਮਯਾਬੀ ਹਾਸਲ ਕੀਤੀ ਹੈ। ਮੁਲਜ਼ਮਾਂ ਦੀ ਨਿਸ਼ਾਨਦੇਹੀ 'ਤੇ ਪੁਲਿਸ ਨੇ ਮਲੋਟ ਇਲਾਕੇ ਤੋਂ ਤਿੰਨ ਹੋਰ ਸ਼ੱਕੀ ਗੱਡੀਆਂ ਬਰਾਮਦ ਕੀਤੀਆਂ ਹਨ। ਪੁਲਿਸ ਸੂਤਰਾਂ ਅਨੁਸਾਰ ਇਨ੍ਹਾਂ ਗੱਡੀਆਂ ਨੂੰ ਮੁਲਜ਼ਮਾਂ ਨੇ ਗਲੀਆਂ ਵਿੱਚ ਵੱਖ-ਵੱਖ ਥਾਵਾਂ 'ਤੇ ਲੁਕਾ ਕੇ ਰੱਖਿਆ ਹੋਇਆ ਸੀ। ਇਸ ਮਾਮਲੇ ਨਾਲ ਜੁੜੇ ਜੰਡਿਆਲਾ ਗੁਰੂ ਦੇ ਮੁੱਖ ਸਰਗਨਾ ਦੀ ਗ੍ਰਿਫਤਾਰੀ ਲਈ ਪੁਲਿਸ ਲਗਾਤਾਰ ਛਾਪੇਮਾਰੀ ਕਰ ਰਹੀ ਹੈ। ਜ਼ਿਕਰਯੋਗ ਹੈ ਕਿ ਪੁਲਿਸ ਨੇ ਕੁਝ ਦਿਨ ਪਹਿਲਾਂ ਮਹਿਣਾ ਚੌਂਕ ਤੋਂ ਇੱਕ ਫਾਰਚੂਨਰ ਗੱਡੀ ਵਿੱਚ ਸਵਾਰ ਛੇ ਮੁਲਜ਼ਮਾਂ ਨੂੰ 40 ਕਿੱਲੋ ਚਿੱਟੇ ਸਮੇਤ ਗ੍ਰਿਫਤਾਰ ਕੀਤਾ ਸੀ। ਇਨ੍ਹਾਂ ਮੁਲਜ਼ਮਾਂ ਨੂੰ ਅਦਾਲਤ ਵਿੱਚ ਪੇਸ਼ ਕਰਕੇ ਪੁਲਿਸ ਨੇ ਅੱਠ ਦਿਨਾਂ ਦਾ ਰਿਮਾਂਡ ਹਾਸਲ ਕੀਤਾ ਸੀ। ਪੁਲਿਸ ਦੀ ਮੁੱਢਲੀ ਪੁੱਛਗਿੱਛ ਵਿੱਚ ਹੀ ਮਾਸਟਰਮਾਈਂਡ ਲਖਵੀਰ ਸਿੰਘ ਉਰਫ਼ ਲੱਖਾ ਸਮੇਤ ਬਾਕੀ ਮੁਲਜ਼ਮਾਂ ਨੇ ਆਪਣੀ ਇਨਡੈਵਰ, ਬਲੇਨੋ ਅਤੇ ਇੱਕ ਹੋਰ ਗੱਡੀ ਬਾਰੇ ਹੈਰਾਨੀਜਨਕ ਖੁਲਾਸੇ ਕੀਤੇ। ਇਸ ਤੋਂ ਇਲਾਵਾ ਮੁਲਜ਼ਮਾਂ ਨੇ ਜੰਡਿਆਲਾ ਗੁਰੂ ਨਾਲ ਜੁੜੇ ਇੱਕ ਮੁੱਖ ਸੂਤਰਧਾਰ ਅਤੇ ਵਿਦੇਸ਼ ਵਿੱਚ ਬੈਠੇ ਆਪਣੇ ਇੱਕ 'ਆਕਾ' ਬਾਰੇ ਵੀ ਮਹੱਤਵਪੂਰਨ ਜਾਣਕਾਰੀ ਦਿੱਤੀ। ਇਸੇ ਸੂਚਨਾ ਦੇ ਆਧਾਰ 'ਤੇ ਪੁਲਿਸ ਨੇ ਤੁਰੰਤ ਮਲੋਟ ਇਲਾਕੇ ਵਿੱਚ ਛਾਪੇਮਾਰੀ ਕੀਤੀ ਅਤੇ ਇਨਡੈਵਰ, ਬਲੇਨੋ ਸਮੇਤ ਤਿੰਨ ਗੱਡੀਆਂ ਨੂੰ ਮਲੋਟ ਏਰੀਆ ਦੀਆਂ ਵੱਖ-ਵੱਖ ਗਲੀਆਂ ਤੋਂ ਬਰਾਮਦ ਕਰ ਲਿਆ। ਸੂਤਰਾਂ ਨੇ ਦੱਸਿਆ ਕਿ ਮੁੱਖ ਮੁਲਜ਼ਮ ਲਖਵੀਰ ਸਿੰਘ ਉਰਫ਼ ਲੱਖਾ ਆਪਣੇ ਸਾਥੀਆਂ ਨਾਲ ਮਿਲ ਕੇ ਕਾਰਾਂ ਦੀ ਖਰੀਦ-ਵਿਕਰੀ ਦੀ ਆੜ ਵਿੱਚ ਚਿੱਟੇ ਦਾ ਵੱਡਾ ਕਾਰੋਬਾਰ ਚਲਾਉਂਦਾ ਸੀ। ਹੁਣ ਪੁਲਿਸ ਦੀ ਜਾਂਚ ਦਾ ਫੋਕਸ ਮੁੱਖ ਸਰਗਨਾ ਅਤੇ ਵਿਦੇਸ਼ ਵਿੱਚ ਬੈਠੇ ਉਸਦੇ 'ਆਕਾ' ਤੱਕ ਪਹੁੰਚਣ 'ਤੇ ਹੈ, ਜਿਸਦੇ ਲਈ ਟੀਮਾਂ ਲਗਾਤਾਰ ਸਰਗਰਮ ਹਨ।

## ਬਾਬਾ ਮਹਿੰਦਰ ਸਿੰਘ ਦੀ ਬਰਸੀ ਮੌਕੇ ਕੀਰਤਨ ਸਮਾਗਮ

ਧੂਰੀ, 13 ਜੁਲਾਈ ( ਰਾਜੇਸ਼ਵਰ ਪਿੰਟੂ): ਸਥਾਨਕ ਗੁਰਦੁਆਰਾ ਨਾਨਕਸਰ ਸਾਹਿਬ ਧੂਰੀ ਵਿਖੇ ਸੰਤ ਬਾਬਾ ਮਹਿੰਦਰ ਸਿੰਘ ਜੀ ਢਢੋਗਲ ਵਾਲਿਆਂ ਦੀ 22ਵੀਂ ਸਾਲਾਨਾ ਬਰਸੀ ਮੌਕੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ। ਇਸ ਸਮਾਗਮ ਵਿੱਚ ਸੰਤ ਬਾਬਾ ਭਰਪੂਰ ਸਿੰਘ ਸੇਖਾ ਝਲੂਰ ਵਾਲ਼ਿਆਂ ਨੇ ਆਪਣੇ ਜਥੇ ਸਮੇਤ ਕਥਾ-ਕੀਰਤਨ ਕੀਤਾ ਅਤੇ ਸੰਗਤਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਨਾਲ਼ ਜੁੜਨ ਦਾ ਸੰਦੇਸ਼ ਦਿੱਤਾ। ਉਹਨਾਂ ਨੇ ਸੰਸਾਰੀ ਲੋਭ ਅਤੇ ਵਿਕਾਰਾਂ ਦਾ ਤਿਆਗ ਕਰਨ ਲਈ ਦਾਰਸ਼ਨਿਕ ਹਵਾਲਿਆਂ ਨਾਲ਼ ਗੁਰਬਾਣੀ ਦੀ ਮਹਿਮਾ ਕੀਤੀ। ਇਸ ਮੌਕੇ ਕੁਲਵਿੰਦਰ ਸਿੰਘ ਜੇ.ਈ. ਨੇ ਬਾਬਾ ਮਹਿੰਦਰ ਸਿੰਘ ਦੁਆਰਾ ਨਾਨਕਸਰ ਗੁਰਦੁਆਰਾ ਸਾਹਿਬ ਦੀ ਉਸਾਰੀ ਲਈ ਕੀਤੀ ਨਿਸ਼ਕਾਮ ਸੇਵਾ ਦੀ ਸਰਾਹਨਾ ਕੀਤੀ। ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬੰਤ ਸਿੰਘ ਵਿਰਕ, ਕੁਲਵਿੰਦਰ ਸਿੰਘ, ਭਾਈ ਜਸਵੀਰ ਸਿੰਘ ਹੈੱਡ ਗ੍ਰੰਥੀ, ਭਾਈ ਜਗਤਾਰ ਸਿੰਘ, ਪ੍ਰਿੰ. ਡਾ. ਨਵਿੰਦਰ ਸਿੰਘ ਪੰਧੇਰ ਅਤੇ ਅਹੁਦੇਦਾਰਾਂ ਵੱਲੋਂ ਬਾਬਾ ਮਹਿੰਦਰ ਸਿੰਘ ਜੀ ਦੇ ਭਤੀਜੇ ਗੁਰਮੀਤ ਸਿੰਘ ਢਢੋਗਲ, ਸੰਤ ਬਾਬਾ ਭਰਪੂਰ ਸਿੰਘ ਅਤੇ ਉਹਨਾਂ ਦੇ ਜਥੇ ਦਾ ਸਿਰੋਪੇ ਪਾ ਕੇ ਸਨਮਾਨ ਕੀਤਾ ਗਿਆ। ਭਾਈ ਜਸਵੀਰ ਸਿੰਘ ਹੈੱਡ ਗ੍ਰੰਥੀ, ਭਾਈ ਗੁਰਜੰਟ ਸਿੰਘ ਗ੍ਰੰਥੀ, ਮੈਨੇਜਰ ਭਾਈ ਹਰਦੀਪ ਸਿੰਘ, ਭਾਈ ਜਗਤਾਰ ਸਿੰਘ, ਭਾਈ ਰਣਧੀਰ ਸਿੰਘ, ਭਾਈ ਅਮਰਜੀਤ ਸਿੰਘ, ਭਾਈ ਗੁਰਵਿੰਦਰ ਸਿੰਘ, ਭਾਈ ਗੁਰਚਰਨ ਸਿੰਘ ਅਤੇ ਭਾਈ ਅਜਮੇਰ ਸਿੰਘ ਨੇ ਪੂਰੇ ਸਮਾਗਮ ਨੂੰ ਵਿਧੀਵਤ ਢੰਗ ਨਾਲ਼ ਚਲਾਇਆ। ਸਮਾਗਮ ਦੌਰਾਨ ਵਰਿੰਦਰ ਸਿੰਘ, ਸਤਿਨਾਮ ਸਿੰਘ, ਭਰਪੂਰ ਸਿੰਘ, ਕੁਲਵੰਤ ਸਿੰਘ, ਬਲਜਿੰਦਰ ਸਿੰਘ, ਬੱਬੂ, ਰਾਜਵੀਰ ਸਿੰਘ, ਲਾਭ ਸਿੰਘ, ਪ੍ਰਿੰ. ਮੇਜਰ ਸਿੰਘ ਆਦਿ ਨੇ ਵਿਸ਼ੇਸ਼ ਯੋਗਦਾਨ ਪਾਇਆ।

## ਲੋਕਾਂ 'ਚ ਵਿਸ਼ਵਾਸ ਬਣਾਈ ਰੱਖਣ ਲਈ ਪੁਲਿਸ ਨੇ ਕੱਢਿਆ ਫ਼ਲੈਗ ਮਾਰਚ



ਭੁੱਚੋ ਮੰਡੀ ਨਥਾਣਾ, 13 ਜੁਲਾਈ (ਹਰਬੰਸ ਸਿੰਘ ਭੋਲਾ): ਪੰਜਾਬ ਪੁਲਿਸ ਵੱਲੋਂ ਭੁੱਚੋ ਮੰਡੀ 'ਤੇ ਨਥਾਣਾ ਦੇ ਆਸ ਪਾਸ ਇਲਾਕਿਆਂ 'ਚ ਕਾਨੂੰਨ ਵਿਵਸਥਾ ਨੂੰ ਠੀਕ ਬਣਾਈ ਰੱਖਣ ਲਈ ਅਪਰਾਧੀ ਤੱਤਾਂ 'ਚ ਡਰ ਉਤਪਨ ਕਰਨ ਲਈ 'ਤੇ ਆਮ ਲੋਕਾਂ ਵਿੱਚ ਸੁਰੱਖਿਆ ਦੀ ਭਾਵਨਾ ਨੂੰ ਬਰਕਰਾਰ ਰੱਖਣ ਲਈ ਫਲੈਗ ਮਾਰਚ ਕੱਢਿਆ ਗਿਆ ।ਇਸ ਵਾਰੇ ਜਾਣਕਾਰੀ ਦਿੰਦੇ ਹੋਏ ਡੀ ਐਸ ਪੀ ਰਵਿੰਦਰ ਸਿੰਘ ਨੇ ਦੱਸਿਆ ਕਿ ਇਹ ਮਾਰਚ ਲੋਕਾਂ ''ਚ ਵਿਸ਼ਵਾਸ ਬਣਾਈ ਰੱਖਣ ਲਈ ਕੱਢਿਆ ਗਿਆ ਹੈ। ਉਨ੍ਹਾਂ ਕਿਹਾ ਕਿ ਪੁਲਸ ਹਮੇਸ਼ਾ ਲੋਕਾਂ ਦੀ ਸੁਰੱਖਿਆ ਲਈ ਤੱਤਪਰ ਹੈ। ਐੱਸ ਐੱਚ ਓ ਨਥਾਣਾ ਦਿਲਬਾਗ ਸਿੰਘ ਅਤੇ ਚੌਕੀ ਇੰਚਾਰਜ ਨਿਰਮਲਜੀਤ ਸਿੰਘ ਨੇ ਆਮ ਨਾਗਰਿਕ ਨੂੰ ਅਪੀਲ ਕੀਤੀ ਕਿ ਲੋਕਾਂ ਨੂੰ ਡਰਨ ਦੀ ਹੈ ਲੋੜ ਨਹੀਂ ਕਿਉਂ ਕਿ ਪੁਲਸ ਹਮੇਸ਼ਾ ਲੋਕਾਂ ਦੀ ਸੇਵਾ ਕਰਨ ਲਈ ਹਰ ਵਕਤ ਤਿਆਰ ਰਹਿੰਦੀ ਆ ਤੇ ਲੋਕਾ ਨੂੰ ਡਰਨ ਦੀ ਬਜਾਏ ਜਦੋਂ ਵੀ ਕੋਈ ਸ਼ੱਕੀ ਵਿਅਕਤੀ,ਸ਼ੱਕੀ ਗਤੀਵਿਧੀ ਕਰਦਾ ਦੀਨਜ਼ਰ ਪਵੇ ਉਨ੍ਹਾਂ ਨੂੰ ਤੁਰੰਤ ਪੁਲਸ ਨੂੰ ਜਾਣਕਾਰੀ ਦੇਣੀ ਚਾਹੀਦੀ ਹੈ। ਕਿਉਂ ਅਮਨ ਚੈਨ ਰੱਖਣਾ ਲੋਕਾਂ ਨੂੰ ਗਲਤ ਅਨਸਰਾਂ ਤੋਂ ਬਚਾਕੇ ਰੱਖਣ ਲਈ ਹਮੇਸ਼ਾ ਤਿਆਰ ਬਰਤਿਆਰ ਰਹਿੰਦੀ ਆ ।

## ਚੋਰੀ ਦੀ ਥਾਰ, ਪਿਸਤੌਲ ਤੇ ਨਕਦੀ ਸਣੇ ਖ਼ਤਰਨਾਕ ਅਪਰਾਧੀ ਗ੍ਰਿਫ਼ਤਾਰ



ਬਠਿੰਡਾ, 13 ਜੁਲਾਈ (ਦੀਪਕ ਸ਼ਰਮਾ):ਬਠਿੰਡਾ ਪੁਲਿਸ ਨੇ ਇੱਕ ਵੱਡੀ ਕਾਰਵਾਈ ਕਰਦਿਆਂ ਚੋਰੀ ਕੀਤੀ ਥਾਰ ਗੱਡੀ, ਨਾਜਾਇਜ਼ ਅਸਲਾ ਅਤੇ ਨਕਦੀ ਸਮੇਤ ਰਾਜਸਥਾਨ ਦੇ ਇੱਕ ਖ਼ਤਰਨਾਕ ਮੁਲਜ਼ਮ ਨੂੰ ਗ੍ਰਿਫ਼ਤਾਰ ਕੀਤਾ ਹੈ। ਇਸੇ ਤਰ੍ਹਾਂ ਇੱਕ ਹੋਰ ਮਾਮਲੇ ਵਿੱਚ ਏਸੀ ਠੀਕ ਕਰਨ ਆਇਆ ਮਕੈਨਿਕ, ਇਨੋਵਾ ਗੱਡੀ ਚੋਰੀ ਕਰਕੇ ਲੈ ਗਿਆ ।ਜਾਣਕਾਰੀ ਅਨੁਸਾਰ ਥਾਰ ਚੋਰੀ ਕਰਨ ਵਾਲੇ ਵਿਅਕਤੀ ਦੀ ਗ੍ਰਿਫ਼ਤਾਰੀ ਉਸ ਸਮੇਂ ਹੋਈ ਜਦੋਂ ਮੁਲਜ਼ਮ ਚੋਰੀ ਦੀ ਗੱਡੀ ਲੈ ਕੇ ਹਰਿਆਣਾ ਵੱਲ ਭੱਜਣ ਦੀ ਫਿਰਾਕ ਵਿੱਚ ਸੀ। ਪੁਲਿਸ ਦਾ ਮੰਨਣਾ ਹੈ ਕਿ ਇਸ ਗ੍ਰਿਫ਼ਤਾਰੀ ਨਾਲ ਕਈ ਹੋਰ ਵੱਡੇ ਅਪਰਾਧਿਕ ਮਾਮਲਿਆਂ ਦੇ ਰਾਜ਼ ਖੁੱਲ੍ਹ ਸਕਦੇ ਹਨ, ਕਿਉਂਕਿ ਮੁਲਜ਼ਮ ਖ਼ ?ਲਾਫ਼ ਪਹਿਲਾਂ ਵੀ ਕਈ ਮਾਮਲੇ ਦਰਜ ਹਨ ।ਜਾਣਕਾਰੀ ਅਨੁਸਾਰ ਥਾਣਾ ਸੰਗਤ ਪੁਲਿਸ ਨੇ ਗੁਪਤ ਸੂਚਨਾ ਦੇ ਆਧਾਰ 'ਤੇ ਰਾਜਸਥਾਨ ਨਿਵਾਸੀ ਇੱਕ ਨੌਜਵਾਨ ਨੂੰ ਚੋਰੀ ਦੀ ਥਾਰ ਸਮੇਤ ਗ੍ਰਿਫ਼ਤਾਰ ਕੀਤਾ ਹੈ। ਪੁਲਿਸ ਨੇ ਮੁਲਜ਼ਮ ਕੋਲੋਂ ਅਸਲਾ, ਜ਼ਿੰਦਾ ਕਾਰਤੂਸ ਤੋਂ ਇਲਾਵਾ ਕੁਝ ਨਕਦੀ ਵੀ ਬਰਾਮਦ ਕੀਤੀ ਹੈ। ਜਿਸ ਖ਼ ?ਲਾਫ਼ ਚੋਰੀ, ਅਸਲਾ ਐਕਟ ਤਹਿਤ ਮਾਮਲਾ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ। ਉੱਥੇ ਹੀ ਉਸਦਾ ਅਦਾਲਤ ਤੋਂ ਪੁਲਿਸ ਰਿਮਾਂਡ ਲੈ ਕੇ ਪੁੱਛਗਿੱਛ ਕੀਤੀ ਜਾ ਰਹੀ ਹੈ ।ਇਸ ਸਬੰਧੀ ਥਾਣਾ ਸੰਗਤ ਦੇ ਏਐਸਆਈ ਸੁਖਜੰਟ ਸਿੰਘ ਨੇ ਦੱਸਿਆ ਕਿ ਪੁਲਿਸ ਨੂੰ ਗੁਪਤ ਸੂਚਨਾ ਮਿਲੀ ਸੀ ਕਿ ਰਾਜਸਥਾਨ ਦੇ ਜ਼ਿਲ੍ਹਾ ਬਾੜਮੇਰ ਦੇ ਪਿੰਡ ਪਾਦਵੀ ਨਿਵਾਸੀ ਰਾਬਤਾ ਰਾਮ ਜ਼ੀਰਕਪੁਰ ਇਲਾਕੇ ਤੋਂ ਇੱਕ ਥਾਰ ਗੱਡੀ ਨੰਬਰ 8♣-862-9409 ਚੋਰੀ ਕਰਕੇ ਹਰਿਆਣਾ ਵੱਲ ਜਾ ਰਿਹਾ ਹੈ। ਸੂਚਨਾ ਦੇ ਆਧਾਰ 'ਤੇ ਸੰਗਤ ਪੁਲਿਸ ਨੇ ਹਰਿਆਣਾ ਦੀ ਸਰਹੱਦ ਤੋਂ ਪਹਿਲਾਂ ਨਾਕੇਬੰਦੀ ਕਰਕੇ ਉਕਤ ਮੁਲਜ਼ਮ ਨੂੰ ਚੋਰੀ ਦੀ ਥਾਰ ਗੱਡੀ ਸਮੇਤ ਗ੍ਰਿਫ਼ਤਾਰ ਕਰ ਲਿਆ। ਇਸ ਦੌਰਾਨ ਜਦੋਂ ਉਸਦੀ ਚੈਕਿੰਗ ਕੀਤੀ ਗਈ, ਤਾਂ ਉਸਦੇ ਕੋਲੋਂ ਇੱਕ ਨਾਜਾਇਜ਼ ਪਿਸਤੌਲ, 4 ਜ਼ਿੰਦਾ ਕਾਰਤੂਸ ਅਤੇ 20 ਹਜ਼ਾਰ ਰੁਪਏ ਦੀ ਨਕਦੀ ਬਰਾਮਦ ਹੋਈ। ਜਿਸ ਤੋਂ ਬਾਅਦ ਉਸ ਖ਼ ?ਲਾਫ਼ ਮਾਮਲਾ ਦਰਜ ਕਰਕੇ ਉਸ ਤੋਂ ਪੁੱਛਗਿੱਛ ਕੀਤੀ ਗਈ, ਤਾਂ ਪਤਾ ਚੱਲਿਆ ਕਿ ਉਸਨੇ ਜ਼ੀਰਕਪੁਰਾ ਤੋਂ ਉਕਤ ਥਾਰ ਗੱਡੀ ਚੋਰੀ ਕੀਤੀ ਸੀ। ਉਸ ਖ਼ ?ਲਾਫ਼ ਗੁਜਰਾਤ ਵਿੱਚ 11 ਤੋਂ ਵੱਧ ਐਕਸਾਈਜ਼ ਐਕਟ ਤਹਿਤ ਮਾਮਲੇ ਦਰਜ ਹਨ ।ਪੁਲਿਸ ਅਨੁਸਾਰ ਮੁਲਜ਼ਮ ਦਾ ਅਦਾਲਤ ਤੋਂ ਪੁਲਿਸ ਰਿਮਾਂਡ ਲੈ ਕੇ ਪੁੱਛਗਿੱਛ ਕੀਤੀ ਜਾ ਰਹੀ ਹੈ ਕਿ ਉਕਤ ਥਾਰ ਗੱਡੀ ਉਸਨੇ ਕਿਸ ਮਕਸਦ ਨਾਲ ਚੋਰੀ ਕੀਤੀ ਅਤੇ ਅੱਗੇ ਇਸਦਾ ਕੀ ਕਰਨਾ ਸੀ। ਇੰਨਾ ਹੀ ਨਹੀਂ ਉਸਨੇ ਨਾਜਾਇਜ਼ ਪਿਸਤੌਲ ਕਿਸ ਮਕਸਦ ਨਾਲ ਆਪਣੇ ਕੋਲ ਰੱਖਿਆ ਹੋਇਆ ਸੀ।

**ਏਸੀ ਠੀਕ ਕਰਨ ਆਇਆ ਮਕੈਨਿਕ, ਇਨੋਵਾ ਗੱਡੀ ਚੋਰੀ ਕਰਕੇ ਲੈ ਗਿਆ**

ਥਰਮਲ ਪੁਲਿਸ ਨੇ ਇੱਕ ਕਾਰ ਚੋਰ ਨੂੰ ਗ੍ਰਿਫਤਾਰ ਕੀਤਾ ਹੈ। ਜਿਸਦੇ ਕੋਲੋਂ ਚੋਰੀ ਕੀਤੀ ਇਨੋਵਾ ਗੱਡੀ ਬਰਾਮਦ ਕੀਤੀ ਗਈ ਹੈ। ਜਿਸਦੀ ਪਛਾਣ ਜਗਦੀਪ ਸਿੰਘ ਵਜੋਂ ਹੋਈ ਹੈ। ਕੇਸ ਵਿੱਚ ਉਸਦੇ ਦੋ ਸਾਥੀਆਂ ਨੂੰ ਵੀ ਨਾਮਜ਼ਦ ਕੀਤਾ ਗਿਆ ਹੈ। ਪੁਲਿਸ ਨੇ ਜਗਦੀਪ ਤੇ ਉਸਦੇ ਇੱਕ ਹੋਰ ਸਾਥੀ ਨੂੰ ਫੜ ਲਿਆ ਹੈ ਜਦੋਂ ਕਿ ਤੀਜਾ ਫਰਾਰ ਹੈ ।ਥਾਣਾ ਥਰਮਲ ਦੇ ਐੱਸ.ਐੱਚ.ਓ. ਗੁਰਦਰਸ਼ਨ ਸਿੰਘ ਨੇ ਦੱਸਿਆ ਕਿ 2 ਜੁਲਾਈ ਦੀ ਰਾਤ ਰਿਸ਼ਵ ਗੁਪਤਾ ਦੀ ਗੱਡੀ ਉਸਦੇ ਘਰ ਦੇ ਕੋਲੋਂ ਚੋਰੀ ਹੋ ਗਈ ਸੀ। ਮਾਮਲੇ ਵਿੱਚ ਪੁਲਿਸ ਨੇ ਅਣਪਛਾਤੇ 'ਤੇ ਕੇਸ ਦਰਜ ਕੀਤਾ ਸੀ। ਪੁਲਿਸ ਚੋਰ ਦੀ ਤਲਾਸ਼ ਕਰ ਰਹੀ ਸੀ। ਜਿਸਦੇ ਤਹਿਤ ਪੁਲਿਸ ਨੇ ਨਾਕਾਬੰਦੀ ਕਰਕੇ ਅੱਜ ਇੱਕ ਇਨੋਵਾ ਗੱਡੀ ਨੂੰ ਸ਼ੱਕ ਦੇ ਆਧਾਰ 'ਤੇ ਰੋਕਿਆ ਤੇ ਕਾਗਜ਼ ਮੰਗੇ ਪਰ ਗੱਡੀ ਚਾਲਕ ਜਗਦੀਪ ਸਿੰਘ ਕਾਗਜ਼ ਨਹੀਂ ਦੇ ਸਕਿਆ। ਜਾਂਚ ਤੋਂ ਬਾਅਦ ਪਤਾ ਲੱਗਾ ਕਿ ਇਹ ਇਨੋਵਾ ਚੋਰੀ ਦੀ ਹੈ। ਆਰੋਪੀ ਏ.ਸੀ. ਸਰਵਿਸ ਦਾ ਕੰਮ ਕਰਦਾ ਹੈ ਜੋ ਗੱਡੀ ਮਾਲਕ ਦੇ ਇੱਥੇ ਕੰਮ ਕਰਕੇ ਗਿਆ ਸੀ ਤੇ ਚਾਬੀ ਚੋਰੀ ਕਰਕੇ ਲੈ ਗਿਆ ਜਿਸ ਨਾਲ ਉਸਨੇ ਚੋਰੀ ਦੀ ਵਾਰਦਾਤ ਨੂੰ ਅੰਜਾਮ ਦਿੱਤਾ।

## ਕਲੇਰ ਸਕੂਲ ਦੇ ਪਹਿਲੀ ਟਰਮ ਦਾ ਨਤੀਜਾ ਸ਼ਾਨਦਾਰ ਰਿਹਾ



ਭਗਤਾ ਭਾਈ ਕਾ, 13 ਜੁਲਾਈ (ਸਵਰਨ ਸਿੰਘ ਭਗਤਾ):ਮਾਤਾ ਬਲਜਿੰਦਰ ਕੌਰ ਮੈਮੋਰੀਅਲ ਕਲੇਰ ਇੰਟਰਨੈਸ਼ਨਲ ਪਬਲਿਕ ਸਕੂਲ ਸਮਾਧ ਭਾਈ ਦਾ ਪਹਿਲੀ ਟਰਮ ਦੀ ਪ੍ਰੀਖਿਆ ਨਤੀਜਾ 12 ਜੁਲਾਈ ਨੂੰ ਐਲਾਨਿਆ ਗਿਆ। ਇਸ ਪ੍ਰੀਖਿਆ ਵਿੱਚ ਵਿਦਿਆਰਥੀਆਂ ਨੇ ਆਪਣੀ ਮਿਹਨਤ ਸਦਕਾ ਬਹੁਤ ਵਧੀਆ ਅੰਕ ਪ੍ਰਾਪਤ ਕੀਤੇ। ਸਕੂਲ ਦੇ ਪ੍ਰਿੰਸੀਪਲ ਸ਼ਸ਼ੀਕਾਂਤ ਨੇ ਅਧਿਆਪਕਾਂ ਦੇ ਨਾਲ ਹੀ ਮਾਪਿਆਂ ਨਾਲ ਮਿਲਣੀ ਕੀਤੀ ਤੇ ਨਤੀਜਾ ਘੋਸ਼ਿਤ ਕੀਤਾ। ਇਸ ਮੌਕੇ ਸਕੂਲ ਦੇ ਚੇਅਰਮੈਨ ਕੁਲਵੰਤ ਸਿੰਘ ਮਲੂਕਾ ਖ਼ੁਦ ਵੀ ਹਾਜ਼ਰ ਰਹੇ। ਇਸ ਅਧਿਆਪਕ ਮਾਪੇ ਮਿਲਣੀ ਵਿੱਚ ਸਕੂਲ ਦੇ ਚੇਅਰਮੈਨ ਕੁਲਵੰਤ ਸਿੰਘ ਮਲੂਕਾ,ਚੇਅਰ ਪਰਸਨ ਮੈਡਮ ਰਣਧੀਰ ਕੌਰ , ਡਾਇਰੈਕਟਰ ਕੋਹਿਨੂਰ ਸਿੱਧੂ, ਪ੍ਰਿੰਸੀਪਲ ਸ਼ਸ਼ੀਕਾਂਤ ਤੇ ਕੋਆਰਡੀਨੇਟਰ ਸ਼ਾਮਿਲ ਰਹੇ। ਅਧਿਆਪਕ ਮਾਪੇ ਮਿਲਣੀ ਉਪਰੰਤ ਅਧਿਆਪਕਾਂ ਤੇ ਮੈਨੇਜਮੈਂਟ ਦੀ ਮੀਟਿੰਗ ਹੋਈ, ਜਿਸ ਵਿੱਚ ਵਿਦਿਆਰਥੀਆਂ ਦੀਆਂ ਸਮੱਸਿਆਵਾਂ ਨੂੰ ਪ੍ਰਮੁੱਖਤਾ ਨਾਲ ਵਿਚਾਰਿਆ ਗਿਆ ਅਤੇ ਚਰਚਾ ਕੀਤੀ ਗਈ। ਇਸ ਮੌਕੇ ਤੇ ਵਿਦਿਆਰਥੀਆਂ ਦੇ ਪਾਠ ਕ੍ਰਮ ਵੱਲ ਵਿਸ਼ੇਸ਼ ਧਿਆਨ ਦੇਣ ਬਾਰੇ ਗੱਲਬਾਤ ਕੀਤੀ ਗਈ ਤੇ ਵਿਦਿਆਰਥੀਆਂ ਦੀ ਸਿਖਿਆ ਦਾ ਮਿਆਰ ਉੱਚਾ ਚੁੱਕਣ ਅਤੇ ਵਿਦਿਆਰਥੀਆਂ ਦੀਆਂ ਸਮੱਸਿਆਵਾਂ ਦਾ ਹੱਲ ਕੱਢਣ ਲਈ ਸਾਰਥਕ ਗੱਲਬਾਤ ਹੋਈ।

# ਸਿਕੰਦਰ ਸਿੰਘ ਮਲੂਕਾ ਨੂੰ ਸੀਨੀਅਰ ਮੀਤ ਪ੍ਰਧਾਨ ਬਣਾਏ ਜਾਣ ਤੋਂ ਬਾਅਦ ਭਗਤਾ ਭਾਈ ਆਉਣ 'ਤੇ ਸ਼ਾਨਦਾਰ ਸਵਾਗਤ



ਭਗਤਾ ਭਾਈ ਕਾ, 13 ਜੁਲਾਈ (ਸਵਰਨ ਸਿੰਘ ਭਗਤਾ): ਸ਼੍ਰੋਮਣੀ ਅਕਾਲੀ ਦਲ ਵੱਲੋਂ ਸੀਨੀਅਰ ਮੀਤ ਪ੍ਰਧਾਨ ਨਿਯੁਕਤ ਕੀਤੇ ਗਏ ਸਾਬਕਾ ਮੰਤਰੀ ਸਿਕੰਦਰ ਸਿੰਘ ਮਲੂਕਾ ਭਗਤਾ ਭਾਈ ਪਹੁੰਚੇ। ਉਨ੍ਹਾਂ ਦੀ ਆਮਦ ਨੂੰ ਲੈ ਕੇ ਦਲ ਦੇ ਆਗੂਆਂ ਅਤੇ ਵਰਕਰਾਂ ਵਿੱਚ ਭਾਰੀ ਉਤਸ਼ਾਹ ਦੇਖਣ ਨੂੰ ਮਿਲਿਆ,ਭਾਰੀ ਗਿਣਤੀ ਵਿਚ ਅਕਾਲੀ ਦਲ ਦੇ ਆਗੂਆਂ ਅਤੇ ਵਰਕਰਾਂ ਨੇ ਉਨ੍ਹਾਂ ਦਾ ਸ਼ਾਨਦਾਰ ਸਵਾਗਤ ਕੀਤਾ। ਇਸ ਮੌਕੇ ਗੱਲਬਾਤ ਕਰਦਿਆਂ ਮਲੂਕਾ ਨੇ ਆਪਣੀ ਨਵੀਂ ਜ਼ਿੰਮੇਵਾਰੀ ਲਈ ਪਾਰਟੀ ਆਗੂ ਸੁਖਬੀਰ ਸਿੰਘ ਬਾਦਲ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਉਹ ਪੰਥ ਅਤੇ ਪਾਰਟੀ ਦੀ ਸੇਵਾ ਨਿਸ਼ਕਾਮ ਭਾਵਨਾ ਨਾਲ ਜਾਰੀ ਰੱਖਣਗੇ। ਦਲ ਦੇ ਜੱਥੇਬੰਦਕ ਢਾਂਚੇ ਬਣਾਏ ਜਾਣ ਬਾਰੇ ਉਨ੍ਹਾਂ ਕਿਹਾ ਕਿ ਕੋਈ ਵੀ ਪਾਰਟੀ ਜੱਥੇਬੰਦਕ ਢਾਂਚੇ ਤੋਂ ਬਿਨ੍ਹਾਂ ਨਹੀਂ ਚੱਲ ਸਕਦੀ। ਉਨ੍ਹਾਂ ਇਸ ਢਾਂਚੇ ਵਿਚ ਕੰਮ ਕਰਨ ਵਾਲੇ ਮਿਹਨਤੀ ਬੰਦਿਆਂ ਨੂੰ ਸ਼ਾਮਲ ਕੀਤੇ ਜਾਣ ਦੀ ਲੋੜ ਉੱਪਰ ਜੋਰ ਦਿੱਤਾ। ਪੰਜਾਬ ਦੀਆਂ 2027 ਵਾਲੀਆਂ ਵਿਧਾਨ ਸਭਾ ਚੋਣਾਂ ਦੀ ਗੱਲ ਕਰਦਿਆਂ ਮਲੂਕਾ ਨੇ ਕਿਹਾ ਕਿ ਇਨ੍ਹਾਂ ਚੋਣਾਂ ਦੌਰਾਨ ਆਮ ਆਦਮੀ ਪਾਰਟੀ ਹਾਸ਼ੀਏ ਉੱਪਰ ਚਲੀ ਜਾਵੇਗੀ ਅਤੇ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦਾ ਗਠਜੋੜ ਹੋਣ ਤੇ ਇਸ ਦੀ ਸ਼ਾਨਦਾਰ ਜਿੱਤ ਹੋਵੇਗੀ। ਉਨ੍ਹਾਂ ਸਪੱਸ਼ਟ ਕੀਤਾ ਕਿ ਚੋਣ ਗੱਠਜੋੜ ਨਾ ਹੋਣ ਦੀ ਸੂਰਤ ਵਿਚ ਵੀ ਸ਼੍ਰੋਮਣੀ ਅਕਾਲੀ ਦਲ ਪੂਰੀ ਤਰ੍ਹਾਂ ਨਾਲ ਚੋਣਾਂ ਲੜ੍ਹਨ ਲਈ ਤਿਆਰ ਹੈ, ਜਿਸ ਦੌਰਾਨ ਇਹਨਾਂ ਚੋਣਾਂ ਦੀ ਲੜਾਈ ਥੋੜੀ ਮੁਸ਼ਕਿਲ ਤਾਂ ਹੋਵੇਗੀ, ਪ੍ਰੰਤੂ ਰਾਜ ਵਿਚ ਅਕਾਲੀ ਸਰਕਾਰ ਵਲੋਂ ਕੀਤੇ 15 ਸਾਲਾਂ ਦੇ ਕੰਮਾਂ ਨੂੰ ਵੇਖਦਿਆਂ ਵੋਟਰ ਵਲੋਂ ਅਕਾਲੀ ਦਲੇ ਦੇ ਹੱਕ ਵਿਚ ਫ਼ਤਵਾ ਦੇਣਾ ਤੈਅ ਹੈ। ਬਿਕ੍ਰਮਜੀਤ ਸਿੰਘ ਮਜੀਠੀਆ ਦੀ ਗ੍ਰਿਫਤਾਰੀ ਬਾਰੇ ਗੱਲ ਕਰਦਿਆਂ ਮਲੂਕਾ ਨੇ ਕਿਹਾ 15 ਦਿਨ ਦਾ ਰਿਮਾਂਡ ਲੈਣ ਦੇ ਬਾਵਜੂਦ ਵੀ ਪੁਲਿਸ ਉਨ੍ਹਾਂ ਖਿਲਾਫ਼ ਕੋਈ ਸਬੂਤ ਨਹੀ‹ ਦੇ ਸਕੀ ਅਤੇ ਰਾਜ ਸਰਕਾਰ ਦਾ ਮੰਤਵ ਸਿਰਫ਼ ਉਨ੍ਹਾਂ ਨੂੰ ਬਦਨਾਮ ਕਰਨ ਹੀ ਹੈ। ਉਨ੍ਹਾਂ ਦੋਸ਼ ਲਗਾਇਆ ਕਿ ਪੰਜਾਬ ਉੱਪਰ ਦਿੱਲੀ ਦਾ ਮੁਕੰਮਲ ਕਬਜਾ ਹੋ ਚੁੱਕਿਆ ਹੈ ਅਤੇ ਮੁੱਖ ਮੰਤਰੀ ਅਤੇ ਮੰਤਰੀ ਮੰਡਲ ਕੇਵਲ ਰਬੜ ਦੀ ਮੋਹਰ ਬਣ ਕੇ ਰਹਿ ਗਿਆ ਹੈ। ਉਨ੍ਹਾਂ ਨੇ ਅਕਾਲੀ ਦਲ ਨੂੰ ਮੁੜ ਪੰਜਾਬ ਦੀ ਸਭ ਤੋਂ ਮਜ਼ਬੂਤ ਆਵਾਜ਼ ਬਣਾਉਣ ਦਾ ਸੰਕਲਪ ਵੀ ਲਿਆ। ਉਨ੍ਹਾਂ ਨੇ ਆਗੂਆਂ ਅਤੇ ਵਰਕਰਾਂ ਨੂੰ ਅਪੀਲ ਕੀਤੀ ਕਿ ਉਹ ਸਤਹੀ ਪੱਧਰ 'ਤੇ ਜਾ ਕੇ ਲੋਕਾਂ ਨਾਲ ਜੁੜਨ, ਉਨ੍ਹਾਂ ਦੀਆਂ ਸਮੱਸਿਆਵਾਂ ਨੂੰ ਸੁਣਨ ਅਤੇ ਅਕਾਲੀ ਦਲ ਦੀ ਨੀਤੀਆਂ ਅਤੇ ਪਿਛਲੇ ਸਮੇਂ ਦੌਰਾਨ ਰਾਜ ਵਿਚਲੇ ਕੀਤੇ ਗਏ ਕੰਮਾਂ ਨੂੰ ਘਰ ਘਰ ਤੱਕ ਪਹੁੰਚਾਉਣ। ਇਸ ਮੌਕੇ ਉਨ੍ਹਾਂ ਦੇ ਨਾਲ ਗਗਨਦੀਪ ਸਿੰਘ ਗਰੇਵਾਲ ਸਾਬਕਾ ਚੇਅਰਮੈਨ ਮਾਰਕੀਟ ਕਮੇਟੀ, ਬੀਸੀ ਵਿੰਗ ਦੇ ਪ੍ਰਧਾਨ ਮਨਜੀਤ ਸਿੰਘ ਧੁੰਨਾ, ਰਕੇਸ਼ ਕੁਮਾਰ ਗੋਇਲ ਸਾਬਕਾ ਪ੍ਰਧਾਨ ਨਗਰ ਪੰਚਾਇਤ, ਡਾ:ਪਰਨੀਤ ਕੌਰ ਦਿਓਲ,ਡਾ: ਜਸਪਾਲ ਸਿੰਘ ਦਿਆਲਪੁਰਾ ਮਿਰਜ਼ਾ,ਡਾ.ਬਲਜੀਤ ਸਿੰਘ ਦਿਓਲ, ਜਗਮੋਹਨ ਲਾਲ ਗਰਗ, ਸੁਖਜਿੰਦਰ ਸਿੰਘ ਖਹਿਰਾ ਯੂਥ ਆਗੂ, ਸੁਖਜਿੰਦਰ ਸਿੰਘ ਖਾਨਦਾਨ,ਦਰਸ਼ਨ ਸਿੰਘ ਭਾਈਕੇ, ਸੁਖਮੰਦਰ ਸਿੰਘ ਧੰਜਲ,ਲਖਵੀਰ ਸਿੰਘ ਮੌੜ,ਬਲੌਰ ਸਿੰਘ ਕਾਂਗੜ, ਰਘਬੀਰ ਸਿੰਘ ਖਾਨਾਪੱਤੀ,ਗੁਰਚਰਨ ਸਿੰਘ ਐਮ.ਸੀ.,ਸਤਵਿੰਦਰਪਾਲ ਸਿੰਘ ਪਿੰਦਰ,ਅਮਨਦੀਪ ਸਿੰਘ ਬੁਰਜ ਲੱਧਾ, ਸੁਖਮੰਦਰ ਸਿੰਘ ਭੋਲਾ,ਮਾ: ਜਰਨੈਲ ਸਿੰਘ ਭੋਡੀਪੁਰਾ,ਹੰਸ ਸਿੰਘ ਸੋਹੀ,ਪੁਨੀਤ ਪਾਲ ਸਿੰਘ ਗੋਲਾ,ਹਰਦੇਵ ਸਿੰਘ ਗੋਗੀ ਬਰਾੜ, ਸੁਰਿੰਦਰ ਕੁਮਾਰ ਭੁੱਟੋ,ਮੁਖਤਿਆਰ ਸਿੰਘ ਅਕਾਲੀ, ਮਾ. ਲਾਲ ਸਿੰਘ ਆਦਿ ਹਾਜ਼ਰ ਸਨ।

# ਘੋੜੇ ਟਰਾਲੇ ਦੀ ਤਲਾਸ਼ੀ ਦੌਰਾਨ ਭੁੱਕੀ ਬਰਾਮਦ ਪੁਲਿਸ ਨੇ ਦੋ ਗ੍ਰਿਫ਼ਤਾਰ



ਧਨੌਲਾ, 13 ਜੁਲਾਈ (ਚਮਕੌਰ ਸਿੰਘ ਗੱਗੀ): ਸ਼ੁੱਧ ਨਸ਼ਿਆਂ ਵਿਰੁੱਧ ਚਲਾਈ ਮੁਹਿੰਮ ਤਹਿਤ ਥਾਣਾ ਧਨੌਲਾ ਪੁਲਿਸ ਨੂੰ ਉਸ ਸਮੇਂ ਵੱਡਾ ਹੁੰਗਾਰਾ ਮਿਲਿਆ ਜਦੋਂ ਇੱਕ ਟਰਾਲੇ ਦੀ ਤਲਾਸ਼ੀ ਦੌਰਾਨ ਭੁੱਕੀ ਬਰਾਮਦ ਕੀਤੀ ਅਤੇ ਦੋ ਨੂੰ ਗਿਰਫਤਾਰ ਕੀਤਾ। ਇਸ ਸਬੰਧੀ ਜਾਣਕਾਰੀ ਦਿੰਦਿਆਂ ਥਾਣਾ ਧਨੌਲਾ ਦੇ ਮੁੱਖ ਅਫਸਰ ਇੰਸਪੈਕਟਰ ਜਗਜੀਤ ਸਿੰਘ ਨੇ ਕਿਹਾ ਕਿ ਏ ਐੱਸ ਆਈ ਦੀ ਜਗਦੇਵ ਸਿੰਘ ਸਮੇਤ ਪੁਲਿਸ ਪਾਰਟੀ ਇਲਾਕੇ ਵਿਚ ਗਸ਼ਤ ਕਰ ਰਹੇ ਸਨ, ਜਿਨ੍ਹਾਂ ਨੂੰ ਦੌਰਾਨੇ ਗਸ਼ਤ ਇੱਕ ਮੁਖਬਰ ਖਾਸ ਨੇ ਇਤਲਾਹ ਦਿੱਤੀ ਕਿ ਦੋ ਵਿਅਕਤੀ ਬਾਹਰਲੀ ਸਟੇਟ ਤੋਂ ਸਸਤੇ ਭਾਅ 'ਤੇ ਭੁੱਕੀ ਚੂਰਾ ਪੋਸਤ ਖਰੀਦ ਕਰਕੇ ਲਿਆਕੇ ਆਪਣੇ ਘੋੜਾ ਨੰਬਰੀ PB ACBQ 8694 ਪਰ ਸਵਾਰ ਹੋ ਕੇ ਕਸਬਾ ਧਨੌਲਾ ਅਤੇ ਆਸ-ਪਾਸ ਦੇ ਇਲਾਕੇ ਵਿੱਚ ਮਹਿੰਗੇ ਭਾਅ ਵਿੱਚ ਵੇਚਣ ਦਾ ਧੰਦਾ ਕਰਦੇ ਹਨ ਜੋ ਅੱਜ ਵੀ ਭੁੱਕੀ ਚੂਰਾ ਪੋਸਤ ਵੇਚਣ ਲਈ ਉਕਤ ਘੋੜਾ ਨੰਬਰੀ ਲਈ ਪਸ਼ੂ ਮੰਡੀ ਧਨੌਲਾ ਅੰਦਰ ਖੜ੍ਹੇ ਹਨ। ਜੇਕਰ ਹੁਣੇ ਹੀ ਇਹਨਾ ਦੀ ਤਲਾਸ਼ੀ ਕੀਤੀ ਜਾਵੇ ਤਾਂ ਇਹ ਦੋਵੇ ਜਾਣੇ ਭਾਰੀ ਮਾਤਰਾ ਵਿੱਚ ਭੁੱਕੀ ਚੂਰਾ ਪੋਸਤ ਸਮੇਤ ਰੰਗੇ ਹੱਥੀ ਕਾਬੂ ਕੀਤੇ ਜਾ ਸਕਦੇ ਹਨ। ਇਤਲਾਹ ਪੱਕੀ ਅਤੇ ਭਰੋਸੇਯੋਗ ਹੋਣ, ਜਿਸ 'ਤੇ ਕਾਰਵਾਈ ਕਰਦੇ ਹੋਏ ਸਹਾਇਕ ਥਾਣੇਦਾਰ ਜਸਵੀਰ ਸਿੰਘ, ਸਹਾਇਕ ਥਾਣੇਦਾਰ ਜਗਦੇਵ ਸਿੰਘ, ਸਿਪਾਹੀ ਗੁਰਪ੍ਰੀਤ ਸਿੰਘ, ਨੇ ਜਾ ਕੇ ਟਰਾਲੇ ਦੀ ਤਲਾਸ਼ੀ ਕੀਤੀ ਤਾਂ ਉਸ ਵਿੱਚੋਂ ਭੁੱਕੀ ਚੂਰਾ ਬਰਾਮਦ ਕੀਤਾ ਜਿਸ ਦਾ ਵਜਨ 29 ਕਿੱਲੋ ਸਮੇਤ ਦੋ ਵਿਅਕਤੀਆਂ ਨੂੰ ਗਿਰਫਤਾਰ ਕੀਤਾ, ਜਿਨ੍ਹਾਂ ਦੀ ਪਹਿਚਾਣ ਸੁਖਚੈਨ ਸਿੰਘ ਉਰਫ ਚੈਨੀ ਪੁੱਤਰ ਜਗਰੂਪ ਸਿੰਘ ਵਾਸੀ ਚੀਮਾ, ਅਤੇ ਹਰਪਾਲ ਸਿੰਘ ਉਰਫ ਗੁਲਾਬ ਸਿੰਘ ਵਾਸੀ ਜਗਜੀਤਪੁਰਾ ਵਜੋਂ ਕੀਤੀ ਗਈ, ਜਿਨਾਂ ਖਿਲਾਫ ਮੁਕਦਮਾ ਨੰਬਰ 94 ਅ/ਧ 15,25/61/85 ND&PS 13ਦ.ਤਹਿਤ ਦਰਜ ਰਜਿਸਟਰ ਕੀਤਾ ਗਿਆ, ਜਿਨ੍ਹਾਂ ਨੂੰ ਮਾਣਯੋਗ ਅਦਾਲਤ ਵਿੱਚ ਪੇਸ਼ ਕਰਕੇ ਰਿਮਾਂਡ ਹਾਸਲ ਕੀਤਾ ਜਾਵੇਗਾ ਅਤੇ ਅਗਲੀ ਕਾਰਵਾਈ ਕਿਥੋਂ ਲਿਆਂਦਾ ਸੀ ਕਿਸ ਨੂੰ ਵੇਚਣਾ ਦੀ ਬਾਰੇ ਪੜਤਾਲ ਕੀਤੀ ਜਾ ਰਹੀ ਹੈ। ਇਸ ਮੌਕੇ ਪੀ ਐਚ ਜੀ ਬਲਜੀਤ ਸਿੰਘ, ਪੀ ਐਚ ਜੀ ਕੁਲਵੰਤ ਸਿੰਘ ਹਾਜ਼ਰ ਸਨ।

# ਸੈਦੋਕੇ ਪਿੰਡ ਵਾਸੀਆਂ ਨੇ ਹਮਲਾ ਕਰਕੇ ਤਲਵੰਡੀ ਦੇ ਛੇ ਨੌਜਵਾਨਾਂ ਨੂੰ ਕੀਤਾ ਗੰਭੀਰ ਜ਼ਖ਼ਮੀ



ਭਦੌੜ, 13 ਜੁਲਾਈ (ਸੁਖਵਿੰਦਰ ਪਲਾਹਾ): ਪਿਛਲੇ ਪੰਜ ਦਿਨਾਂ ਤੋਂ ਤਲਵੰਡੀ ਅਤੇ ਸੈਦੋਕੇ ਪਿੰਡ ਵਾਸੀਆਂ ਦਾ ਬਿਜਲੀ ਗਰਿੱਡ ਦੀ ਸਪਲਾਈ ਨੂੰ ਲੈ ਕੇ ਚੱਲ ਰਿਹਾ ਝਗੜਾ ਵਿਕਰਾਲ ਰੂਪ ਧਾਰਨ ਕਰ ਗਿਆ ਹੈ। ਬੀਤੀ ਰਾਤ ਪਿੰਡ ਸੈਦੋਕੇ ਦੇ ਲੋਕਾਂ ਨੇ ਹਨੇਰੇ ਦੀ ਆੜ ਵਿੱਚ ਰਾਤ ਦੇ ਤਕਰੀਬਨ 11 ਵਜੇ ਤਲਵੰਡੀ ਬਿਜਲੀ ਗਰਿੱਡ 'ਤੇ ਇਕੱਠੇ ਹੋਏ ਲੋਕਾਂ ਉੱਪਰ ਜਾਨਲੇਵਾ ਹਮਲਾ ਕਰ ਦਿੱਤਾ। ਸਰਕਾਰੀ ਹਸਪਤਾਲ ਭਦੌੜ ਵਿੱਚ ਜੇਰੇ ਇਲਾਜ ਬਲਜਿੰਦਰ ਸਿੰਘ ਪੁੱਤਰ ਕੇਵਲ ਸਿੰਘ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਅਸੀਂ ਸਾਂਝਾਸੀ ਢੰਗ ਨਾਲ ਸਿਰਫ 10-15 ਬੰਦੇ ਤਲਵੰਡੀ ਬਿਜਲੀ ਗਰਿੱਡ ਤੇ ਪਹਿਰਾ ਦੇ ਰਹੇ ਸੀ, ਪਰ ਸਾਨੂੰ ਕੋਈ ਪਤਾ ਨਹੀਂ ਸੀ ਕਿ ਸਾਡੇ ਉੱਪਰ ਕੋਈ ਹਮਲਾ ਹੋਣ ਵਾਲਾ ਹੈ। ਉਹਨਾਂ ਕਿਹਾ ਕਿ ਤਕਰੀਬਨ ਰਾਤ ਦੇ 11 ਵਜੇ ਵੱਡੀ ਗਿਣਤੀ ਵਿੱਚ ਹਜੂਮ ਨੇ ਆ ਕੇ ਸਾਡੇ ਉੱਪਰ ਮਾਰੂ ਹਥਿਆਰਾਂ ਨਾਲ ਹਮਲਾ ਕਰ ਦਿੱਤਾ ਅਤੇ ਸਾਨੂੰ ਗੰਭੀਰ ਸੱਟਾਂ ਮਾਰਨ ਉਪਰੰਤ ਫਰਾਰ ਹੋ ਗਏ। ਉਹਨਾਂ ਕਿਹਾ ਕਿ ਇਸ ਤੋਂ ਇਲਾਵਾ ਉਹਨਾਂ ਵੱਲੋਂ ਉਥੇ ਖੜੇ ਇਕ ਟਰੈਕਟਰ ਦੀ ਭੰਨ ਤੋੜ ਕੀਤੀ ਅਤੇ ਇੱਕ ਸਕੂਟਰੀ ਨੂੰ ਵੀ ਤੋੜ ਗਏ ਇਸ ਤੋਂ ਇਲਾਵਾ ਸਾਡੇ ਇੱਕ ਵਿਅਕਤੀ ਨੂੰ ਵੀ ਜ਼ਬਰਦਸਤੀ ਨਾਲ ਲੈ ਗਏ, ਜਿਸ ਨੂੰ ਬਾਅਦ ਵਿੱਚ ਪਿੰਡ ਵਾਸੀਆਂ ਵੱਲੋਂ ਛੁਡਵਾ ਲਿਆ ਗਿਆ। ਮੌਕੇ 'ਤੇ ਸਰਕਾਰੀ ਹਸਪਤਾਲ ਭਦੌੜ ਵਿਖੇ ਪਹੁੰਚ ਕੇ ਇਕੱਤਰ ਕੀਤੀ ਜਾਣਕਾਰੀ ਅਨੁਸਾਰ ਬਲਜਿੰਦਰ ਸਿੰਘ ਪੁੱਤਰ ਸੁਰਜੀਤ ਸਿੰਘ ਦਾ ਇੱਕ ਅੰਗੂਠਾ ਤੇ ਉਂਗਲ ਕੱਟੀ ਗਈ ਅਤੇ ਕੇਵਲ ਸਿੰਘ ਪੁੱਤਰ ਕਾਹਨ ਸਿੰਘ ਦੀ ਖੱਬੀ ਬਾਂਹ ਤੋੜ ਦਿੱਤੀ ਗਈ ਇਸ ਤੋਂ ਇਲਾਵਾ ਹਰਮਨਪ੍ਰੀਤ ਸਿੰਘ ਪੁੱਤਰ ਜਗਤਾਰ ਸਿੰਘ ,ਗੁਰਦੀਪ ਸਿੰਘ ਪੁੱਤਰ ਸੁਖਮੰਦਰ ਸਿੰਘ ,ਇਕਬਾਲ ਸਿੰਘ ਪੁੱਤਰ ਜਗਤਾਰ ਸਿੰਘ, ਗੁਰਜੀਤ ਸਿੰਘ ਪੁੱਤਰ ਬੂਟਾ ਸਿੰਘ, ਗੁਰਸੇਵਕ ਸਿੰਘ ਪੁੱਤਰ ਮੇਜਰ ਸਿੰਘ ਆਦਿ ਗੰਭੀਰ ਜ਼ਖਮੀ ਰੂਪ ਵਿੱਚ ਸਰਕਾਰੀ ਹਸਪਤਾਲ ਭਦੌੜ ਵਿਖੇ ਜੇਰੇ ਇਲਾਜ ਸਨ। ਪਿੰਡ ਵਾਸੀਆਂ ਦਾ ਕਹਿਣਾ ਹੈ ਕਿ ਜੋ ਹਜੂਮ ਸੈਦੋਕੇ ਪਿੰਡ ਵੱਲੋਂ ਆਇਆ ਸੀ ਉਹਨਾਂ ਦੀ ਸ਼ਰਾਬ ਪੀਤੀ ਹੋਈ ਸੀ ਅਤੇ ਹੋਰ ਵੀ ਨਸ਼ੇ ਕੀਤੇ ਹੋਏ ਸਨ, ਜਿਨਾਂ ਨੇ ਸਾਨੂੰ ਕੋਈ ਵੀ ਗੱਲ ਬਾਤ ਕੀਤੇ ਬਗੈਰ ਹੀ ਕੁੱਟਣਾ ਸ਼ੁਰੂ ਕਰ ਦਿੱਤਾ। ਉਹਨਾਂ ਕਿਹਾ ਕਿ ਅਸੀਂ ਪ੍ਰਸ਼ਾਸਨ ਤੋਂ ਮੰਗ ਕਰਦੇ ਹਾਂ ਕਿ ਸਾਡੇ ਕੁੱਟਮਾਰ ਕਰਨ ਵਾਲੇ ਕਥਿਤ ਦੋਸ਼ੀਆਂ ਖਿਲਾਫ ਸਖਤ ਤੋਂ ਸਖਤ ਕਾਰਵਾਈ ਕੀਤੀ ਜਾਵੇ ਅਤੇ ਉਹਨਾਂ ਨੂੰ ਗ੍ਰਿਫਤਾਰ ਕੀਤਾ ਜਾਵੇ। ਇਸ ਸਬੰਧੀ ਥਾਣਾ ਭਦੌੜ ਦੇ ਐਸ ਐਚ ਓ ਗੁਰਵਿੰਦਰ ਸਿੰਘ ਨਾਲ ਗੱਲ ਕੀਤੀ ਤਾਂ ਉਹਨਾਂ ਕਿਹਾ ਕਿ ਬਿਜਲੀ ਸਪਲਾਈ ਦੀ ਬਹਾਲੀ ਨੂੰ ਲੈ ਕੇ ਦੋਨਾਂ ਪਿੰਡਾਂ ਵਿੱਚ ਮਾਹੌਲ ਤਣਾਅਪੂਰਨ ਬਣਿਆ ਹੋਇਆ ਹੈ, ਪਰ ਸਥਿਤੀ ਕਾਬੂ ਹੇਠ ਹੈ। ਉਹਨਾਂ ਕਿਹਾ ਕਿ ਸਾਡੇ ਕੋਲ ਸਰਕਾਰੀ ਹਸਪਤਾਲ ਭਦੌੜ ਵੱਲੋਂ ਥਾਣਾ ਭਦੌੜ ਵਿਖੇ ਭੇਜਿਆ ਰੁੱਕਾ ਪ੍ਰਾਪਤ ਹੋ ਗਿਆ ਹੈ ਅਤੇ ਜੋ ਨੌਜਵਾਨ ਗੰਭੀਰ ਰੂਪ ਵਿੱਚ ਜ਼ਖ਼ਮੀ ਹੋਏ ਹਨ ਉਹਨਾਂ ਦੇ ਬਿਆਨ ਲਏ ਜਾ ਰਹੇ ਹਨ ਅਤੇ ਕਥਿੱਤ ਦੋਸ਼ੀਆਂ ਖਿਲਾਫ਼ ਸਖਤ ਤੋਂ ਸਖਤ ਕਾਰਵਾਈ ਕੀਤੀ ਜਾਵੇਗੀ।

# ਮਾਲਵਾ ਸਾਹਿਤ ਸਭਾ ਬਰਨਾਲਾ ਵੱਲੋਂ ਹਾਕਮ ਸਿੰਘ ਰੂੜੇਕੇ ਦੇ ਗੀਤ ਸੰਗ੍ਰਹਿ ਨਣਦ ਦਿਆ ਵੀਰਾਂ ਦਾ ਲੋਕ ਅਰਪਣ



ਬਰਨਾਲਾ, 13 ਜੁਲਾਈ (ਅਮਨਦੀਪ ਸਿੰਘ): ਮਾਲਵਾ ਸਾਹਿਤ ਸਭਾ ਬਰਨਾਲਾ ਵੱਲੋਂ ਸਥਾਨਕ ਪੰਜਾਬ ਆਈਟੀਆਈ ਵਿਖੇ ਸਾਹਿਤਕ ਸਮਾਗਮ ਕਰਵਾਇਆ ਗਿਆ, ਜਿਸ ਵਿੱਚ ਪ੍ਰਸਿੱਧ ਗੀਤਕਾਰ ਹਾਕਮ ਸਿੰਘ ਰੂੜੇਕੇ ਦੇ ਗੀਤ ਸੰਗ੍ਰਹਿ ਨਣਦ ਦਿਆ ਵੀਰਾ ਦਾ ਲੋਕ ਅਰਪਣ ਕੀਤਾ ਗਿਆ ਉਪਰੰਤ ਇਸ ਪੁਸਤਕ ਉੱਪਰ ਗੋਸ਼ਟੀ ਕਰਵਾਈ ਗਈ ਜਿਸ ਬਾਰੇ ਪਰਚਾ ਪੜ੍ਹਦਿਆਂ ਡਾ ਸੁਰਿੰਦਰ ਸਿੰਘ ਭੱਠਲ ਨੇ ਕਿਹਾ ਹਾਕਮ ਸਿੰਘ ਰੂੜੇਕੇ ਨੇ ਆਪਣੇ ਗੀਤਾਂ ਵਿੱਚ ਪੰਜਾਬੀ ਸੱਭਿਆਚਾਰ ਨੂੰ ਬਾਖੂਬੀ ਪੇਸ਼ ਕੀਤਾ ਹੈ ਉਸਦੇ ਗੀਤ ਰਿਸ਼ਤਿਆਂ ਦੀ ਨੋਕ ਝੋਕ ਰਵਾਇਤੀ ਖਾਣੇ ਪੰਜਾਬੀ ਪਹਿਰਾਵੇ ਅਤੇ ਕਿਸਾਨੀ ਨਾਲ ਸਬੰਧਿਤ ਹਰ ਵਿਸ਼ੇ ਤੇ ਗੱਲ ਕਰਦੇ ਯਥਾਰਥਵਾਦ ਦੇ ਨੇੜੇ ਹਨ । ਡਾ ਕਮਲਜੀਤ ਸਿੰਘ ਟਿੱਬਾ ਨੇ ਕਿਹਾ ਕਿ ਸਰਲਤਾ ਸਾਦਗੀ ਤੇ ਸਹਿਜਤਾ ਇਹਨਾਂ ਗੀਤਾਂ ਦੇ ਮੀਰੀ ਗੁਣ ਹਨ ਜੋ ਲੇਖਕ ਦੀ ਜੀਵਨ ਪ੍ਰਤੀ ਸੁਹਿਰਦਤਾ ਸਿਆਣਪ ਤੇ ਸੁਹੱਪਣ ਨੂੰ ਸੰਕੇਤਦੀਆਂ ਹਨ ਗੀਤਾਂ ਵਿਚਲਾ ਸਹਿਜ ਸੁਹਜ ਤੇ ਸੁੱਚਤਾ ਉਸਨੂੰ ਅਜੋਕੇ ਗੀਤਕਾਰਾਂ ਵਿੱਚ ਵੀ ਨਿਵੇਕਲਾ ਗੀਤਕਾਰ ਬਣਾਉਂਦੇ ਹਨ। ਮਾਲਵਾ ਸਾਹਿਤ ਸਭਾ ਦੇ ਪ੍ਰਧਾਨ ਡਾ ਸੰਪੂਰਨ ਸਿੰਘ ਟੱਲੇਵਾਲੀਆ ਨੇ ਕਿਹਾ ਕਿ ਇਹ ਪੁਸਤਕ ਪੰਜਾਬੀ ਸੱਭਿਆਚਾਰ ਦੇ ਸੱਚੇ ਸੁੱਚੇ ਰਿਸ਼ਤਿਆਂ ਨਾਲ ਓਤ ਪੋਤ ਸੱਚੇ ਸੁੱਚੇ ਗੀਤਾਂ ਦਾ ਸੰਗ੍ਰਹਿ ਹੈ, ਜੋ ਸਾਡੇ ਪੰਜਾਬੀ ਵਿਰਸੇ ਤੋਂ ਜਾਣੂ ਕਰਵਾਉਂਦੀ ਹੈ ਇਸ ਪੁਸਤਕ ਵਿੱਚ ਅਨੇਕਾਂ ਰਿਸ਼ਤਿਆਂ ਦਾ ਵਰਣਨ ਖੂਬਸੂਰਤ ਤਰੀਕੇ ਨਾਲ ਕੀਤਾ ਗਿਆ ਹੈ ਨਾਲ ਹੀ ਪੰਜਾਬੀ ਸੱਭਿਆਚਾਰ ਦੀਆਂ ਰਸਮਾਂ ਦੇ ਵੀ ਇਹਨਾਂ ਗੀਤਾਂ ਵਿੱਚ ਦਰਸ਼ਨ ਹੁੰਦੇ ਹਨ। ਇਹਨਾਂ ਤੋਂ ਇਲਾਵਾ ਬੂਟਾ ਸਿੰਘ ਚੌਹਾਨ ਤੇਜਾ ਸਿੰਘ ਤਿਲਕ ਜਗਰਾਜ ਧੌਲਾ ਕੰਵਰਜੀਤ ਭੱਠਲ ਭੋਲਾ ਸਿੰਘ ਸੰਘੇੜਾ ਜਗਤਾਰ ਜਜ਼ੀਰਾ ਦਰਸ਼ਨ ਸਿੰਘ ਗੁਰੂ ਡਾ ਅਮਨਦੀਪ ਸਿੰਘ ਟੱਲੇਵਾਲੀਆ ਅਤੇ ਸੁਖਦੇਵ ਸਿੰਘ ਔਲਖ ਨੇ ਵੀ ਇਸ ਪੁਸਤਕ ਬਾਰੇ ਆਪਣੇ ਵਿਚਾਰ ਪੇਸ਼ ਕੀਤੇ। ਉਪਰੰਤ ਹੋਏ ਕਵੀ ਦਰਬਾਰ ਵਿੱਚ ਸਾਗਰ ਸਿੰਘ ਸਾਗਰ ਸੁਦਰਸ਼ਨ ਕੁਮਾਰ ਗੁੱਡੂ ਡਾ ਰਾਮਪਾਲ ਸ਼ਾਹਪੁਰੀ ਪ੍ਰਿੰਸੀਪਲ ਕੌਰ ਸਿੰਘ ਧਨੌਲਾ ਕਰਮਿੰਦਰ ਸਿੰਘ ਇਕਬਾਲ ਕੌਰ ਉਦਾਸੀ ਕੁਲਵੰਤ ਸਿੰਘ ਧਿੰਗੜ ਜਗਸੀਰ ਸਿੰਘ ਇਕਬਾਲ ਕੌਰ ਉਦਾਸੀ ਮਮਤਾ ਸੇਤੀਆ ਸੇਖਾ ਮੁਨਸ਼ੀ ਖਾਂ ਰੂੜੇਕੇ ਬਘੇਲ ਸਿੰਘ ਧਾਲੀਵਾਲ ਪਾਠਕ ਭਰਾ ਧਨੌਲੇ ਵਾਲੇ ਕਵੀਸ਼ਰੀ ਜਥਾ ਰਘਵੀਰ ਸਿੰਘ ਗਿੱਲ ਕੱਟੂ ਮਾਲਵਿੰਦਰ ਸ਼ਾਇਰ ਸਰੂਪ ਚੰਦ ਹਰੀਗੜ ਤੇਜਿੰਦਰ ਚੰਡਿਹੋਕ ਸੁਖਵਿੰਦਰ ਸਿੰਘ ਸਨੇਹ ਅਜਾਇਬ ਸਿੰਘ ਬਿੱਟੂ ਗੁਰਤੇਜ ਸਿੰਘ ਮੱਖਣ ਡਾ ਉਜਾਗਰ ਸਿੰਘ ਮਾਨ ਪਰਗਟ ਸਿੰਘ ਧੂਰਕੋਟ ਚਰਨੀ ਬੇਦਿਲ ਮਲਕੀਤ ਸਿੰਘ ਗਿੱਲ ਰਣਜੀਤ ਆਜ਼ਦ ਕਾਂਝਲਾ ਦਲਵਾਰ ਸਿੰਘ ਧਨੌਲਾ ਨਵਦੀਪ ਸਿੰਘ ਧੌਲਾ ਰਜਿੰਦਰ ਕੁਮਾਰ ਪੱਪੂ ਮਨਦੀਪ ਕੁਮਾਰ ਗੁਰਮੇਲ ਸਿੰਘ ਰੂੜੇਕੇ ਗੁਰਪ੍ਰੀਤ ਸਿੰਘ ਧੌਲਾ ਅਨੂਰੀਤ ਕੌਰ ਅਤੇ ਮਹਿਕਦੀਪ ਕੌਰ ਨੇ ਆਪਣੇ ਗੀਤ ਅਤੇ ਕਵਿਤਾਵਾਂ ਪੇਸ਼ ਕੀਤੀਆਂ । ਇਸ ਮੌਕੇ ਹੈਡ ਮਾਸਟਰ ਰਣਜੀਤ ਸਿੰਘ ਟੱਲੇਵਾਲ ਬਿਰਜ ਲਾਲ ਧਨੌਲਾ ਪੱਤਰਕਾਰ ਅਸ਼ੋਕ ਭਾਰਤੀ ਮਨਜੀਤ ਸਿੰਘ ਮਹਿਤਾ ਬਲਜੀਤ ਸਿੰਘ ਬਾਂਸਲ ਧੂਰੀ ਡਾ ਮਨਜੀਤ ਸਿੰਘ ਪਟਿਆਲਾ ਗੁਰਦੀਪ ਸਿੰਘ ਦੀਪ ਧਾਲੀਵਾਲ ਅਤੇ ਹੋਰ ਸਾਹਿਤ ਪ੍ਰੇਮੀ ਹਾਜ਼ਰ ਸਨ।

# ਕਿਸਾਨ ਵਿਰੋਧੀ ਲੈਂਡ ਪੂਲਿੰਗ ਨੀਤੀ ਪੰਜਾਬ ਸਰਕਾਰ ਲਵੇ ਵਾਪਿਸ : ਖਹਿਰਾ, ਗਰੇਵਾਲ

ਬਰਨਾਲਾ, 13 ਜੁਲਾਈ (ਸੁਖਵਿੰਦਰ ਸਿੰਘ ਭੰਡਾਰੀ)- ਪੰਜਾਬ ਸਰਕਾਰ ਪੰਜਾਬ ਅੰਦਰ ਲੈਂਡ ਪੂਲਿੰਗ ਐਕਟ ਅਧੀਨ ਲਗਭਗ 40000 ਹਜ਼ਾਰ ਏਕੜ ਵਾਹੀਯੋਗ ਜ਼ਮੀਨ ਨੂੰ ਐਕਵਾਇਰ ਕਰਨ ਦਾ ਨੋਟੀਫਿਕੇਸ਼ਨ ਵਾਪਿਸ ਲਵੇ ਕਿਉਂਕਿ ਇਹ ਨੋਟੀਫੀਕੇਸ਼ਨ ਕਿਸਾਨ ਵਿਰੋਧੀ ਹੈ। ਉਪਰੋਕਤ ਵਿਚਾਰਾਂ ਦਾ ਪ੍ਰਗਟਾਵਾ ਕਾਂਗਰਸ ਕਿਸਾਨ ਸੈੱਲ ਦੇ ਕੌਮੀ ਪ੍ਰਧਾਨ ਸੁਖਪਾਲ ਸਿੰਘ ਖਹਿਰਾ ਵਿਧਾਇਕ ਨੇ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਪਾਸ ਕੀਤੇ ਭੂਮੀ ਗ੍ਰਹਿਣ ਐਕਟ 2013 ਦੀ ਧਾਰਾ 10 ਵਿੱਚ ਸਪੱਸ਼ਟ ਤੌਰ 'ਤੇ ਲਿਖਿਆ ਹੈ ਕਿ ਉਪਜਾਊ ਜ਼ਮੀਨ ਰੇਲਵੇ, ਸੜਕਾਂ, ਪਾਵਰ ਲਾਈਨਾਂ ਅਤੇ ਨਹਿਰਾਂ ਤੋਂ ਬਿਨਾਂ ਕਿਸੇ ਹੋਰ ਕੰਮ ਲਈ ਨਹੀਂ ਲਈ ਜਾ ਸਕਦੀ ਪ੍ਰੰਤੂ ਪੰਜਾਬ ਸਰਕਾਰ ਗ਼ੈਰ ਕਾਨੂੰਨੀ ਲੈਂਡ ਪੂਲਿੰਗ ਨੀਤੀ ਲਿਆ ਕੇ ਕਿਸਾਨਾਂ ਤੋਂ ਧੱਕੇ ਨਾਲ ਜ਼ਮੀਨ ਖੋਹ ਰਹੀ ਹੈ। ਉਨ੍ਹਾਂ ਕਿਸਾਨ ਸੈੱਲ ਦੇ ਸੂਬਾ ਮੀਤ ਪ੍ਰਧਾਨ ਧੰਨਾ ਸਿੰਘ ਗਰੇਵਾਲ ਦੀ ਅਗਵਾਈ ਚ ਮਿਲੇ ਕਿਸਾਨਾਂ ਨੂੰ ਵਿਸ਼ਵਾਸ ਦੁਆਇਆ ਕਿ ਕਾਂਗਰਸ ਕਿਸੇ ਵੀ ਕੀਮਤ 'ਤੇ ਕਿਸਾਨਾਂ ਦੀ ਜ਼ਮੀਨ ਐਕਵਾਇਰ ਨਹੀਂ ਹੋਣ ਦੇਵੇਗੀ। ਇਹ ਸੀਨੀਅਰ ਕਾਂਗਰਸੀ ਆਗੂ ਧੰਨਾ ਸਿੰਘ ਗਰੇਵਾਲ ਨੇ ਕਿਹਾ ਕਿ ਪੰਜਾਬ ਸਰਕਾਰ ਦੇ ਸੰਬੰਧਿਤ ਵਿਭਾਗ ਤੋਂ ਆਰ ਟੀ ਆਈ ਰਾਹੀਂ ਪ੍ਰਾਪਤ ਕੀਤੀ ਲੈਂਡ ਪੂਲਿੰਗ ਐਕਟ ਦੀ ਤਸਦੀਕ ਸ਼ੁਦਾ ਨਕਲ ਦੇ ਕਾਲਮ ਚਾਰ 'ਚ ਲਿਖਿਆ ਹੈ ਕਿ ਹਰ ਕਿਸਾਨ ਨੂੰ ਐਕਵਾਇਰ ਕੀਤੀ ਜਾਣ ਵਾਲੀ ਜ਼ਮੀਨ 'ਚੋਂ ਇੱਕ ਹਜ਼ਾਰ ਗਜ ਦਾ ਰਿਹਾਇਸ਼ੀ ਅਤੇ ਦੋ ਸੌ ਗਜ ਦਾ ਕਮਰਸ਼ੀਅਲ ਪਲਾਟ ਦਿੱਤੇ ਜਾਣਗੇ ਅਤੇ ਬਦਲੇ 'ਚ ਕਿਸਾਨ ਤੋਂ ਇੱਕ ਕਰੋੜ ਰੁਪਏ ਵਸੂਲੇ ਜਾਣਗੇ, ਜੇਕਰ ਖਰਚਾ ਵੱਧ ਆਇਆ ਤਾਂ ਰਕਮ ਵੱਧ ਵੀ ਵਸੂਲੀ ਜਾ ਸਕਦੀ ਹੈ। ਉਨ੍ਹਾਂ ਕਿਹਾ ਕਿ ਉਹ ਕਿਸੇ ਵੀ ਕੀਮਤ 'ਤੇ ਇਹ ਜ਼ਮੀਨ ਐਕਵਾਇਰ ਨਹੀਂ ਹੋਣ ਦੇਣਗੇ। ਇਸ ਮੌਕੇ ਮੇਜਰ ਸਿੰਘ ਢਿੱਲਵਾਂ, ਕੇਵਲ ਸਿੰਘ ਜੋਧਪੁਰੀ, ਗੁਰਸੇਵਕ ਸਿੰਘ ਰੁਪਿੰਦਰ ਪ੍ਰੀਤ ਸਿੰਘ ਗਰੇਵਾਲ, ਸੁਖਦੇਵ ਸਿੰਘ, ਬਾਬੂ ਸਿੰਘ ਮਿਸ਼ਰਾ, ਕੇਵਲ ਸਿੰਘ, ਨਿਰਮਲ ਸਿੰਘ, ਸਿੰਦਰ ਸਿੰਘ ਭੁੱਲਰ,ਅਰਸ਼ਦੀਪ ਸਿੰਘ ਗਰੇਵਾਲ ਆਦਿ ਕਿਸਾਨ ਹਾਜ਼ਰ ਸਨ।

# ਇੱਟਾਂ ਨਾਲ ਬਣੇ ਰਸਤੇ ਨੂੰ ਪੁੱਟ ਖੇਤ ਵਿੱਚ ਮਿਲਾਇਆ ਆਉਣ ਜਾਣ ਵਾਲੇ ਹੋ ਰਹੇ ਨੇ ਪ੍ਰੇਸ਼ਾਨ



ਧਨੌਲਾ, 13 ਜੁਲਾਈ (ਚਮਕੌਰ ਸਿੰਘ ਗੱਗੀ): ਅੱਜ ਕਲ ਲੋਕ ਜ਼ਮੀਨ ਦੇ ਏਨੇ ਲਾਲਚੀ ਹੋ ਗਏ ਹਨ ਕਿ ਆਪਣੇ ਹਿੱਸੇ ਆਉਂਦੀ ਜਮੀਨ ਤੋਂ ਸਬਰ ਨਹੀਂ ਕਰਦੇ, ਲੋਕਾਂ ਦੇ ਲੰਘਣ ਵਾਲੇ ਰਸਤਿਆਂ ਪਹੀਆਂ ਨਾਲ ਲਗਦੀ ਮਿੱਟੀ ਪੱਟ ਕੇ ਆਪਣੇ ਖੇਤਾਂ ਵਿੱਚ ਮਿਲਾਉਂਦੇ ਤਾਂ ਦੇਖਿਆ ਸੀ, ਪਰ ਅੱਜ ਧਨੌਲਾ ਖੁਰਦ ਦੇ ਕਿਸਾਨ ਨੇ ਜਮੀਨ ਦੇ ਲਾਲਚ ਵਿੱਚ ਅਠਾਰਾਂ ਫੁੱਟ ਸੜਕ ਨੂੰ ਪੱਟ ਕੇ ਆਪਣੇ ਖੇਤ ਵਿੱਚ ਮਿਲਾ ਲਿਆ, ਅਤੇ ਰਾਤੋਂ ਰਾਤ ਝੋਨਾ ਲਗਾ ਦਿੱਤਾ, ਇਸ ਸਬੰਧੀ ਪਿੰਡ ਦੀ ਪੰਚਾਇਤ ਦੇ ਸਰਪੰਚ ਲਖਵੀਰ ਸਿੰਘ, ਸਾਧੂ ਰਾਮ, ਕੁਲਵੀਰ ਸਿੰਘ, ਗੁਰਮੇਲ ਸਿੰਘ ਨੇ ਜਾਣਕਾਰੀ ਦਿੰਦਿਆ ਦੱਸਿਆ ਕਿ ਦਲਵੀਰ ਦਾਸ ਉਰਫ ਅਸ਼ੋਕ ਕੁਮਾਰ ਜਿਸ ਦੇ ਖੇਤ ਦੀ ਜ਼ਮੀਨ ਦੀ ਮਿਣਤੀ ਹੋ ਚੁੱਕੀ ਹੈ, ਤੇ ਜਮੀਨ ਪੂਰੀ ਕਰ ਦਿੱਤੀ ਗਈ, ਤੇ ਬੁਰਜੀਆਂ ਲਗਾ ਦਿੱਤੀਆਂ, ਪਰ ਉਕਤ ਵਿਅਕਤੀ ਵਲੋਂ ਸੜਕ ਤੇ ਲੱਗਿਆ ਖੜਵੰਝਾ ਨਾਲ ਬਣੇ ਰਸਤੇ ਨੂੰ ਜੇਸੀਬੀ ਨਾਲ ਪੱਟ ਕੇ ਆਪਣੀ ਜਮੀਨ ਵਿੱਚ ਮਿਲਾ ਲਿਆ, ਤੇ ਰਾਤੋ ਰਾਤ ਝੋਨਾ ਵੀ ਲਗਾ ਦਿੱਤਾ, ਜਿਸ ਖਿਲਾਫ ਪੰਚਾਇਤ ਵੱਲੋਂ ਦਿੱਤੀ ਦਰਖਾਸਤ ਤੇ ਕਾਰਵਾਈ ਕਰਦੇ ਹੋਏ ਵੀ ਡੀ ਪੀ ਓ ਵੱਲੋਂ ਉਕਤ ਦਲਵੀਰ ਦਾਸ ਉਰਫ ਅਸ਼ੋਕ ਕੁਮਾਰ ਖਿਲਾਫ , ਥਾਣਾ ਸਦਰ ਵਿਖੇ ਸਰਕਾਰੀ ਮਲਕੀਅਤ ਨਾਲ ਛੇੜਛਾੜ ਕਰਨ ਅਤੇ ਨੁਕਸਾਨ ਕਰਨ ਤਹਿਤ ਮੁਕੱਦਮਾ ਨੰਬਰ 81 ਸਾਲ 2025 ਦਰਜ ਰਜਿਸਟਰ ਹੋਇਆ ਹੈ , ਤੇ ਉੱਥੇ ਹੀ ਸਰਕਾਰੀ ਰਿਕਾਰਡ ਨਾਲ ਛੇੜਛਾੜ ਕਰਕੇ 10 ਕਰਮਾ ਨੂੰ 12 ਕਰਮਾ ਬਣਾ ਕੇ ਵੀ ਦੋ ਕਰਮਾ ਜਿਆਦਾ ਜਮੀਨ ਦੱਬੀ ਗਈ ਹੈ।ਜਦੋਂ ਇਸ ਸਬੰਧੀ ਦਲਵੀਰ ਦਾਸ ਉਰਫ ਅਸ਼ੋਕ ਕੁਮਾਰ ਨਾਲ ਸੰਪਰਕ ਕੀਤਾ ਤਾਂ ਉਹਨਾਂ ਨੇ ਆਪਣੇ ਤੇ ਲੱਗੇ ਇਲਜਾਮਾਂ ਨੂੰ ਬੇਬੁਨਿਆਦ ਦਸਦਿਆਂ ਕਿਹਾ ਕਿ ਇਹ ਖੜਵੰਜਾ ਦੋਵਾਂ ਪੰਚਾਇਤਾ ਵੱਲੋਂ ਆਪ ਹੀ ਜ਼ਮੀਨ ਦੀ ਤੋਂ ਵਾਰੀ ਮਿਣਤੀ ਕਰਵਾਉਣ ਤੋਂ ਬਾਅਦ ਪੱਟਿਆ ਸੀ, ਜਿਸ ਦੀ ਵੀਡਿਓ ਵੀ ਮੇਰੇ ਪਾਸ ਹੈ, ਆਪ ਹੀ ਬੁਰਜੀਂ ਲਗਾ ਦਿੱਤੀ ਸੀ, ਪਰ ਬਾਅਦ ਵਿੱਚ ਮੇਰੇ ਖਿਲਾਫ ਹੀ ਪਰਚਾ ਕਰਵਾ ਦਿੱਤਾ, ਕਿਹਾ ਕਿ ਮੈਂ ਆਪਣੀ ਜਮੀਨ ਦ ਇਕ ਇੰਚ ਵੀ ਹਿੱਸਾ ਨਹੀਂ ਜਾਣ ਦਿੰਦਾ , ਕਿ ਹੈ ਇਹ ਮਾਮਲਾ ਇਹ ਤਾਂ ਜਾਂਚ ਅਤੇ ਅਦਾਲਤ ਦੇ ਫੈਸਲੇ ਤੋਂ ਬਾਅਦ ਹੀ ਪਤਾ ਲੱਗੇਗਾ। ਇਸ ਮੌਕੇ ਸਰਪੰਚ ਕੁਲਦੀਪ ਕੌਰ , ਲਖਬੀਰ ਸਿੰਘ , ਸਾਧੂ ਰਾਮ, ਫੌਜੀ ਸਾਬਕਾ ਸਰਪੰਚ ਕੋਠੇ ਗੁਰੂ ਕੇ ਮੈਂਬਰ ਕੁਲਬੀਰ ਸਿੰਘ , ਗੁਰਮੇਲ ਸਿੰਘ ਮੈਂਬਰ ਜਸਪਾਲ ਸਿੰਘ, ਮੈਂਬਰ ਰਾਜਕੁਮਾਰ, ਜੋਤ ਰਾਮ ਪੰਚ ਧਨੌਲਾ ਖੁਰਦ ਕੁਲਵੰਤ ਕੌਰ, ਸਰਬਜੀਤ ਕੌਰ ਪੰਚ, ਹਰਜੋਤ ਕੌਰ, ਪੰਚ ਗੁਰਦੀਪ ਸਿੰਘ, ਅਮਰਜੀਤ ਸਿੰਘ ਸਾਬਕਾ ਪੰਚ ਸਮੇਤ ਵੱਡੀ ਗਿਣਤੀ ਵਿੱਚ ਲੋਕ ਹਾਜ਼ਰ ਸਨ।

# ਸਮਾਜ ਸੇਵੀ ਭਾਨ ਸਿੰਘ ਜੱਸੀ ਦੇ ਯਤਨਾਂ ਸਦਕਾ ਝੁੱਗੀਆਂ ਵਿੱਚ ਜਗਿਆ 'ਵਿਦਿਆ ਦੀ ਜੋਤ' ਦਾ ਦੀਵਾ

ਬਰਨਾਲਾ, 13 ਜੁਲਾਈ (ਸੁਖਵਿੰਦਰ ਸਿੰਘ ਭੰਡਾਰੀ)- ਸਥਾਨਕ 22 ਏਕੜ ਦੀਆਂ ਝੁੱਗੀਆਂ ਵਿੱਚ ਰਹਿ ਰਹੇ ਜੋਗੀਨਾਥਾਂ ਦੀਆਂ 3 ਧੀਆਂ ਅਤੇ 1 ਲੜਕੇ ਨੇ ਬਾਰ੍ਹਵੀਂ ਦੀ ਪ੍ਰੀਖਿਆ ਪਾਸ ਕਰ ਲਈ ਹੈ। ਸਮਾਜ ਸੇਵੀ ਭਾਨ ਸਿੰਘ ਜੱਸੀ ਅਤੇ ਉਸਦੇ ਦਾਨੀ ਪ੍ਰਵਿਰਤੀ ਵਾਲੇ ਦੋਸਤਾਂ ਵੱਲੋਂ ਇਨ੍ਹਾਂ ਬੱਚਿਆਂ ਨੂੰ ਪੜ੍ਹਾਈ ਕਰਾਉਂਦਿਆਂ ਗਰੀਬਾਂ ਦੀਆਂ ਝੁੱਗੀਆਂ ਵਿੱਚ 35 ਸਾਲਾਂ ਬਾਅਦ 'ਵਿਦਿਆ ਦੀ ਜੋਤ' ਦਾ ਦੀਵਾ ਜਗਾਉਣ ਵਿੱਚ ਸਫ਼ਲਤਾ ਹਾਸਲ ਕੀਤੀ ਹੈ। ਝੁੱਗੀਆਂ ਵਿੱਚ ਹੀ ਕਰਵਾਏ ਗਏ ਸਮਾਗਮ ਦੌਰਾਨ ਇਹਨਾਂ ਬੱਚਿਆਂ ਨੂੰ ਸਨਮਾਨਿਤ ਕਰਨ ਉਪਰੰਤ ਬੋਲਦਿਆਂ ਗੁਰਦੁਆਰਾ ਬਾਬਾ ਗਾਂਧਾ ਸਿੰਘ ਦੇ ਮੈਨੇਜਰ ਸੁਰਜੀਤ ਸਿੰਘ ਠੀਕਰੀਵਾਲਾ, ਗੁਰਜੰਟ ਸਿੰਘ ਸੋਨਾ, ਮਨਜੀਤ ਸਿੰਘ ਮਾਂਗੇਵਾਲ ਵੱਲੋਂ ਸਨਮਾਨਿਤ ਬੱਚਿਆਂ ਨੂੰ ਵਧਾਈ ਦਿੰਦਿਆਂ ਗ਼ਰੀਬ ਬੱਚਿਆਂ ਨੂੰ ਪੜ੍ਹਾਉਣ ਅਤੇ ਲੋੜਵੰਦਾਂ ਦੀ ਮਦਦ ਕਰਨ ਦੀ ਚਲਾਈ ਜਾ ਰਹੀ ਇਸ ਨਿਵੇਕਲੀ ਸੇਵਾ ਨੂੰ ਸ਼ਾਨਦਾਰ ਕਾਰਜ ਕਰਾਰ ਦਿੱਤਾ। ਬੁਲਾਰਿਆਂ ਨੇ ਕਿਹਾ ਕਿ ਗੁਰੂ ਸਾਹਿਬਾਨਾਂ ਦੇ ਅਸ਼ੀਰਵਾਦ ਸਦਕਾ ਸਮਾਜ ਸੇਵੀ ਭਾਨ ਸਿੰਘ ਜੱਸੀ ਵੱਲੋਂ ਆਪਣੇ ਦੋਸਤ ਦਾਨੀ ਸੱਜਣਾਂ ਦੇ ਸਹਿਯੋਗ, ਦ੍ਰਿੜ ਇੱਛਾ ਸ਼ਕਤੀ ਅਤੇ ਇਮਾਨਦਾਰੀ ਦੇ ਮਜ਼ਬੂਤ ਸੰਕਲਪ ਨਾਲ ਲਗਾਤਾਰ ਕਈ ਸਾਲਾਂ ਤੋਂ ਸ਼ੇਰਪੁਰ , ਬਰਨਾਲਾ , ਬ੍ਰਾਹਮਣ ਮਾਜਰਾ ਸਲੱਮ ਬਸਤੀ ਸਰਹੰਦ, ਪਟਿਆਲਾ ਅਤੇ ਹੋਰਨਾਂ ਅਨੇਕਾਂ ਥਾਵਾਂ ਉੱਤੇ ਲੋੜਵੰਦ ਬੱਚਿਆਂ ਨੂੰ ਪੜ੍ਹਾਉਣ ਅਤੇ ਸ਼ਹੀਦ ਮਾਤਾ ਗੁਜਰੀ ਕੌਰ ਜੀ ਦੀ ਯਾਦ ਵਿੱਚ ਮੁਫ਼ਤ ਸਿਲਾਈ ਸੈਂਟਰ ਦਾ ਮਿਸ਼ਨ ਚਲਾਇਆ ਜਾ ਰਿਹਾ ਹੈ,

# ਤਲਵੰਡੀ ਬਿਜਲੀ ਗਰਿੱਡ ਦਾ ਮਸਲਾ ਭਖਿਆ, ਬਰਨਾਲਾ ਬਾਜਾ ਖਾਨਾ ਰੋਡ ਕੀਤਾ ਜਾਮ



ਭਦੌੜ, 13 ਜੁਲਾਈ (ਸੁਖਵਿੰਦਰ ਪਲਾਹਾ): ਨੇੜਲੇ ਪਿੰਡ ਤਲਵੰਡੀ ਅਤੇ ਸੈਦੋਕੇ ਵਿਚਕਾਰ ਪਿਛਲੇ ਚਾਰ ਦਿਨ ਤੋਂ ਚੱਲ ਰਿਹਾ ਬਿਜਲੀ ਗਰਿੱਡ ਦਾ ਮਸਲਾ ਹੋਰ ਵੀ ਭਖ ਗਿਆ ਹੈ, ਜਿਸ ਦਾ ਸੇਕ ਅੱਜ ਭਦੌੜ ਤੱਕ ਵੀ ਪਹੁੰਚ ਗਿਆ ਹੈ, ਕਿਉਂਕਿ ਅੱਜ ਪਿੰਡ ਤਲਵੰਡੀ, ਮੱਝੂਕੇ ਅਲਕੜਾ ,ਖੜਕ ਸਿੰਘ ਵਾਲਾ ਵਾਸੀਆਂ ਨੇ ਇਕੱਠੇ ਹੋ ਕੇ ਤਿੰਨ ਕੋਣੀ ਭਦੌੜ ਵਿਖੇ ਧਰਨਾ ਦੇਕੇ ਬਰਨਾਲਾ ਬਾਜਾਖਾਨਾ ਰੋਡ ਅਤੇ ਤਪਾ ਰੋਡ ਨੂੰ ਜ਼ਾਮ ਕਰ ਦਿੱਤਾ। ਵੱਡੀ ਗਿਣਤੀ ਵਿੱਚ ਹਾਜ਼ਰੀਨ ਚਾਰ ਪਿੰਡਾਂ ਦੇ ਲੋਕਾਂ ਨੇ ਸਬੰਧਤ ਮਹਿਕਮਾ ਪਾਵਰਕੌਮ ਭਦੌੜ, ਨੂੰ ਦੋਸ਼ੀ ਠਹਿਰਾਉਂਦਿਆਂ ਮਹਿਕਮੇ ਖ਼ਿਲਾਫ਼ ਜੰਮ ਕੇ ਨਾਅਰੇਬਾਜ਼ੀ ਕੀਤੀ । ਕਮਲਜੀਤ ਸਿੰਘ ਅਲਕੜਾ, ਯਾਦਵਿੰਦਰ ਸਿੰਘ ਯਾਦੀ ਸਾਬਕਾ ਸਰਪੰਚ ਤਲਵੰਡੀ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਪਿਛਲੇ ਪੰਜ ਦਿਨਾਂ ਤੋਂ ਸਾਡੇ ਚਾਰ ਪਿੰਡਾਂ ਦੀ ਲਾਈਟ ਬੰਦ ਹੋਣ ਕਾਰਨ ਫਸਲਾਂ ਦਾ ਭਾਰੀ ਨੁਕਸਾਨ ਹੋ ਚੁੱਕਾ ਹੈ ਉਹਨਾਂ ਕਿਹਾ ਕਿ ਕਿਸਾਨਾਂ ਨੇ ਪੰਜ ਪੰਜ ਹਜਾਰ ਰੁਪਏ ਪ੍ਰਤੀ ਕਿੱਲੇ ਦੇ ਹਿਸਾਬ ਨਾਲ ਝੋਨੇ ਦੀ ਲਗਵਾਈ ਦਿੱਤੀ ਹੋਈ ਹੈ ਤੇ ਤਕਰੀਬਨ 500 ਏਕੜ ਪਿਛਲੇ ਪੰਜ ਦਿਨਾਂ ਤੋਂ ਪਾਣੀ ਨਾ ਲੱਗਣ ਕਾਰਨ ਸਾਡੀ ਫ਼ਸਲ ਬਰਬਾਦ ਹੋ ਚੁੱਕੀ ਹੈ। ਉਹਨਾਂ ਕਿਹਾ ਕਿ ਘੱਟੋ ਘੱਟ ਦੋ ਤੋਂ ਢਾਈ ਕਰੋੜ ਦਾ ਨੁਕਸਾਨ ਇਹਨਾਂ ਪਿੰਡਾਂ ਦੇ ਕਿਸਾਨਾਂ ਨੂੰ ਹੋ ਚੁੱਕਾ ਹੈ ਅਤੇ ਇਹ ਨੁਕਸਾਨ ਹੋਰ ਵੀ ਵਧਣ ਦੀ ਆਸ ਹੈ। ਜ਼ਿਕਰ ਯੋਗ ਹੈ ਕਿ ਪਿੰਡ ਤਲਵੰਡੀ ਵਿਖੇ ਚੱਲ ਰਹੇ ਬਿਜਲੀ ਗਰਿੱਡ ਦੀ ਲਾਈਟ ਪਿਛਲੇ ਪੰਜ ਦਿਨਾਂ ਤੋਂ ਬਿਲਕੁਲ ਬੰਦ ਹੈ ਅਤੇ ਬਿਜਲੀ ਸਪਲਾਈ ਬਹਾਲ ਨਾ ਹੋਣ ਕਾਰਨ ਸਥਾਨਕ ਲੋਕਾਂ ਦੀਆਂ ਤਿੰਨ ਮੱਝਾਂ ਵੀ ਮਰ ਚੁੱਕੀਆਂ ਹਨ। ਇਸ ਦਿੱਤੇ ਜਾ ਰਹੇ ਧਰਨੇ ਵਿੱਚ ਮੌਜੂਦ ਕਿਸਾਨ ਜਥੇਬੰਦੀਆਂ ਦੇ ਆਗੂਆਂ ਨੇ ਕਿਹਾ ਕਿ ਤਲਵੰਡੀ ਵਿਖੇ ਚੱਲ ਰਹੇ ਬਿਜਲੀ ਗਰਿੱਡ ਦਾ ਕਨੈਕਸ਼ਨ ਪਿੰਡ ਸੈਦੋਕੇ ਦੀ ਜਮੀਨ ਵਿੱਚ ਲੱਗੇ ਟਾਵਰ ਤੋਂ ਕੀਤਾ ਹੋਇਆ ਹੈ, ਪਰ ਸੈਦੋਕੇ ਪਿੰਡ ਵਾਸੀਆਂ ਨੇ ਜਾਣ ਬੁੱਝ ਕੇ ਬਿਜਲੀ ਸਪਲਾਈ ਨੂੰ ਪ੍ਰਭਾਵਿਤ ਕਰਨ ਵਾਸਤੇ ਰਾਤ ਦੇ ਹਨੇਰੇ ਵਿੱਚ ਜੈਂਪਰ ਨੂੰ ਕੱਟ ਦਿੱਤਾ ਸੀ, ਜਿਸ ਕਾਰਨ ਦੋਵਾਂ ਧਿਰਾਂ ਵਿੱਚ ਬਿਜਲੀ ਸਪਲਾਈ ਬਹਾਲ ਕਰਨ ਨੂੰ ਲੈ ਕੇ ਮਹੌਲ ਤਣਾਅ ਪੂਰਨ ਬਣਿਆ ਹੋਇਆ ਹੈ। ਭਦੌੜ ਦੇ ਤਿੰਨ ਕੋਣੀ ਚੌਂਕ ਵਿੱਚ ਦਿੱਤੇ ਜਾ ਰਹੇ ਧਰਨੇ ਵਿੱਚ ਵੱਖ-ਵੱਖ ਕਿਸਾਨ ਜਥੇਬੰਦੀਆਂ, ਕਲੱਬਾਂ, ਧਾਰਮਿਕ ਜਥੇਬੰਦੀਆਂ ਦੇ ਆਗੂਆਂ ਨੇ ਸੰਬੋਧਨ ਕਰਦੇ ਹੋਏ ਕਿਹਾ ਕਿ ਬਿਜਲੀ ਦੀ ਸਪਲਾਈ ਅਸੀਂ ਹਰ ਹਾਲ ਬਹਾਲ ਕਰਾ ਕੇ ਰਹਾਂਗੇ, ਅਗਰ ਸਪਲਾਈ ਬਹਾਲ ਨਾ ਕੀਤੀ ਗਈ ਤਾਂ ਸਾਡਾ ਇਹ ਧਰਨਾ ਅਣਮਿਥੇ ਸਮੇਂ ਲਈ ਜਾਰੀ ਰਹੇਗਾ। ਇਸ ਧਰਨੇ ਨੂੰ ਖਤਮ ਕਰਾਉਣ ਵਾਸਤੇ ਡੀ ਐਸ ਪੀ ਤਪਾ ਗੁਰਬਿੰਦਰ ਸਿੰਘ, ਨਾਇਬ ਤਹਿਸੀਲਦਾਰ ਰਵਿੰਦਰ ਸਿੰਘ, ਮੁਖੀ ਭਦੌੜ ਗੁਰਵਿੰਦਰ ਸਿੰਘ, ਥਾਣਾ ਮੁਖੀ ਮਹਿਲ ਕਲਾਂ ਸ਼ੇਰਵਿੰਦਰ ਸਿੰਘ ਔਲਖ ਤੋਂ ਇਲਾਵਾ ਪਾਵਰਕੌਮ ਭਦੌੜ ਦੇ ਐਸ ਡੀ ਓ ਆਦਿ ਉੱਚ ਅਧਿਕਾਰੀ ਮੌਕੇ 'ਤੇ ਪਹੁੰਚੇ ਹੋਏ ਸਨ। ਖਬਰ ਲਿਖੇ ਜਾਣ ਤੱਕ ਧਰਨਾ ਜਾਰੀ ਸੀ ਅਤੇ ਧਰਨਾਕਾਰੀਆਂ ਦਾ ਕਹਿਣਾ ਸੀ ਕਿ ਜਦ ਤੱਕ ਬਿਜਲੀ ਗਰਿੱਡ ਦਾ ਜੈਂਪਰ ਨਹੀਂ ਜੋੜਿਆ ਜਾਂਦਾ, ਤਦ ਤੱਕ ਸਾਡਾ ਇਹ ਧਰਨਾ ਲਗਾਤਾਰ ਜਾਰੀ ਰਹੇਗਾ।

# ਪੰਜਾਬ ਜਬਰ ਦੇ ਵਿਰੁੱਧ ਰੈਲੀ ਕਰਕੇ ਕਿਸਾਨਾਂ ਅਤੇ ਨਸ਼ਾ ਵਿਰੋਧੀ ਆਗੂਆਂ ਨੇ ਸੂਬਾ ਸਰਕਾਰ ਅਤੇ ਪੁਲਿਸ ਖ਼ਿਲਾਫ਼ ਕੱਢੀ ਆਪਣੀ ਭੜਾਸ

ਤਪਾ ਮੰਡੀ,13 ਜੁਲਾਈ (ਭੂਸ਼ਨ ਘੜੈਲਾ): ਸਥਾਨਕ ਸ਼ਹਿਰ ਦੀ ਦਾਣਾ ਮੰਡੀ ਵਿਖੇ ਜੋ ਤਾਜੋਕੇ ਰੋਡ 'ਤੇ ਸਥਿਤ ਹੈ ਉਸ ਵਿੱਚ ਪੰਜਾਬ ਜਬਰ ਦੇ ਵਿਰੁੱਧ ਵਿਸ਼ਾਲ ਰੈਲੀ ਲੱਖਾ ਸਿਧਾਣਾ ਤੇ ਅਮਿਤੋਜ ਮਾਨ ਦੀ ਅਗਵਾਈ ਜਨਤਕ ਵਿਸ਼ਾਲ ਰੈਲੀ ਕੀਤੀ ਗਈ ਜਿਸਦਾ ਮੁੱਖ ਮਕਸਦ ਅੱਜ ਪੁਲਿਸ ਵਧੀਕੀਆਂ ਦੇ ਵਿਰੋਧ ਵਿਚ ਅਤੇ ਪੰਜਾਬ ਵਿਚ ਪੁਲਿਸ ਸ਼ਿਕਾਇਤ ਅਧਿਕਾਰੀਆਂ ਚ ਤੁਰੰਤ ਸੁਧਾਰਾਂ ਦੀ ਮੰਗ ਕਰਨ ਸਬੰਧੀ ਹੈ। ਰੈਲੀ ਮੌਕੇ ਠਾਠਾਂ ਮਾਰਦੇ ਪੰਜ ਹਜ਼ਾਰ ਦੇ ਕਰੀਬ ਲੋਕਾਂ ਇਕੱਠ ਨੇ ਦੱਸ ਦਿੱਤਾ ਕਿ ਅਸੀਂ ਨੌਟੰਕੀ ਸਰਕਾਰ ਅਤੇ ਪੁਲਸ ਦੇ ਜਬਰ ਤੋਂ ਕਿੰਨੇ ਤੰਗ ਹਾਂ ਇਸ ਕਰਕੇ ਦੂਰੋਂ ਦੂਰੋਂ ਪਿੰਡਾ ਦੇ ਲੋਕਾਂ ਨੇ ਜਬਰ ਦੇ ਵਿਰੁੱਧ ਆਵਾਜ਼ ਉਠਾਉਣ ਵਾਲਿਆਂ ਦਾ ਸਾਥ ਦਿੱਤਾ ਹੈ। ਇਸ ਮੌਕੇ ਵੱਖ ਵੱਖ ਜੱਥੇਬੰਦੀਆਂ ਦੇ ਆਗੂਆਂ 'ਚ ਲੱਖਾ ਸਿਧਾਣਾ, ਕਿਸਾਨ ਨੇਤਾ ਜਗਜੀਤ ਸਿੰਘ ਡੱਲੇਵਾਲ, ਬਾਬਾ ਦਲੀਪ ਸਿੰਘ, ਭਾਨਾ ਸਿੱਧੂ, ਹਰਮਨਜੀਤ ਸਿੰਘ,ਖਡੂਰ ਸਾਹਿਬ ਦੇ ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਦੇ ਪਿਤਾ ਬਾਪੂ ਤਰਸੇਮ ਸਿੰਘ,ਸਿੱਖ ਨੇਤਾ ਭਾਈ ਬਲਦੇਵ ਸਿੰਘ ਵਡਾਲਾ ਸ਼ਾਮਲ ਸਨ; ਸਤਨਾਮ ਸਿੰਘ ਪੰਨੂ ਕਿਸਾਨ ਆਗੂ,ਗੁਰਵਿੰਦਰ ਸਿੰਘ ਸਿੱਧੂ ਮਨੁੱਖੀ ਅਧਿਕਾਰਾਂ ਦੇ ਵਕੀਲ, ਰੋਮਨ ਬਰਾੜ ਜ਼ੀਰਾ ਮੋਰਚਾ, ਨੈਨਸੀ ਗੋਨਿਆਣਾ, ਭਾਈ ਗੁਰਪ੍ਰੀਤ ਸਿੰਘ,ਜਗਜੀਤ ਸਿੰਘ ਰਫੀਕ,ਬਾਬਾ ਕੁਲਵਿੰਦਰ ਸਿੰਘ,ਪਰਮਿੰਦਰ ਝੋਟਾ,ਸਤਨਾਮ ਸਿੰਘ, ਗੌਰਵ ਰਾਣਾ, ਨਵਦੀਪ ਜਲਵੇੜਾ, ਕਾਕਾ ਸਿੰਘ ਕੋਟੜਾ, ਅਵਤਾਰ ਸਿੰਘ ਫਕਰਸਰ, ਵਿਸ਼ਵਜੀਤ ਫ਼ਾਜ਼ਿਲਕਾ,ਜਸਵਿੰਦਰ ਲੌਂਗੋਵਾਲ ਅਤੇ ਇੰਦਰਜੀਤ ਸਿੰਘ ਘੜੂਆਂ ਆਦਿ ਨੇ ਸੰਬੋਧਨ ਕਰਦਿਆਂ ਪੁਲਿਸ ਦੁਰਵਿਵਹਾਰ ਦੀਆਂ ਵਾਰ-ਵਾਰ ਵਾਪਰ ਰਹੀਆਂ ਘਟਨਾਵਾਂ, ਜਿਸ ਵਿਚ ਹਿਰਾਸਤੀ ਹਿੰਸਾ, ਗੈਰ-ਕਾਨੂੰਨੀ ਹਿਰਾਸਤਾਂ, ਜਬਰੀ ਵਸੂਲੀ ਅਤੇ ਰਾਜ ਭਰ ਵਿਚ ਨਸ਼ਿਆਂ ਦੇ ਵਪਾਰ ਵਿਚ ਪੁਲਿਸ ਦੀ ਕਥਿਤ ਸ਼ਮੂਲੀਅਤ ਸ਼ਾਮਲ ਹੈ, ਤੇ ਸਖ਼ਤ ਚਿੰਤਾਵਾਂ ਪ੍ਰਗਟ ਕੀਤੀਆਂ।ਉਨ੍ਹਾਂ ਜਨਤਾ ਦੇ ਵਿਸ਼ਵਾਸ ਨੂੰ ਬਹਾਲ ਕਰਨ ਅਤੇ ਸੁਤੰਤਰ ਨਿਗਰਾਨੀ ਰਾਹੀਂ ਨਿਆਂ ਯਕੀਨੀ ਬਣਾਉਣ ਲਈ ਮੰਗਾਂ ਦੀ ਇੱਕ ਲੜੀ ਦੀ ਰੂਪਰੇਖਾ ਦਿੱਤੀ ਅਤੇ ਸੁਪਰੀਮ ਕੋਰਟ ਜਾਂ ਹਾਈਕੋਰਟ ਦੇ ਸੇਵਾਮੁਕਤ ਜੱਜਾਂ ਨੂੰ ਰਾਜ-ਪੱਧਰੀ ਪੁਲਿਸ ਸ਼ਿਕਾਇਤ ਅਥਾਰਟੀ ਦੇ ਚੇਅਰਪਰਸਨ ਵਜੋਂ ਨਿਯੁਕਤ ਕਰਨ ਦੀ ਮੰਗ ਰੱਖੀ। ਅਥਾਰਟੀ ਵਿਚ ਪੰਜ ਮੈਂਬਰ ਸ਼ਾਮਲ ਹੋਣੇ ਚਾਹੀਦੇ ਹਨ, ਜਿਨ੍ਹਾਂ ਵਿਚ ਐਸ ਸੀ/ਐਸ ਟੀ ਭਾਈਚਾਰਿਆਂ ਅਤੇ ਔਰਤਾਂ ਦੀ ਲਾਜ਼ਮੀ ਪ੍ਰਤੀਨਿਧਤਾ ਹੋਣੀ ਚਾਹੀਦੀ ਹੈ। ਅਧਿਕਾਰੀਆਂ ਨੂੰ ਗੰਭੀਰ ਮਾਮਲਿਆਂ ਤੇ ਚਰਚਾ ਕਰਨ ਲਈ ਜਨਤਕ ਮੀਟਿੰਗਾਂ ਕਰਨੀਆਂ ਚਾਹੀਦੀਆਂ ਹਨ ਅਤੇ ਟਰੇਡ ਯੂਨੀਅਨਾਂ, ਕਿਸਾਨਾਂ, ਵਿਦਿਆਰਥੀਆਂ, ਦਲਿਤ ਸੰਗਠਨਾਂ ਅਤੇ ਮਨੁੱਖੀ ਅਧਿਕਾਰ ਸਮੂਹਾਂ ਦੇ ਪ੍ਰਤੀਨਿਧੀਆਂ ਵਾਲਾ ਇੱਕ ਨਾਗਰਿਕ ਸਲਾਹਕਾਰ ਪੈਨਲ ਸਥਾਪਤ ਕਰਨਾ ਚਾਹੀਦਾ ਹੈ। ਨੌਜਵਾਨ ਆਗੂ ਲੱਖਾ ਸਿਧਾਣਾ ਨੇ ਕਿਹਾ ਕਿ ਪੰਜਾਬ ਦੇ ਲੋਕ ਨਿਆਂ ਚਾਹੁੰਦੇ ਹਨ, ਪ੍ਰਤੀਕਾਤਮਕ ਸੰਸਥਾਵਾਂ ਨਹੀਂ। ਅਮਿਤੋਜ ਮਾਨ ਨੇ ਜ਼ੋਰ ਦੇ ਕੇ ਕਿਹਾ ਕਿ ਮੌਜੂਦਾ ਪ੍ਰਣਾਲੀ ਟੁੱਟ ਚੁੱਕੀ ਹੈ ਅਤੇ ਇਸਨੂੰ ਇੱਕ ਅਜਿਹੀ ਪ੍ਰਣਾਲੀ ਨਾਲ ਬਦਲਿਆ ਜਾਣਾ ਚਾਹੀਦਾ ਹੈ ਜੋ ਸੁਤੰਤਰ ਅਤੇ ਜਨਤਕ ਸ਼ਿਕਾਇਤਾਂ ਪ੍ਰਤੀ ਜਵਾਬਦੇਹ ਹੋਵੇ। ਨਾਗਰਿਕ ਸਮੂਹ ਨੇ ਪੰਜਾਬ ਸਰਕਾਰ ਨੂੰ ਤੁਰੰਤ ਨਿਯਮਾਂ ਵਿੱਚ ਸੋਧ ਕਰਨ, ਸੱਚਮੁੱਚ ਸੁਤੰਤਰ ਸ਼ਿਕਾਇਤ ਅਥਾਰਟੀਆਂ ਸਥਾਪਤ ਕਰਨ ਅਤੇ ਪੁਲਿਸ ਜਵਾਬਦੇਹੀ ਵੱਲ ਅਸਲ ਕਦਮ ਚੁੱਕਣ ਦੀ ਅਪੀਲ ਕੀਤੀ। ਇਲਾਕੇ ਦੀ ਬਾਹਰਲੀ ਅਨਾਜ ਮੰਡੀ ਵਿਖੇ ਹੋਈ ਰੈਲੀ ਨੂੰ ਲੈ ਕੇ ਪੁਲਿਸ ਵੱਲੋਂ ਸਖਤ ਨਾਕਾਬੰਦੀ ਕੀਤੀ ਹੋਈ ਸੀ। ਸੁੱਖ ਜਗਰਾਉਂ ਨੇ ਸਟੇਜ ਸੈਕਟਰੀ ਦੀ ਭੂਮਿਕਾ ਬਖ਼ੂਬੀ ਨਿਭਾਈ। ਇਸ ਮੌਕੇ ਪ੍ਰਗਟ ਸਿੰਘ ਬਠਿੰਡਾ, ਹਰਜੀਤ ਸਿੰਘ ਮਾਨ, ਜਗਸੀਰ ਸਿੰਘ ਸ਼ੇਰਗੜ੍ਹ, ਗੁਰਦੀਪ ਸਿੰਘ ਦਫਤਰ ਇੰਚਾਰਜ, ਰਾਜ ਸਿੰਘ ਖਾਲਸਾ, ਐਂਟੀ ਡਰੱਗ ਫੋਰਸ ਦੇ ਬਹਾਦਰ ਸਿੰਘ ਮਹਿੰਗਾ ਸਿੰਘ ਸਿੱਧੂ ਆਦਿ ਵੱਡੀ ਗਿਣਤੀ ਚ ਵੱਖ-ਵੱਖ ਜਥੇਬੰਦੀਆਂ ਦੇ ਨੁਮਾਇੰਦਿਆਂ ਤੋਂ ਇਲਾਵਾ ਵੱਡੀ ਗਿਣਤੀ 'ਚ ਨੌਜਵਾਨ ਅਤੇ ਕਿਸਾਨ ਮੌਜੂਦ ਸਨ।

# ਸ਼੍ਰੋਮਣੀ ਅਕਾਲੀ ਦਲ (ਅ) ਦੇ ਜ਼ਿਲ੍ਹਾ ਪ੍ਰਧਾਨ ਯਾਦਵਿੰਦਰ ਸਿੰਘ ਨਾਲ 8 ਲੱਖ ਦੀ ਠੱਗੀ, ਪਿੰਡ ਦੇ ਹੀ ਵਰਿੰਦਰ ਸਿੰਘ ਨਿੰਬੂ ਸਮੇਤ 3 'ਤੇ ਪਰਚਾ

ਭੁੱਚੋ ਮੰਡੀ ਨਥਾਣਾ, 13 ਜੁਲਾਈ (ਹਰਬੰਸ ਸਿੰਘ ਭੋਲਾ) : ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਜ਼ਿਲ੍ਹਾ ਪ੍ਰਧਾਨ ਯਾਦਵਿੰਦਰ ਸਿੰਘ ਯਾਦੀ ਨਾਲ ਉਹਨਾਂ ਦੇ ਹੀ ਪਿੰਡ ਦੇ ਜੱਟ ਮਹਾਂ ਸਭਾ ਨਾਲ ਸੰਬੰਧਿਤ ਰਹੇ ਲੀਡਰ ਵਰਿੰਦਰ ਸਿੰਘ ਉਰਫ ਨਿੰਬੂ ਪੁੱਤਰ ਖੇਤਾ ਸਿੰਘ ਵਾਸੀ ਭਾਗੀ ਬਾਂਦਰ ਨੇ ਐਚਡੀਬੀ ਫਾਇਨਾਂਸ ਬੈਂਕ ਦੇ ਮੈਨੇਜਰ ਪੰਕਜ ਕੁਮਾਰ ਪੁੱਤਰ ਧਰਮ ਚੰਦ ਵਾਸੀ ਜਨਤਾ ਨਗਰ ਬਠਿੰਡਾ ਤੇ ਵਿਜੇ ਕੁਮਾਰ ਪੁੱਤਰ ਬੂਟਾ ਸਿੰਘ ਵਾਸੀ ਬੰਗੀ ਰੁਲਦੂ ਨੇ ਐਚਡੀਬੀ ਫਾਇਨਾਂਸ ਬੈਂਕ ਤੋਂ 8 ਲੱਖ ਰੁਪਏ ਦਾ ਲੋਨ ਲੈ ਕੇ ਏਆਰ ਫਾਰਮਟਰੈਕ ਕੰਪਨੀ ਤੋਂ ਟਰੈਕਟਰ ਖਰੀਦ ਕਰਨ ਦੇ ਨਾਮ 'ਤੇ ਠੱਗੀ ਮਾਰੀ ਹੈ, ਜਿਸ ਦਾ ਪਤਾ ਯਾਦਵਿੰਦਰ ਸਿੰਘ ਯਾਦੀ ਨੂੰ ਦੇ ਘਰ ਡਿਫਾਲਟਰ ਹੋਣ ਦੀ ਚਿੱਠੀ ਆਉਣ ਤੋਂ ਲੱਗਿਆ। ਇਸ ਮਾਮਲੇ ਦੀ ਐਸਐਸਪੀ ਨੂੰ ਦਿੱਤੀ ਸ਼ਿਕਾਇਤ ਤੋਂ ਬਾਅਦ ਉੱਚ ਅਧਿਕਾਰੀਆਂ ਵੱਲੋਂ ਕੀਤੀ ਜਾਂਚ ਉਪਰੰਤ ਯਾਦਵਿੰਦਰ ਸਿੰਘ ਪੁੱਤਰ ਸੁਖਮੰਦਰ ਸਿੰਘ ਵਾਸੀ ਪਿੰਡ ਭਾਗੀ ਬਾਂਦਰ ਜਿਲਾ ਬਠਿੰਡਾ ਦੀ ਸ਼ਿਕਾਇਤ ਤੇ ਪੰਕਜ ਕੁਮਾਰ ਪੁੱਤਰ ਧਰਮ ਚੰਦ ਵਾਸੀ ਜਨਤਾ ਨਗਰ ਬਠਿੰਡਾ ,ਵਿਜੇ ਕੁਮਾਰ ਪੁੱਤਰ ਬੂਟਾ ਸਿੰਘ ਬਾਸੀ ਬੰਗੀ ਰੁਲਦੂ ਅਤੇ ਵਰਿੰਦਰ ਸਿੰਘ ਪੁੱਤਰ ਖੇਤਾ ਸਿੰਘ ਵਾਸੀ ਭਾਗੀ ਬਾਂਦਰ ਬਠਿੰਡਾ ਖਿਲਾਫ ਧਾਰਾ 318 (41(2) ਬੀਐਨਐਸ ਤਹਿਤ ਮੁਕਦਮਾ ਨੰਬਰ 133 ਥਾਣਾ ਕੋਤਵਾਲੀ ਵਿਖੇ ਦਰਜ ਕਰਕੇ ਅਗਲੀ ਕਾਰਵਾਈ ਆਰੰਭ ਦਿੱਤੀ ਹੈ। ਯਾਦਵਿੰਦਰ ਸਿੰਘ ਨੇ ਪੁਲਿਸ ਨੂੰ ਦਿੱਤੇ ਬਿਆਨ ਵਿੱਚ ਦੱਸਿਆ ਕਿ ਐਚਡੀਬੀ ਫਾਇਨੈਂਸ ਕੰਪਨੀ ਤੋਂ ਉਸਦੇ ਨਾਮ ਤੇ ਟਰੈਕਟਰ ਲੋਨ ਪਾਸ ਦਾ ਪਤਾ ਉਦੋਂ ਲੱਗਿਆ ਜਦੋਂ ਉਹਨਾਂ ਦੇ ਘਰ ਇੱਕ ਚਿੱਠੀ ਆਈ ਕਿ ਉਹਨਾਂ ਨੂੰ ਕਿਸਤਾਂ ਨਾ ਭਰਨ ਕਰਕੇ ਡਿਫਾਲਟਰ ਕਰ ਦਿੱਤਾ ਹੈ, ਜਿਸ ਦੀ ਉਹਨਾਂ ਵੱਲੋਂ ਬੈਂਕ ਵਿੱਚ ਜਾ ਕੇ ਪੜਤਾਲ ਕੀਤੀ ਤਾਂ ਪਤਾ ਲੱਗਿਆ ਕਿ ਇਹ ਵੱਡੀ ਠੱਗੀ ਹੋਈ ਹੈ। ਉਹਨਾਂ ਦੱਸਿਆ ਕਿ ਇਸ ਮਾਮਲੇ ਦੀ ਪੁਲਿਸ ਨੂੰ ਸ਼ਿਕਾਇਤ ਦਿੱਤੀ ਤਾਂ ਫਿਰ ਜਾਂਚ ਸ਼ੁਰੂ ਹੋਈ, ਜਿਸ ਵਿੱਚ ਵੱਡਾ ਖੁਲਾਸਾ ਹੋਇਆ। ਉਹਨਾਂ ਦੱਸਿਆ ਕਿ ਅਧਿਕਾਰੀਆਂ ਵੱਲੋਂ ਕੀਤੀ ਗਈ ਜਾਂਚ ਦੌਰਾਨ ਤੱਥ ਸਾਹਮਣੇ ਆਏ ਹਨ ਕਿ ਵਿਜੇ ਕੁਮਾਰ ਵੱਲੋਂ ਆਪਣੇ ਆਪ ਨੂੰ ਵਿਜੇ ਸਿੰਘ ਪੁੱਤਰ ਯਾਦਵਿੰਦਰ ਸਿੰਘ ਦਰਸਾਇਆ ਗਿਆ ਅਤੇ ਯਾਦਵਿੰਦਰ ਸਿੰਘ ਦੇ ਹੀ ਸਾਰੇ ਪਰੂਫ ਅਤੇ ਜਮੀਨ ਦੇ ਕਾਗਜ਼ਾਤ ਤਿਆਰ ਕਰਕੇ ਭਾਗੀਵਾਂਦਰ ਦੇ ਹੀ ਵਰਿੰਦਰ ਸਿੰਘ ਉਰਫ ਨਿੰਬੂ ਦੇ ਘਰ ਫੋਟੋਆਂ ਕਰਵਾ ਕੇ ਉਸੇ ਘਰ ਨੂੰ ਯਾਦਵਿੰਦਰ ਸਿੰਘ ਦਾ ਘਰ ਦਿਖਾ ਕੇ ਲੋਨ ਪਾਸ ਕਰਵਾਇਆ ਗਿਆ ਹੈ, ਇਸ ਵਿੱਚ ਪੰਕਜ ਕੁਮਾਰ ਜੋ ਮੈਨੇਜਰ ਹੈ ਵੱਲੋਂ ਵੀ ਮਿਲੀ ਭੁਗਤ ਕਰਕੇ ਲੋਨ ਪਾਸ ਕਰਵਾਇਆ ਗਿਆ। ਥਾਣਾ ਕੋਤਵਾਲੀ ਦੇ ਇੰਸਪੈਕਟਰ ਪਰਵਿੰਦਰ ਸਿੰਘ ਨੇ ਕਿਹਾ ਕਿ ਮਾਮਲਾ ਦਰਜ ਕਰਕੇ ਅਗਲੀ ਕਾਰਵਾਈ ਆਰੰਭ ਦਿੱਤੀ ਹੈ ਅਤੇ ਦੋਸ਼ੀਆਂ ਨੂੰ ਜਲਦ ਗਿਰਫਤਾਰ ਕਰਕੇ ਸਾਰਾ ਸੱਚ ਸਾਹਮਣੇ ਲਿਆਂਦਾ ਜਾਵੇਗਾ।

# ਚੀਮਾ ਵੱਲੋਂ ਪਿੰਡ ਛਾਜਲੀ ਦੀ ਪੰਚਾਇਤ ਨੂੰ ਵਿਕਾਸ ਕਾਰਜਾਂ ਲਈ 80 ਲੱਖ ਦਾ ਚੈੱਕ ਭੇਟ



ਸੁਨਾਮ, 13 ਜੁਲਾਈ (ਮੋਹਣ ਸ਼ਰਮਾ/ ਰਾਊਵਰਿੰਦਰ ਮਠਾੜੂ):ਕੈਬਨਿਟ ਮੰਤਰੀ ਹਰਪਾਲ ਸਿੰਘ ਚੀਮਾ ਨੇ ਅੱਜ ਹਲਕਾ ਦਿੜ੍ਹਬਾ ਦੇ ਪਿੰਡ ਛਾਜਲੀ ਵਿਖੇ ਵਿਕਾਸ ਕਾਰਜਾਂ ਲਈ 80 ਲੱਖ ਰੁਪਏ ਦਾ ਚੈੱਕ ਪੰਚਾਇਤ ਨੂੰ ਸੌਂਪਿਆ। ਇਸ ਮੌਕੇ ਕੈਬਨਿਟ ਮੰਤਰੀ ਨੇ ਦੱਸਿਆ ਕਿ ਪਿੰਡ ਵਿੱਚ 65 ਲੱਖ ਰੁਪਏ ਦੀ ਲਾਗਤ ਨਾਲ ਖੇਡ ਸਟੇਡੀਅਮ, ਪਿੰਡ ਦੀ ਰੋਜਾ ਪੱਤੀ ਵਿਖੇ ਕਰੀਬ 05 ਲੱਖ ਰੁਪਏ ਦੀ ਲਾਗਤ ਨਾਲ ਅਤੇ ਕਾਹਲ ਪੱਤੀ ਵਿਖੇ ਕਰੀਬ 10 ਲੱਖ ਰੁਪਏ ਦੀ ਲਾਗਤ ਨਾਲ ਪਾਰਕ ਬਣਾਏ ਜਾਣਗੇ। ਇਸ ਮੌਕੇ ਕੈਬਨਿਟ ਮੰਤਰੀ ਨੇ ਕਿਹਾ ਕਿ ਪਿੰਡ ਵਾਸੀਆਂ ਵੱਲੋਂ ਲੰਮੇ ਸਮੇਂ ਤੋਂ ਖੇਡ ਸਟੇਡੀਅਮ ਅਤੇ ਪਾਰਕਾਂ ਦੀ ਮੰਗ ਕੀਤੀ ਜਾ ਰਹੀ ਸੀ, ਜਿਹੜੀ ਕਿ ਹੁਣ ਪੂਰੀ ਹੋ ਰਹੀ ਹੈ। ਇਹ ਪ੍ਰੋਜੈਕਟ ਤੈਅ ਸਮੇਂ ਵਿੱਚ ਮੁਕੰਮਲ ਕਰ ਦਿੱਤੇ ਜਾਣਗੇ। ਉਹਨਾਂ ਕਿਹਾ ਕਿ ਸੂਬੇ ਵਿੱਚ ਮੁੱਖ ਮੰਤਰੀ, ਪੰਜਾਬ, ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਸਰਕਾਰ ਲੋਕਾਂ ਨੂੰ ਮਿਆਰੀ ਸਿੱਖਿਆ, ਸਿਹਤ ਸੇਵਾਵਾਂ ਅਤੇ ਬੁਨਿਆਦੀ ਸਹੂਲਤਾਂ ਮੁਹੱਈਆ ਕਰਵਾਉਣ ਲਈ ਵਚਨਬੱਧ ਹੈ ਅਤੇ ਇਸ ਦਿਸ਼ਾ ਵਿੱਚ ਠੋਸ ਉਪਰਾਲੇ ਅਮਲ ਵਿੱਚ ਲਿਆਂਦੇ ਗਏ ਹਨ ਤੇ ਹਲਕੇ ਵਿੱਚ ਲਗਾਤਾਰ ਵਿਕਾਸ ਕਾਰਜ ਕਰਵਾਏ ਜਾ ਰਹੇ ਹਨ।ਕੈਬਨਿਟ ਮੰਤਰੀ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਨੌਜਵਾਨਾਂ ਨੂੰ ਨਸ਼ੇ ਦੀ ਅਲਾਮਤ ਤੋਂ ਦੂਰ ਰੱਖਣ ਲਈ ਹਰੇਕ ਪਿੰਡ ਵਿੱਚ ਖੇਡ ਮੈਦਾਨ ਤੇ ਸਟੇਡੀਅਮ ਬਣਾਏ ਅਤੇ ਜਿੰਮ ਖੋਲ੍ਹੇ ਜਾ ਰਹੇ ਹਨ।ਇਸ ਦੇ ਨਾਲ-ਨਾਲ ਪਿੰਡਾਂ ਵਿੱਚ ਪਾਰਕ ਬਣਾਉਣ ਵੱਲ ਵੀ ਉਚੇਚਾ ਧਿਆਨ ਦਿੱਤਾ ਜਾ ਰਿਹਾ ਹੈ, ਜਿਸ ਨਾਲ ਲੋਕਾਂ ਨੂੰ ਸੈਰ ਕਰਨ, ਕਸਰਤ ਕਰਨ ਅਤੇ ਬੱਚਿਆਂ ਨੂੰ ਖੇਡਣ ਲਈ ਸਾਫ਼ ਸੁਥਰਾ ਤੇ ਸ਼ੁੱਧ ਵਾਤਾਵਰਨ ਮਿਲੇਗਾ।ਸ. ਚੀਮਾ ਨੇ ਦੱਸਿਆ ਕਿ ਪੰਜਾਬ ਸਰਕਾਰ ਪਿੰਡਾਂ ਦੇ ਵਿਕਾਸ ਲਈ ਦਿਨ-ਰਾਤ ਇੱਕ ਕਰ ਕੇ ਕੰਮ ਕਰ ਰਹੀ ਹੈ। ਪਿੰਡਾਂ ਵਿੱਚੋਂ ਗੰਦੇ ਪਾਣੀ ਦੀ ਨਿਕਾਸੀ ਵੱਲ ਉਚੇਚਾ ਧਿਆਨ ਦਿੱਤਾ ਜਾ ਰਿਹਾ ਹੈ। ਇਸ ਦੇ ਨਾਲ-ਨਾਲ ਪਿੰਡਾਂ ਵਿੱਚ ਖੇਡ ਸਟੇਡੀਅਮ, ਕਮਿਊਨਿਟੀ ਹਾਲ, ਲਾਇਬਰੇਰੀਆਂ, ਸਟਰੀਟ ਲਾਈਟਾਂ, ਗਲੀਆਂ, ਸਮੇਤ ਵੱਖ-ਵੱਖ ਸਹੂਲਤਾਂ ਬਹੁਤ ਹੀ ਪਾਰਦਰਸ਼ੀ ਢੰਗ ਨਾਲ ਦੇਣ ਲਈ ਲਗਾਤਾਰ ਕੰਮ ਕੀਤਾ ਜਾ ਰਿਹਾ ਹੈ। ਸ. ਚੀਮਾ ਨੇ ਦੱਸਿਆ ਕਿ ਸਾਰੇ ਹੀ ਵਿਕਾਸ ਕਾਰਜ ਿ ਕੈਬਨਿਟ ਮੰਤਰੀ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਨਿਰਮਾਣ ਕਾਰਜਾਂ ਦੀ ਖ਼ੁਦ ਨਿਗਰਾਨੀ ਕਰਨ ਅਤੇ ਜੇਕਰ ਕਿਤੇ ਕੋਈ ਤਰੁਟੀ ਲਗਦੀ ਹੈ ਤਾਂ ਫੌਰੀ ਉਹਨਾਂ ਦੇ ਧਿਆਨ ਵਿੱਚ ਲਿਆਂਦੀ ਜਾਵੇ। ਉਹਨਾਂ ਆਖਿਆ ਕਿ ਪੰਜਾਬ ਸਰਕਾਰ ਨੇ ਅਪਣੇ ਹੁਣ ਤਕ ਦੇ ਕਾਰਜ ਕਾਲ ਦੌਰਾਨ ਮਿਸਾਲੀ ਕੰਮ ਕੀਤਾ ਹੈ ਤੇ ਅੱਗੇ ਵਿਕਾਸ ਕਾਰਜਾਂ ਵਿੱਚ ਹੋਰ ਤੇਜ਼ੀ ਲਿਆਂਦੀ ਜਾ ਰਹੀ ਹੈ। ਇਸ ਮੌਕੇ ਮਾਰਕਿਟ ਕਮੇਟੀ ਸੂਲਰ ਘਰਾਟ ਦੇ ਚੇਅਰਮੈਨ ਹਰਵਿੰਦਰ ਸਿੰਘ ਛਾਜਲੀ, ਗੁਰਬਿਆਸ ਸਿੰਘ ਸਰਪੰਚ, ਸੰਸਾਰ ਸਿੰਘ ਪੰਚ, ਦੀਪ ਪੰਚ, ਬਲਜੀਤ ਸਿੰਘ ਪੰਚ, ਪਰਗਟ ਸਿੰਘ ਪੰਚ, ਹੁਸਨਪ੍ਰੀਤ ਸਿੰਘ ਪੰਚ, ਦਲਜੀਤ ਸਿੰਘ ਪੰਚ, ਗੁਰਸੇਵਕ ਸਿੰਘ ਪੰਚ, ਚਮਕੌਰ ਸਿੰਘ ਪੰਚ, ਅਜੀਤ ਸਿੰਘ ਪੰਚ, ਸੋਨੀ ਫੌਜੀ, ਹਰਵਿੰਦਰ ਸਿੰਘ, ਬਬਲਾ ਵਾਲੀਆ, ਰਿੰਕਾ ਹਾਜ਼ਰ ਸਨ।

# ਜੈਨਨੇਕਸਟ ਸਕੂਲ ਵਿੱਚ ਪਹਿਲੀ ਵਾਰ ਮਨਾਇਆ "ਖੇਡਾਂ ਭਰਿਆ ਐਤਵਾਰ



ਬਰਨਾਲਾ, 13 ਜੁਲਾਈ (ਹਿਮਾਂਸ਼ੂ ਗਰਗ): ਜੈਨਨੇਕਸਟ ਸਕੂਲ ਵੱਲੋਂ ਪਹਿਲੀ ਵਾਰ ਐਤਵਾਰ ਸਵੇਰੇ 6 ਵਜੇ"ਖੇਡਾਂ ਭਰਿਆ ਐਤਵਾਰਵਜੋਂ ਇੱਕ ਵਿਸ਼ੇਸ਼ ਸਮਾਗਮ ਆਯੋਜਿਤ ਕੀਤਾ ਗਿਆ। ਇਸ ਵਿੱਚ ਪਿਤਾ ਆਪਣੇ ਬੱਚਿਆਂ ਨਾਲ ਮਿਲ ਕੇ ਖੇਡਾਂ ਅਤੇ ਮਜ਼ੇਦਾਰ ਗਤੀਵਿਧੀਆਂ ਵਿੱਚ ਹਿੱਸਾ ਲੈਣ ਆਏ। ਮਾਵਾਂ ਨੇ ਚੀਅਰਲੀਡਰਾਂ ਦੀ ਭੂਮਿਕਾ ਨਿਭਾਈ ਅਤੇ ਸਮੂਹ ਪਰਿਵਾਰਾਂ ਨੂੰ ਹੌਂਸਲਾ ਦਿੱਤਾ। ਇਹ ਸਮਾਂ ਹੱਸਣ, ਤਾਲੀਆਂ ਅਤੇ ਪਿਆਰ ਭਰੇ ਪਲਾਂ ਨਾਲ ਭਰਿਆ ਰਿਹਾ। ਜੈਨਨੇਕਸਟ ਵੱਲੋਂ ਇਹ ਇੱਕ ਸ਼ਾਨਦਾਰ ਸ਼ੁਰੂਆਤ ਸੀ ਪਰਿਵਾਰਾਂ ਨੂੰ ਹੋਰ ਨੇੜੇ ਲਿਆਉਣ ਲਈ।



# ਪਟਿਆਲਾ-ਆਸ/ਪਾਸ



## ਪਾਣੀ ਦੀ ਨਿਕਾਸੀ ਨਾ ਹੋਣ ਕਾਰਨ ਪਿੰਡ ਵਾਸੀ ਪ੍ਰੇਸ਼ਾਨ

### ☛ ਆਉਣ-ਜਾਣ ਵਾਲਿਆਂ ਨੂੰ ਵੀ ਆ ਰਹੀਆਂ ਨੇ ਵੱਡੀਆਂ ਦਿੱਕਤਾਂ

ਨਾਭਾ, 13 ਜੁਲਾਈ (ਬਲਜਿੰਦਰ ਮਾਨ) : ਨਾਭਾ ਨੇੜੇ ਪਿੰਡ ਮੈਂਹਸ ਵਾਸੀਆਂ ਨੂੰ ਵੱਡੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਪਿਛਲੇ ਲੰਮੇ ਸਮੇਂ ਤੋਂ ਪਾਣੀ ਦੀ ਨਿਕਾਸੀ ਨਾ ਹੋਣ ਕਰਕੇ ਇੱਥੇ ਰਹਿੰਦੇ ਲੋਕਾਂ ਨੂੰ ਵੱਡੀ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਅਤੇ ਆਉਣ ਜਾਣ ਵਾਲੇ ਲੋਕਾਂ ਨੂੰ ਵੀ ਭਾਰੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਕਿਉਂਕਿ ਰੋਡ ਬਿਲਕੁਲ ਟੁੱਟ ਚੁੱਕਾ ਹੈ ਦੋ ਦੋ ਫੁੱਟ ਦੇ ਡੂੰਘੇ ਖੱਡੇ ਪੈ ਚੁੱਕੇ ਹਨ ਇਸ ਜਗ੍ਹਾ 'ਤੇ ਆਏ ਦਿਨ ਐਕਸੀਡੈਂਟ ਹੁੰਦੇ ਹਨ ਬਰਸਾਤਾਂ ਦਾ ਮੌਸਮ ਹੋਣ ਕਰਕੇ ਪਾਣੀ ਵੀ ਕਾਫੀ ਜਿਆਦਾ ਖੜਾ ਰਹਿੰਦਾ ਹੈ। ਲੋਕਾਂ ਨੂੰ ਪੈਦਲ ਲੰਘਣਾ ਵੀ ਮੁਸ਼ਕਿਲ ਹੋਇਆ ਪਿਆ ਹੈ।ਨਾਲ ਰਹਿੰਦੇ ਮਕਾਨਾਂ ਵਿੱਚ ਲੋਕਾਂ ਨੂੰ ਵੱਡੀ ਮੁਸ਼ਕਿਲ ਆ ਰਹੀ ਹੈ ਇਸ ਮੌਕੇ ਪਿੰਡ ਵਾਸੀਆਂ ਗੱਲਬਾਤ ਕਰਦੇ ਹੋਏ ਕਿ ਇਹ ਸਮੱਸਿਆ ਕਾਫੀ ਪੁਰਾਣੀ ਹੈ ਪਰ ਕਿਸੇ ਵੀ ਪੰਚਾਇਤ ਨੇ ਇਸ ਦਾ ਕੋਈ ਹੱਲ ਨਹੀਂ ਕੀਤਾ, ਜਿਸ ਜਗ੍ਹਾ 'ਤੇ ਇਹ ਵੱਡੀ ਸਮੱਸਿਆ ਹੈ ਨਾਲ ਰਹਿੰਦੇ ਘਰਾਂ ਦੇ ਮਾਲਕਾਂ ਨੇ ਕਿਹਾ ਕਿ ਪਿਛਲੇ 15,20 ਸਾਲਾਂ ਤੋਂ ਅਸੀਂ ਨਰਕ ਭਰੀ ਜ਼ਿੰਦਗੀ ਜਿਊਣ ਲਈ ਮਜਬੂਰ ਹਾਂ, ਕਿਉਂਕਿ ਇੱਥੇ ਪਾਣੀ ਖੜਨ ਕਰਕੇ ਨੇੜੇ ਰਹਿਣਾ ਵੀ ਮੁਸ਼ਕਲ ਹੈ ਕਿਉਂ ਕਿ ਇੱਥੇ ਪਾਣੀ ਖੜਨ ਕਰਕੇ ਬਦਬੂ ਮਾਰਦੀ ਹੈ ਪਿਛਲੀਆਂ ਪੰਚਾਇਤਾਂ ਨੂੰ ਵੀ ਅਸੀਂ ਵਾਰ ਵਾਰ ਅਪੀਲ ਕਰ ਚੁੱਕੇ ਹਾਂ ਪਰ ਕਿਸੇ ਨੇ ਸਾਡੀ ਕੋਈ ਸੁਣਵਾਈ ਨਹੀਂ ਕੀਤੀ ਅੱਜ ਅਸੀਂ ਨਗਰ ਨਿਵਾਸੀ ਇਕੱਠੇ ਹੋ ਕੇ ਪੰਚਾਇਤ ਨੂੰ ਮੌਕੇ 'ਤੇ ਬੁਲਾ ਕੇ ਗੱਲਬਾਤ ਕੀਤੀ ਕਿ ਇਸ ਪਾਣੀ ਦੀ ਨਿਕਾਸੀ ਦਾ ਕੋਈ ਹੱਲ ਕੀਤਾ ਜਾਵੇ, ਤਾਂ ਜੋ ਇੱਥੇ ਰਹਿਣ ਵਾਲਿਆਂ ਨੂੰ ਅਤੇ ਆਉਣ ਜਾਣ ਵਾਲਿਆਂ ਨੂੰ ਮੁਸ਼ਕਲ ਪੇਸ਼ ਨਾ ਆਵੇ, ਇਸ ਮੌਕੇ ਪਿੰਡ ਦੇ ਮੌਜੂਦਾ ਸਰਪੰਚ ਜਰਨੈਲ ਸਿੰਘ ਨੇ ਕਿਹਾ ਕਿ ਅਸੀਂ ਜਲਦੀ ਹੀ ਪਿੰਡ ਵਾਸੀ ਇਕੱਠੇ ਹੋ ਕੇ ਵਿਧਾਇਕ ਗੁਰਦੇਵ ਸਿੰਘ ਦੇਵ ਮਾਨ ਨਾਲ ਗੱਲ ਕਰਾਂਗੇ ਅਤੇ ਉਹਨਾਂ ਅੱਗੇ ਆਪਣੀ ਮੰਗ ਰੱਖਾਂਗੇ ਕਿ ਪਾਣੀ ਦਾ ਨਿਕਾਸੀ ਦਾ ਜੋ ਲੰਮੇ ਸਮੇਂ ਤੋਂ ਮਸਲਾ ਉਲਝਿਆ ਪਿਆ। ਉਸ ਦਾ ਹੱਲ ਕੀਤਾ ਜਾਵੇ, ਤਾਂ ਜੋ ਨੇੜੇ ਰਹਿੰਦੇ ਘਰਾਂ ਵਾਲਿਆਂ ਨੂੰ ਕੋਈ ਮੁਸ਼ਕਲ ਨਾ ਆਵੇ। ਇਸ ਮੌਕੇ ਸਰਪੰਚ ਜਰਨੈਲ ਸਿੰਘ, ਕੁਲਵੰਤ ਸਿੰਘ ਜਵੰਦਾ, ਪੰਜਾਬ ਸਿੰਘ ਮੌਲੀ, ਲਖਵਿੰਦਰ ਸਿੰਘ, ਮੇਜਰ ਸਿੰਘ ਬੂਟਾ ਸਿੰਘ ਕਰਮਜੀਤ ਸਿੰਘ, ਰਘਵੀਰ ਸਿੰਘ ਅੰਗਰੇਜ਼ ਸਿੰਘ ਪਟਵਾਰੀ, ਚਰਨਜੀਤ ਸਿੰਘ ਰਣਜੀਤ ਸਿੰਘ ਜਵੰਦਾ ਬਲਵਿੰਦਰ ਸਿੰਘ, ਕੁਲਵੰਤ ਸਿੰਘ, ਗੁਰਨਾਮ ਸਿੰਘ, ਗੁਰਚਰਨ ਸਿੰਘ, ਬਿਕਰਮ ਸਿੰਘ, ਗੁਰਲਾਲ ਸਿੰਘ ਅਤੇ ਵੱਡੀ ਗਿਣਤੀ ਵਿੱਚ ਨਗਰ ਨਿਵਾਸੀ ਮੌਜੂਦ ਸਨ।

## ਵਧੀਕ ਜ਼ਿਲ੍ਹਾ ਮੈਜਿਸਟ੍ਰੇਟ ਵੱਲੋਂ ਸੜਕਾਂ ਕਿਨਾਰੇ ਅਤੇ ਫੁੱਟਪਾਥਾਂ ਤੋਂ ਨਾਜਾਇਜ਼ ਕਬਜ਼ੇ ਹਟਾਉਣ ਲਈ ਹੁਕਮ ਜਾਰੀ

### ➤ ਬਾਜ਼ਾਰਾਂ 'ਚ ਦੁਕਾਨਾਂ ਦੇ ਅੱਗੇ ਰੱਖੇ ਮਸ਼ਹੂਰੀ ਬੋਰਡ ਸੜਕਾਂ ਤੋਂ ਤੁਰੰਤ ਹਟਾਏ ਜਾਣ : ਏ.ਡੀ.ਸੀ

ਪਟਿਆਲਾ, 13 ਜੁਲਾਈ (ਰੁਪਾਣਾ) : ਪਟਿਆਲਾ ਦੇ ਵਧੀਕ ਜ਼ਿਲ੍ਹਾ ਮੈਜਿਸਟ੍ਰੇਟ-ਕਮ-ਏ.ਡੀ.ਸੀ ਨਵਰੀਤ ਕੌਰ ਸੇਖੋਂ ਨੇ ਭਾਰਤੀ ਨਾਗਰਿਕ ਸੁਰੱਖਿਆ ਸਹਿੰਤਾ 2023 ਦੀ ਧਾਰਾ ਤਹਿਤ ਪ੍ਰਾਪਤ ਅਧਿਕਾਰਾਂ ਦੀ ਵਰਤੋਂ ਕਰਦਿਆਂ ਜ਼ਿਲ੍ਹਾ ਪਟਿਆਲਾ 'ਤੇ ਨਗਰ ਨਿਗਮ ਦੀ ਹਦੂਦ ਅੰਦਰ ਸੜਕਾਂ ਦੇ ਕਿਨਾਰਿਆਂ ਅਤੇ ਫੁੱਟਪਾਥਾਂ 'ਤੇ ਨਾਜਾਇਜ਼ ਕਬਜ਼ੇ ਹਟਾਉਣ ਦੇ ਹੁਕਮ ਜਾਰੀ ਕੀਤੇ ਹਨ। ਹੁਕਮਾਂ ਵਿੱਚ ਕਿਹਾ ਗਿਆ ਹੈ ਕਿ ਆਮ ਦੇਖਣ ਵਿੱਚ ਆਇਆ ਹੈ ਕਿ ਸ਼ਹਿਰ ਅੰਦਰ ਦੁਕਾਨਦਾਰਾਂ ਅਤੇ ਹੋਰ ਕਾਰੋਬਾਰੀਆਂ ਨੇ ਆਪਣੀਆਂ ਦੁਕਾਨਾਂ ਤੇ ਵਪਾਰਕ ਅਦਾਰਿਆਂ ਦੇ ਬਾਹਰ ਸੜਕਾਂ 'ਤੇ ਆਪਣੇ ਅਣਅਧਿਕਾਰਤ ਮਸ਼ਹੂਰੀ ਬੋਰਡ ਫਲੈਕਸਾਂ ਤੇ ਸਾਈਨ ਬੋਰਡ ਲਗਾ ਕੇ ਆਵਾਜਾਈ ਵਿੱਚ ਵਿਘਨ ਪਾਇਆ ਜਾ ਰਿਹਾ ਹੈ। ਵਧੀਕ ਜ਼ਿਲ੍ਹਾ ਮੈਜਿਸਟ੍ਰੇਟ ਵੱਲੋਂ ਜਾਰੀ ਇਕ ਤਰਫ਼ਾ ਹੁਕਮਾਂ ਵਿੱਚ ਕਿਹਾ ਗਿਆ ਹੈ ਕਿ ਬਾਜ਼ਾਰਾਂ ਵਿੱਚ ਦੁਕਾਨਦਾਰਾਂ ਵੱਲੋਂ ਆਪਣੀਆਂ ਦੁਕਾਨਾਂ ਦੇ ਬਾਹਰ ਸਮਾਨ ਵਧਾ ਕੇ ਬਾਹਰ ਰੱਖਿਆ ਜਾਂਦਾ ਹੈ, ਆਪਣੀਆਂ ਫਲੈਕਸਾਂ ਜਾਣ ਬੁੱਝ ਕੇ ਦੁਕਾਨਾਂ ਦੇ ਬਾਹਰ ਰੱਖੀਆਂ ਜਾਂਦੀਆਂ ਹਨ, ਫੁਟਪਾਥਾਂ 'ਤੇ ਰੇਹੜੀਆਂ ਤੇ ਖੋਖੇ, ਫੜੀਆਂ ਲਗਾਈਆਂ ਜਾਂਦੀਆਂ ਅਤੇ ਵਹੀਕਲ ਵੀ ਰਸਤੇ ਵਿੱਚ ਗਲਤ ਢੰਗ ਨਾਲ ਪਾਰਕ ਕੀਤੇ ਜਾਂਦੇ ਹਨ। ਅਜਿਹਾ ਹੋਣ ਨਾਲ ਰਸਤੇ ਭੀੜੇ ਤੇ ਤੰਗ ਹੋ ਜਾਂਦੇ ਹਨ ਅਤੇ ਆਮ ਲੋਕਾਂ ਨੂੰ ਆਵਾਜਾਈ ਵਿੱਚ ਬਹੁਤ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈਂਦਾ ਹੈ। ਏ.ਡੀ.ਸੀ. ਨਵਰੀਤ ਕੌਰ ਸੇਖੋਂ ਵੱਲੋਂ ਪਾਸ ਹੁਕਮਾਂ ਮੁਤਾਬਕ ਅਜਿਹਾ ਹੋਣ ਨਾਲ ਟ੍ਰੈਫਿਕ ਵਿਵਸਥਾ ਵਿੱਚ ਵਿਘਨ ਪੈਂਦਾ ਹੈ ਤੇ ਘੰਟਿਆਂ ਬੱਧੀ ਜਾਮ ਲੱਗ ਜਾਂਦੇ ਹਨ ਅਤੇ ਇਸ ਕਾਰਨ ਹਾਦਸਿਆਂ ਤੇ ਆਮ ਲੋਕਾਂ ਦਰਮਿਆਨ ਆਪਸੀ ਲੜਾਈ ਝਗੜੇ ਦਾ ਮਾਹੌਲ ਬਣ ਜਾਂਦਾ ਹੈ।



ਇਹ ਹਾਲਤ ਪੈਦਲ ਚੱਲਣ ਵਾਲਿਆਂ ਲਈ ਦੁਰਘਟਨਾਗ੍ਰਸਤ ਹੋਣ ਅਤੇ ਹੋਰ ਛੋਟੇ ਜੁਰਮਾਂ ਦੇ ਵਾਧੇ ਲਈ ਅਨੁਕੂਲ ਹੋ ਜਾਂਦੇ ਹਨ ਅਤੇ ਅਜਿਹੀ ਸਥਿਤੀ ਕਾਰਨ ਜ਼ਿਲ੍ਹੇ ਵਿੱਚ ਅਮਨ ਕਾਨੂੰਨ ਦੀ ਸਥਿਤੀ ਵੀ ਵਿਗੜਨ ਦਾ ਖ਼ਤਰਾ ਬਣਿਆ ਰਹਿੰਦਾ ਹੈ। ਵਧੀਕ ਜ਼ਿਲ੍ਹਾ ਮੈਜਿਸਟ੍ਰੇਟ ਨੇ ਉਪਰੋਕਤ ਸਥਿਤੀ ਪੈਦਾ ਹੋਣ ਤੋਂ ਰੋਕਣ ਲਈ ਹੁਕਮ ਜਾਰੀ ਕੀਤੇ ਹਨ ਕਿ ਨਗਰ ਨਿਗਮ ਵੱਲੋਂ ਨਿਰਧਾਰਤ ਕੀਤੀਆਂ ਥਾਵਾਂ ਜਾਂ ਵੈਂਡਰ ਹਾਕਿੰਗ ਜੋਨ ਤੋਂ ਇਲਾਵਾ ਨਾਜਾਇਜ਼ ਤੌਰ 'ਤੇ ਸੜਕਾਂ ਦੇ ਕਿਨਾਰੇ-ਨਾਲ ਫੁਟਪਾਥਾਂ 'ਤੇ ਅਣ-ਅਧਿਕਾਰਤ ਤੇ ਨਾਜਾਇਜ਼ ਕਬਜ਼ੇ ਨਾ ਕੀਤੇ ਜਾਣ। ਦੁਕਾਨਦਾਰਾਂ ਵੱਲੋਂ ਆਪਣੇ ਹੋਰਡਿੰਗ ਤੇ ਸਾਇਨ ਬੋਰਡ ਤੇ ਫਲੈਕਸਾਂ ਅਤੇ ਆਪਣਾ ਸਮਾਨ ਸੜਕਾਂ 'ਤੇ ਅੱਗੇ ਵਧਾ ਕੇ ਨਾ ਰੱਖਿਆ ਜਾਵੇ। ਵਹੀਕਲ ਤੇ ਸਾਰੇ ਵਾਹਨ ਨਿਰਧਾਰਤ ਕੀਤੇ ਪਾਰਕਿੰਗ ਸਥਾਨਾਂ 'ਤੇ ਹੀ ਖੜ੍ਹੇ ਕੀਤੇ ਜਾਣ। ਇਹ ਹੁਕਮ ਜ਼ਿਲ੍ਹਾ ਪੁਲਿਸ, ਆਰ.ਟੀ.ਓ. ਤੇ ਨਗਰ ਨਿਗਮ ਵੱਲੋਂ ਆਪਣੇ ਖੇਤਰਾਂ ਵਿੱਚ ਸਖ਼ਤੀ ਨਾਲ ਲਾਗੂ ਕਰਵਾਏ ਜਾਣਗੇ।

## ਭੌਂ-ਪ੍ਰਾਪਤੀ ਕੁਲੈਕਟਰ ਵੱਲੋਂ ਨਵੀਆਂ ਅਰਬਨ ਅਸਟੇਟਾਂ ਵਿਕਸਤ ਕਰਨ ਸਬੰਧੀ ਭੌਂ-ਮਾਲਕਾਂ ਨਾਲ ਬੈਠਕ

### ਲੈਂਡ ਪੂਲਿੰਗ ਪਾਲਿਸੀ ਸਬੰਧੀ ਭੌਂ ਮਾਲਕਾਂ ਨੂੰ ਦਿੱਤੀ ਜਾਣਕਾਰੀ

ਪਟਿਆਲਾ, 13 ਜੁਲਾਈ (ਰੁਪਾਣਾ) : ਪਟਿਆਲਾ ਡਿਵੈਲਪਮੈਂਟ ਅਥਾਰਟੀ ਵੱਲੋਂ ਪਟਿਆਲਾ ਵਿਖੇ ਨਵੀਂ ਅਰਬਨ ਅਸਟੇਟ ਅਤੇ ਮੌਜੂਦਾ ਅਰਬਨ ਅਸਟੇਟਾਂ ਦੀ ਐਕਸਟੈਂਸ਼ਨਾਂ ਵਿਕਸਤ ਕੀਤੀਆਂ ਜਾਣੀਆਂ ਹਨ। ਇਸ ਸਬੰਧੀ ਭੌਂ ਮਾਲਕਾਂ ਨੂੰ ਲੈਂਡ ਪੂਲਿੰਗ ਪਾਲਿਸੀ ਤਹਿਤ ਮਿਲਣ ਵਾਲੇ ਲਾਭ ਸਬੰਧੀ ਜਾਣਕਾਰੀ ਦੇਣ ਲਈ ਉਪ ਮੰਡਲ ਮੈਜਿਸਟਰੇਟ -ਕਮ- ਭੌਂ ਪ੍ਰਾਪਤੀ ਕੁਲੈਕਟਰ ਪਟਿਆਲਾ ਵੱਲੋਂ ਪਿੰਡ ਸ਼ੇਰਮਾਜਰਾ, ਫਲੌਲੀ, ਪਸਿਆਣਾ ਤੇ ਚੌਰਾ ਦੇ ਜ਼ਮੀਨ ਮਾਲਕਾਂ ਨਾਲ ਬੈਠਕ ਕੀਤੀ ਗਈ। ਭੌਂ ਪ੍ਰਾਪਤੀ ਕੁਲੈਕਟਰ ਪਟਿਆਲਾ ਨੇ ਲੈਂਡ ਪੂਲਿੰਗ ਪਾਲਿਸੀ ਸਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਜੇਕਰ ਕੋਈ ਵਿਅਕਤੀ ਰਿਹਾਇਸ਼ੀ ਸੈਕਟਰ ਵਿੱਚ ਇਕ ਕਨਾਲ ਜ਼ਮੀਨ ਸਰਕਾਰ ਨੂੰ ਦੇਵੇਗਾ ਤਾਂ ਉਸ ਨੂੰ ਇੱਕ ਰਿਹਾਇਸ਼ੀ ਪਲਾਟ 150 ਵਰਗ ਗਜ਼ ਦਿੱਤਾ ਜਾਵੇਗਾ ਅਤੇ ਜੇਕਰ ਕੋਈ 8 ਕਨਾਲ ਜ਼ਮੀਨ ਸਰਕਾਰ ਨੂੰ ਦੇਵੇਗਾ ਤਾਂ ਉਸ ਨੂੰ 500 ਵਰਗ ਗਜ਼ ਦਾ ਇਕ ਰਿਹਾਇਸ਼ੀ ਪਲਾਟ ਅਤੇ ਇਕ 200 ਵਰਗ ਗਜ਼ ਦਾ ਕਮਰਸ਼ੀਅਲ ਪਲਾਟ ਦਿੱਤਾ ਜਾਵੇਗਾ। ਜਿਸ ਦੀ ਕੀਮਤ ਆਉਣ ਵਾਲੇ ਸਮੇਂ ਵਿੱਚ ਕਾਫ਼ੀ ਜ਼ਿਆਦਾ ਹੋ ਜਾਵੇਗੀ। ਭੌਂ ਪ੍ਰਾਪਤੀ ਕੁਲੈਕਟਰ ਪਟਿਆਲਾ ਨੇ ਦੱਸਿਆ ਕਿ ਇਸ ਪਾਲਿਸੀ ਤਹਿਤ ਛੋਟੇ ਕਿਸਾਨਾਂ ਦਾ ਜੀਵਨ ਪੱਧਰ ਉੱਚਾ ਚੁੱਕਣ ਅਤੇ ਰੁਜ਼ਗਾਰ ਕਰਨ ਵਿੱਚ ਮਦਦ ਮਿਲੇਗੀ, ਕਿਉਂਕਿ ਜੇਕਰ ਉਨ੍ਹਾਂ ਦੀ ਜ਼ਮੀਨ ਵਿੱਚ ਅਰਬਨ ਅਸਟੇਟ ਵਿਕਸਤ ਹੁੰਦਾ ਹੈ ਤਾਂ ਆਬਾਦੀ ਹੋਣ ਨਾਲ ਰੁਜ਼ਗਾਰ ਦੇ ਮੌਕੇ ਵਧਣਗੇ। ਉਨ੍ਹਾਂ ਦੱਸਿਆ ਕਿ ਨਵੀਂ ਅਰਬਨ ਅਸਟੇਟ ਵਿੱਚ ਸੜਕਾਂ ਤੋਂ ਲੈਕੇ ਸੀਵਰੇਜ ਤੱਕ, ਬਿਜਲੀ ਤੋਂ ਲੈਕੇ ਪਾਣੀ ਦੀ ਸਪਲਾਈ ਤੱਕ, ਸਭ ਕੁਝ ਪੰਜਾਬ ਸਰਕਾਰ ਵੱਲੋਂ ਯਕੀਨੀ ਬਣਾਇਆ ਜਾਵੇਗਾ। ਉਨ੍ਹਾਂ ਪਟਵਾਰੀਆਂ ਨੂੰ ਲੋਕਾਂ ਨੂੰ ਇਸ ਪਾਲਿਸੀ ਸਬੰਧੀ ਜਾਗਰੂਕ ਕਰਨ ਲਈ ਪਿੰਡ ਪੱਧਰ 'ਤੇ ਜਾਗਰੂਕਤਾ ਪ੍ਰੋਗਰਾਮ ਉਲੀਕਣ ਦੀ ਹਦਾਇਤ ਕਰਦਿਆਂ ਕਿਹਾ ਕਿ ਇਸ ਨਾਲ ਪੰਜਾਬ ਸਰਕਾਰ ਵੱਲੋਂ ਬਣਾਈ ਗਈ ਪਾਲਿਸੀ ਦਾ ਸਹੀ ਲਾਭ ਆਮ ਲੋਕਾਂ ਤੱਕ ਪਹੁੰਚ ਸਕੇਗਾ।



## ਦੂਸ਼ਿਤ ਵਾਤਾਵਰਨ ਨੂੰ ਬਚਾਉਣ ਲਈ ਸਾਰਿਆਂ ਨੂੰ ਵੱਧ ਤੋਂ ਵੱਧ ਪੌਦੇ ਲਗਾਉਣੇ ਚਾਹੀਦੇ ਨੇ : ਦੇਵ ਮਾਨ

ਨਾਭਾ, 13 ਜੁਲਾਈ (ਗੁਰਚਰਨ ਸਿੰਘ ਚੌਧਰੀਮਾਜਰਾ/ਬਲਜਿੰਦਰ ਮਾਨ) : ਸਾਨੂੰ ਸਾਰਿਆਂ ਨੂੰ ਵਾਤਾਵਰਨ ਨੂੰ ਪ੍ਰਦੂਸ਼ਿਤ ਹੋਣ ਤੋਂ ਬਚਾਉਣ ਲਈ ਵੱਧ ਤੋਂ ਵੱਧ ਬੂਟੇ ਲਗਾਉਣੇ ਚਾਹੀਦੇ ਹਨ ਅਤੇ ਉਨ੍ਹਾਂ ਦੀ ਦੇਖਭਾਲ ਵੀ ਉਦੋਂ ਤੱਕ ਕਰਨੀ ਚਾਹੀਦੀ ਹੈ, ਜਦੋਂ ਤੱਕ ਉਹ ਰੁੱਖ ਨਾ ਬਣ ਜਾਣ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਵਿਧਾਇਕ ਗੁਰਦੇਵ ਸਿੰਘ ਦੇਵ ਮਾਨ ਨੇ ਗੁਰੂ ਤੇਗ ਬਹਾਦਰ ਨਗਰ ਦੀ ਪੰਚਾਇਤ ਅਤੇ ਸਰੈਣ ਦਾਸ ਕਲੋਨੀ ਦੀ ਪੰਚਾਇਤ ਵੱਲੋਂ ਆਯੋਜਿਤ ਰੁੱਖ ਲਗਾਉਣ ਦੇ ਪ੍ਰੋਗਰਾਮ ਦੌਰਾਨ ਬੂਟੇ ਲਗਾਉਣ ਤੋਂ ਬਾਅਦ ਕੀਤਾ। ਇਸ ਮੌਕੇ ਉਨ੍ਹਾਂ ਕਿਹਾ ਕਿ ਜੇਕਰ ਅਸੀਂ ਆਉਣ ਵਾਲੀ ਪੀੜ੍ਹੀ ਨੂੰ ਸਾਫ਼-ਸੁਥਰਾ ਵਾਤਾਵਰਨ ਪ੍ਰਦਾਨ ਕਰਨਾ ਚਾਹੁੰਦੇ ਹਾਂ ਤਾਂ ਸਾਨੂੰ ਅੱਜ ਤੋਂ ਹੀ ਰੁੱਖ ਲਗਾਉਣੇ ਸ਼ੁਰੂ ਕਰਨੇ ਪੈਣਗੇ ਅਤੇ ਉਨ੍ਹਾਂ ਦੀ ਦੇਖਭਾਲ ਵੀ ਕਰਨੀ ਪਵੇਗੀ। ਇਸ ਮੌਕੇ 'ਤੇ ਦੋਵਾਂ ਪੰਚਾਇਤਾਂ ਵੱਲੋਂ ਦੇਵ ਮਾਨ ਦਾ ਸਵਾਗਤ ਅਤੇ ਸਨਮਾਨ ਕੀਤਾ ਗਿਆ। ਇਸ ਮੌਕੇ ਸਰਪੰਚ ਰਣਜੀਤ ਸਿੰਘ ਜੱਜ ਗੁਰੂ ਤੇਗ ਬਹਾਦਰ ਨਗਰ, ਕਰਤਾਰ ਕਲੋਨੀ ਸਰਪੰਚ ਦਮਨ ਗਰਗ, ਗੌਨਾ ਗਰਗ, ਤਜਿੰਦਰ ਸਿੰਘ ਖਹਿਰਾ, ਫਕੀਰੀਆ ਖਾਂ ਪੰਚ, ਰਾਜੂ ਪੰਚ, ਜ਼ੋਰਾ ਸਿੰਘ ਪੰਚ, ਜੋਗਾ ਪੰਚ, ਅਮਨਦੀਪ ਸਿੰਘ ਪ੍ਰਧਾਨ ਸਰਪੰਚ ਯੂਨੀਅਨ, ਰਵੀਨ ਸਰਾਓ ਪ੍ਰਧਾਨ, ਕੁਲਜੀਤ ਕੌਰ ਸਰਪੰਚ, ਗੁਰਵਿੰਦਰ ਸਿੰਘ , ਸਰਪੰਚ ਜਸਵੀਰ ਸਿੰਘ, ਗੁਰਮੁੱਖ ਸਿੰਘ ਸਰਪੰਚ, ਸਤਨਾਮ ਸਿੰਘ ਸੱਤੀ ਸਰਪੰਚ ਕਨਸੂਹਾ, ਬਹਾਦਰ ਸਿੰਘ ਅਲੋਹਰਾਂ ਸਰਪੰਚ, ਗੁਰਵਿੰਦਰ ਬੌੜਾ, ਅਮਨਦੀਪ ਸਿੰਘ ਛੱਜੂਭੱਟ ਸਰਪੰਚ, ਮਨਜੀਤ ਸਿੰਘ ਸਰਪੰਚ ਫਤਿਹਪੁਰ, ਨਿਰਭੈ ਸਿੰਘ ਮੂੰਗੋ, ਮੇਵਾ ਸਿੰਘ ਸਰਪੰਚ ਰਾਜਗੜ੍ਹ, ਮੇਜਰ ਸਿੰਘ ਤੁੰਗਾਂ,ਜਸਵੀਰ ਸਿੰਘ ਵਜੀਦਪੁਰ , ਭੁਪਿੰਦਰ ਸਿੰਘ ਕੱਲਰ ਮਾਜਰੀ ਅਤੇ ਵੱਡੀ ਗਿਣਤੀ ਵਿੱਚ ਪਿੰਡ ਵਾਸੀ ਮੌਜੂਦ ਸਨ ।



## 1020 ਨਸ਼ੀਲੀਆਂ ਗੋਲ਼ੀਆਂ ਸਮੇਤ ਔਰਤ ਕਾਬੂ, ਇੱਕ ਦਿਨ ਦੇ ਪੁਲਿਸ ਰਿਮਾਂਡ 'ਤੇ

ਸਮਾਣਾ, 13 ਜੁਲਾਈ (ਵਿਜੇ ਕੁਮਾਰ): ਸੀ.ਆਈ.ਏ. ਸਟਾਫ਼ ਸਮਾਣਾ ਨੇ ਇੱਕ ਔਰਤ ਨੂੰ 1020 ਨਸ਼ੀਲੀਆਂ ਗੋਲੀਆਂ ਸਮੇਤ ਕਾਬੂ ਕਰਕੇ ਉਸਦੇ ਖ਼ਿਲਾਫ਼ ਸਿਟੀ ਪੁਲਿਸ ਥਾਣਾ ਵਿੱਚ ਮਾਮਲਾ ਦਰਜ ਕੀਤਾ ਹੈ। ਮੁਲਜ਼ਮ ਔਰਤ ਦੀ ਪਛਾਣ ਬਬਲੀ ਪਤਨੀ ਸ਼ਿੰਗਾਰਾ ਸਿੰਘ ਵਾਸੀ ਪਿੰਡ ਮੁਰਾਦਪੁਰਾ ਵਜੋਂ ਹੋਈ ਹੈ। ਸੀ.ਆਈ.ਏ. ਸਟਾਫ਼ ਇੰਚਾਰਜ ਇੰਸਪੈਕਟਰ ਅੰਕੁਰਦੀਪ ਸਿੰਘ ਨੇ ਦੱਸਿਆ ਕਿ ਸਬ-ਇੰਸਪੈਕਟਰ ਅਵਤਾਰ ਸਿੰਘ ਨੇ ਪੁਲਿਸ ਪਾਰਟੀ ਸਮੇਤ ਗਸ਼ਤ ਦੌਰਾਨ ਸਰਕਾਰੀ ਨਰਸਰੀ ਕਲੋਨੀ ਸਮਾਣਾ ਨੇੜੇ ਮੌਜੂਦਗੀ ਦੌਰਾਨ ਆ ਰਹੀ ਉਕਤ ਔਰਤ ਨੂੰ ਸ਼ੱਕ ਦੇ ਆਧਾਰ 'ਤੇ ਰੋਕਿਆ। ਤਲਾਸ਼ੀ ਲੈਣ 'ਤੇ ਉਸ ਕੋਲੋਂ 1020 ਨਸ਼ੀਲੀਆਂ ਗੋਲੀਆਂ ਬਰਾਮਦ ਹੋਈਆਂ, ਜਿਸ ਤੋਂ ਬਾਅਦ ਉਸਨੂੰ ਹਿਰਾਸਤ ਵਿੱਚ ਲੈ ਲਿਆ ਗਿਆ। ਅਧਿਕਾਰੀ ਅਨੁਸਾਰ ਪੁਲਿਸ ਨੇ ਮੁਲਜ਼ਮ ਔਰਤ ਨੂੰ ਪੁੱਛਗਿੱਛ ਲਈ ਮਾਣਯੋਗ ਅਦਾਲਤ ਵਿੱਚ ਪੇਸ਼ ਕਰਕੇ ਇੱਕ ਦਿਨ ਦਾ ਪੁਲਿਸ ਰਿਮਾਂਡ ਪ੍ਰਾਪਤ ਕਰ ਲਿਆ ਹੈ।

## ਅਮਨਜੋਤ ਕੌਰ ਵੱਲੋਂ ਗੋਲਡ ਮੈਡਲ ਜਿੱਤਣ 'ਤੇ ਹਲਕਾ ਵਿਧਾਇਕ ਨੇ ਦਿੱਤੀ ਵਧਾਈ

ਸਮਾਣਾ, 13 ਜੁਲਾਈ (ਵਿਜੇ ਕੁਮਾਰ): ਸਮਾਣਾ ਹਲਕੇ ਦੇ ਪਿੰਡ ਕਰਹਾਲੀ ਸਾਹਿਬ ਦੀ ਧੀ ਸਬ-ਇੰਸਪੈਕਟਰ ਅਮਨਜੋਤ ਕੌਰ ਨੇ ਅਮਰੀਕਾ ਦੇ ਅਲਬਾਮਾ ਵਿਖੇ ਹੋਈ ਵਿਸ਼ਵ ਪੁਲਿਸ ਤੇ ਅੱਗ ਬੁਝਾਊ ਦਸਤਿਆਂ ਦੀਆਂ ਖੇਡਾਂ ਵਿੱਚ ਹਿੱਸਾ ਲਿਆ।ਖੇਡਾਂ ਦੌਰਾਨ ਅਮਨਜੋਤ ਕੌਰ ਨੇ ਦੋ ਗੋਲਡ ਮੈਡਲ ਜਿੱਤ ਕੇ ਮਾਪਿਆਂ, ਪੰਜਾਬ, ਭਾਰਤ ਤੇ ਪਿੰਡ ਦਾ ਨਾਮ ਰੋਸ਼ਨ ਕੀਤਾ, ਜਿਸ ਦੀ ਹਲਕਾ ਵਿਧਾਇਕ ਚੇਤਨ ਸਿੰਘ ਜੌੜਾਮਾਜਰਾ ਨੇ ਵਧਾਈ ਦਿੰਦਿਆਂ ਕਿਹਾ ਕਿ ਇਸ ਦੇ ਪਿਤਾ ਧਰਮ ਸਿੰਘ ਵੀ ਪੁਲਿਸ ਮਹਿਕਮੇ ਵਿੱਚੋਂ ਐਸ.ਆਈ ਰਿਟਾਇਰ ਹੋਏ ਹਨ।ਉਹਨਾਂ ਦੱਸਿਆ ਕਿ ਅਮਨਜੋਤ ਕੌਰ ਦਾ ਪਿੰਡ ਪਹੁੰਚਣ 'ਤੇ ਭਰਵਾਂ ਸਵਾਗਤ ਕੀਤਾ ਜਾਵੇਗਾ।

## ਅਮਲ ਸੁਸਾਇਟੀ ਦੀ ਮੀਟਿੰਗ




ਨਾਭਾ, 13 ਜੁਲਾਈ (ਬਲਜਿੰਦਰ ਮਾਨ): ਅਮਲ ਸੁਸਾਇਟੀ ਵੱਲੋਂ ਬਲਜੀਤ ਸਿੰਘ ਖਹਿਰਾ ਦੀ ਪ੍ਰਧਾਨਗੀ ਹੇਠ ਸੋਸਾਇਟੀ ਕੰਪਾਊਂਡ ਵਿਖੇ 200 ਬੂਟੇ ਲਗਾ ਕੇ ਵਣ-ਮਹਾਂਉਤਸਵ ਮਨਾਇਆ ਗਿਆ। ਇਸ ਮੌਕੇ ਬੂਟਿਆਂ ਦੀ ਸੇਵਾ ਨਾਭਾ ਮਾਡਰਨ ਪਬਲਿਕ ਸਕੂਲ ਵੱਲੋਂ ਕੀਤੀ ਗਈ। ਵਣ ਮਹਾਂਉਤਸਵ ਮਨਾਉਣ ਉਪਰੰਤ ਮਹੀਨਾ ਵਾਰ ਮੀਟਿੰਗ ਕੀਤੀ ਗਈ, ਜਿਸ ਵਿੱਚ ਜੂਨ ਮਹੀਨੇ ਦੇ ਆਮਦਨ ਅਤੇ ਖਰਚੇ ਬਾਰੇ ਲੇਖਾ-ਜੋਖਾ ਕੀਤਾ ਗਿਆ। ਇਸ ਮੌਕੇ ਸੁਸਾਇਟੀ ਮੈਂਬਰਾਂ ਵੱਲੋਂ ਮੀਟਿੰਗ ਵਿੱਚ ਦਫਤਰ ਵਿੱਚ ਲਗਾਏ ਗਏ ਏ.ਸੀ. ਲਈ ਦਿਲ ਖੋਲ੍ਹ ਕੇ ਡੋਨੇਸ਼ਨ ਦਿੱਤੀ ਗਈ । ਇਸ ਮੌਕੇ ਮੇਜਰ ਆਰ.ਐਸ. ਸੰਧੂ, ਅਮਰਜੀਤ ਵਰਮਾ, ਗੁਰਜਿੰਦਰ ਸਿੰਘ ਰਿਟਾ: ਸੁਪਰਡੈਂਟ, ਸੁਖਵਿੰਦਰ ਸਿੰਘ ਰਿਟਾ: ਐਸ.ਡੀ.ਓ., ਛੱਜੂ ਰਾਮ ਸਿੰਘੀ, ਦਰਸ਼ਨ ਸਿੰਘ, ਸੁਚੇਤ ਸਿੰਘ ਬੇਦੀ, ਜਸਵਿੰਦਰ ਸਿੰਘ, ਪ੍ਰੈਸ ਸਕੱਤਰ ਕਰਮਜੀਤ ਸਿੰਘ ਮਹਿਰਮ, ਮਲਕੀਤ ਸਿੰਘ ਤੋਂ ਇਲਾਵਾ ਸੁਸਾਇਟੀ ਮੈਂਬਰ ਹਾਜ਼ਰ ਸਨ।

## ਅੱਖਾਂ ਦਾ ਚੈੱਕਅਪ ਕੈਂਪ ਲਗਾਇਆ

### ☛ ਸਮਾਜ ਭਲਾਈ ਹੀ ਅਸਲੀ ਮਾਨਵਤਾ ਦੀ ਸੇਵਾ: ਡਾ. ਕਾਂਸਲ

ਪਟਿਆਲਾ, 13 ਜੁਲਾਈ (ਚ.ਨ.ਸ.) : ਕਾਂਸਲ ਫਾਊਂਡੇਸ਼ਨ ਦੇ ਪ੍ਰਧਾਨ ਡਾ. ਗੁਰਵਿੰਦਰ ਕਾਂਸਲ ਅਤੇ ਡੈਡੀਕੇਟਿਡ ਬ੍ਰਦਰ ਗਰੁੱਪ ਦੇ ਪ੍ਰਧਾਨ ਡਾ. ਰਾਕੇਸ਼ ਵਰਮੀ, ਜਨਰਲ ਸਕੱਤਰ ਹਰਪ੍ਰੀਤ ਸੰਧੂ ਦੇ ਨਾਲ ਨਾਲ ਭਾਜਪਾ ਯੁਵਾ ਆਗੂ ਹਰਸ਼ਦੀਪ ਸਿੰਘ, ਸਤਿੰਦਰ ਪਾਠੀ, ਐਸ ਕੇ ਭਾਰਦਵਾਜ, ਰਾਕੇਸ਼ ਕੁਮਾਰ, ਹੇਮਾ, ਇਸ਼ਾਂਤ ਅਤੇ ਸੁਸ਼ਾਂਤ ਨੇ ਅਨੰਦ ਨਗਰ-ਬੀ ਦੇ ਗੁਰਦਵਾਰਾ ਸਾਹਿਬ ਵਿਖੇ ਅੱਖਾਂ ਦੇ ਮੁਫ਼ਤ ਚੈੱਕਅਪ ਕੈਂਪ ਦਾ ਆਯੋਜਨ ਕੀਤਾ, ਜਿਸ ਵਿੱਚ ਚਿੱਟੇ ਅਤੇ ਕਾਲੇ ਮੋਤੀਏ ਦਾ ਓਪਰੇਸ਼ਨ ਵੀ ਮੁਫ਼ਤ ਵਿੱਚ ਕੀਤਾ ਜਾਏਗਾ। ਕਾਂਸਲ ਫਾਊਂਡੇਸ਼ਨ ਅਤੇ ਡੈਡੀਕੇਟਿਡ ਬ੍ਰਦਰਜ਼ ਗਰੁੱਪ ਹਮੇਸ਼ਾ ਹੀ ਸਮਾਜ ਭਲਾਈ ਦੇ ਕੰਮ ਕਰਦੇ ਆ ਰਹੇ ਹਨ ਤੇ ਕੈਂਪ ਦੌਰਾਨ ਡਾ. ਗੁਰਵਿੰਦਰ ਕਾਂਸਲ ਨੇ ਕਿਹਾ ਕੇ ਸਮਾਜ ਭਲਾਈ ਹੀ ਅਸਲੀ ਮਾਨਵਤਾ ਦੀ ਸੇਵਾ ਹੈ ਤੇ ਕਾਂਸਲ ਫਾਊਂਡੇਸ਼ਨ ਅਤੇ ਡੈਡੀਕੇਟਿਡ ਬ੍ਰਦਰਜ਼ ਗਰੁੱਪ ਹਰ ਵਕਤ ਸਮਾਜ ਦੀ ਸੇਵਾ ਲਈ ਹਾਜ਼ਰ ਹਨ, ਨਾਲ ਹੀ ਡਾ. ਕਾਂਸਲ ਨੇ ਇਹ ਵੀ ਦੱਸਿਆ ਹੋਤੀ ਮਰਦਾਨ ਗੁਰਦੁਆਰਾ ਅਨੰਦ ਨਗਰ-ਬੀ ਵਿੱਚ ਲਗਾਏ ਗਏ ਕੈਂਪ ਦੌਰਾਨ ਲੱਗਭਗ 120 ਵਿਅਕਤੀਆਂ ਨੇ ਲਾਭ ਲਿਆ ਹੈ। ਇਸ ਮੌਕੇ ਡੈਡੀਕੇਟਿਡ ਬ੍ਰਦਰਜ਼ ਗਰੁੱਪ ਦੇ ਪ੍ਰਧਾਨ ਡਾ. ਰਾਕੇਸ਼ ਵਰਮੀ, ਜਨਰਲ ਸਕੱਤਰ ਹਰਪ੍ਰੀਤ ਸੰਧੂ ਤੋਂ ਇਲਾਵਾ ਮਨਜੀਤ ਸਿੰਘ ਪੁਰਬਾ, ਫ਼ਕੀਰ ਚੰਦ ਮਿੱਤਲ, ਅਨਿਲ ਅੱਤਰੀ ਅਤੇ ਅਮਨਿੰਦਰ ਸੈਣੀ ਵੀ ਮੌਜੂਦ ਸਨ।




## ਸ਼ਿਵ ਮੰਦਰ ਆਦਰਸ਼ ਸੇਵਾ ਸਮਿਤੀ ਦਾ ਪੁਨਰਗਠਨ

ਪਟਿਆਲਾ, 13 ਜੁਲਾਈ (ਚ.ਨ.ਸ.) : ਬੀਤੇ ਦਿਨੀਂ ਗਲੀ ਨੰ: 18 ਗੁਰੂ ਨਾਨਕ ਨਗਰ ਵਿਖੇ ਮੌਜੂਦ ਸ਼੍ਰੀ ਸ਼ਿਵ ਮੰਦਰ ਨਾਲ ਸੰਬੰਧਤ ਕਮੇਟੀ ਸ਼ਿਵ ਮੰਦਿਰ ਅਦਰਸ਼ ਸੇਵਾ ਸਮਿਤੀ ਦੇ ਪੂਨਰਗਠਨ ਸਬੰਧੀ ਵਿਸ਼ੇਸ਼ ਮੀਟਿੰਗ ਗੁਰਦਿਆਲ ਸਿੰਘ ਚੇਅਰਮੈਨ ਦੀ ਰਹਿਨੁਮਾਈ ਅਧੀਨ ਹੋਈ ਅਤੇ ਹੇਠ ਲਿਖੇ ਆਹੁਦੇਦਾਰਾਂ ਦੀ ਚੋਣ ਕੀਤੀ ਗਈ। ਗੁਰਦਿਆਲ ਸਿੰਘ ਚੇਅਰਮੈਨ, ਰਾਮ ਸਿੰਘ, ਉਪ ਚੇਅਰਮੈਨ, ਓਮ ਪ੍ਰਕਾਸ਼, ਪ੍ਰਧਾਨ, ਤੇਜਿੰਦਰ ਸਿੰਘ, ਸੀ. ਮੀਤ ਪ੍ਰਧਾਨ, ਮਨੋਹਰ ਲਾਲ, ਪਵਾਰ ਜਨਰਲ ਸਕੱਤਰ, ਰਾਮ ਲੁਬਾਇਆ ਉਪ ਪ੍ਰਧਾਨ, ਪਵਨ ਬਾਂਸਲ, ਸੰਯੁਕਤ ਸਕੱਤਰ ਅਤੇ ਧਰਮਪਾਲ ਮਿੱਤਲ ਸਲਾਹਕਾਰ, ਕ੍ਰਿਸ਼ਨਾ ਪਵਾਰ ਸਟੋਰ ਕੀਪਰ, ਸ਼ੰਮੀ ਕੁਮਾਰ, ਹਰਸ਼ ਵਰਧਨ, ਬਤੌਰ ਕਾ.ਕਾ. ਮੈਂਬਰ ਅਤੇ ਰਾਜੀਵ ਭਾਰਦਵਾਜ ਸਹਾਇਕ ਸਕੱਤਰ ਚੁਣੇ ਗਏ। ਇਸ ਮੌਕੇ ਤੇ ਸਮਿਤੀ ਵੱਲੋਂ ਸ਼੍ਰੀ ਰਾਜਿੰਦਰ ਕੁਮਾਰ ਅਨੰਦ ਦੀ ਪਤਨੀ ਸ਼੍ਰੀਮਤੀ ਸਵਰਨਾ ਦੀ ਮੌਤ ਤੇ ਗਹਿਰਾ ਦੁੱਖ ਪ੍ਰਗਟ ਕੀਤਾ ਗਿਆ ਅਤੇ ਉਨ੍ਹਾਂ ਦੀ ਆਤਮਿਕ ਸ਼ਾਂਤੀ ਲਈ ਦੋ ਮਿੰਟ ਦਾ ਮੋਨ ਰੱਖਿਆ ਗਿਆ। ਇਸ ਮੌਕੇ ਮਨੋਹਰ ਲਾਲ ਪਵਾਰ ਨੇ ਕਿਹਾ ਕਿ ਕਮੇਟੀ ਵਿੱਚ ਕਿਸੇ ਦਾ ਵੀ ਵੱਡਾ ਜਾਂ ਛੋਟਾ ਆਹੁਦਾ ਨਹੀਂ ਹੈ, ਸਾਰੇ ਬਰਾਬਰ ਹਨ। ਸਾਨੂੰ ਸਭ ਦਾ ਸਤਿਕਾਰ ਕਰਨਾ ਚਾਹੀਦਾ ਹੈ। ਸਾਨੂੰ ਘਰਾਂ ਵਿੱਚ ਬਿਨਾਂ ਨਾਗਾ ਘੱਟੋ ਘੱਟ ਦੋ ਪੰਨੇ ਸ੍ਰੀਮਦ ਭਾਗਵਦ ਗੀਤਾ ਜਾਂ ਸ੍ਰੀ ਰਮਾਇਣ ਜੀ ਦਾ ਪਾਠ ਕਰਨਾ ਚਾਹੀਦਾ। ਅਸੀਂ ਮਜ਼ਬੂਤੀ ਨਾਲ ਆਪਣੇ ਸਨਾਤਨ ਧਰਮ ਨਾਲ ਜੁੜੀਏ।



## ਅਲੀਪੁਰ ਅਰਾਈਆਂ 'ਚ ਫੈਲੇ ਡਾਇਰੀਏ ਦੇ ਮਰੀਜ਼ਾਂ ਦੀ ਸਥਿਤੀ ਵਿੱਚ ਸੁਧਾਰ



ਪਟਿਆਲਾ, 13 ਜੁਲਾਈ (ਰੁਪਾਣਾ/ਦੀਪਕ ਜੈਦਕਾ) : ਡਾ. ਜਗਪਾਲਇੰਦਰ ਸਿੰਘ ਨੇ ਪਟਿਆਲਾ ਦੇ ਪਿੰਡ ਅਲੀਪੁਰ ਅਰਾਈਆ ਵਿੱਚ ਫੈਲੇ ਡਾਇਰੀਏ ਦੀ ਸਥਿਤੀ ਬਾਰੇ ਜਾਣਕਾਰੀ ਦਿੰਦੇ ਹੋਏ ਕਿਹਾ ਹੁਣ ਡਾਇਰੀਆ ਦੇ ਕੇਸਾਂ ਵਿੱਚ ਮਰੀਜ਼ਾਂ ਦੀ ਸਥਿਤੀ ਵਿੱਚ ਸੁਧਾਰ ਦੇਖਣ ਨੂੰ ਮਿਲ ਰਿਹਾ ਹੈ। ਦਾਖਲ ਮਰੀਜ਼ਾਂ ਦੀ ਗਿਣਤੀ ਵਿੱਚ ਗਿਰਾਵਟ ਆਈ ਹੈ। ਹੁਣ ਤੱਕ 140 ਮਰੀਜ਼ ਡਾਇਰੀਏ ਨਾਲ ਪੀੜਤ ਪਾਏ ਗਏ ਹਨ। ਕੱਲ ਸ਼ਾਮ ਤੋਂ ਹੁਣ ਤੱਕ 3 ਨਵੇਂ ਕੇਸ ਆਏ ਹਨ। ਸਿਵਲ ਸਰਜਨ ਡਾ. ਜਗਪਾਲਇੰਦਰ ਸਿੰਘ, ਐਸ.ਐਮ.ਓ. ਡਾ. ਗੁਰਪ੍ਰੀਤ ਨਾਗਰਾ , ਜਿਲ੍ਹਾ ਐਪੀਡੋਮੋਲੋਜਿਸਟ ਡਾ. ਸੁਮੀਤ ਸਿੰਘ ਅਤੇ ਡਾ. ਦਿਵਜੋਤ ਸਿੰਘ ਵੱਲੋਂ ਪ੍ਰਭਾਵਤ ਖੇਤਰ ਵਿੱਚ ਹੀ ਰਹੇ ਅਤੇ ਟੀਮਾਂ ਨਾਲ ਘਰਾਂ ਵਿੱਚ ਜਾ ਕੇ ਮਰੀਜ਼ਾਂ ਦਾ ਹਾਲ-ਚਾਲ ਪੁੱਛਿਆ ਅਤੇ ਪਾਈਪ ਲਾਈਨ ਦੀ ਦਰੁਸਤੀ ਤੱਕ ਸਪਲਾਈ ਕੀਤਾ ਜਾ ਰਿਹਾ ਪਾਣੀ ਪੀਣ ਲਈ ਨਾ ਇਸਤੇਮਾਲ ਕਰਨ ਬਾਰੇ ਸਮਝਾਇਆ। ਨਗਰ ਨਿਗਮ ਵੱਲੋਂ ਪਾਣੀ ਦੀ ਸਪਲਾਈ ਵਿੱਚ ਕਲੋਰੀਨ ਦੀ ਜਾਂਚ ਵੀ ਕੀਤੀ ਜਾ ਰਹੀ ਹੈ। ਸਿਵਲ ਸਰਜਨ ਨੇ ਦੱਸਿਆ ਕਿ ਡਿਸਪੈਂਸਰੀ ਵਿੱਚ ਓ.ਪੀ.ਡੀ ਜਾਰੀ ਹੈ ਅਤੇ ਬਿਮਾਰ ਮਰੀਜ਼ਾਂ ਨੂੰ ਸਿਹਤ ਜਾਂਚ ਕਰਕੇ ਲੋੜ ਅਨੁਸਾਰ ਦਵਾਈਆਂ ਦਿੱਤੀਆ ਜਾ ਰਹੀਆਂ ਹਨ ਅਤੇ ਰੈਫਰਲ ਸੁਵਿਧਾ ਲਈ ਐਂਬੂਲੈਂਸ ਸਮੇਤ ਪੁਖਤਾ ਪ੍ਰਬੰਧ ਕੀਤਾ ਹੋਇਆ ਹੈ। ਉਨ੍ਹਾਂ ਦੱਸਿਆ ਕਿ ਪਿੰਡ ਵਿੱਚ ਸਿਹਤ ਵਿਭਾਗ ਦੇ ਕਾਮਿਆਂ ਦੀਆਂ 20 ਟੀਮਾਂ ਵੱਲੋਂ ਪਿੰਡ ਦੇ ਲੋਕਾਂ ਨੂੰ ਘਰ ਘਰ ਸਰਵੇ ਦੌਰਾਨ ਪੈਂਫਲਿਟ ਵੰਡਦੇ ਹੋਏ ਗਰੁੱਪ ਮੀਟਿੰਗਾਂ ਰਾਹੀਂ ਬਿਮਾਰੀ ਤੋਂ ਬਚਾਅ ਲਈ ਸਾਫ ਸਫਾਈ ਦਾ ਖਾਸ ਧਿਆਨ ਰੱਖਣ, ਹੱਥਾਂ ਨੂੰ ਵਾਰ ਵਾਰ ਧੋਣ, ਪਾਣੀ ਉਬਾਲ ਕੇ ਠੰਡਾ ਕਰਕੇ ਪੀਣ, ਖਾਣ ਪੀਣ ਵਾਲੀਆਂ ਚੀਜ਼ਾਂ ਨੂੰ ਢੱਕ ਕੇ ਰੱਖਣ ਸਬੰਧੀ ਜਾਗਰੂਕ ਕੀਤਾ ਜਾ ਰਿਹਾ ਹੈ ਗਿਆ। ਇਸ ਮੌਕੇ ਸਿਵਲ ਸਰਜਨ ਵੱਲੋਂ ਪਟਿਆਲਾ ਨਿਵਾਸੀਆਂ ਨੂੰ ਅਪੀਲ ਕੀਤੀ ਗਈ ਕਿ ਚੱਲ ਰਹੇ ਗਰਮੀ ਅਤੇ ਬਰਸਾਤਾਂ ਦੇ ਮੌਸਮ ਨੂੰ ਮੁੱਖ ਰੱਖਦੇ ਹੋਏ ਦੂਸ਼ਿਤ ਭੋਜਨ ਅਤੇ ਦੂਸ਼ਿਤ ਪਾਣੀ ਪੀਣ ਨਾਲ ਹੋਣ ਵਾਲੀਆਂ ਬਿਮਾਰੀਆਂ ਤੋਂ ਬਚਾਅ ਰੱਖਿਆ ਜਾਵੇ।

## ਪੰਜਾਬ ਨੈਸ਼ਨਲ ਬੈਂਕ ਵੱਲੋਂ ਮੈਗਾ ਕਿਸਾਨ ਆਊਟ ਰੀਚ ਪ੍ਰੋਗਰਾਮ



ਘਨੌਰ, 13 ਜੁਲਾਈ (ਮਦਨ ਲਾਲ) : ਕਿਸਾਨ ਵਰਗ ਨੂੰ ਬੈਂਕ ਦੀਆਂ ਨਵੀਆਂ ਕਿਸਾਨ ਯੋਜਨਾਵਾਂ ਤੋਂ ਜਾਣੂੰ ਕਰਵਾਉਣ ਦੇ ਉਦੇਸ਼ ਨਾਲ ਪੰਜਾਬ ਨੈਸ਼ਨਲ ਬੈਂਕ ਦੇ ਮੰਡਲ ਦਫ਼ਤਰ ਪਟਿਆਲਾ ਵੱਲੋਂ ਘਨੌਰ ਵਿਖੇ ਇੱਕ ਮੈਗਾ ਕਿਸਾਨ ਆਉਟਰੀਚ ਪ੍ਰੋਗਰਾਮ ਕੀਤਾ। ਪ੍ਰੋਗਰਾਮ ਵਿਚ ਐਸ.ਡੀ.ਐਮ. ਰਾਜਪੁਰਾ ਅਵਿਕੇਸ਼ ਗੁਪਤਾ ਨੇ ਮੁੱਖ ਮਹਿਮਾਨ ਵਜੋਂ, ਪੰਜਾਬ ਨੈਸ਼ਨਲ ਬੈਂਕ ਦੇ ਮੁੱਖ ਦਫ਼ਤਰ ਤੋਂ ਡੀ.ਜੀ.ਐਮ. ਦਿਨੇਸ਼ ਚੌਹਾਨ ਅਤੇ ਮੰਡਲ ਮੁਖੀ ਪਟਿਆਲਾ ਰਾਜੇਸ਼ ਅਰੋੜਾ ਨੇ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕੀਤੀ। ਸਮਾਗਮ ਵਿਚ ਵੱਡੀ ਗਿਣਤੀ ਵਿੱਚ ਕਿਸਾਨਾਂ ਨੇ ਭਾਗ ਲਿਆ। ਕਿਸਾਨ ਅਧਿਕਾਰੀ ਗੁਰਮਿੰਦਰ ਨੇ ਕਿਸਾਨ ਕ੍ਰੈਡਿਟ ਕਾਰਡ ਦੀਆਂ ਸਾਰੀਆਂ ਕਿਸਾਨ ਯੋਜਨਾਵਾਂ ਬਾਰੇ ਕਿਸਾਨਾਂ ਨੂੰ ਜਾਣਕਾਰੀ ਦਿੱਤੀ। ਕਲੱਸਟਰ ਇੰਚਾਰਜ (ਸਵੈ ਸਹਾਇਤਾ ਸਮੂਹਾਂ ਦੀ) ਪੂਜਾ ਨੇ ਵੀ ਸਵੈ ਸਹਾਇਤਾ ਸਮੂਹ ਯੋਜਨਾਵਾਂ ਬਾਰੇ ਜਾਣੂੰ ਕਰਵਾਉਂਦੇ ਹੋਏ ਗਾਹਕਾਂ ਨੂੰ ਯੋਜਨਾਵਾਂ ਦੇ ਲਾਭ ਬਾਰੇ ਜਾਣਕਾਰੀ ਦਿੱਤੀ। ਇਸ ਪ੍ਰੋਗਰਾਮ ਦੌਰਾਨ ਕਿਸਾਨਾਂ ਨੂੰ ਥਾਂ 'ਤੇ ਹੀ ਕਰਜ਼ਾ ਮਨਜ਼ੂਰੀ ਪੱਤਰ ਵੰਡੇ ਗਏ।

## ਜਗਮੀਤ ਸਿੰਘ ਹਰਿਆਊ ਦਾ ਨਾਭਾ ਪਹੁੰਚਣ 'ਤੇ ਜਥੇਦਾਰ ਖੋਖ ਤੇ ਅਕਾਲੀ ਆਗੂਆਂ ਵੱਲੋਂ ਸਨਮਾਨ

ਨਾਭਾ, 13 ਜੁਲਾਈ (ਬਲਜਿੰਦਰ ਮਾਨ) : ਨਵ ਨਿਯੁਕਤ ਨੌਜਵਾਨ ਜ਼ਿਲ੍ਹਾ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਜਥੇਦਾਰ ਜਗਮੀਤ ਸਿੰਘ ਦਾ ਮੈਂਬਰ ਸ਼੍ਰੋਮਣੀ ਕਮੇਟੀ ਬੀਬੀ ਹਰਦੀਪ ਕੌਰ ਖੋਖ ਦੇ ਗ੍ਰਹਿ ਨਾਭਾ ਵਿਖੇ ਪਹੁੰਚੇ । ਇਸ ਮੌਕੇ ਉਨ੍ਹਾਂ ਕਿਹਾ ਕਿ ਸੁਧਾਰ ਲਹਿਰ ਦੇ ਆਗੂ ਭਾਜਪਾ ਦੀ ਸ਼ਹਿ 'ਤੇ ਸ਼੍ਰੋਮਣੀ ਅਕਾਲੀ ਦਲ ਨੂੰ ਕਮਜ਼ੋਰ ਕਰਨ ਦਾ ਕੰਮ ਕਰ ਰਹੇ ਹਨ ਉਨ੍ਹਾਂ ਕਿਹਾ ਕਿ ਸਰਕਾਰਾਂ ਦੌਰਾਨ ਵੱਡੇ ਵੱਡੇ ਅਹੁਦਿਆਂ 'ਤੇ ਰਹਿ ਕੇ ਮਲਾਈ ਛੱਕਣ ਵਾਲੇ ਹੁਣ ਸ਼੍ਰੋਮਣੀ ਅਕਾਲੀ ਦਲ 'ਤੇ ਕਬਜ਼ਾ ਕਰਕੇ ਪ੍ਰਧਾਨਗੀ ਦੇ ਖੁਆਬ ਦੇਖ ਰਹੇ ਹਨ, ਜਦਕਿ ਸ਼੍ਰੋਮਣੀ ਅਕਾਲੀ-ਦਲ ਨੇ ਹਮੇਸ਼ਾ ਪੰਜਾਬ ਪੰਜਾਬੀਅਤ ਲਈ ਕੰਮ ਕੀਤਾ। ਉਨ੍ਹਾਂ ਕਿਹਾ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਹਮੇਸ਼ਾ ਪੰਜਾਬ ਦੇ ਹਿੱਤਾਂ ਨੂੰ ਅੱਗੇ ਰੱਖਿਆ ਹੈ। ਹਰਿਆਊ ਨੇ ਕਿਹਾ ਕਿ ਉਹ ਟਕਸਾਲੀ ਸੀਨੀਅਰ ਆਗੂਆਂ ਦਾ ਸਤਿਕਾਰ ਕਰਦੇ ਹਨ। ਉਨ੍ਹਾਂ ਦੀ ਯੋਗ ਰਹਿਨੁਮਾਈ 'ਚ ਅਕਾਲੀ ਦਲ ਮਜ਼ਬੂਤੀ ਲਈ ਟਕਸਾਲੀ ਆਗੂਆਂ ਨਾਲ ਮੀਟਿੰਗਾਂ ਕਰ ਰਹੇ ਹਨ। ਪਾਰਟੀ 'ਚ ਮਿਹਨਤੀ ਤੇ ਟਕਸਾਲੀਆ ਤੋਂ ਇਲਾਵਾ ਨੌਜਵਾਨ ਆਗੂਆਂ ਤੇ ਵਰਕਰਾਂ ਨੂੰ ਅੱਗੇ ਲਿਆਂਦਾ ਜਾਵੇਗਾ। ਇਸ ਮੌਕੇ ਬੀਬੀ ਹਰਦੀਪ ਕੌਰ ਖੋਖ ਤੇ ਅਕਾਲੀ ਆਗੂਆਂ ਵੱਲੋਂ ਜ਼ਿਲ੍ਹਾ ਪ੍ਰਧਾਨ ਹਰਿਆਊ ਦਾ ਨਿੱਘਾ ਸਵਾਗਤ ਕਰਦਿਆਂ ਸਨਮਾਨ ਕੀਤਾ ਗਿਆ। ਇਸ ਮੌਕੇ ਉਨ੍ਹਾਂ ਨਾਲ ਜਥੇਦਾਰ ਬਲਤੇਜ ਸਿੰਘ ਖੋਖ,ਯੂਥ ਅਕਾਲੀ ਦਲ ਦੇ ਬੁਲਾਰੇ ਜੱਸਾ ਖੋਖ, ਦਰਸ਼ਨ ਸਿੰਘ, ਹਰਦੀਪ ਸਿੰਘ ਖਹਿਰਾ, ਗੁਰਸੇਵਕ ਸਿੰਘ ਸਾਬਕਾ ਸਰਪੰਚ, ਗੁਰਵਿੰਦਰ ਸਿੰਘ, ਗੁਰਮੀਤ ਸਿੰਘ, ਪ੍ਰਕਾਸ਼ ਸਿੰਘ, ਖੁਸ਼ਪ੍ਰੀਤ ਸਿੰਘ ਰਾਏ, ਅਮਰਿੰਦਰ ਸਿੰਘ ਰੋਹਟੀ, ਕਰਨੈਲ ਸਿੰਘ ਨੂਰਪੁਰਾ ਆਦਿ ਅਕਾਲੀ ਆਗੂ ਮੌਜੂਦ ਸਨ।



## ਪੰਜਾਬੀ ਯੂਨੀਵਰਸਿਟੀ ਦੀ ਇੱਕ ਖੋਜ ਰਾਹੀਂ ਲਿਬੈਲੂਲੀਡੇ ਪਰਿਵਾਰ ਦੀਆਂ ਡਰੈਗਨ ਫਲਾਈਜ਼ ਦਾ ਕੀਤਾ ਅਧਿਐਨ

### ☛ ਉੱਤਰੀ ਅਤੇ ਦੱਖਣੀ ਭਾਰਤ ਦੇ ਵੱਖ-ਵੱਖ ਰਾਜਾਂ ਤੋਂ ਇਕੱਠੀਆਂ ਕੀਤੀਆਂ ਡਰੈਗਨ ਫਲਾਈਜ਼

ਪਟਿਆਲਾ, 13 ਜੁਲਾਈ (ਚ.ਨ.ਸ.) : ਪੰਜਾਬੀ ਯੂਨੀਵਰਸਿਟੀ ਦੀ ਇੱਕ ਤਾਜ਼ਾ ਖੋਜ ਰਾਹੀਂ ਲਿਬੈਲੂਲੀਡੇ ਪਰਿਵਾਰ ਦੀਆਂ 'ਡਰੈਗਨ ਫਲਾਈਜ਼' ਦਾ ਅਧਿਐਨ ਕੀਤਾ ਗਿਆ ਹੈ। ਹੈਲੀਕਪਟਰ ਜਿਹੀ ਸ਼ਕਲ ਵਾਲ਼ੇ ਇਹ ਰੰਗ-ਬਿਰੰਗੇ ਕੀਟ, ਜਿਨ੍ਹਾਂ ਨੂੰ ਹੈਲੀਕਪਟਰ ਜਾਂ ਜਹਾਜ਼ ਵੀ ਕਹਿ ਦਿੱਤਾ ਜਾਂਦਾ ਹੈ, ਅਕਸਰ ਝੀਲਾਂ ਅਤੇ ਤਲਾਬਾਂ ਦੇ ਨੇੜੇ ਦੇਖੇ ਜਾਂਦੇ ਹਨ। ਯੂਨੀਵਰਸਿਟੀ ਦੇ ਜੀਵ ਵਿਗਿਆਨ ਅਤੇ ਵਾਤਾਵਰਨ ਵਿਗਿਆਨ ਵਿਭਾਗ ਵਿੱਚ ਡਾ. ਹਰਦੀਪ ਸਿੰਘ ਵੱਲੋਂ ਪ੍ਰੋ. ਗੁਰਿੰਦਰ ਕੌਰ ਵਾਲੀਆ ਦੀ ਨਿਗਰਾਨੀ ਹੇਠ ਕੀਤੀ ਗਈ ਇਸ ਖੋਜ ਰਾਹੀਂ ਡਰੈਗਨ ਫਲਾਈਜ਼ ਦੇ ਕ੍ਰੋਮੋਸੋਮ (ਜਨੈਟਿਕ ਜਾਣਕਾਰੀ ਵਾਲੀਆਂ ਸੰਰਚਨਾਵਾਂ) ਅਤੇ ਡੀ.ਐੱਨ.ਏ. ਦਾ ਅਧਿਐਨ ਕੀਤਾ ਗਿਆ ਹੈ, ਤਾਂ ਜੋ ਇਹ ਸਮਝਿਆ ਜਾ ਸਕੇ ਕਿ ਵੱਖ-ਵੱਖ ਪ੍ਰਜਾਤੀਆਂ ਇੱਕ ਦੂਜੇ ਨਾਲ਼ ਕਿਵੇਂ ਸਬੰਧਤ ਹਨ। ਖੋਜਾਰਥੀ ਡਾ. ਹਰਦੀਪ ਸਿੰਘ ਨੇ ਦੱਸਿਆ ਕਿ ਉਨ੍ਹਾਂ ਉੱਤਰੀ ਅਤੇ ਦੱਖਣੀ ਭਾਰਤ ਦੇ ਵੱਖ-ਵੱਖ ਰਾਜਾਂ ਤੋਂ ਡਰੈਗਨਫਲਾਈਜ਼ ਇਕੱਠੀਆਂ ਕੀਤੀਆਂ। ਇਨ੍ਹਾਂ ਦੇ ਕ੍ਰੋਮੋਸੋਮ ਦੀ ਜਾਂਚ ਕੀਤੀ ਗਈ ਤਾਂ ਜੋ ਉਨ੍ਹਾਂ ਦੀ ਨਿਸ਼ਾਨਦੇਹੀ ਕੀਤੀ ਜਾ ਸਕੇ ਅਤੇ ਇਹ ਵੇਖਿਆ ਜਾ ਸਕੇ ਕਿ ਕੀ ਉਨ੍ਹਾਂ ਦੀ ਸੰਰਚਨਾ ਵਿੱਚ ਕੋਈ ਫਰਕ ਆਇਆ ਹੈ ਜਾਂ ਨਹੀਂ। ਉਨ੍ਹਾਂ ਦੱਸਿਆ ਕਿ ਉਨ੍ਹਾਂ ਡਰੈਗਨਫਲਾਈਜ਼ ਦੇ ਡੀ.ਐੱਨ.ਏ. ਵਿੱਚ ਇੱਕ ਖਾਸ ਜੀਨ (ਮਾਈਟੋਕੌਂਡਰੀਅਲ ਸੀ.ਓ.ਆਈ.ਜੀਨ), ਜੋ ਇੱਕ 'ਬਾਰਕੋਡ' ਵਾਂਗ ਕੰਮ ਕਰਦਾ ਹੈ ਅਤੇ ਪ੍ਰਜਾਤੀਆਂ ਨੂੰ ਆਪਸ ਵਿੱਚ ਵਖਰਿਆਉਣ ਅਤੇ ਉਨ੍ਹਾਂ ਦੇ ਆਪਸੀ ਸਬੰਧਾਂ ਨੂੰ ਸਮਝਣ ਵਿੱਚ ਮਦਦ ਕਰਦਾ ਹੈ, ਦਾ ਵਿਸ਼ੇਸ਼ ਅਧਿਐਨ ਕੀਤਾ।



ਕ੍ਰੋਮੋਸੋਮ ਅਤੇ ਡੀ.ਐੱਨ.ਏ. ਦੇ ਅੰਕੜਿਆਂ ਨੂੰ ਜੋੜ ਕੇ ਸਮੁੱਚੇ ਡੇਟਾ ਨੂੰ ਸਮਝਦਿਆਂ ਇਹ ਪੁਸ਼ਟੀ ਕੀਤੀ ਗਈ ਕਿ ਇਹ ਪ੍ਰਜਾਤੀਆਂ ਕਿਵੇਂ ਵਿਕਸਤ ਹੋਈਆਂ ਹਨ ਅਤੇ ਕਿਵੇਂ ਇੱਕ ਦੂਜੇ ਨਾਲ਼ ਜੁੜੀਆਂ ਹੋਈਆਂ ਹਨ। ਉਨ੍ਹਾਂ ਦੱਸਿਆ ਕਿ ਇਸ ਖੋਜ ਦੇ ਚਾਰ ਪੇਪਰ ਅੰਤਰਰਾਸ਼ਟਰੀ ਪੱਧਰ ਦੇ ਵੱਕਾਰੀ ਰਸਾਲਿਆਂ ਵਿੱਚ ਪ੍ਰਕਾਸ਼ਿਤ ਹੋ ਚੁੱਕੇ ਹਨ। ਪ੍ਰੋ. ਗੁਰਿੰਦਰ ਕੌਰ ਵਾਲੀਆ ਨੇ ਦੱਸਿਆ ਕਿ ਇਸ ਅਧਿਐਨ ਰਾਹੀਂ ਡਰੈਗਨ ਫਲਾਈ ਦੀਆਂ ਪੰਜ ਨਵੀਆਂ ਪ੍ਰਜਾਤੀਆਂ ਨੂੰ ਉਸ ਵਿਸ਼ਵਵਿਆਪੀ ਸੂਚੀ ਵਿੱਚ ਸ਼ਾਮਲ ਕੀਤਾ ਗਿਆ, ਜਿਸ ਸੂਚੀ ਵਿਚਲੀਆਂ ਪ੍ਰਜਾਤੀਆਂ ਦੇ ਕ੍ਰੋਮੋਸੋਮ ਦਾ ਅਧਿਐਨ ਕੀਤਾ ਜਾ ਚੁੱਕਾ ਹੈ। ਇਸ ਸੂਚੀ ਵਿੱਚ ਹੁਣ 258 ਡਰੈਗਨ ਫਲਾਈ ਪ੍ਰਜਾਤੀਆਂ ਹੋ ਗਈਆਂ ਹਨ। ਖੋਜ ਤਹਿਤ 21 ਪ੍ਰਜਾਤੀਆਂ ਦੇ 28 ਡੀ.ਐੱਨ.ਏ. ਸੀਕੁਐਂਸ ਨੂੰ ਵਿਸ਼ਵਵਿਆਪੀ ਡੇਟਾਬੇਸ (ਐੱਨ. ਸੀ. ਬੀ. ਆਈ.) ਵਿੱਚ ਜਮ੍ਹਾਂ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਖੋਜ ਰਾਹੀਂ ਕੁੱਲ 80 ਪ੍ਰਜਾਤੀਆਂ ਦੇ 112 ਡੀ.ਐੱਨ.ਏ. ਸੀਕੁਐਂਸ ਦਾ ਵਿਸ਼ਲੇਸ਼ਣ ਕੀਤਾ ਗਿਆ ਤਾਂ ਜੋ ਇਹ ਪਤਾ ਲਗਾਇਆ ਜਾ ਸਕੇ ਕਿ ਇਹ ਡਰੈਗਨਫਲਾਈਜ਼ ਵਿਕਾਸ ਪੱਖੋਂ ਕਿਵੇਂ ਸਬੰਧਤ ਹਨ। ਉਨ੍ਹਾਂ ਦੱਸਿਆ ਕਿ ਡਰੈਗਨਫਲਾਈਜ਼ ਪੁਰਾਤਨ ਕੀਟ ਹਨ, ਜੋ ਲਗਭਗ 220 ਮਿਲੀਅਨ ਸਾਲ ਪਹਿਲਾਂ ਕਾਰਬੋਨੀਫਰਸ ਯੁੱਗ ਵਿੱਚ ਸਨ, ਅਤੇ ਇਹ ਸਭ ਤੋਂ ਪੁਰਾਣੇ ਪੰਖ ਵਾਲੇ ਕੀੜਿਆਂ ਨਾਲ਼ ਵੀ ਸਬੰਧ ਰਖਦੇ ਹਨ। ਇਹ ਝੀਲਾਂ ਅਤੇ ਨਦੀਆਂ ਵਰਗੇ ਤਾਜ਼ੇ ਪਾਣੀ ਦੇ ਵਾਤਾਵਰਣ ਦੇ ਅਧਿਐਨ ਲਈ ਵੀ ਮਹੱਤਵਪੂਰਨ ਹਨ ਕਿਉਂਕਿ ਵੱਖ-ਵੱਖ ਪ੍ਰਜਾਤੀਆਂ ਨੂੰ ਰਹਿਣ ਦੀਆਂ ਵੱਖ-ਵੱਖ ਥਾਵਾਂ ਦੀ ਲੋੜ ਹੁੰਦੀ ਹੈ ਅਤੇ ਇਨ੍ਹਾਂ ਦਾ ਜੀਵਨ-ਚੱਕਰ ਵੀ ਜਟਿਲ ਹੁੰਦਾ ਹੈ ਜੋ ਕਿ ਕੁਝ ਸਮਾਂ ਪਾਣੀ ਵਿੱਚ ਅਤੇ ਕੁਝ ਸਮਾਂ ਜ਼ਮੀਨ 'ਤੇ ਹੁੰਦਾ ਹੈ। ਇਹ ਵਾਤਾਵਰਣ ਵਿਕਾਸ ਦੇ ਅਧਿਐਨ ਲਈ ਅਹਿਮ ਬਣ ਜਾਂਦੇ ਹਨ।ਉਪ-ਕੁਲਪਤੀ ਡਾ. ਜਗਦੀਪ ਸਿੰਘ ਨੇ, ਇਸ ਖੋਜ ਦੀ ਸ਼ਲਾਘਾ ਕਰਦਿਆਂ ਖੋਜਾਰਥੀ ਅਤੇ ਨਿਗਰਾਨ ਨੂੰ ਵਧਾਈ ਦਿੱਤੀ। ਉਨ੍ਹਾਂ ਕਿਹਾ ਕਿ ਅਜਿਹੀਆਂ ਖੋਜਾਂ ਯੂਨੀਵਰਸਿਟੀ ਵਿੱਚ ਹੋ ਰਹੀਆਂ ਖੋਜਾਂ ਦੇ ਮਿਆਰ ਦਾ ਪ੍ਰਮਾਣ ਹਨ ਜੋ ਅਦਾਰੇ ਦੇ ਵੱਕਾਰ ਵਿੱਚ ਵਾਧਾ ਕਰਦੀਆਂ ਹਨ। ਉਨ੍ਹਾਂ ਕਿਹਾ ਕਿ ਅਜਿਹੀਆਂ ਮਿਆਰੀ ਖੋਜਾਂ ਦੇ ਬਲਬੂਤੇ ਹੀ ਅਦਾਰੇ ਕੌਮਾਂਤਰੀ ਪੱਧਰ ਉੱਤੇ ਆਪਣੀ ਪਛਾਣ ਕਾਇਮ ਕਰ ਸਕਣ ਦੇ ਸਮਰੱਥ ਹੁੰਦੇ ਹਨ।

## ਜਾਅਲੀ ਵੀਜ਼ਾ ਦੇ ਕੇ ਮਾਰੀ ਠੱਗੀ

ਪਟਿਆਲਾ, 13 ਜੁਲਾਈ (ਵਿਨੋਦ ਸ਼ਰਮਾ) : ਥਾਣਾ ਬਖਸ਼ੀਵਾਲਾ ਪੁਲਿਸ ਕੋਲ ਹਰਸ਼ਬੀਰ ਸਿੰਘ ਪੁੱਤਰ ਅਮਰਿੰਦਰ ਸਿੰਘ ਵਾਸੀ ਪਿੰਡ ਕਾਠਮੱਠੀ ਨੇ ਕਥਿਤ ਦੋਸ਼ੀਆਂ ਹਰਜਿੰਦਰ ਸਿੰਘ ਫਾਸਟ ਵੀਜਾ ਇੰਮੀਗ੍ਰੇਸ਼ਨ ਅਤੇ ਅਣਪਛਾਤੇ ਵਿਅਕਤੀਆਂ ਵਿਰੁੱਧ ਸ਼ਿਕਾਇਤ ਦਰਜ ਕਰਵਾਈ ਹੈ। ਸ਼ਿਕਾਇਤਕਰਤਾ ਨੇ ਪੁਲਿਸ ਨੂੰ ਦੱਸਿਆ ਕਿ ਕਥਿਤ ਦੋਸ਼ੀਆਂ ਨੇ ਆਪਣੇ ਅਣਪਛਾਤੇ ਸਾਥੀਆਂ ਨਾਲ ਮਿਲ ਕੇ ਉਸ ਨੂੰ ਵਰਕ ਪਰਮਿਟ 'ਤੇ ਵਿਦੇਸ਼ ਭੇਜਣ ਦਾ ਝਾਂਸਾ ਦੇ 25 ਲੱਖ ਰੁਪਏ ਲੈ ਲਏ, ਜਦੋਂ ਉਹ ਏਅਰਪੋਰਟ 'ਤੇ ਪੁੱਜਾ ਤਾ ਪਤਾ ਲੱਗਿਆ ਕਿ ਵੀਜਾ ਜਾਅਲੀ ਹੈ। ਪੁਲਿਸ ਨੇ ਧਾਰਾ 316(2), 318(4),61(2) ਬੀ.ਐਨ.ਐਸ. ਦੇ ਤਹਿਤ ਮਾਮਲਾ ਦਰਜ ਕਰ ਲਿਆ ਹੈ।

## ਲਾਇਨਜ਼ ਕਲੱਬ ਸਮਾਣਾ ਇਲੀਟ ਨੇ ਗਾਊਸ਼ਾਲਾ ਵਿਖੇ ਕੀਤੀ ਸੇਵਾ



ਸਮਾਣਾ, 13 ਜੁਲਾਈ (ਅਮਿਤ ਸ਼ਰਮਾ/ਵਿਜੇ ਕੁਮਾਰ) : ਲਾਇਨਜ਼ ਕਲੱਬ ਸਮਾਣਾ ਇਲੀਟ ਨੇ ਆਪਣੀ ਯਾਤਰਾ ਦੀ ਸ਼ੁਰੂਆਤ ਗਊ ਸੇਵਾ ਨਾਲ ਕਰਦਿਆਂ ਸੇਵਾ, ਸੰਸਕਾਰ ਅਤੇ ਆਤਮਿਕ ਉਤਸ਼ਾਹ ਨੂੰ ਅਮਲ ਵਿਚ ਲਿਆਉਂਦੇ ਹੋਏ ਸਮਾਜ ਦੇ ਪ੍ਰਤੀ ਆਪਣੀ ਨਿਭਾਉਣੀ ਭੂਮਿਕਾ ਸਾਫ਼ ਕੀਤੀ। ਇਸ ਮੌਕੇ 'ਅਗਰਵਾਲ ਗਾਊਸ਼ਾਲਾ ਸਮਾਣਾ' ਦੇ ਪ੍ਰਧਾਨ ਸੀਏ ਅਮਿਤ ਸਿੰਗਲਾ ਨੇ ਕਲੱਬ ਦੇ ਮੈਂਬਰਾਂ ਨੂੰ ਆਸ਼ੀਰਵਾਦ ਦਿੰਦਿਆਂ ਉਨ੍ਹਾਂ ਦੀ ਦਿਲੋਂ ਪ੍ਰਸ਼ੰਸਾ ਕੀਤੀ। ਉਨ੍ਹਾਂ ਨੇ ਕਿਹਾ ਕਿ ਗਊ ਸੇਵਾ ਦੇ ਰਾਹੀ ਨਿਸ਼ਕਾਮ ਭਾਵਨਾ ਵਿਕਸਿਤ ਹੁੰਦੀ ਹੈ ਡਾ. ਕਰਨਵੀਰ ਗਰਗ ਨੇ ਵੀ ਆਪਣੇ ਵਿਚਾਰ ਸਾਂਝੇ ਕਰਦਿਆਂ ਕਿਹਾ ਕਿ, ਲਾਇਨਜ਼ ਕਲੱਬ ਸਮਾਣਾ ਇਲੀਟ ਦਾ ਉਦੇਸ਼ ਸਮਾਜਿਕ ਕਲਿਆਣ ਦੇ ਨਾਲ ਨੌਜਵਾਨ ਪੀੜ੍ਹੀ ਨੂੰ ਸਹੀ ਦਿਸ਼ਾ ਦੇਣਾ ਅਤੇ ਉਨ੍ਹਾਂ ਵਿਚ ਆਤਮ-ਵਿਸ਼ਵਾਸ ਪੈਦਾ ਕਰਨਾ ਵੀ ਹੈ। ਗਊ ਸੇਵਾ ਤੋਂ ਬਾਅਦ ਸਾਰੇ ਮੈਂਬਰਾਂ ਨੇ ਇਕੱਠੇ ਹੋ ਕੇ ਸਾਂਝਾ ਨਾਸ਼ਤਾ ਕਰਦਿਆਂ ਆਪਣੀ ਸਾਂਝ ਅਤੇ ਭਾਈਚਾਰੇ ਨੂੰ ਹੋਰ ਮਜ਼ਬੂਤ ਕੀਤਾ।



# ਪਟਿਆਲਾ-ਆਸ/ਪਾਸ



## ਪੰਜਾਬੀ ਸਾਹਿਤ ਸਭਾ ਪਟਿਆਲਾ ਵੱਲੋਂ ਰਘਬੀਰ ਸਿੰਘ ਮਹਿਮੀ ਦੀ ਸਵੈ-ਜੀਵਨੀ 'ਅੰਗਰੇਜੋ ਦਾ ਲਾਡਲਾ' (ਭਾਗ ਦੂਜਾ) ਦਾ ਲੋਕਅਰਪਣ



ਪਟਿਆਲਾ, 13 ਜੁਲਾਈ (ਚ.ਨ.ਸ.) : ਪੰਜਾਬੀ ਸਾਹਿਤ ਸਭਾ ਪਟਿਆਲਾ ਵੱਲੋਂ ਅੱਜ ਭਾਸ਼ਾ ਵਿਭਾਗ ਪੰਜਾਬ ਪਟਿਆਲਾ ਦੇ ਲੈਕਚਰ ਹਾਲ ਵਿਖੇ ਸਾਹਿਤਕ ਸਮਾਗਮ ਆਯੋਜਿਤ ਕੀਤਾ ਗਿਆ।ਇਸ ਸਮਾਗਮ ਵਿਚ ਸਭਾ ਦੇ ਪ੍ਰਧਾਨ ਡਾ. ਦਰਸ਼ਨ ਸਿੰਘ'ਆਸ਼ਟ' ਤੋਂ ਇਲਾਵਾ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਯੁਵਕ ਭਲਾਈ ਵਿਭਾਗ ਦੇ ਡਾਇਰੈਕਟਰ ਡਾ. ਭੀਮ ਇੰਦਰ ਸਿੰਘ ਨੇ ਪ੍ਰਧਾਨਗੀ ਕੀਤੀ ਅਤੇ ਮੁੱਖ ਮਹਿਮਾਨ ਵਜੋਂ ਪੰਜਾਬੀ ਯੂਨੀਵਰਸਿਟੀ,ਪਟਿਆਲਾ ਦੇ ਪੰਜਾਬੀ ਵਿਭਾਗ ਦੇ ਮੁਖੀ ਅਤੇ ਸਟੇਟ ਐਵਾਰਡੀ ਡਾ. ਰਾਜਵੰਤ ਕੌਰ ਪੰਜਾਬੀ ਸ਼ਾਮਿਲ ਹੋਏ।ਸਮਾਗਮ ਦੇ ਵਿਸ਼ੇਸ਼ ਮਹਿਮਾਨ ਵਜੋਂ ਪ੍ਰਸਿੱਧ ਪੰਜਾਬੀ ਰਿਸਾਲੇ 'ਅਣੂ' (ਲੁਧਿਆਣਾ) ਦੇ ਸੰਪਾਦਕ ਸੁਰਿੰਦਰ ਕੈਲੇ,ਪੰਜਾਬੀ ਸਾਹਿਤ ਅਕਾਡਮੀ ਲੁਧਿਆਣਾ ਦੇ ਜਨਰਲ ਸਕੱਤਰ ਡਾ. ਗੁਲਜ਼ਾਰ ਸਿੰਘ ਪੰਧੇਰ, ਪ੍ਰਸਿੱਧ ਨਾਟਕਕਾਰ ਸਤਿੰਦਰ ਸਿੰਘ ਨੰਦਾ ਸ਼ਾਮਿਲ ਹੋਏ। ਇਸ ਸਮਾਗਮ ਵਿਚ ਪ੍ਰਸਿੱਧ ਲੇਖਕ ਰਘਬੀਰ ਸਿੰਘ ਮਹਿਮੀ ਦੀ ਸਵੈ ਜੀਵਨੀ 'ਅੰਗਰੇਜੋ ਦਾ ਲਾਡਲਾ'(ਭਾਗ ਦੂਜਾ) ਦਾ ਲੋਕ ਅਰਪਣ ਕੀਤਾ ਕੀਤਾ ਗਿਆ। ਸਭਾ ਦੇ ਪ੍ਰਧਾਨ ਡਾ. ਦਰਸ਼ਨ ਸਿੰਘ 'ਆਸ਼ਟ' ਨੇ ਪੁੱਜੇ ਲੇਖਕਾਂ ਦਾ ਸੁਆਗਤ ਕੀਤਾ। ਡਾ. ਭੀਮ ਇੰਦਰ ਸਿੰਘ ਨੇ ਕਿਹਾ ਕਿ ਸਵੈ-ਜੀਵਨੀ ਲਿਖਣਾ ਸਰਲ ਕਾਰਜ ਨਹੀਂ ਸਗੋਂ ਸਖਤ ਮਿਹਨਤ,ਲਗਨ ਤੇ ਇਕਾਗਰਤਾ ਦਾ ਸਿੱਟਾ ਹੁੰਦਾ ਹੈ। ਡਾ. ਰਾਜਵੰਤ ਕੌਰ ਪੰਜਾਬੀ ਦਾ ਮਤ ਸੀ ਕਿ ਰਘਬੀਰ ਸਿੰਘ ਮਹਿਮੀ ਦੀ ਜੀਵਨ ਦੇ ਕੌੜੇ ਸੱਚ ਨੂੰ ਬਿਆਨਦੀ ਇਹ ਪੁਸਤਕ ਸਵੈ-ਜੀਵਨੀ ਪਿੜ ਦੇ ਖੋਜਾਰਥੀਆਂ ਲਈ ਲਾਹੇਵੰਦ ਸਿੱਧ ਹੋਵੇਗੀ।ਸੁਰਿੰਦਰ ਕੈਲੇ ਨੇ ਕਿਹਾ ਕਿ ਅਜਿਹੇ ਸਮਾਗਮ ਵਰਕਸ਼ਾਪਾਂ ਦੀ ਭੂਮਿਕਾ ਨਿਭਾਉਂਦੇ ਹਨ, ਜਦੋਂਕਿ ਡਾ. ਪੰਧੇਰ ਦਾ ਕਹਿਣਾ ਸੀ ਕਿ ਪੰਜਾਬੀ ਸਾਹਿਤ ਅਕਾਡਮੀ ਲੁਧਿਆਣਾ ਨੂੰ ਪੰਜਾਬੀ ਸਾਹਿਤ ਸਭਾ ਪਟਿਆਲਾ ਵਰਗੀਆਂ ਸਰਗਰਮ ਸਭਾਵਾਂ ਦੀ ਨਿਰੰਤਰ ਕਾਰਜਸ਼ੀਲਤਾ ਉਪਰ ਫ਼ਖ਼ਰ ਹੈ। ਸਤਿੰਦਰ ਸਿੰਘ ਨੰਦਾ ਨੇ ਕਿਹਾ ਕਿ ਮਹਿਮੀ ਦੀ ਇਹ ਪੁਸਤਕ ਉਸ ਦੇ ਜੀਵਨ ਦੇ ਲੰਮੇਰੇ ਸੰਘਰਸ਼ ਦੀ ਦਾਸਤਾਨ ਦਾ ਦੂਜਾ ਨਾਂ ਹੈ। ਇਸ ਪੁਸਤਕ ਉਪਰ ਮੁਖ ਪੇਪਰ ਭਾਸ਼ਾ ਵਿਭਾਗ ਪੰਜਾਬ ਦੇ ਸਾਬਕਾ ਜ਼ਿਲ੍ਹਾ ਭਾਸ਼ਾ ਅਫ਼ਸਰ ਡਾ. ਸੁਰਜੀਤ ਸਿੰਘ ਖੁਰਮਾ ਵੱਲੋਂ ਲਿਖਿਆ ਗਿਆ ਮੁੱਖ ਪੇਪਰ ਮਨਪ੍ਰੀਤ ਕੌਰ ਨੇ ਪੜ੍ਹਿਆ, ਜਿਸ ਵਿਚ ਮਹਿਮੀ ਦੀ ਲੇਖਣੀ ਦੇ ਅਹਿਮ ਪੱਖਾਂ ਬਾਰੇ ਖੁੱਲ੍ਹ ਕੇ ਚਰਚਾ ਕੀਤੀ ਗਈ। ਪੁਸਤਕ ਦੇ ਦੂਜੇ ਬੁਲਾਰਿਆਂ ਵਿੱਚੋਂ ਦਵਿੰਦਰ ਪਟਿਆਲਵੀ,ਡਾ. ਹਰਪ੍ਰੀਤ ਸਿੰਘ ਰਾਣਾ,ਬਾਬੂ ਸਿੰਘ ਰੈਹਲ, ਭਗਵਾਨ ਦਾਸ ਗੁਪਤਾ,ਪ੍ਰਿੰ. ਚਰਨਜੀਤ ਕੌਰ, ਸਾਬਕਾ ਪ੍ਰਿੰਸੀਪਲ ਡਾ. ਗੁਰਮੀਤ ਸਿੰਘ, ਡਾ.ਜਗਜੀਤ ਸਿੰਘ ਮਹਿਮੀ, ਬਲਬੀਰ ਸਿੰਘ ਦਿਲਦਾਰ, ਸਰੂਪ ਸਿੰਘ ਚੌਧਰੀ ਮਾਜਰਾ, ਨਵਦੀਪ ਸਿੰਘ ਮੁੰਡੀ, ਜੋਗਾ ਸਿੰਘ ਧਨੌਲਾ, ਅਵਤਾਰਜੀਤ ਅਤੇ ਸਤਨਾਮ ਸਿੰਘ ਨੇ ਸਵੈ-ਜੀਵਨੀ ਦੇ ਹਵਾਲੇ ਨਾਲ ਵੱਖ ਵੱਖ ਪੱਖਾਂ ਬਾਰੇ ਮੁੱਲਵਾਨ ਚਰਚਾ ਤੇ ਵਿਚਾਰ ਸਾਂਝੇ ਕੀਤੇ। ਇਨ੍ਹਾਂ ਬੁਲਾਰਿਆਂ ਦਾ ਸਾਂਝਾ ਮਤ ਸੀ ਕਿ ਰਘਬੀਰ ਸਿੰਘ ਮਹਿਮੀ ਨੇ ਜ਼ਮੀਨੀ ਪੱਧਰ ਤੋਂ ਉਠ ਕੇ ਜਿਸ ਬੁਲੰਦੀ ਨੂੰ ਹਾਸਲ ਕੀਤਾ ਹੈ, ਉਹ ਆਪਣੀ ਮਿਸਾਲ ਆਪ ਹੈ ਅਤੇ ਇਸ ਵਿਚ ਕੁਝ ਵੀ ਨਹੀਂ ਛੁਪਾਇਆ ਹੈ। ਸਮਾਗਮ ਦੇ ਦੂਜੇ ਦੌਰ ਵਿਚ ਗੁਰਪ੍ਰੀਤ ਸਿੰਘ ਢਿੱਲੋਂ, ਸਤੀਸ਼ ਵਿਦਰੋਹੀ, ਸੁਖ ਸੁਖਵਿੰਦਰ ਸਮਾਣਾ,ਵੀਰਵਿੰਦਰ ਘੱਗਰੌਲੀ, ਬਲਵਿੰਦਰ ਕੌਰ ਬਿੰਦ, ਜਗਤਾਰ ਨਿਮਾਣਾ, ਭੁਪਿੰਦਰ ਕੌਰ ਵਾਲੀਆ, ਪ੍ਰਿੰ. ਰਿਪਨਜੋਤ ਕੌਰ ਸੋਨੀ ਬੱਗਾ, ਅਮਰਜੀਤ ਸਿੰਘ ਵਾਲੀਆ, ਸਾਬਕਾ ਡੀ.ਐਸ.ਪੀ.ਨਾਹਰ ਸਿੰਘ, ਕੁਲਵੰਤ ਸਿੰਘ ਨਾਰੀਕੇ,ਕੁਲਵਿੰਦਰ ਕੁਮਾਰ, ਤਰਲੋਕ ਢਿੱਲੋਂ,ਅਮਰ ਗਰਗ ਕਲਮਦਾਨ, ਐਡਵੋਕੇਟ ਗੁਰਦਰਸ਼ਨ ਸਿੰਘ ਗੁਸੀਲ, ਨਾਇਬ ਸਿੰਘ ਬਦੇਸ਼ਾ, ਅਨੂ ਭੱਟੀ, ਜੱਗਾ ਰੰਗੂਵਾਲ, ਬਲਦੇਵ ਸਿੰਘ ਬਿੰਦਰਾ,ਅਵਤਾਰਜੀਤ ਅਟਵਾਲ,ਕ੍ਰਿਸ਼ਨ ਲਾਲ ਧੀਮਾਨ,ਵਿਜੇ ਕੁਮਾਰ, ਰਾਜ ਸਿੰਘ ਬਧੌਛੀ,ਸਤੀਸ਼ ਵਿਦਰੋਹੀ, ਸ਼ਾਮ ਸਿੰਘ ਪ੍ਰੇਮ,ਕੁਲਦੀਪ ਪਟਿਆਲਵੀ ਆਦਿ ਨੇ ਆਪਣੀਆਂ ਰਚਨਾਵਾਂ ਪੜ੍ਹੀਆਂ। ਇਸ ਸਮਾਗਮ ਵਿਚ ਅਮਰਜੀਤ ਸਿੰਘ ਵਾਲੀਆ, ਕੁਲਵਿੰਦਰ ਸਿੰਘ ਮਾਨੂੰਪੁਰੀ,ਖੋਜ ਅਫ਼ਸਰ ਡਾ. ਸੰਤੋਖ ਸਿੰਘ ਸੁੱਖੀ, ਸਵਰਨਜੀਤ ਕੌਰ (ਭਾਸ਼ਾ ਵਿਭਾਗ), ਸੁਪਰਡੰਟ ਹਰਵਿੰਦਰ ਸਿੰਘ,ਜੋਗਾ ਸਿੰਘ ਪੰਜਾਬੀ, ਨਵਦੀਪ ਸਿੰਘ ਮੁੰਡੀ, ਅਮਨ ਅਜਨੌਦਾ, ਮੋਹਨਜੀਤ ਸਿੰਘ, ਇੰਦਰਪਾਲ ਸਿੰਘ,ਰਣਜੀਤ ਕੌਰ, ਬਲਜੀਤ ਮੂਰਤੀਕਾਰ,ਹਰਵਿੰਦਰ ਸਿੰਘ, ਪੀ.ਐਸ.ਪੀ.ਸੀ.ਐਲ. ਦੇ ਡਿਪਟੀ ਸੈਕਟਰੀ ਚੇਤਨ ਸਿੰਘ, ਸਜਨੀ, ਰਣਜੀਤ ਭੱਟੀ, ਪ੍ਰਕਾਸ਼ ਸਿੰਘ, ਰਾਜੇਸ਼ਵਰ ਕੁਮਾਰ, ਗੁਰਕੀਰਤ ਕੌਰ, ਦਲਜੀਤ ਕੌਰ,ਜਸਵੰਤ ਕੌਰ,ਹਰਬੰਸ ਸਿੰਘ, ਬਲਵਿੰਦਰ ਕੌਰ,ਰਾਜੇਸ਼ ਕੋਟੀਆ, ਅਨੂ ਭੱਟੀ, ਗਰਕੀਰਤ ,ਪ੍ਰਤਾਪ ਸਿੰਘ ਜੱਗੀ, ਪੁਸ਼ਪਦੀਪ ਕੌਰ,ਸੌਰਯਵੀਰ ਸਿੰਘ, ਅਰਸ਼ਦੀਪ ਸਿੰਘ ਆਦਿ ਸ਼ਾਮਿਲ ਸਨ। ਅੰਤ ਵਿੱਚ ਸੁਖਦੇਵ ਸਿੰਘ ਚਹਿਲ ਨੇ ਸਭ ਦਾ ਧੰਨਵਾਦ ਕੀਤਾ। ਮੰਚ ਸੰਚਾਲਨ ਦੀ ਭੂਮਿਕਾ ਜਨਰਲ ਸਕੱਤਰ ਪਟਿਆਲਵੀ ਨੇ ਬਾਖ਼ੂਬੀ ਨਿਭਾਈ।

## ਸੇਫ ਸਕੂਲ ਵਾਹਨ ਨੀਤੀ ਤਹਿਤ ਸਕੂਲੀ ਬੱਚਿਆਂ ਦੀ ਆਵਾਜਾਈ ਸੁਰੱਖਿਅਤ ਬਣਾਉਣ ਦਾ ਟੀਚਾ: ਆਰ.ਟੀ.ਓ.

**ਟਰਾਂਸਪੋਰਟ ਵਿਭਾਗ ਤੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਸਕੂਲੀ ਬੱਸਾਂ ਦੇ ਡਰਾਇਵਰਾਂ ਤੇ ਅਟੈਂਡੈਂਟਸ ਲਈ ਰੋਡ ਸੇਫਟੀ ਵਰਕਸ਼ਾਪ**



ਪਟਿਆਲਾ, 13 ਜੁਲਾਈ (ਰੁਪਾਣਾ) : ਪਟਿਆਲਾ ਦੇ ਰੀਜ਼ਨਲ ਟਰਾਂਸਪੋਰਟ ਅਫ਼ਸਰ ਪਟਿਆਲਾ ਬਬਨਦੀਪ ਸਿੰਘ ਵਾਲੀਆ ਨੇ ਅੱਜ ਪਟਿਆਲਾ ਆਵਰ ਪ੍ਰਾਈਡ ਅਤੇ ਮੁਸਕਾਨ ਫਾਊਂਡੇਸ਼ਨ ਜੈਪੁਰ ਦੇ ਸਹਿਯੋਗ ਨਾਲ ਸਕੂਲੀ ਬੱਚਿਆਂ ਦੀ ਹਰ ਪੱਖੋਂ ਸੁਰੱਖਿਅਤ ਆਵਾਜਾਈ ਨੂੰ ਯਕੀਨੀ ਬਣਾਉਣ ਲਈ ਸੇਫ ਸਕੂਲ ਵਾਹਨ ਨੀਤੀ ਤਹਿਤ ਜ਼ਿਲ੍ਹੇ ਦੇ ਨਿਜੀ ਸਕੂਲਾਂ ਦੀਆਂ ਬੱਸਾਂ ਦੇ ਕਰੀਬ 130 ਡਰਾਈਵਰਾਂ ਤੇ ਅਟੈਂਡੈਂਟਸ ਨੂੰ ਸਕੂਲੀ ਬੱਚਿਆਂ ਦੀ ਸੁਰੱਖਿਆ ਦਾ ਪਾਠ ਪੜ੍ਹਾਇਆ। ਇੱਥੇ ਡੀ.ਏ.ਵੀ. ਗਲੋਬਲ ਸਕੂਲ ਵਿਖੇ ਟਰਾਂਸਪੋਰਟ ਵਿਭਾਗ ਅਤੇ ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਦੀ ਅਗਵਾਈ ਹੇਠ ਕਰਵਾਈ ਇਸ ਟ੍ਰੇਨਿੰਗ ਵਰਕਸ਼ਾਪ ਦੌਰਾਨ ਡਰਾਈਵਰਾਂ ਤੇ ਬੱਸਾਂ ਦੇ ਅਟੈਂਡੈਂਟਸ ਨੂੰ ਸੜਕ ਸੁਰੱਖਿਆ ਦੇ ਨਿਯਮਾਂ ਸਮੇਤ ਕਿਸੇ ਵੀ ਹਾਦਸੇ ਸਮੇਂ ਜਾਨ ਬਚਾਉਣ ਦੀਆਂ ਤਕਨੀਕਾਂ ਅਤੇ ਮੁੱਢਲੀ ਸਹਾਇਤਾ ਦੇ ਢੰਗ ਸਿਖਾਏ ਗਏ। ਇਸ ਮੌਕੇ ਮੁਸਕਾਨ ਫਾਊਂਡੇਸ਼ਨ ਜੈਪੁਰ ਦੀ ਡਾਇਰੈਕਟਰ ਨੇਹਾ ਖੁੱਲਰ ਨੇ ਸੇਫ ਸਕੂਲ ਵਾਹਨ ਨੀਤੀ ਦੇ ਵੱਖ-ਵੱਖ ਪਹਿਲੂਆਂ ਸਮੇਤ ਛੋਟੇ ਬੱਚਿਆਂ ਅਤੇ ਖਾਸ ਕਰਕੇ ਲੜਕੀਆਂ ਦੀ ਬੱਸਾਂ ਅਤੇ ਸਕੂਲਾਂ ਵਿੱਚ ਸੁਰੱਖਿਆ 'ਤੇ ਧਿਆਨ ਕੇਂਦਰਿਤ ਕੀਤਾ। ਆਰ.ਟੀ.ਓ. ਬਬਨਦੀਪ ਸਿੰਘ ਵਾਲੀਆ ਨੇ ਕਿਹਾ ਕਿ ਇਹ ਮੁਹਿੰਮ ਜ਼ਿਲ੍ਹੇ ਦੇ ਸਾਰੇ ਸ਼ਹਿਰਾਂ ਤੇ ਕਸਬਿਆਂ 'ਚ ਜਾਰੀ ਰੱਖੀ ਜਾਵੇਗੀ ਤਾਂ ਕਿ ਸਕੂਲ ਵਾਹਨਾਂ ਦੇ ਡਰਾਈਵਰਾਂ ਤੇ ਸਟਾਫ਼ ਦੇ ਅਟੈਂਡੈਂਟਸ ਨੂੰ ਸੜਕ ਸੁਰੱਖਿਆ ਨੇਮਾਂ ਅਤੇ ਸੇਫ ਸਕੂਲ ਵਾਹਨ ਨੀਤੀ ਪ੍ਰਤੀ ਸੰਵੇਦਨਸ਼ੀਲ ਬਣਾਇਆ ਜਾਵੇ। ਉਨ੍ਹਾਂ ਕਿਹਾ ਕਿ ਇਸ ਪ੍ਰੋਗਰਾਮ ਦਾ ਮੁੱਖ ਟੀਚਾ ਸਕੂਲੀ ਬੱਚਿਆਂ ਦੀ ਸੁਰੱਖਿਅਤ ਸਕੂਲੀ ਆਵਾਜਾਈ ਨੂੰ ਯਕੀਨੀ ਬਣਾਉਣਾ ਹੈ। ਇਸ ਮੌਕੇ ਪਟਿਆਲਾ ਆਵਰ ਪ੍ਰਾਈਡ ਤੋਂ ਐਚ.ਪੀ.ਐਸ. ਲਾਂਬਾ, ਸੀ.ਐਮ ਕੌੜਾ, ਪ੍ਰਵੇਸ਼ ਮੰਗਲਾ, ਕਰਨਲ ਕਰਮਿੰਦਰਾ ਸਿੰਘ, ਰਕੇਸ਼ ਕੱਦ, ਪ੍ਰੋ. ਅਸ਼ੋਕ ਵਰਮਾ, ਏ.ਟੀ.ਓ. ਪਟਿਆਲਾ ਮਨਜੋਤ ਸਿੰਘ, ਜ਼ਿਲ੍ਹਾ ਬਾਲ ਸੁਰੱਖਿਆ ਅਫ਼ਸਰ ਰੂਪਵੰਤ ਕੌਰ, ਜ਼ਿਲ੍ਹਾ ਸਿੱਖਿਆ ਅਫ਼ਸਰ ਦਫ਼ਤਰ ਤੋਂ ਸੁਖਵੀਰ ਸਿੰਘ ਅਤੇ ਵੱਡੀ ਗਿਣਤੀ ਡਰਾਇਵਰ ਤੇ ਅਟੈਂਡੈਂਟਸ ਵੀ ਮੌਜੂਦ ਸਨ।

## ਭਾਰਤ ਵਿਕਾਸ ਪ੍ਰੀਸ਼ਦ ਨੇ ਬਜ਼ੁਰਗਾਂ ਤੇ ਮਰੀਜ਼ਾਂ ਨੂੰ ਰਿਫਰੈਸ਼ਮੈਂਟ ਵੰਡੀ



ਸਮਾਣਾ, 13 ਜੁਲਾਈ (ਵਿਜੇ ਕੁਮਾਰ) : ਭਾਰਤ ਵਿਕਾਸ ਪ੍ਰੀਸ਼ਦ ਵੱਲੋਂ ਪ੍ਰਧਾਨ ਰਜਿੰਦਰ ਪ੍ਰਸਾਦ (ਹੈਪੀ) ਦੀ ਅਗਵਾਈ 'ਚ ਇੱਕ ਸਮਾਗਮ ਦਾ ਬ੍ਰਿਧ ਆਸ਼ਰਮ 'ਚ ਆਯੋਜਨ ਕੀਤਾ ਗਿਆ, ਜਿਸ ਵਿੱਚ ਮੁੱਖ ਮਹਿਮਾਨ ਵਜੋਂ ਚੀਫ ਫਾਰਮਾਸਿਸਟ ਰਿਟਾਇਰ ਰਾਮ ਲਾਲ ਬਾਂਸਲ ਸ਼ਾਮਿਲ ਹੋਏ। ਇਸ ਮੌਕੇ ਉਹਨਾਂ ਬ੍ਰਿਧ ਆਸ਼ਰਮ 'ਚ ਰਹਿੰਦੇ ਬਜ਼ੁਰਗਾਂ ਅਤੇ ਸਿਵਲ ਹਸਪਤਾਲ 'ਚ ਦਾਖਲ ਮਰੀਜ਼ਾਂ ਨੂੰ ਰਿਫਰੈਸ਼ਮੈਂਟ ਵੰਡੀ। ਇਸ ਮੌਕੇ ਭਾਰਤ ਵਿਕਾਸ ਪ੍ਰੀਸ਼ਦ ਦੇ ਕੰਮਾਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਸਮਾਜ ਦੇ ਦਬੇ ਕੁਚਲੇ ਲੋਕਾਂ ਨੂੰ ਉੱਚਾ ਚੁੱਕਣ ਲਈ ਵਧੀਆ ਕੰਮ ਕੀਤਾ ਜਾ ਰਿਹਾ ਹੈ। ਇਸ ਮੌਕੇ ਸੰਸਥਾ ਪ੍ਰਧਾਨ ਰਜਿੰਦਰ ਗੁਪਤਾ ਨੇ ਮੁੱਖ ਮਹਿਮਾਨ ਦਾ ਧੰਨਵਾਦ ਕਰਦਿਆਂ ਉਹਨਾਂ ਤੋਂ ਹੋਰ ਵੱਧ ਸਹਿਯੋਗ ਦੀ ਆਸ ਪ੍ਰਗਟਾਈ। ਇਸ ਮੌਕੇ ਹਰੀਸ਼ ਸਡਾਨਾ, ਗਗਨਦੀਪ ਗੋਇਲ, ਬ੍ਰਿਸ਼ ਭਾਨ ਕਾਂਸਲ, ਸੀ.ਏ.ਰਜਤ, ਪਰਮਿੰਦਰ ਅਰੋੜਾ, ਪਵਨ ਕੁਮਾਰ, ਵਿਕਾਸ ਛੋਟੂ, ਭੀਮ ਸੈਨ, ਵੇਦ ਬਾਸਲ ਤੋਂ ਇਲਾਵਾ ਸਿਵਲ ਹਸਪਤਾਲ ਦਾ ਈ.ਐੱਮ.ਓ, ਫਾਰਮਾਸਿਸਟ ਅਤੇ ਪੈਰਾ ਮੈਡੀਕਲ ਸਟਾਫ ਵੀ ਮੌਜੂਦ ਸੀ।

## ਵਿਅਕਤੀ ਦਾ ਡੋਪ ਟੈਸਟ ਕਰਾਉਣ 'ਤੇ ਪਾਜ਼ੀਟਿਵ ਪਾਇਆ

ਪਟਿਆਲਾ, 13 ਜੁਲਾਈ (ਵਿਨੋਦ ਸ਼ਰਮਾ) : ਥਾਣਾ ਸਦਰ ਪਟਿਆਲਾ ਅਧੀਨ ਪੈਂਦੀ ਚੌਂਕੀ ਬਲਬੇੜਾ ਪੁਲਿਸ ਨੇ ਕੁਲਦੀਪ ਸਿੰਘ ਵਾਸੀ ਪਿੰਡ ਜੀਵਨ ਸਿੰਘ ਵਾਲਾ ਥਾਣਾ ਤਵਲੰਡੀ ਸਾਬੋ ਜ਼ਿਲ੍ਹਾ ਬਠਿੰਡਾ ਵਿਰੁੱਧ ਧਾਰਾ 27, 61, 85 ਦੇ ਤਹਿਤ ਮਾਮਲਾ ਦਰਜ ਕੀਤਾ ਹੈ। ਚੌਂਕੀ ਬਲਬੇੜਾ ਦੇ ਮੁਖੀ ਜੈਦੀਪ ਸ਼ਰਮਾ ਸਮੇਤ ਪੁਲਿਸ ਪਾਰਟੀ ਗਸ਼ਤ ਵਾ ਤਲਾਸ਼ ਸ਼ੱਕੀ ਤੇ ਭੈੜੇ ਪੁਰਸ਼ਾਂ ਦੇ ਸਬੰਧ ਵਿੱਚ ਪਿੰਡ ਬਲਬੇੜਾ ਦੀਆਂ ਮੜ੍ਹੀਆ ਪਾਸ ਮੌਜੂਦ ਸੀ। ਕਥਿਤ ਦੋਸ਼ੀ ਨੂੰ ਸ਼ੱਕ ਦੇ ਅਧਾਰ 'ਤੇ ਰੋਕ ਕੇ ਚੈਕ ਕਰਨ ਦੋਸ਼ੀ ਦਾ ਨਸ਼ਾ ਕੀਤਾ ਹੋਇਆ ਜਾਪਦਾ ਪਾਇਆ ਗਿਆ, ਜੋ ਡੋਪ ਟੈਸਟ ਕਰਾਉਣ ਪਰ ਪਾਜ਼ੀਟਿਵ ਆਇਆ।

## ਜ਼ਿਲ੍ਹਾ ਕਾਂਗਰਸ ਕਮੇਟੀ ਪਟਿਆਲਾ ਦਿਹਾਤੀ ਓ.ਬੀ.ਸੀ. ਵਿੰਗ ਦੀ ਮੀਟਿੰਗ 'ਚ ਲਏ ਅਹਿਮ ਫ਼ੈਸਲੇ

ਭਾਦਸੋਂ, 13 ਜੁਲਾਈ (ਭਰਪੂਰ ਸਿੰਘ ਮੱਟਰਾਂ): ਪੰਜਾਬ ਪ੍ਰਧਾਨ ਕਾਂਗਰਸ ਅਮਰਿੰਦਰ ਸਿੰਘ ਰਾਜਾ ਵੜਿੰਗ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਹਰਵਿੰਦਰ ਸਿੰਘ ਖਨੌੜਾ ਪ੍ਰਧਾਨ ਜ਼ਿਲ੍ਹਾ ਕਾਂਗਰਸ ਅਤੇ ਓਬੀਸੀ ਸੂਬਾ ਕੋਆਰਡੀਨੇਟਰ, ਸੀਨੀਅਰ ਵਾਈਸ ਚੇਅਰਮੈਨ ਹਰਦੀਪ ਸਿੰਘ ਜੋਸਨ ਦੀ ਰਹਿਨੁਮਾਈ ਹੇਠ ਜ਼ਿਲ੍ਹਾ ਕਾਂਗਰਸ ਕਮੇਟੀ ਪਟਿਆਲਾ ਦਿਹਾਤੀ ਦੇ ਦਫਤਰ ਵਿਖੇ ਓਬੀਸੀ ਵਿੰਗ ਜ਼ਿਲ੍ਹਾ ਪਟਿਆਲਾ ਦੀ ਮੀਟਿੰਗ ਹੋਈ, ਜਿਸ ਵਿੱਚ ਪੰਜਾਬ ਮਹਿਲਾ ਕਾਂਗਰਸ ਦੀ ਪ੍ਰਧਾਨ ਸ਼੍ਰੀਮਤੀ ਗੁਰਸ਼ਰਨ ਕੌਰ ਰੰਧਾਵਾ ਜੀ, ਬਲਦੇਵ ਸਿੰਘ ਰੱਤਾ ਜ਼ਿਲ੍ਹਾ ਇੰਟਕ ਪ੍ਰਧਾਨ, ਸੂਬਾ ਕੋਆਰਡੀਨੇਟਰ ਓਬੀਸੀ ਭਗਵੰਤ ਸਿੰਘ ਮਨਕੂ ਭਾਦਸੋਂ,ਪੰਜਾਬ ਓਬੀਸੀ ਵਿੰਗ ਦੇ



ਸੈਕਟਰੀ ਗੋਪੀ, ਤੇ ਜੁਆਇੰਟ ਸੈਕਟਰੀ ਜਸਵਿੰਦਰ ਜਰਗੀਆ , ਜ਼ਿਲ੍ਹਾ ਓਬੀਸੀ ਦੇ ਦਿਹਾਤੀ ਪ੍ਰਧਾਨ ਸ਼੍ਰੀ ਪ੍ਰਭਦੀਪ ਸਿੰਘ ਜ਼ਿਲ੍ਹਾ ਓਬੀਸੀ ਦੇ ਸ਼ਹਿਰੀ ਪ੍ਰਧਾਨ ਸ਼੍ਰੀ ਗੁਰਮੀਤ ਸਿੰਘ ਚੌਹਾਨ ਅਤੇ ਓਬੀਸੀ ਦੇ ਬਲਾਕ ਪ੍ਰਧਾਨ ਜ਼ਿਲ੍ਹਾ ਓਬੀਸੀ ਦੇ ਅਹੁਦੇਦਾਰ ਸਾਹਿਬਾਨ ਨੇ ਵਿਸ਼ੇਸ਼ ਤੌਰ 'ਤੇ ਇਸ ਮੀਟਿੰਗ ਵਿੱਚ ਸ਼ਿਰਕਤ ਕੀਤੀ ਅਤੇ ਆਉਣ ਵਾਲੇ ਸਮੇਂ ਦੇ ਵਿੱਚ ਕਾਂਗਰਸ ਪਾਰਟੀ ਨੂੰ ਹੋਰ ਮਜ਼ਬੂਤ ਕਰਨ ਲਈ ਵਿਚਾਰ ਕੀਤੀ । ਇਸ ਮੌਕੇ ਓਬੀਸੀ ਵਿੰਗ ਵੱਲੋਂ ਭਰੋਸਾ ਦਵਾਇਆ ਗਿਆ ਕਿ ਉਹ ਕਾਂਗਰਸ ਪਾਰਟੀ ਦੀ ਚੜ੍ਹਦੀਕਲਾ ਲਈ ਦਿਨ ਰਾਤ ਇੱਕ ਕਰਕੇ ਕੰਮ ਕਰਨਗੇ । ਇਸ ਮੌਕੇ ਦੀਦਾਰ ਸਿੰਘ ਦੋਣਕਲਾਂ ਸਕੱਤਰ ਕਿਸਾਨ ਸੈਲ, ਸਤਵਿੰਦਰ ਸਿੰਘ ਸੈਲੀ ਜ਼ਿਲ੍ਹਾ ਜਰਨਲ ਸੈਕਟਰੀ, ਜ਼ਿਲ੍ਹਾ ਵਾਈਸ ਪ੍ਰਧਾਨ ਰੇਸ਼ਮ ਸਿੰਘ, ਗੁਰਮੀਤ ਸਿੰਘ, ਸਤਨਾਮ ਸਿੰਘ ਧੰਜੂ, ਵਿਸ਼ਾਲ ਧਿਆਨ ਅਮਿਤ ਆਲੋਵਾਲੀਆਂ ਤੇ ਹੋਰ ਅਹੁਦੇਦਾਰ ਹਾਜ਼ਰ ਸਨ ।

## ਲਾਇਨਜ਼ ਇੰਟਰਨੈਸ਼ਨਲ ਨੇ ਲੋੜਵੰਦ ਪਰਿਵਾਰ ਦੀ ਲੜਕੀ ਦੇ ਵਿਆਹ 'ਚ ਮਦਦ ਕੀਤੀ

ਪਟਿਆਲਾ, 13 ਜੁਲਾਈ (ਚ.ਨ.ਸ.) : ਲਾਇਨਜ਼ ਇੰਟਰਨੈਸ਼ਨਲ ਦੇ ਜ਼ਿਲ੍ਹਾ 321ਐਫ ਰੀਜਨ 11 ਦੇ ਲਾਈਨਜ਼ ਕਲੱਬ ਪਟਿਆਲਾ ਨਿਊ ਸੈਂਟਰਲ ਨੇ ਪ੍ਰਧਾਨ ਲਾਈਨ ਹਰਮੇਸ਼ ਸਿੰਗਲਾ, ਪੀਆਰਓ ਲਾਈਨ ਸੰਜੇ ਗੋਇਲ, ਸਕੱਤਰ ਕੇਕੇ ਬਾਂਸਲ ਦੀ ਅਗਵਾਈ ਹੇਠ ਕਲੱਬ ਮੈਂਬਰਾਂ ਦੇ ਸਹਿਯੋਗ ਨਾਲ ਅਮਰ ਦਰਸ਼ਨ ਕਲੋਨੀ ਪਟਿਆਲਾ ਦੀ ਇੱਕ ਲੋੜਵੰਦ ਪਰਿਵਾਰ ਦੀ ਲੜਕੀ ਦੇ ਵਿਆਹ ਵਿੱਚ ਮਦਦ ਕੀਤੀ। ਇਸ ਮੌਕੇ ਕਲੱਬ ਦੇ ਐਮਜੇਐਫ ਲਾਈਨ ਸੋਹਿੰਦਰ ਕਾਂਸਲ ਨੇ ਕਿਹਾ ਕਿ ਵਿਆਹ ਵਿੱਚ ਲੜਕੀ ਨੂੰ ਸੂਟ, ਬਿਸਤਰਾ, ਇੱਕ ਸਿਲਾਈ ਮਸ਼ੀਨ, ਇੱਕ ਕੁੱਕਰ, ਰਸੋਈ ਦੇ ਭਾਂਡੇ, ਬਿਸਤਰੇ ਦੀਆਂ ਚਾਦਰਾਂ, ਚਾਂਦੀ ਅਤੇ ਹੋਰ ਕਿਸਮ ਦੇ ਗਹਿਣੇ,




ਜੁੱਤੀਆਂ, ਮੁੰਡੇ ਲਈ ਵਿਆਹ ਦੇ ਸੂਟ ਅਤੇ ਵਿਆਹ ਵਿੱਚ ਸ਼ਾਮਲ 50 ਲੋਕਾਂ ਲਈ ਰਾਸ਼ਨ ਪਾਣੀ ਤੋਂ ਇਲਾਵਾ ਲੜਕੀ ਨੂੰ ਅਸ਼ੀਰਵਾਦ ਦੇ ਰੂਪ ਵਿੱਚ ਸ਼ਗਨ ਦਿੱਤਾ ਗਿਆ। ਇਸ ਮੌਕੇ ਆਈਪੀਪੀ ਲਾਇਨ ਸੰਜੀਵ ਵਰਮਾ, ਸੀਨੀਅਰ ਲਾਈਨ ਮੈਂਬਰ ਐਮਜੇਐਫ ਇੰਜੀਨੀਅਰ ਨਰਿੰਦਰ ਸਿੰਘ, ਸੁਰੇਸ਼ ਗਰਗ ਸਮੇਤ ਸੋਨੀਆ ਬਘੇਲ ਸਮੇਤ ਕਈ ਹੋਰ ਲਾਈਨ ਮੈਂਬਰਾਂ ਨੇ ਹਿੱਸਾ ਲਿਆ। ਕਲੱਬ ਦੇ ਪ੍ਰਧਾਨ ਲਾਇਨ ਹਰਮੇਸ਼ ਸਿੰਗਲਾ, ਪੀਆਰਓ ਲਾਇਨ ਸੰਜੇ ਗੋਇਲ ਨੇ ਕਿਹਾ ਕਿ ਸਾਨੂੰ ਸਮਾਜ ਦੇ ਅਜਿਹੇ ਲੋੜਵੰਦ ਲੋਕਾਂ ਦੀ ਮਦਦ ਕਰਨੀ ਚਾਹੀਦੀ ਹੈ । ਕਲੱਬ ਦੇ ਪੀਆਰਓ ਅਤੇ ਮੈਰਿਜ ਸੈੱਲ ਦੇ ਇੰਚਾਰਜ ਲਾਈਨ ਸੰਜੇ ਗੋਇਲ ਨੇ ਕਿਹਾ ਕਿ ਲਾਈਨਜ਼ ਕਲੱਬ ਪਟਿਆਲਾ ਨਿਊ ਸੈਂਟਰਲ ਭਵਿੱਖ ਵਿੱਚ ਵੀ ਲੋੜਵੰਦ ਲੜਕੀਆਂ/ਪਰਿਵਾਰਾਂ ਦੀ ਮਦਦ ਕਰਦਾ ਰਹੇਗਾ।

## 'ਨਟਾਸ' ਵੱਲੋਂ ਮਾਸਿਕ ਗਾਰਡਨ ਨਾਟਕ ਮੇਲਾ ਤੇ ਥੀਏਟਰ ਵਰਕਸ਼ਾਪ ਦਾ ਸਮਾਪਨ

ਪਟਿਆਲਾ, 13 ਜੁਲਾਈ (ਚ.ਨ.ਸ.) : ਨੈਸ਼ਨਲ ਥੀਏਟਰ ਆਰਟਸ ਸੋਸਾਇਟੀ (ਨਟਾਸ) ਦਮਪਤੀ ਪਦਮਸ਼੍ਰੀ ਪ੍ਰਾਣ ਸੱਭਰਵਾਲ ਅਤੇ ਸਟੇਟ ਅਵਾਰਡੀ ਸੁਨੀਤਾ ਸੱਭਰਵਾਲ ਨੇ ਬਾਰਾਦਰੀ ਬਾਗ ਵਿਖੇ ਭਰਵੀਂ ਹਾਜਰੀ ਵਿਚ ਏਕਤਾ ਲਈ ਥੀਏਟਰ ਫੈਸਟੀਵਲ 2025 ਆਯੋਜਿਤ ਕੀਤਾ। ਜਗਤ ਪ੍ਰਸਿੱਧ ਦਾਨਵੀਰ ਡਾ: ਐਸ.ਪੀ. ਸਿੰਘ ਓਬਰਾਏ, ਮੁੱਖੀ ਸਰਬਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਸਹਿਯੋਗ ਨਾਲ ਆਯੋਜਿਤ ਫੈਸਟੀਵਲ ਵਿਚ 275ਵਾਂ ਮਾਸਿਕ ਨਾਟਕ ਮੇਲਾ, 44ਵੀਂ ਸਾਲਾਨਾ ਮੁਫਤ ਥੀਏਟਰ ਵਰਕਸ਼ਾਪ, ਐਕਟਿੰਗ ਅਤੇ ਵਿਅਕਤਿਤਵ ਵਿਕਾਸ ਕਲਾਸਾਂ ਦਾ ਸਮਾਪਨ, ਨਾਮਵਰ ਪੰਜਾਬੀ, ਹਿੰਦੀ, ਸੰਸਕ੍ਰਿਤ ਸਕਾਲਰ ਡਾ: ਪ੍ਰੇਮ ਪ੍ਰਕਾਸ਼ ਸਿੰਘ ਧਾਲੀਵਾਲ ਨੂੰ ਸ਼ਰਧਾਂਜਲੀ ਅਤੇ ਕਲਾਕਾਰਾਂ ਨੂੰ 17900/- ਰੁਪਏ ਦੇ ਕੈਸ਼ ਅਵਾਰਡ ਵੰਡੇ ਗਏ। ਫੈਸਟੀਵਲ ਕਨਵੀਨਰ ਪਦਮਸ਼੍ਰੀ ਅਵਾਰਡੀ ਪ੍ਰਾਣ ਸੱਭਰਵਾਲ ਅਨੁਸਾਰ ਰਾਜ ਦੀਆਂ ਪ੍ਰਮੁੱਖ



ਸਮਾਜਿਕ ਸ਼ਖਸੀਅਤਾਂ ਪ੍ਰਿੰਸ ਖਰਬੰਦਾ ਐਮ.ਡੀ. ਸੰਗਮ ਕੈਟਰਰਜ਼ ਪ੍ਰਾਈਵੇਟ ਲਿਮ:, ਦੰਪਤੀ ਪ੍ਰਿੰਸੀਪਲ ਮੈਡਮ ਮਾਨਵਤਾ ਘੁੰਮਨ, ਪ੍ਰਿੰਸੀਪਲ ਵੀਰਇੰਦਰ ਸਿੰਘ ਘੁੰਮਣ ਅਤੇ ਇੰਜ: ਓ.ਪੀ. ਗਰਗ ਵਧੀਕ ਐਸ.ਈ. ਪੰਜਾਬ ਰਾਜ ਬਿਜਲੀ ਬੋਰਡ ਨੇ ਨਟਾਸ ਪ੍ਰਧਾਨ ਸ੍ਰ: ਗੁਰਬਚਨ ਸਿੰਘ ਕੱਕੜ, ਡਾਇਰੈਕਟਰ ਪ੍ਰਾਣ ਸੱਭਰਵਾਲ, ਏ.ਆਈ.ਜੀ. ਪੁਲਿਸ ਸ੍ਰ: ਬਲਵਿੰਦਰ ਸਿੰਘ ਭਿਖੀ (ਸੇਵਾ ਮੁਕਤ ) ਅਤੇ ਗੁਲਾਬ ਰਾਏ ਗਰਗ, ਜਸਬੀਰ ਸਿੰਘ ਓਬਰਾਏ ਨਾਲ ਸਮਾਗਮ ਦਾ ਉਦਘਾਟਨ ਕੀਤਾ। ਉਪਰੋਕਤ ਸ਼ਖਸੀਅਤਾਂ ਨੇ ਪੰਜਾਬ ਦਾ ਰਿਸ਼ੀ ਪਾਨਿਨੀ" ਜਾਣੇ ਜਾਣ ਵਾਲੀ ਪੰਜਾਬੀ, ਹਿੰਦੀ, ਸੰਸਕ੍ਰਿਤ ਦੇ ਸਿਰਮੌਰ ਵਿਦਵਾਨ, ਸਵ: ਡਾ. ਪ੍ਰੇਮ ਪ੍ਰਕਾਸ਼ ਸਿੰਘ ਧਾਲੀਵਾਲ, ਬਾਨੀ ਮੁਖੀ ਪੰਜਾਬੀ ਵਿਭਾਗ, ਪੰਜਾਬੀ ਯੂਨੀਵਰਸਿਟੀ ਦੇ ਅਜੀਤ ਆਰਟਸ ਵੱਲੋਂ ਬਣਾਏ ਪੋਰਟਰੇਟ 'ਤੇ ਪੁਸ਼ਪਾਂਜਲੀ ਭੇਟ ਕਰਕੇ ਭਗਵਾਨ ਨਟਰਾਜ ਦੀ ਉਸਤਤਿ 'ਚ ਸ਼ਲੋਕਾਂ ਦੇ ਉਚਾਰਨ ਦੌਰਾਨ ਸ਼ਰਧਾਂਜਲੀ ਭੇਟ ਕੀਤੀ। ਭਾਸ਼ਾ ਵਿਭਾਗ ਦੇ ਸਹਿਯੋਗ ਨਾਲ ਨਿਰਵਿਘਨ ਸੰਪੰਨ ਹੋਈ 44ਵੀਂ ਸਾਲਾਨਾ ਥੀਏਟਰ ਵਰਕਸ਼ਾਪ ਦੇ ਸਿਖਿਆਰਥੀਆਂ ਨੇ ਸ਼੍ਰੀ ਮੋਹਨ ਕੰਬੋਜ ਵੱਲੋਂ ਨਿਰਦੇਸ਼ਿਤ ਗੁਰਚਰਨ ਸਿੰਘ ਜਾਸੂਜਾ ਲਿਖਿਤ ਅਤੇ ਸੁਨੀਤਾ ਸੱਭਰਵਾਲ ਵੱਲੋਂ ਅਡਾਪਟਿਡ 'ਯਥਾ ਰਾਜਾ ਤੱਥਾ ਪਰਜਾ' ਸਫਲਤਾ ਪੂਰਵਕ ਪੇਸ਼ ਕੀਤਾ। ਇਸ ਅਵਸਰ 'ਤੇ ਕਾਰਜਰਤ ਕਲਾਕਾਰਾਂ, ਪ੍ਰਬੰਧਕੀ ਅਤੇ ਟੈਕਨੀਕਲ ਟੀਮ ਦੇ ਮੈਂਬਰਾਂ ਗਿਲ-ਦੀਪ (ਟਿਮੀ), ਪਰਮਜੀਤ ਕੌਰ, ਸਿਮਰਨਜੀਤ ਕੌਰ ਸਰਨਾ, ਸੁਭਾਸ਼ ਭਗਤ, ਬਲਜੀਤ ਚੰਦ, ਸੰਜੀਵ ਕੁਮਾਰ, ਅਕਸ਼ੇ ਖੰਨਾ, ਹਰਪਾਲ ਮਾਨ, ਮੋਹਨ ਕੰਬੋਜ਼ ਆਦਿ ਨੂੰ 17900/- ਰੁਪਏ ਦੇ ਕੈਸ਼ ਅਵਾਰਡ ਭੇਟ ਕਰਕੇ ਸਨਮਾਨਿਤ ਕੀਤਾ ਗਿਆ। ਵਰਕਸ਼ਾਪ ਟ੍ਰੇਨਰਜ਼ ਅਤੇ ਸਿਖਿਆਰਥੀਆਂ ਨੂੰ ਫੁਲਕੀਆ ਪ੍ਰੈਸ ਵੱਲੋਂ ਸਰਟੀਫਿਕੇਟਸ ਅਤੇ ਪ੍ਰਿੰਸ ਖਰਬੰਦਾ ਵੱਲੋਂ ਬਤੌਰ ਪ੍ਰੇਮ ਭੇਟਾ ਪ੍ਰਾਪਤ ਮੋਮੈਂਟੋ ਪ੍ਰਦਾਨ ਕਰਕੇ ਸਨਮਾਨਿਤ ਕੀਤਾ ਗਿਆ।

## ਡਾਇਰੀਆ ਬਿਮਾਰੀ ਤੋਂ ਬਚਣ ਲਈ ਛੋਟੇ ਬੱਚਿਆਂ ਲਈ ਮਾਂ ਦਾ ਦੁੱਧ ਬਹੁਤ ਲਾਭਦਾਇਕ: ਡਾ. ਵੀਨੂੰ ਗੋਇਲ

ਨਾਭਾ, 13 ਜੁਲਾਈ (ਗੁਰਚਰਨ ਸਿੰਘ ਚੌਧਰੀਮਾਜਰਾ) : ਸਿਵਲ ਹਸਪਤਾਲ ਨਾਭਾ ਵਿਖੇ ਡਾਇਰੀਆ ਭਿਆਨਕ ਬਿਮਾਰੀ ਨੂੰ ਲੈ ਕੇ ਐਸ ਐਮ ਵੀਨੂੰ ਗੋਇਲ ਦੀ ਹਾਜ਼ਰੀ ਵਿੱਚ ਛੋਟੇ ਬੱਚਿਆਂ ਨੂੰ ਦਿਖਾਉਣ ਲਈ ਆਈਆਂ ਬੱਚਿਆਂ ਦੀਆਂ ਮਾਵਾਂ ਨਾਲ ਬੱਚਿਆਂ ਦੇ ਡਾਕਟਰ ਅਸੀਸ ਗਰਗ ਦੇ ਮੈਡੀਕਲ ਕਮਰੇ ਵਿੱਚ ਡਾਇਰੀਆ ਦੀ ਬਿਮਾਰੀ ਬਾਰੇ ਜਾਣਕਾਰੀ ਸਾਂਝੀ ਕੀਤੀ । ਇਸ ਸਮੇਂ ਡਾਕਟਰ ਆਸ਼ੀਸ਼ ਗਰਗ ਨੇ ਬੱਚਿਆਂ ਦੀ ਬਿਮਾਰੀ ਬਾਰੇ ਜਾਣਕਾਰੀ ਦਿੰਦਿਆਂ ਕਿਹਾ ਕਿ ਕਈ ਵਾਰੀ ਬੱਚਿਆਂ ਨੂੰ ਉਲਟੀਆਂ ਜਾ ਪੋਟੀਆ ਲੱਗ ਜਾਂਦੀਆਂ ਹਨ, ਤਾਂ ਸਾਨੂੰ ਘਬਰਾਉਣ ਦੀ ਲੋੜ ਨਹੀਂ ਇਸ ਮੌਕੇ ਉਹਨਾਂ ਨੂੰ ਵਾਰ ਵਾਰ ਓ ਆਰ ਐਸ ਦਾ ਘੋਲ ਪਿਆਉਣਾ



ਚਾਹੀਦਾ ਹੈ। ਇਸ ਨੂੰ ਤਿਆਰ ਕਰਨ ਸਾਨੂੰ ਚੰਗੀ ਤਰ੍ਹਾਂ ਆਪਣੇ ਹੱਥ ਸਾਫ ਕਰਕੇ ਪਾਣੀ ਨੂੰ ਚੰਗੀ ਤਰਾਂ ਉਬਾਲ ਕੇ ਉਸ ਵਿੱਚ ਓ ਆਰ ਐਸ ਦਾ ਪਾਊਡਰ ਪਾ ਕੇ ਉਸ ਨੂੰ ਚੰਗੀ ਤਰ੍ਹਾਂ ਘੋਲ ਲੈਣਾ ਚਾਹੀਦਾ ਹੈ।ਸਾਨੂੰ ਹੋਰ ਖਾਣ ਪੀਣ ਦੀਆਂ ਚੀਜ਼ਾਂ ਬੱਚਿਆਂ ਨੂੰ ਦੇਣ ਸਮੇਂ ਸਫਾਈ ਦਾ ਖਾਸ ਧਿਆਨ ਰੱਖਣਾ ਚਾਹੀਦਾ ਹੈ। ਜੇਕਰ ਵਾਰ ਵਾਰ ਬੱਚਾ ਉਲਟੀ ਜਾ ਪੋਟੀ ਕਰਦਾ ਹੈ, ਤਾਂ ਉਸ ਨੂੰ ਤੁਰੰਤ ਡਾਕਟਰ ਨੂੰ ਦਿਖਾਉਣਾ ਚਾਹੀਦਾ ਹੈ। ਇਸ ਸਮੇਂ ਐਸ ਐਮ ਓ ਡਾਕਟਰ ਵੀਨੂ ਗੋਇਲ ਨੇ ਕਿਹਾ ਕਿ ਜਿਹੜੇ ਬੱਚੇ ਛੋਟੇ ਹਨ ਉਸ ਨੂੰ ਮਾਂ ਦਾ ਹੀ ਦੁੱਧ ਦੇਣਾ ਚਾਹੀਦਾ ਹੈ । ਇਸ ਸਮੇਂ ਇਹਨਾਂ ਨਾਲ ਹਸਪਤਾਲ ਦਾ ਹੋਰ ਸਟਾਫ ਵੀ ਮੌਜੂਦ ਸੀ।

## ਵਿਦੇਸ਼ ਭੇਜਣ ਦਾ ਝਾਂਸਾ ਦੇ ਕੇ ਮਾਰੀ ਠੱਗੀ

ਪਟਿਆਲਾ, 13 ਜੁਲਾਈ (ਵਿਨੋਦ ਸ਼ਰਮਾ) : ਥਾਣਾ ਅਰਬਨ ਅਸਟੇਟ ਪਟਿਆਲਾ ਪੁਲਿਸ ਕੋਲ ਗੁਰਜੀਤ ਕੌਰ ਪਤਨੀ ਬਹਾਦੁਰ ਸਿੰਘ ਵਾਸੀ ਬਲਾਕ-ਬੀ ਗਲੀ ਨੰ. 1 ਗੁਰੂ ਨਾਨਕ ਨਗਰ ਲੁਧਿਆਣਾ ਨੇ ਕਥਿਤ ਦੋਸ਼ੀਆਂ ਗੁਰਪ੍ਰੀਤ ਸਿੰਘ (ਇੰਮੀਗ੍ਰੇਸ਼ਨ ਮਾਲਕ), ਮੈਨੇਜਰ ਤਰਨਜੀਤ ਕੌਰ ਵਾਸੀ ਹੇਮ ਬਾਗ ਕਲੋਨੀ ਪਟਿਆਲਾ ਵਿਰੁੱਧ ਸ਼ਿਕਾਇਤ ਦਰਜ ਕਰਵਾਈ ਹੈ। ਸ਼ਿਕਾਇਤਕਰਤਾ ਨੇ ਪੁਲਿਸ ਨੂੰ ਦੱਸਿਆ ਕਿ ਕਥਿਤ ਦੋਸ਼ੀਆਂ ਨੇ ਉਸ ਦੀ ਲੜਕੀ ਨੂੰ ਸਟੱਡੀ ਵੀਜਾ 'ਤੇ ਵਿਦੇਸ਼ ਭੇਜਣ ਦਾ ਝਾਂਸਾ ਦੇ ਕੇ 1,59,000 ਰੁਪਏ ਲੈ ਲਏ, ਪਰ ਬਾਅਦ ਵਿੱਚ ਨਾ ਵਿਦੇਸ਼ ਭੇਜਿਆ ਅਤੇ ਨਾ ਹੀ ਪੈਸੇ ਵਾਪਿਸ ਕੀਤੇ। ਪੁਲਿਸ ਨੇ ਧਾਰਾ 406,420, 120ਬੀ ਦੇ ਤਹਿਤ ਮਾਮਲਾ ਦਰਜ ਕਰ ਲਿਆ ਹੈ।

### ਨਗਰ ਨਿਗਮ ਦੀ ਕਾਰਵਾਈ

## ਸੈਂਚਰੀ ਇਨਕਲੇਵ ਦੀ ਐਂਟਰੀ 'ਤੇ ਉਸਾਰੇ ਜਾ ਰਹੇ ਲੋਹੇ ਦੇ ਗੇਟ ਉਖਾੜੇ

ਪਟਿਆਲਾ, 13 ਜੁਲਾਈ (ਰੁਪਾਣਾ) : ਨਗਰ ਨਿਗਮ ਵੱਲੋਂ ਲੋਕਾਂ ਲਈ ਬਣ ਰਹੀਆਂ ਸਿਰਦਰਦ ਮਨਮਰਜੀ ਨਾਲ ਕੀਤੀਆਂ ਉਸਾਰੀਆਂ ਨੂੰ ਨਕੇਲ ਪਾਈ ਜਾ ਰਹੀ ਹੈ। ਨਗਰ ਨਿਗਮ ਦੇ ਇੰਸਪੈਕਟਰ ਵਿਸ਼ਾਲ ਵਰਮਾ ਨੇ ਨਿਗਮ ਟੀਮ ਦੀ ਵਿਸ਼ੇਸ਼ ਟੀਮ ਨਾਲ ਸ਼ਹਿਰ ਦੀਆਂ ਕਈ ਰਿਹਾਇਸ਼ੀ ਇਲਾਕਿਆਂ ਵਿੱਚ ਬਣਾਏ ਗਏ ਗੈਰ ਕਾਨੂੰਨੀ ਪ੍ਰਵੇਸ਼ ਦੁਆਰ (ਗੇਟ) ਉਖਾੜ ਦਿੱਤੇ ਹਨ। ਨਿਗਮ ਦੇ ਅਧਿਕਾਰੀਆਂ ਦੇ ਕਹਿਣ ਮੁਤਾਬਕ ਇਸ ਨੂੰ ਰੋਕਣ ਲਈ ਪਹਿਲਾਂ ਵੀ ਨਿਗਮ ਵੱਲੋਂ ਆਦੇਸ਼ ਦਿੱਤੇ ਗਏ ਸਨ, ਪਰ ਉਸਾਰੀ ਬੰਦ ਕਰਨ ਦੀ ਬਜਾਏ ਹੋਰ ਤੇਜ਼ ਕਰ ਦਿੱਤੀ ਗਈ। ਇੰਸਪੈਕਟਰ ਵਿਸ਼ਾਲ ਵਰਮਾ ਨੇ ਕਾਰਵਾਈ ਦਾ ਆਧਾਰ ਅਤੇ ਉਦੇਸ਼ ਦੱਸਦਿਆ ਕਿਹਾ ਕਿ ਨਗਰ ਨਿਗਮ ਦੇ ਮੇਅਰ ਕੁੰਦਨ ਗੋਗੀਆ ਅਤੇ ਕਮਿਸ਼ਨਰ ਪਰਮਵੀਰ ਸਿੰਘ ਕੋਲ ਇਸ ਸੰਬੰਧੀ ਸ਼ਿਕਾਇਤਾਂ ਆ ਰਹੀਆਂ ਸਨ, ਜਿਸ ਵਿੱਚ ਨਿੱਜੀ ਡਿਵੈਲਪਰਾਂ ਅਤੇ ਕੁੱਝ ਰਿਹਾਇਸ਼ੀ ਸਮੂਹਾਂ ਨੇ ਬਿਨ੍ਹਾਂ ਕਿਸੇ ਅਧਿਕਾਰਤ ਮਨਜ਼ੂਰੀ ਦੇ, ਜਨਤਕ



ਸੜਕਾਂ ਅਤੇ ਗਲੀਆਂ ਦੇ ਸਿਰਿਆਂ 'ਤੇ ਆਪਣੇ ਮਨਮਰਜੀ ਨਾਲ ਕੰਧਾਂ ਖੜ੍ਹੀਆਂ ਕਰਕੇ ਅਤੇ ਗੇਟ ਲਗਾ ਕੇ ਅਜਿਹੀਆਂ ਨਿਜੀ ਕਲੋਨੀਆਂ ਜਾਂ ਗਲੀਆਂ ਬਣਾ ਲਈਆਂ ਸਨ। ਵਰਮਾ ਨੇ ਕਿਹਾ ਕਿ ਇਹ ਗੇਟ ਜਨਤਕ ਸੜਕਾਂ 'ਤੇ ਆਮ ਲੋਕਾਂ, ਜਿਵੇਂ ਕਿ ਡਾਕੀਏ, ਐਂਬੂਲੈਂਸ, ਅੱਗ ਬੁਝਾਉਣ ਵਾਲੀਆਂ ਗੱਡੀਆਂ, ਅਤੇ ਸਧਾਰਣ ਲੋਕਾਂ ਦੀ ਆਵਾਜਾਈ ਨੂੰ ਰੋਕਦੇ ਸਨ। ਅਚਾਨਕ ਕਿਸੇ ਐਮਰਜੈਂਸੀ ਸਥਿਤੀ ਜਿਵੇਂ ਅੱਗ ਜਾਂ ਮੈਡੀਕਲ ਸਹਾਇਤਾ ਵਿੱਚ ਇਹ ਗੇਟ ਜਾਨ-ਮਾਲ ਦਾ ਨੁਕਸਾਨ ਦਾ ਕਾਰਨ ਬਣ ਸਕਦੇ ਸਨ। ਇੰਸਪੈਕਟਰ ਵਿਸ਼ਾਲ ਵਰਮਾ ਨੇ ਸੈਂਚਰੀ ਇਨਕਲੇਵ ਦੇ ਲੋਕਾਂ ਨੂੰ ਅਪੀਲ ਕਰਦਿਆ ਕਿਹਾ ਅੱਗੋਂ ਵੀ ਅਜਿਹੀ ਉਸਾਰੀ ਨਾ ਕੀਤੀ ਜਾਵੇ ਤਾਂ ਜੋ ਲੋਕਾਂ ਨੂੰ ਕਿਸੇ ਵੀ ਤਰ੍ਹਾਂ ਦੀ ਮੁਸ਼ਕਲ ਨਾ ਆਵੇ। ਇਸ ਮੌਕੇ ਇਲਾਕੇ ਦੇ ਲੋਕਾਂ ਵੱਲੋਂ ਵੀ ਨਿਗਮ ਟੀਮ ਦਾ ਖਾਸ ਤੌਰ 'ਤੇ ਧੰਨਵਾਦ ਕੀਤਾ ਗਿਆ।

## ਪੰਜ ਨਸ਼ੀਲੀਆਂ ਸ਼ੀਸ਼ੀਆਂ ਬ੍ਰਾਮਦ

ਪਟਿਆਲਾ, 13 ਜੁਲਾਈ (ਵਿਨੋਦ ਸ਼ਰਮਾ) : ਥਾਣਾ ਸਦਰ ਪਟਿਆਲਾ ਪੁਲਿਸ ਨੇ ਕਥਿਤ ਦੋਸ਼ੀ ਗੋਗੀ ਵਾਸੀ ਪੀਰ ਕਲੋਨੀ ਬਹਾਦਰਗੜ੍ਹ ਵਿਰੁੱਧ ਧਾਰਾ 22, 61, 85 ਦੇ ਤਹਿਤ ਮਾਮਲਾ ਦਰਜ ਕੀਤਾ ਹੈ। ਐਸ.ਆਈ ਬਲਜਿੰਦਰ ਸਿੰਘ ਸਮੇਤ ਪੁਲਿਸ ਪਾਰਟੀ ਗਸ਼ਤ ਵਾ ਤਲਾਸ਼ ਸ਼ੱਕੀ ਤੇ ਭੈੜੇ ਪੁਰਸ਼ਾਂ ਦੇ ਸਬੰਧ ਵਿੱਚ ਸੁਪਰ ਮਾਰਕੀਟ ਬਹਾਦਰਗੜ੍ਹ ਮੌਜੂਦ ਸੀ, ਜੋ ਇਤਲਾਹ ਮਿਲੀ ਕਿ ਦੋਸ਼ੀ ਨਸ਼ਾ ਵੇਚਣ ਲਈ ਰਾਜਾ ਫਾਰਮ ਨੂੰ ਜਾਂਦੀ ਹੋਈ ਸੜਕ ਨੇੜੇ ਖਾਲੀ ਗਰਾਊਂਡ ਪਾਸ ਖੜ੍ਹਾ ਹੈ, ਜੋ ਦੋਸ਼ੀ ਪਰ ਰੇਡ ਕਰਕੇ 5 ਨਸ਼ੀਲੀਆਂ ਸ਼ੀਸ਼ੀਆਂ ਬ੍ਰਾਮਦ ਹੋਈਆਂ।

## ਵਧੀਕ ਜ਼ਿਲ੍ਹਾ ਮੈਜਿਸਟਰੇਟ ਵੱਲੋਂ ਹਥਿਆਰਾਂ ਦੇ ਪ੍ਰਦਰਸ਼ਨ 'ਤੇ ਪੂਰਨ ਪਾਬੰਦੀ ਦੇ ਹੁਕਮ ਜਾਰੀ

ਪਟਿਆਲਾ, 13 ਜੁਲਾਈ (ਚ.ਨ.ਸ.): ਵਧੀਕ ਜ਼ਿਲ੍ਹਾ ਮੈਜਿਸਟਰੇਟ ਪਟਿਆਲਾ ਨਵਰੀਤ ਕੌਰ ਸੇਖੋਂ ਨੇ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ 2023 ਦੀ ਧਾਰਾ 163 ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਜ਼ਿਲ੍ਹਾ ਪਟਿਆਲਾ ਅੰਦਰ ਅਮਨ ਅਤੇ ਕਾਨੂੰਨ ਦੀ ਸਥਿਤੀ ਨੂੰ ਮੁੱਖ ਰੱਖਦੇ ਹੋਏ ਹਥਿਆਰਾਂ ਦੇ ਜਨਤਕ ਪ੍ਰਦਰਸ਼ਨ 'ਤੇ ਪੂਰਨ ਪਾਬੰਦੀ ਲਗਾਈ ਹੈ ਅਤੇ ਇਹ ਪਾਬੰਦੀ ਸੋਸ਼ਲ ਮੀਡੀਆ 'ਤੇ ਵੀ ਲਾਗੂ ਰਹੇਗੀ। ਇਸ ਤੋਂ ਇਲਾਵਾ ਵਿਆਹ ਸ਼ਾਦੀਆਂ/ਸਮਾਗਮਾਂ ਹੋਰ ਸਮਾਰੋਹਾਂ ਵਿੱਚ ਹਥਿਆਰਾਂ ਜਾਂ ਹਿੰਸਾ ਦੀ ਵਡਿਆਈ ਕਰਨ ਵਾਲੇ ਗੀਤਾਂ 'ਤੇ ਪੂਰਨ ਪਾਬੰਦੀ ਲਗਾਈ ਗਈ ਹੈ। ਜਨਤਕ ਇਕੱਠਾਂ, ਧਾਰਮਿਕ ਸਥਾਨਾਂ, ਵਿਆਹ ਪਾਰਟੀਆਂ ਜਾਂ ਹੋਰ ਸਮਾਗਮਾਂ ਵਿੱਚ ਵੀ ਹਥਿਆਰ ਲਿਜਾਣ ਅਤੇ ਪ੍ਰਦਰਸ਼ਨ ਕਰਨ 'ਤੇ ਪੂਰਨ ਪਾਬੰਦੀ ਰਹੇਗੀ ਅਤੇ ਕਿਸੇ ਵੀ ਭਾਈਚਾਰੇ ਵਿਰੁੱਧ ਨਫ਼ਰਤ ਭਰਿਆ ਭਾਸ਼ਣ ਦੇਣ ਉਤੇ ਵੀ ਪਾਬੰਦੀ ਲਾਗੂ ਹੋਵੇਗੀ। ਹੁਕਮ 8 ਸਤੰਬਰ 2025 ਤੱਕ ਲਾਗੂ ਰਹਿਣਗੇ। ਵਧੀਕ ਜ਼ਿਲ੍ਹਾ ਮੈਜਿਸਟਰੇਟ ਨੇ ਕਿਹਾ ਕਿ ਜੇਕਰ ਜ਼ਿਲ੍ਹੇ ਅੰਦਰ ਕੋਈ ਵੀ ਆਮ ਅਤੇ ਖਾਸ ਇਨ੍ਹਾਂ ਹੁਕਮਾਂ ਦੀ ਉਲੰਘਣਾ ਕਰਦਾ ਪਾਇਆ ਜਾਂਦਾ ਹੈ, ਤਾਂ ਉਸਦੇ ਵਿਰੁੱਧ ਬਣਦੀ ਕਾਨੂੰਨੀ ਕਾਰਵਾਈ ਤੁਰੰਤ ਅਮਲ ਵਿੱਚ ਲਿਆਂਦੀ ਜਾਵੇਗੀ।

## ਮੀਥੇਨੌਲ ਦੀ ਦੁਰਵਰਤੋਂ ਘਾਤਕ, ਗ਼ੈਰ-ਕਾਨੂੰਨੀ ਸ਼ਰਾਬ ਬਣੀ ਹੈ ਮੌਤ ਦਾ ਕਾਰਨ : ਪਰਮਿੰਦਰ ਕੌਰ

**☛ਨਸ਼ਾ ਛੁਡਾਊ ਅਤੇ ਪੁਨਰਵਾਸ ਕੇਂਦਰ ਸਾਕੇਤ ਵਿਖੇ ਦਾਖਲ ਵਿਅਕਤੀ ਨੂੰ ਮੀਥੇਨੌਲ ਦੇ ਮਾੜੇ ਪ੍ਰਭਾਵਾਂ ਤੋਂ ਕੀਤਾ ਜਾਗਰੂਕ**

ਪਟਿਆਲਾ, 13 ਜੁਲਾਈ (ਚ.ਨ.ਸ.) : ਪੰਜਾਬ ਰੈੱਡ ਕਰਾਸ ਨਸ਼ਾ ਛੁਡਾਊ ਅਤੇ ਪੁਨਰਵਾਸ ਕੇਂਦਰ ਸਾਕੇਤ ਵਿਖੇ ਦਾਖਲ ਵਿਅਕਤੀਆਂ ਨੂੰ ਮੀਥੇਨੌਲ ਦੀ ਦੁਰਵਰਤੋਂ ਨਾਲ ਸ਼ਰੀਰ 'ਤੇ ਪੈਣ ਵਾਲੇ ਮਾੜੇ ਦੁਰਪ੍ਰਭਾਵਾਂ ਸਬੰਧੀ ਜਾਗਰੂਕ ਕੀਤਾ ਗਿਆ। ਸਾਕੇਤ ਦੇ ਪ੍ਰੋਜੈਕਟ ਡਾਇਰੈਕਟਰ ਪਰਮਿੰਦਰ ਕੌਰ ਮਨਚੰਦਾ ਨੇ ਦੱਸਿਆ ਕਿ ਮੀਥੇਨੌਲ ਦੀ ਦੁਰਵਰਤੋਂ ਘਾਤਕ ਹੈ, ਅਤੇ ਇਸ ਤੋਂ ਬਣਨ ਵਾਲੀ ਗ਼ੈਰ-ਕਾਨੂੰਨੀ ਸ਼ਰਾਬ ਸੇਵਨ ਕਰਨਾ ਮੌਤ ਦਾ ਕਾਰਨ ਬਣ ਸਕਦੀ ਹੈ। ਉਨ੍ਹਾਂ ਦੱਸਿਆ ਕਿ ਮੀਥੇਨੌਲ ਦੀ ਵਰਤੋਂ ਗ਼ੈਰ ਸਮਾਜੀ ਅਨਸਰ ਗ਼ੈਰਕਾਨੂੰਨੀ ਤੇ ਨਾਜਾਇਜ਼ ਸ਼ਰਾਬ ਬਣਾਉਣ ਲਈ ਕਰਕੇ ਅਜਿਹੀ ਸ਼ਰਾਬ ਮੁਨਾਫ਼ਾ ਕਮਾਉਣ ਲਈ ਅੱਗੇ ਵੇਚ ਸਕਦੇ ਹਨ, ਜਿਸ ਨਾਲ ਅਜਿਹੀ ਸ਼ਰਾਬ ਦਾ ਸੇਵਨ ਕਰਨ ਵਾਲਿਆਂ ਦੀ ਜਾਨ ਵੀ ਜਾ ਸਕਦੀ ਹੈ। ਪਰਮਿੰਦਰ ਕੌਰ ਮਨਚੰਦਾ ਨੇ ਹਾਜ਼ਰੀਨ ਨੂੰ ਸੁਚੇਤ ਕਰਦਿਆਂ ਕਿਹਾ ਕਿ ਮੀਥੇਨੌਲ ਜ਼ਹਿਰ




ਦੇ ਖ਼ਤਰਿਆਂ ਬਾਰੇ ਜਾਗਰੂਕ ਹੋਣਾ ਜ਼ਰੂਰੀ ਹੈ, ਕਿਉਂਕਿ ਇਸ ਤੋਂ ਗ਼ੈਰ-ਕਾਨੂੰਨੀ ਸ਼ਰਾਬ ਬਣਨ ਦੇ ਮਾਮਲੇ ਸਾਹਮਣੇ ਆਏ ਹਨ, ਪਰੰਤੂ ਅਜਿਹੀ ਸ਼ਰਾਬ ਦਾ ਸੇਵਨ ਕਰਨਾ ਇੱਕ ਮਹੱਤਵਪੂਰਨ ਚਿੰਤਾ ਦਾ ਵਿਸ਼ਾ ਹੈ। ਕਿਉਂ ਕਿ ਗ਼ੈਰ-ਕਾਨੂੰਨੀ ਬਣਾਈ ਗਈ ਸ਼ਰਾਬ ਵਿੱਚ ਮੀਥੇਨੌਲ ਦੀ ਮੌਜੂਦਗੀ ਨਾਲ ਗੰਭੀਰ ਸਿਹਤ ਨਤੀਜੇ ਹੋ ਸਕਦੇ ਹਨ, ਜਿਸ ਵਿੱਚ ਅੰਨ੍ਹਾਪਣ ਅਤੇ ਮੌਤ ਵੀ ਹੋ ਸਕਦੀ ਹੈ। ਇਸ ਮੌਕੇ ਸਿਹਤ ਵਿਭਾਗ ਦੇ ਅਧਿਕਾਰੀ ਨੇ ਦੱਸਿਆ ਕਿ ਜੇਕਰ ਅਜਿਹੀ ਮੀਥੇਨੌਲ ਵਾਲੀ ਗ਼ੈਰਕਾਨੂੰਨੀ ਸ਼ਰਾਬ ਕੋਈ ਵੀ ਸੇਵਨ ਕਰ ਲਵੇ ਤਾਂ ਉਸ ਨੂੰ ਮੀਥੇਨੌਲ ਜ਼ਹਿਰ ਕਰਕੇ ਚੱਕਰ ਆਉਣਗੇ, ਉਲਟੀਆਂ ਲੱਗਣਗੀਆਂ, ਸਿਰ ਦਰਦ, ਮਤਲੀ, ਧੁੰਦਲੀ ਜਾਂ ਦੋਹਰੀ ਨਜ਼ਰ ਅਤੇ ਪੇਟ ਦਰਦ ਵਰਗੇ ਲੱਛਣ ਪੈਦਾ ਹੋਣਗੇ ਅਤੇ ਅਜਿਹੇ ਵਿਅਕਤੀਆਂ ਨੂੰ ਤੁਰੰਤ ਡਾਕਟਰੀ ਸਹਾਇਤਾ ਲੈਣ ਦੀ ਲੋੜ ਹੁੰਦੀ ਹੈ, ਕਿਉਂਕਿ ਅਜਿਹੇ ਵਿਅਕਤੀਆਂ ਨੂੰ ਗੰਭੀਰ ਐਸਿਡੋਸਿਸ, ਆਪਟਿਕ ਨਰਵ ਨੂੰ ਨੁਕਸਾਨ, ਗੁਰਦੇ ਨੂੰ ਨੁਕਸਾਨ, ਅਤੇ ਕੇਂਦਰੀ ਨਸ ਪ੍ਰਣਾਲੀ ਦਾ ਕੰਮ ਬੰਦ ਕਰਨਾ, ਦਿਮਾਗੀ ਸੋਜ, ਖ਼ੂਨ ਵਹਿਣਾ, ਅਤੇ ਮੌਤ ਵਰਗੇ ਨੁਕਸਾਨ ਹੋ ਸਕਦੇ ਹਨ।

## ਬਰਸਾਤਾਂ ਦੇ ਮੌਸਮ 'ਚ ਆਪਣੀ ਖ਼ੁਰਾਕ ਦਾ ਖਾਸ ਖਿਆਲ ਰੱਖਿਆ ਜਾਵੇ : ਡਾ. ਕਿਰਨਜੋਤ ਕੌਰ

ਘਨੌਰ, 13 ਜੁਲਾਈ (ਮਦਨ ਲਾਲ) : ਸਿਹਤ ਮੰਤਰੀ ਡਾ. ਬਲਬੀਰ ਸਿੰਘ ਅਤੇ ਕਮਿਸ਼ਨਰ, ਫੂਡ ਐਂਡ। ਡਰੱਗ ਐਡਮਨਿਸਟ੍ਰੇਸ਼ਨ, ਪੰਜਾਬ ਦਿਲਰਾਜ ਸਿੰਘ, ਆਈ.ਏ.ਐਸ. ਅਤੇ ਜ਼ਿਲ੍ਹਾ ਸਿਹਤ ਅਫਸਰ ਗੁਰਪ੍ਰੀਤ ਕੌਰ ਦੇ ਦਿਸ਼ਾ ਨਿਰਦੇਸ਼ ਅਨੁਸਾਰ ਡਾ: ਕਿਰਨਜੋਤ ਕੌਰ ਐਸ.ਐਮ.ਓ. ਘਨੌਰ ਵੱਲੋਂ ਬਰਸਾਤਾਂ ਦੇ ਮੌਸਮ ਨੂੰ ਧਿਆਨ ਵਿੱਚ ਰੱਖਦੇ ਹੋਏ ਹਲਕਾ ਘਨੌਰ ਦੇ ਪਿੰਡਾਂ ਅਤੇ ਸ਼ਹਿਰ ਨਿਵਾਸੀਆਂ ਨੂੰ ਸੂਚਿਤ ਕਰਦਿਆਂ ਕਿਹਾ ਕਿ ਵਾਧੂ ਨਮੀ, ਪਾਣੀ ਦੇ ਰੁਕੇ ਹੋਣ ਅਤੇ ਵਾਤਾਵਰਨਿਕ ਤਬਦੀਲੀਆਂ ਕਾਰਨ ਖਾਣ-ਪੀਣ ਦੀਆਂ ਵਸਤੂਆਂ ਵਿੱਚ ਬੈਕਟੀਰੀਆ ਪੈਦਾ ਹੋਣ ਨਾਲ ਖੁਰਾਕ ਪ੍ਰਦੂਸ਼ਨ ਦੇ ਮਾਮਲੇ ਵਧ ਜਾਂਦੇ ਹਨ। ਇਸ ਸਬੰਧੀ ਉਹਨਾਂ ਵੱਲੋਂ ਜਨਤਾ ਨੂੰ ਅਪੀਲ ਕਰਦਿਆਂ ਕਿਹਾ ਕਿ ਆਪਣੀ ਸਿਹਤ ਦੀ ਰਾਖੀ ਨੂੰ ਮੁੱਖ ਰੱਖਦਿਆਂ ਕੁੱਝ ਜ਼ਰੂਰੀ ਸਾਵਧਾਨੀਆਂ ਵਰਤੀਆਂ ਜਾਣੀਆਂ ਚਾਹੀਦੀਆਂ ਹਨ ਜਿਵੇਂ ਕਿ ਤਲੇ ਹੋਏ ਪਦਾਰਥ ਅਤੇ ਤੇਲ ਵਾਲੇ ਸੜਕਾਂ 'ਤੇ ਮਿਲਣ ਵਾਲੇ ਖਾਣੇ ਖਾਣ ਤੋਂ ਬਚਿਆ ਜਾਵੇ, ਸਿਰਫ਼ ਤਾਜ਼ਾ ਤਿਆਰ ਕੀਤੀ ਹੋਈ ਖੁਰਾਕ ਅਤੇ ਉਬਾਲਿਆ ਜਾਂ ਫਿਲਟਰ ਕੀਤਾ ਪਾਣੀ ਹੀ ਵਰਤਿਆ ਜਾਵੇ, ਫਲ ਅਤੇ ਸਬਜ਼ੀਆਂ ਨੂੰ ਸਾਫ ਸੁਥਰੇ ਪਾਣੀ ਨਾਲ ਚੰਗੀ ਤਰ੍ਹਾਂ ਧੋ ਕੇ ਖਾਧਾ ਜਾਵੇ। ਇਸ ਤੋਂ ਇਲਾਵਾ ਬਾਸੀ ਤੇ ਅਣਢੱਕੀ ਜਾਂ ਖਰਾਬ ਹੋਣ ਵਾਲੀ ਖੁਰਾਕ ਤੋਂ ਪਰਹੇਜ਼ ਕਰਨਾ ਚਾਹੀਦਾ ਹੈ। ਉਨ੍ਹਾਂ ਸਮੂਹ ਹਲਕਾ ਘਨੌਰ ਵਾਸੀਆਂ ਅਤੇ ਵਪਾਰੀਆਂ ਨੂੰ ਪੁਰਜ਼ੋਰ ਅਪੀਲ ਕੀਤੀ ਕਿ ਉਹ ਸਾਫ਼-ਸੁਥਰੇ ਅਤੇ ਸੁਰੱਖਿਅਤ ਖਾਣ-ਪੀਣ ਰਾਹੀਂ ਬਰਸਾਤ ਦੇ ਮੌਸਮ ਵਿੱਚ ਸਿਹਤਮੰਦ ਵਾਤਾਵਰਨ ਬਣਾਈ ਰੱਖਣ ਵਿੱਚ ਸਹਿਯੋਗ ਦੇਣ।

## ਪੰਜਾਬ ਸਰਕਾਰ ਵੱਲੋਂ ਗਰੀਬ ਲੋਕਾਂ ਲਈ 10 ਲੱਖ ਤੱਕ ਮੁਫ਼ਤ ਸਿਹਤ ਯੋਜਨਾ ਲਾਗੂ ਕਰਨਾ ਸ਼ਲਾਘਾਯੋਗ ਕਦਮ: ਖੰਗੂੜਾ

ਨਾਭਾ, 13 ਜੁਲਾਈ ( ਗੁਰਚਰਨ ਸਿੰਘ ਚੌਧਰੀਮਾਜਰਾ) : ਪੰਜਾਬ ਸਰਕਾਰ ਵੱਲੋਂ ਮੁੱਖ ਮੰਤਰੀ ਸਿਹਤ ਯੋਜਨਾ ਤਹਿਤ 10 ਲੱਖ ਰੁਪਏ ਤੱਕ ਹਰ ਵਿਅਕਤੀ ਲਈ ਮੁਫਤ ਇਲਾਜ ਯੋਜਨਾ ਚਲਾਉਣਾ ਸਲਾਘਾਯੋਗ ਕਦਮ । ਇਹ ਵਿਚਾਰ ਅੱਜ ਪੱਤਰਕਾਰ ਨਾਲ ਸਮਾਜ ਕਲਿਆਣ ਜਾਗ੍ਰਿਤੀ ਮੰਚ ਪੰਜਾਬ ਦੇ ਸੂਬਾ ਪ੍ਰਧਾਨ ਰਣਧੀਰ ਸਿੰਘ ਖੰਗੂੜਾ ਨੇ ਸਾਂਝੇ ਕੀਤੇ। ਖੰਗੂੜਾ ਨੇ ਕਿਹਾ ਅੱਜ ਸਾਡੇ ਦੇਸ਼ ਵਿੱਚ 70 ਫੀਸਦੀ ਤੋਂ ਵੱਧ ਲੋਕ ਗਰੀਬੀ ਰੇਖਾ ਤੋਂ ਹੇਠ ਜਿੰਦਗੀ ਬਸਰ ਕਰ ਹਨ। ਅਜੋਕੇ ਸਮੇਂ ਵਿੱਚ ਸਭ ਵੱਡੀ ਸਮੱਸਿਆਂ ਦਿਨੋ ਦਿਨ ਹਰ ਤਰ੍ਹਾਂ ਦੇ ਪਦਾਰਥਾਂ ਅਤੇ ਵਸਤੂਆਂ ਦੀਆਂ ਕੀਮਤਾਂ ਜੋ ਅਸਮਾਨ ਨੂੰ ਛੂਦੀਆਂ ਜਾ ਰਹੀਆਂ ਹਨ, ਜਿਨ੍ਹਾਂ ਵਿੱਚ ਖਾਸ ਕਰਕੇ ਸਿੱਖਿਆਂ ਅਤੇ ਸਿਹਤ ਸਹੂਲਤਾਂ ਦੇ ਖਰਚੇ ਗਰੀਬ ਆਦਮੀ ਵੀ ਪਹੁੰਚ ਤੋਂ ਬਾਹਰ ਹੋ ਗਏ ਹਨ। ਅਜਿਹੇ ਸਮੇਂ 65 ਲੱਖ ਤੋਂ ਵੱਧ ਲੋਕਾਂ ਨੂੰ ਜੇ ਸਹੀ ਤਰੀਕੇ ਨਾਲ ਇਸ ਸਿਹਤ ਯੋਜਨਾ ਦਾ ਲਾਭ ਮਿਲਦਾ ਹੈ, ਤਾਂ ਪੰਜਾਬ ਸਰਕਾਰ ਦੀ ਇਹ ਬਹੁਤ ਵੱਡੀ ਪੰਜਾਬ ਦੇ ਲੋਕਾਂ ਨੂੰ ਦੇਣ ਹੋਵੇਗੀ। ਖੰਗੂੜਾ ਨੇ



ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਆਮ ਆਦਮੀ ਪਾਰਟੀ ਵੱਲੋਂ ਬੁਢਾਪਾ ਪੈਨਸ਼ਨ 25,00/- ਰੁਪੈ. ਕਰਨ ਅਤੇ ਗਰੀਬ ਮਹਿਲਾਵਾ ਨੂੰ 1000/- ਰੁਪੈ. ਮਹੀਨਾ ਸਹਿਯੋਗ ਦੇਣ ਦਾ ਜੋ ਵਾਅਦਾ ਕੀਤਾ ਸੀ। ਉਸ ਨੂੰ ਜਲਦ ਪੂਰਾ ਕੀਤਾ ਜਾਵੇ। ਖੰਗੂੜਾ ਨੇ ਬੁਢਾਪਾ ਪੈਨਸ਼ਨ ਲੈਣ ਲਈ ਉਮਰ ਹੱਦ ਪੁਰਸ਼ਾਂ ਲਈ 65 ਸਾਲ ਅਤੇ ਔਰਤਾਂ ਲਈ 60 ਸਾਲ ਤੋਂ ਘਟਾ ਕੇ 58 ਸਾਲ ਕੀਤੀ ਜਾਵੇ । ਇਸ 'ਤੇ ਤਰਕ ਦਿੰਦਿਆਂ ਖੰਗੂੜਾ ਨੇ ਕਿਹਾ ਜੇ ਪੰਜਾਬ ਸਰਕਾਰ ਨੇ ਸੇਵਾ ਮੁਕਤੀ ਦੀ ਉਮਰ 58 ਸਾਲ ਰੱਖੀ ਹੋਈ ਹੈ, ਤਾਂ ਬੁਢਾਪਾ ਪੈਨਸ਼ਨ ਵੀ 58 ਸਾਲ ਉਮਰ ਪੂਰੀ ਕਰਨ ਵਾਲੀਆਂ ਲਈ ਲਾਗੂ ਹੋਣੀ ਚਾਹੀਦੀ ਹੈ। ਇਸ ਦੇ ਨਾਲ ਖਾਸ ਕਰਕੇ ਬਿਰਧ ਗਰੀਬ ਲੋਕਾਂ ਨੂੰ ਕਾਫੀ ਲਾਭ ਹੋਵੇਗਾ।